*Published in Punjabi & English*

Distributed in Toronto, Calgary, Vancouver and Online Worldwide.

Sarokaran Di Awaz

Voice of Social Concerns

Pro-People Arts Project Media Group

# ਸਰੋਕਾਰਾਂ ਦੀ ਆਵਾਜ਼

Email: ppapmg@gmail.com | ਸਾਲ-10, ਅੰਕ-12, ਦਸੰਬਰ 2020 | Website: www.ppapmg.com

HARBANS SINGH 416-817-7142 | DEVINDER TOOR 416-902-9372 | MASTER BHAJAN SINGH 403-455-4220 | Registration No. 210836300

## ਇਸ ਅੰਕ 'ਚ

ਨਵੇਂ ਖੇਤੀ ਕਾਨੂੰਨਾਂ ਤੇ ਬਿਹਾਰ ਮਾਡਲ ਬਾਰੇ ਡਾਕਟਰ ਸੁਖਪਾਲ ਸਿੰਘ/2

ਸਿੱਖ ਵਿਰਸਾ ਦਾ 25 ਸਾਲਾਂ ਦਾ ਸਫਰ.../3

'ਵਿਅਕਤੀਗਤ ਆਜ਼ਾਦੀ' ਅਤੇ ਭਾਰਤੀ ਨਿਆਂਪ੍ਰਣਾਲੀ ਦਾ ਪੱਖਪਾਤ/4

ਨੈਤਿਕਤਾ ਅਨੈਤਿਕਤਾ ਬਨਾਮ ਠੀਕ ਜਾਂ ਗਲਤ/5

ਜੰਮੂ-ਕਸ਼ਮੀਰ 'ਚ ਹਾਸ਼ੀਆਗ੍ਰਸਤ ਕਬਾਇਲੀਆਂ ਦਾ ਉਜਾੜਾ/12

ਦਰਮਿਆਨਾ ਵਪਾਰ ਤੇ ਕਾਰੋਬਾਰ ਆਰਥਿਕ ਮੰਦੀ ਦੀ ਮਾਰ ਹੇਠ ਕਿਵੇਂ ? /14

ਦੁਨੀਆਂ ਅੰਦਰ ਸੱਜ-ਪਿਛਾਖੜ ਦਾ ਮਾਰੂ ਉਭਾਰ/16

"ਦੋ ਬੂੰਦ ਜ਼ਿੰਦਗੀ ਦੀ" - ਵੈਕਸੀਨ ਦਾ ਹੋਕਾ/22

ਭਾਰਤ ਦੇਸ਼ ਦੀ ਦਸ਼ਾ ਅਤੇ ਭਾਰਤੀ ਹਕੂਮਤ ਦੀ ਦਿਸ਼ਾ ਕਿਧਰ ਨੂੰ ?/29

ਗਲੋਬਲ ਹੰਗਰ ਇੰਡੈਕਸ ਰਿਪੋਰਟ ਭੁੱਖ ਨਾਲ ਘੁਲਦਾ ਭਾਰਤ/32

ਸਰਬ ਭਾਰਤ ਦੀ ਜਮਹੂਰੀਅਤ ਨੂੰ ਖਤਰਾ/33

# ਤਾਨਾਸ਼ਾਹ ਸੱਤਾ ਨੂੰ ਵੰਗਾਰ ਰਿਹੈ ਕਿਸਾਨ ਸੰਘਰਸ਼





ਪਿਛਲੇ ਦੋ ਮਹੀਨੇ ਤੋਂ ਖੇਤੀ ਕਾਨੂੰਨਾਂ ਵਿਰੁੱਧ ਚੱਲ ਰਿਹਾ ਕਿਸਾਨ ਸੰਘਰਸ਼ ਦਿੱਲੀ ਵੱਲ ਕੂਚ ਦੀ ਪੇਸ਼ਕਦਮੀਂ ਨਾਲ ਇਕ ਮਹੱਤਵਪੂਰਨ ਪੜਾਅ 'ਤੇ ਪਹੁੰਚ ਗਿਆ ਹੈ। ਲੱਖਾਂ ਕਿਸਾਨ ਕਾਫ਼ਲਿਆਂ ਨੇ 25 ਅਤੇ 26 ਨਵੰਬਰ ਨੂੰ ਦਿੱਲੀ ਜਾ ਕੇ ਮੋਰਚੇ ਮੱਲ ਲਏ ਹਨ। ਉਹ ਭਲੀਭਾਂਤ ਜਾਣਦੇ ਸਨ ਕਿ ਉਹਨਾਂ ਦਾ ਇਹ ਕੂਚ ਬੇਹੱਦ ਮੁਸ਼ਕਲਾਂ ਭਰਿਆ ਹੋਵੇਗਾ। ਸੱਤਾ ਦੇ ਜਾਬਰ ਹਮਲੇ ਦਾ ਮੁਕਾਬਲਾ ਕਰਨ ਅਤੇ ਮੋਰਚਾ ਲੰਮਾ ਚਲਾਉਣ ਲਈ ਉਹ ਨਾ ਸਿਰਫ਼ ਮਾਨਸਿਕ ਤੌਰ 'ਤੇ ਸਗੋਂ ਹਰ ਪੱਖ ਤੋਂ ਪੂਰੀ ਤਿਆਰੀ ਕਰਕੇ ਪਿੰਡਾਂ ਤੋਂ ਰਵਾਨਾ ਹੋਏ। ਜ਼ਰੂਰਤ ਅਨੁਸਾਰ ਟਰਾਲੀਆਂ ਅਤੇ ਹੋਰ ਵਾਹਨਾਂ ਨੂੰ ਲੰਗਰ ਲਈ ਲੋੜੀਂਦੀ ਰਸਦ, ਬਾਲਣ, ਲਾਈਟਾਂ, ਹੋਰ ਜ਼ਰੂਰੀ ਸਮਾਨ ਅਤੇ ਠੰਡ ਤੋਂ ਬਚਣ ਦੇ ਉਚੇਚੇ ਇੰਤਜ਼ਾਮਾਂ ਨਾਲ ਲੈਸ ਕਰਕੇ ਪੂਰੀ ਤਿਆਰੀ ਕੀਤੀ ਗਈ। ਇਹਨਾਂ ਕਾਫ਼ਲਿਆਂ ਨੂੰ ਦੇਖ ਕੇ ਸੱਚੀਓਂ ਹੀ ਦਿੱਲੀ ਫ਼ਤਹਿ ਕਰਨ ਨਿੱਕਲੀ ਜ਼ਾਬਤਾਬੱਧ ਫ਼ੌਜ



**ਬੂਟਾ ਸਿੰਘ ਨਵਾਂਸ਼ਹਿਰ**
94634-74342

ਦਾ ਝਾਓਲਾ ਪੈਂਦਾ ਹੈ। ਦਿੱਲੀ ਦਾ ਗ਼ਰੂਰ ਤੋੜਣ ਲਈ ਬੱਚਿਆਂ, ਨੌਜਵਾਨਾਂ, ਔਰਤਾਂ ਅਤੇ 80-80 ਸਾਲ ਦੇ ਬਜ਼ੁਰਗਾਂ ਦਾ ਠਾਠਾਂ ਮਾਰਦਾ ਜੋਸ਼ ਦੇਖਣ ਵਾਲਾ ਹੈ। ਜੂਝ ਮਰਨ ਦੇ ਜੋਸ਼, ਸੱਤਾ ਨਾਲ ਟੱਕਰ ਲੈਣ ਦੇ ਜਜ਼ਬੇ, ਤਹੱਮਲ ਅਤੇ ਸਿਰੜ ਨੇ ਭਗਵੇਂ ਆਗੂਆਂ ਨੂੰ ਕੰਬਣੀ ਛੇੜੀ ਦਿੱਤੀ ਹੈ, ਜਿਹਨਾਂ ਦੀ ਇਕੋਇਕ ਮੁਹਾਰਤ ਝੂਠ, ਅਫ਼ਵਾਹਾਂ, ਛਲ-ਕਪਟ ਅਤੇ ਬੁਜ਼ਦਿਲ ਸਾਜ਼ਿਸ਼ਾਂ ਨਾਲ ਹਿੰਦੂ ਫਿਰਕੇ ਨੂੰ ਭੜਕਾ ਕੇ ਗ਼ੈਰਹਿੰਦੂ ਫਿਰਕਿਆਂ ਦੇ ਗਲ ਪਵਾਉਣ ਦੀ ਹੈ। ਉਹਨਾਂ ਨੇ ਸ਼ਾਇਦ ਕਦੇ ਸੁਪਨੇ ਵਿਚ ਵੀ ਨਹੀਂ ਸੋਚਿਆ ਹੋਣੈ ਕਿ ਪੰਜਾਬ ਦਾ ਅਵਾਮ ਇਸ ਤਰ੍ਹਾਂ ਲਲਕਾਰਾ ਮਾਰ ਕੇ ਪੂਰੇ ਮੁਲਕ ਦੀ ਹਿੱਕ ਉੱਪਰ ਦਨਦਨਾ ਰਹੇ ਫਾਸ਼ੀਵਾਦੀ ਰਥ ਦੇ ਪਹੀਏ ਨੂੰ ਹੱਥ ਪਾ ਲਵੇਗਾ। ਅਜੇ ਵੀ ਭਗਵੇਂ ਹੁਕਮਰਾਨ ਚਾਲਾਂ ਖੇਡਣ ਤੋਂ ਬਾਜ ਨਹੀਂ ਆ ਰਹੇ। ਇਕ ਪਾਸੇ, ਕਿਸਾਨ ਸੰਘਰਸ਼ ਦੇ ਦਬਾਓ ਹੇਠ ਕੇਂਦਰੀ ਗ੍ਰਹਿ ਮੰਤਰੀ ਗੱਲਬਾਤ ਦੀ ਪੇਸ਼ਕਸ਼ ਕਰ ਰਿਹਾ ਹੈ, ਨਾਲ ਹੀ ਹਰਿਆਣਾ ਪੁਲਿਸ ਸੰਘਰਸ਼ਸ਼ੀਲ ਕਿਸਾਨਾਂ

(**ਬਾਕੀ ਸਫ਼ਾ 13 'ਤੇ**)


















ਪਿਛਲੇ ਦਿਨੀਂ ਡਾ. ਸੁਖਪਾਲ ਸਿੰਘ ਹੋਰਾਂ ਦਾ ਇਹ ਲੇਖ ਜੋ ਬਿਹਾਰ ਅੰਦਰ 2006 ਵਿੱਚ ਪਹਿਲਾਂ ਹੀ ਲਾਗੂ ਕੀਤੇ ਖ਼ੇਤੀ ਮਾਡਲ ਬਾਰੇ ਹੈ ਮੈਨੂੰ ਅੰਗਰੇਜ਼ੀ ਵਿੱਚ ਮਿਲਿਆ ਤਾਂ ਮੈਂ ਹਰਚਰਨ ਚਹਿਲ ਹੋਰਾਂ ਨੂੰ ਇਸ ਦਾ ਪੰਜਾਬੀ ਅਨੁਵਾਦ ਕਰਨ ਲਈ ਸੁਝਾਅ ਦਿੱਤਾ। ਉਸ ਨੂੰ ਕਾਫੀ ਮਿਹਨਤ ਕਰਕੇ ਅਨੁਵਾਦ ਕੀਤਾ ਹੈ। ਸਾਰੇ ਚੇਤੰਨ ਕਿਸਾਨ ਕਾਰਕੁੰਨਾਂ ਨੂੰ ਲਾਜ਼ਮੀ ਹੀ ਇਹ ਲੇਖ ਪੜ੍ਹਨਾ ਚਾਹੀਦਾ ਹੈ। ਮੈਂ ਡਾ. ਸੁਖਪਾਲ ਅਤੇ ਹਰਚਰਨ ਚਹਿਲ ਦੋਵਾਂ ਦਾ ਧੰਨਵਾਦੀ ਹਾਂ।

# ਨਵੇਂ ਖੇਤੀ ਕਾਨੂੰਨਾਂ ਤੇ ਬਿਹਾਰ ਮਾਡਲ ਬਾਰੇ ਡਾਕਟਰ ਸੁਖਪਾਲ ਸਿੰਘ



ਪੰਜਾਬ ਸਮੇਤ ਦੇਸ਼ ਦੇ ਕਈ ਸੂਬਿਆਂ ਵਿੱਚ ਚੱਲ ਰਹੀਆਂ ਖੇਤੀ ਮੰਡੀਆਂ 'ਖੇਤੀ ਉਤਪਾਦ ਮੰਡੀ ਕਮੇਟੀ' (ਏ ਪੀ ਐਮ ਸੀ) ਕਾਨੂੰਨ ਅਧੀਨ ਕਾਰਜਸ਼ੀਲ ਹਨ। ਤਹਿਸ਼ੁਦਾ ਨਿਯਮਾਂ ਅਧੀਨ ਚਲਦੇ ਹੋਣ ਕਾਰਨ ਇਨ੍ਹਾਂ ਮੰਡੀਆਂ ਨੂੰ ਨਿਯਮਤ ਮੰਡੀਆਂ ਕਿਹਾ ਜਾਂਦਾ ਹੈ। ਪੰਜਾਬ ਦੀਆਂ ਖੇਤੀ ਮੰਡੀਆਂ,ਛੋਟੇ ਮੋਟੇ ਨੁਕਸ ਹੋਣ ਦੇ ਬਾਵਜੂਦ, ਤਸੱਲੀਬਖਸ਼ ਤਰੀਕੇ ਨਾਲ ਕੰਮ ਕਰ ਰਹੀਆਂ ਹਨ।

ਕੇਂਦਰ ਸਰਕਾਰ ਦੁਆਰਾ ਹਾਲ ਵਿੱਚ ਹੀ ਬਣਾਏ ਕਾਨੂੰਨਾਂ ਅਨੁਸਾਰ, ਮੌਜੂਦਾ ਨਿਯਮਤ ਖੇਤੀ ਮੰਡੀਆਂ ਦੇ ਸਮਾਨੰਤਰ ਪਰਾਈਵੇਟ ਅਨਿਯਮਤ ਮੰਡੀਆਂ ਬਣਨਗੀਆਂ ਜਿਨ੍ਹਾਂ ਉਪਰ ਕੋਈ ਨਿਯਮ ਲਾਗੂ ਨਹੀਂ ਹੋਣਗੇ ਅਤੇ ਇਨ੍ਹਾਂ ਉਪਰ ਕੋਈ ਟੈਕਸ ਨਹੀਂ ਲੱਗਣਗੇ। ਨਿਯਮਾਂ ਤੇ ਟੈਕਸਾਂ ਦੀ ਇਸ ਗੈਰਬਰਾਬਰੀ ਕਾਰਨ ਇਹ ਪਰਾਈਵੇਟ ਮੰਡੀਆਂ ਕੁਝ ਸਾਲਾਂ ਬਾਅਦ ਸਰਕਾਰੀ ਨਿਯਮਤ ਮੰਡੀਆਂ ਨੂੰ ਖਤਮ ਕਰ ਦੇਣਗੀਆਂ। ਅਤੇ ਫਿਰ ਕਿਸਾਨ ਪਰਾਈਵੇਟ ਮੰਡੀਆਂ ਦੇ ਰਹਿਮੋ ਕਰਮ 'ਤੇ ਨਿਰਭਰ ਹੋ ਜਾਣਗੇ।

ਬਿਹਾਰ ਵਿੱਚ ਸੰਨ 2006 ਵਿੱਚ ਕਾਨੂੰਨ ਬਣਾ ਕੇ ਸਰਕਾਰੀ ਨਿਯਮਤ ਮੰਡੀਆਂ ਖਤਮ ਕਰ ਦਿਤੀਆਂ ਗਈਆਂ ਸਨ। ਪਿਛਲੇ 14 ਸਾਲਾਂ ਦੌਰਾਨ ਇਸ ਕਦਮ ਦਾ ਬਿਹਾਰ ਦੇ ਖੇਤੀ ਖੇਤਰ 'ਤੇ ਆਰਥਿਕਤਾ ਉਪਰ ਬਹੁਤ ਬੁਰਾ ਅਸਰ ਪਿਆ ਹੈ। ਇਨ੍ਹਾਂ ਬੁਰੇ ਪ੍ਰਭਾਵਾਂ ਬਾਰੇ ਡਾਕਟਰ ਸੁਖਪਾਲ ਸਿੰਘ ਦਾ ਇਕ ਲੇਖ 18 ਨਵੰਬਰ 2020 ਦੇ ਅੰਗਰੇਜ਼ੀ ਅਖਬਾਰ ਹਿੰਦੁਸਤਾਨ ਟਾਈਮਜ ਵਿੱਚ ਛਪਿਆ ਹੈ। ਪੰਜਾਬੀ ਪਾਠਕਾਂ ਲਈ ਹੇਠਾਂ ਉਸ ਲੇਖ ਦਾ ਪੰਜਾਬੀ ਅਨੁਵਾਦ ਪੇਸ਼ ਕੀਤਾ ਜਾ ਰਿਹਾ ਹੈ।

**-ਹਰਚਰਨ ਸਿੰਘ ਚਹਿਲ**

## ਖੇਤੀ ਸੁਧਾਰਾਂ ਦਾ ਬਿਹਾਰ ਮਾਡਲ ਪੰਜਾਬ ਵਿੱਚ ਲਾਗੂ ਕਿਉਂ ਨਹੀਂ ਕੀਤਾ ਜਾਣਾ ਚਾਹੀਦਾ ?

– ਡਾ: ਸੁਖਪਾਲ ਸਿੰਘ

ਕੇਂਦਰ ਸਰਕਾਰ ਦਾਅਵਾ ਕਰਦੀ ਹੈ ਕਿ ਹਾਲੀਆ ਖੇਤੀ ਸੁਧਾਰ ਇਤਿਹਾਸਕ ਹਨ ਕਿਉਂਕਿ ਇਹ ਸੁਧਾਰ ਕਿਸਾਨਾਂ ਦੀ ਆਰਥਿਕ ਹਾਲਤ ਵਿੱਚ ਇਨਕਲਾਬੀ ਤਬਦੀਲੀ ਲਿਆ ਸਕਣ ਦੀ ਸਮਰੱਥਾ ਰੱਖਦੇ ਹਨ । ਇਨ੍ਹਾਂ ਤਿੰਨ ਨਵੇਂ ਕਾਨੂੰਨਾਂ, ਖਾਸਕਰ ਨਿਯਮਿਤ ਮੰਡੀਆਂ ਨੂੰ ਪ੍ਰਭਾਵਿਤ ਕਰਨ ਵਾਲੇ 'ਕਿਸਾਨੀ ਉਤਪਾਦ ਵਪਾਰ ਤੇ ਵਣਜ (ਪ੍ਰੋਤਸਾਹਨ ਤੇ ਸਰਲੀਕਰਨ) ਕਾਨੂੰਨ 2020' ਦੇ ਸੰਭਾਵੀ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਬਿਹਾਰ ਪ੍ਰਦੇਸ਼ ਦੀ, ਇਨ੍ਹਾਂ ਸੁਧਾਰਾਂ ਦੇ ਲਾਗੂ ਕਰਨ ਤੋਂ ਬਾਅਦ ਵਾਲੀ, ਸਥਿਤੀ ਉਪਰ ਨਜ਼ਰ ਮਾਰਨੀ ਬਹੁਤ ਅਹਿਮ ਰਹੇਗੀ। ਬਿਹਾਰ ਵਿਚ 'ਖੇਤੀ ਉਤਪਾਦ ਮੰਡੀ ਕਮੇਟੀ' (ਏਪੀਐਮਸੀ) ਕਾਨੂੰਨ ਸੰਨ 2006 ਵਿੱਚ ਮਨਸੂਖ ਕਰ ਦਿੱਤਾ ਗਿਆ ਸੀ।

ਉਸ ਸਮੇਂ ਇਹ ਵਿਸ਼ਵਾਸ ਦੁਆਇਆ ਗਿਆ ਕਿ 'ਬਿਹਾਰ ਖੇਤੀ ਉਤਪਾਦ ਮੰਡੀ (ਮਨਸੂਖ) ਕਾਨੂੰਨ' ਕਾਰਨ ਖੇਤੀ-ਮੰਡੀਆਂ ਸਥਾਪਤ ਕਰਨ ਤੇ ਚਲਾਉਣ ਲਈ ਬਹੁਤ ਭਾਰੀ ਮਾਤਰਾ ਵਿਚ ਨਿਵੇਸ਼ ਹੋਵੇਗਾ ਜਿਸ ਰਾਹੀਂ ਉਹ ਸੂਬਾ ਖੇਤੀ ਦੇ ਵਿਕਾਸ ਕੇਂਦਰ ਵਜੋਂ ਉਭਰ ਕੇ ਸਾਹਮਣੇ ਆਵੇਗਾ। ਇਹ ਦਾਅਵਾ ਕੀਤਾ ਗਿਆ ਕਿ ਬਿਹਾਰ ਵਿਚ ਖੇਤੀ ਮੰਡੀ ਦਾ ਸ੍ਰੇਸ਼ਠ ਬੁਨਿਆਦੀ ਢਾਂਚਾ ਵਿਕਸਿਤ ਹੋਵੇਗਾ ਜਿਸ ਕਾਰਨ ਉਸ ਸੂਬੇ ਦਾ ਕਿਸਾਨ ਅੰਤਰਰਾਸ਼ਟਰੀ ਮੰਡੀ ਵਿਚ ਮੁਕਾਬਲਾ ਕਰਨ ਦੇ ਯੋਗ ਹੋ ਜਾਵੇਗਾ। ਪਰ ਕੀ ਇਹ ਦਾਅਵੇ ਸੱਚੇ ਸਾਬਤ ਹੋਏ ? ਇਨ੍ਹਾਂ ਖੇਤੀ ਸੁਧਾਰਾਂ ਦੇ 14 ਸਾਲਾਂ ਬਾਅਦ ਬਿਹਾਰ ਦੀ ਆਰਥਿਕਤਾ ਦਾ ਕੀ ਬਣਿਆ ? ਇਹ ਚਰਚਾ ਸਾਨੂੰ ਉਹ ਸੇਧ ਪ੍ਰਦਾਨ ਕਰੇਗੀ ਜਿਸ ਰਾਹੀਂ ਅਸੀਂ ਨਵੇਂ ਖੇਤੀ ਕਾਨੂੰਨਾਂ ਦੇ ਸੰਭਾਵੀ ਪ੍ਰਭਾਵਾਂ ਦੇ ਸੰਦਰਭ ਵਿੱਚ ਭਾਰਤੀ ਖੇਤੀ ਦੇ ਭਵਿੱਖ ਬਾਰੇ ਜਾਣ ਸਕਾਂਗੇ।

ਆਉ ਅਸੀਂ ਪਹਿਲਾਂ ਨਵੇਂ ਨਿਵੇਸ਼ ਤੇ ਖੇਤੀ ਦੇ ਬੁਨਿਆਦੀ ਢਾਂਚੇ ਦੀ ਗੱਲ ਕਰੀਏ। ਬਿਹਾਰ ਵਿਚ 'ਖੇਤੀ ਉਤਪਾਦ ਮੰਡੀ ਕਮੇਟੀ (ਏਪੀਐਮਸੀ) ਕਾਨੂੰਨ ਦੀ ਮਨਸੂਖੀ ਕਾਰਨ ਕੋਈ ਨਵਾਂ ਨਿਵੇਸ਼ ਨਹੀਂ ਆਇਆ ਜਿਸ ਕਾਰਨ ਮੰਡੀਕਰਨ ਦੀ ਕਾਰਜ਼-ਕੁਸ਼ਲਤਾ ਹੋਰ ਨਿੱਘਰ ਗਈ।ਨਿਯਮਤ ਮੰਡੀਆਂ ਦੇ ਖਤਮ ਹੋ ਜਾਣ ਕਾਰਨ ਬਿਹਾਰ ਸਟੇਟ ਖੇਤੀ ਮੰਡੀਕਰਨ ਬੋਰਡ ਦੀ ਆਮਦਨ ਬੰਦ ਹੋ ਗਈ ਜਿਸ ਕਾਰਨ ਸੂਬੇ ਵਿੱਚ ਚੱਲ ਰਹੇ ਵਿਕਾਸ ਕਾਰਜ ਬੰਦ ਹੋ ਗਏ । ਸੰਸਾਰ-ਪੱਧਰੀ ਮੰਡੀ-ਸਿਸਟਮ ਸਥਾਪਤ ਹੋਣਾ ਤਾਂ ਦੂਰ ਦੀ ਗੱਲ, ਸੂਬੇ ਵਿਚ ਖੇਤੀ ਸੁਧਾਰਾਂ ਤੋਂ ਪਹਿਲਾਂ ਮੰਡੀਕਰਨ ਲਈ ਜੋ ਬੁਨਿਆਦੀ-ਢਾਂਚਾ ਮੌਜੂਦ ਸੀ, ਉਹ ਵੀ ਢਹਿ-ਢੇਰੀ ਹੋ ਗਿਆ।

### ਬੁਨਿਆਦੀ-ਢਾਂਚਾ ਤੇ ਆਮਦਨ 'ਚ ਨਿਘਾਰ

ਬਿਹਾਰ ਵਿਚ ਸੰਨ 2015-16 ਵਿਚ ਖੇਤੀ ਜਿਨਸਾਂ ਦੇ ਮੰਡੀਕਰਨ ਲਈ ਕੁੱਲ 9035 ਖਰੀਦ ਕੇਂਦਰ ਸਨ ਜਿਨ੍ਹਾਂ ਦੀ ਗਿਣਤੀ ਸੰਨ 2019-20 ਤੱਕ 82 % ਘਟ ਕੇ ਸਿਰਫ 1619 ਰਹਿ ਗਈ। ਪਰ ਇਸੇ ਅਰਸੇ ਦੌਰਾਨ ਪੰਜਾਬ ਵਿਚ ਅਜਿਹੇ ਖਰੀਦ ਕੇਂਦਰਾਂ ਦੀ ਗਿਣਤੀ 4.73% ਵਧ ਗਈ, ਹਰਿਆਣਾ ਵਿਚ 48.27%, ਉਤਰ ਪ੍ਰਦੇਸ਼ ਵਿਚ 29.48% ਅਤੇ ਮੱਧ ਪ੍ਰਦੇਸ਼ ਵਿਚ ਇਹ ਗਿਣਤੀ 19.48% ਵਧ ਗਈ। ਇਸੇ ਤਰ੍ਹਾਂ ਇਸੇ ਅਰਸੇ ਦੌਰਾਨ ਬਿਹਾਰ ਵਿਚ ਕੋਲਡ-ਸਟੋਰੇਜ਼ ਸਹੂਲਤਾਂ ਵਿਚ ਘਾਟ ਦਰਜ ਕੀਤੀ ਗਈ ਕਿਉਂਕਿ ਹਾਲ ਵਿਚ ਹੀ ਕਾਫੀ ਵੱਡੀ ਗਿਣਤੀ ਵਿਚ ਕੋਲਡ-ਸਟੋਰੇਜ਼ ਬੰਦ ਹੋ ਗਏ।

ਬਿਹਾਰ ਵਿਚ ਖੇਤੀ-ਸੁਧਾਰ ਲਾਗੂ ਕਰਨ ਸਮੇਂ ਸਰਕਾਰ ਦੁਆਰਾ ਸਭ ਤੋਂ ਵੱਧ ਜੋਸ਼ੀਲੇ ਤਰੀਕੇ ਨਾਲ ਪ੍ਰਚਾਰਿਆ ਗਿਆ ਮੁੱਦਾ ਸੀ ਬਿਹਤਰ ਕੀਮਤ ਵਸੂਲੀ। ਅਸਲ ਵਿਚ ਸਾਰੀਆਂ ਮੁੱਖ ਫਸਲਾਂ ਜਿਵੇਂ ਕਿ ਕਣਕ, ਝੋਨਾ ਤੇ ਮੱਕੀ ਦੀਆਂ ਫਸਲ-ਕਟਾਈ ਤੋਂ ਬਾਅਦ ਵਾਲੀਆਂ ਕੀਮਤਾਂ ਘੱਟੋ-ਘੱਟ ਸਮਰਥਨ ਮੁੱਲ ਤੋਂ ਵੀ ਘੱਟ ਰਹੀਆਂ।

ਸੰਨ 2016-17 ਵਿਚ ਕਣਕ, ਝੋਨੇ ਤੇ ਮੱਕੀ ਦਾ ਘੱਟੋ ਘੱਟ ਸਮਰਥਨ ਮੁੱਲ ਕਰਮਵਾਰ 1625 ਰੁਪੈ, 1410 ਰੁਪੈ ਅਤੇ 1365 ਰੁਪੈ ਪ੍ਰਤੀ ਕੁਇੰਟਲ ਸੀ ਪਰ ਕਿਸਾਨ ਸਿਰਫ ਕਰਮਵਾਰ 1299 ਰੁਪੈ, 1113 ਰੁਪੈ ਅਤੇ 1140 ਰੁਪੈ ਪ੍ਰਤੀ ਕਇੰਟਲ ਹੀ ਵਸੂਲ ਕਰ ਪਾਏ। ਸੰਨ 2019-20 ਦੌਰਾਨ ਵੀ ਕਿਸਾਨਾਂ ਨੂੰ ਸਾਰੀਆਂ ਹੀ ਮੁੱਖ ਫਸਲਾਂ ਲਈ ਘੱਟੋ-ਘੱਟ ਸਮਰਥਨ ਮੁੱਲ ਤੋਂ 350-450 ਰੁਪੈ ਪ੍ਰਤੀ ਕੁਇੰਟਲ ਘੱਟ ਕੀਮਤ ਮਿਲੀ। ਇਸ ਤੋਂ ਪਤਾ ਲੱਗਦਾ ਹੈ ਕਿ ਅਨਿਯਮਿਤ ਮੰਡੀ ਪ੍ਰਬੰਧ ਅਧੀਨ ਚੱਲਣ ਵਾਲੀ ਕੀਮਤ ਵਿਵਸਥਾ ਕਿਸਾਨਾਂ ਲਈ ਘਾਟੇ ਵਾਲਾ ਸੌਦਾ ਰਹੀ।

ਖੇਤੀ ਮੰਡੀਆਂ ਨੂੰ ਅਨਿਯਮਤ ਕੀਤੇ ਜਾਣ ਤੋਂ ਬਾਅਦ ਮੰਡੀਆਂ ਦੀ ਘਣਤਾ, ਖਰੀਦ ਅਮਲ ਵਿਚ ਸਰਕਾਰੀ ਏਜੰਸੀਆਂ ਦੀ ਭਾਗੀਦਾਰੀ ਅਤੇ ਫਸਲਾਂ ਦੀ ਕੁੱਲ਼ ਖਰੀਦ ਦੀ ਮਾਤਰਾ ਵਿਚ ਵੀ ਕਮੀ ਆਈ। ਭਾਵੇਂ ਕਿ ਮੰਡੀ-ਫੜ੍ਹ ਅਜੇ ਵੀ ਮੌਜੂਦ ਹਨ ਪਰ ਇਨ੍ਹਾਂ ਦਾ ਪ੍ਰਬੰਧਨ ਚਲਾਉਣ ਵਾਲੇ ਪ੍ਰਬੰਧਕੀ ਅਦਾਰੇ ਮਨਸੂਖ ਕਰ ਦਿਤੇ ਗਏ ਅਤੇ ਉਥੇ ਤਾਇਨਾਤ ਅਮਲੇ ਨੂੰ ਕਿਸੇ ਹੋਰ ਜਗਾਹ ਤਾਇਨਾਤ ਕਰ ਦਿਤਾ ਗਿਆ। ਬੇਈਮਾਨ ਵਪਾਰੀ ਫਸਲ ਦਾ ਵੱਡਾ ਹਿੱਸਾ, ਗ਼ੈਰ-ਕਾਨੂੰਨੀ ਢੰਗਾਂ ਰਾਹੀਂ ਦੂਸਰੇ ਅਜਿਹੇ ਸੂਬਿਆਂ ਵਿਚ ਲਿਜਾ ਕੇ ਵੇਚ ਦਿੰਦੇ ਹਨ ਜਿਥੇ ਘੱਟੋ-ਘੱਟ ਸਮਰਥਨ ਮੁੱਲ ਮਿਲਣਾ ਯਕੀਨੀ ਹੈ। ਅਜਿਹੀਆਂ ਹਾਲਤਾਂ ਕਾਰਨ ਉਤਪਾਦਕ ਨੂੰ ਮਿਲਣ ਵਾਲੇ ਮੁਨਾਫੇ ਦੀ ਅਤੇ ਖਪਤਕਾਰ ਨੂੰ ਹੋਣ ਵਾਲੀ ਬੱਚਤ ਦੀ ਮਾਤਰਾ ਘਟ ਜਾਂਦੀ ਹੈ।

### ਪੁੱਠਾ ਵਿਕਾਸ ਅਮਲ

ਖੇਤੀ ਵਿਕਾਸ ਦਾ ਪ੍ਰਮੁੱਖ ਕੇਂਦਰ ਬਣ ਜਾਣ ਦੇ ਦਾਅਵਿਆਂ ਦੇ ਉਲਟ ਬਿਹਾਰ ਦਾ ਖੇਤੀ ਖੇਤਰ ਦਾ ਵਿਕਾਸ ਪੁੱਠੀ ਦਿਸ਼ਾ ਵਿਚ ਹੋਇਆ। ਸੰਨ 2001-02 ਤੋਂ 2007-08 ਦੇ ਅਰਸੇ ਦੌਰਾਨ ਬਿਹਾਰ ਦੇ ਖੇਤੀ ਤੇ ਇਸ ਦੇ ਸਹਾਇਕ ਖੇਤਰਾਂ ਦੀ ਵਿਕਾਸ ਦਰ 1.98 % ਸੀ ਜੋ ਕੁੱਝ ਅਰਸੇ ਲਈ ਬਿਹਤਰ ਹੋਈ ਪਰ ਫਿਰ ਘਟ ਗਈ ਅਤੇ ਸੰਨ 2012-13 ਤੋਂ 2016-17 ਦੌਰਾਨ ਸਿਰਫ 1.28 % ਦਰਜ ਕੀਤੀ ਗਈ।

ਖੇਤੀ ਖੇਤਰ ਦੀ ਮੌਜੂਦਾ ਸਥਿਤੀ 'ਤੇ ਨਜ਼ਰ ਮਾਰੀਏ ਤਾਂ ਵੱਡੇ ਕਿਸਾਨਾਂ ਦੀ ਗਿਣਤੀ ਵਿਚ ਵਾਧਾ ਹੋਣ ਤੋਂ ਸੂਬੇ ਵਿਚ ਜ਼ਮੀਨ ਮਾਲਕੀ ਦੇ ਇੱਕਤਰੀਕਰਨ ਦੇ ਰੁਝਾਨ ਦਾ ਪਤਾ ਚਲਦਾ ਹੈ। ਅਜਿਹਾ ਰੁਝਾਨ ਛੋਟੇ ਕਿਸਾਨਾਂ ਦੀ ਜ਼ਿੰਦਗੀ ਦੇ ਗੁਜ਼ਰ-ਬਸਰ 'ਤੇ ਮਾੜਾ ਅਸਰ ਪਾ ਸਕਦਾ ਹੈ।

ਦਾਅਵਾ ਇਹ ਕੀਤਾ ਗਿਆ ਸੀ ਕਿ ਖੇਤੀ-ਸੁਧਾਰ ਮੁਕਾਬਲੇਬਾਜ਼ੀ ਨੂੰ ਵਧਾਉਣਗੇ ਅਤੇ ਕਿਸਾਨਾਂ ਦੀ ਆਰਥਿਕ ਹਾਲਤ ਨੂੰ ਬਿਹਤਰ ਬਣਾਉਣਗੇ। ਪਰ ਇਹ ਦਾਅਵਾ ਸੱਚ ਸਾਬਤ ਨਾ ਹੋਇਆ। ਬਿਹਾਰ ਵਿਚ ਖੇਤੀ-ਸੁਧਾਰ ਕੀਤੇ ਜਾਣ ਤੋਂ ਬਾਅਦ ਖੇਤੀ-ਪਰਿਵਾਰਾਂ ਦੀ ਆਮਦਨ ਘਟ ਗਈ। ਇਨ੍ਹਾਂ ਪਰਿਵਾਰਾਂ ਦੀ ਅਸਲੀ ਔਸਤ ਮਾਸਿਕ ਆਮਦਨ ਸੰਨ 2002-03 ਵਿਚ 1810 ਰੁਪੈ ਦੇ ਮੁਕਾਬਲੇ ਸੰਨ 2012-13 ਵਿਚ ਘਟ ਕੇ 1686 ਰੁਪੈ ਪ੍ਰਤੀ ਮਹੀਨਾ ਰਹਿ ਗਈ। ਇਹ ਕਮੀ 6.85 % ਬਣਦੀ ਹੈ। ਇਥੋਂ ਤੱਕ ਕਿ ਇਸੇ ਅਰਸੇ ਦੌਰਾਨ ਮੁਲਕ ਪੱਧਰ 'ਤੇ ਖੇਤੀ ਪਰਿਵਾਰਾਂ ਦੀ ਅਸਲੀ ਮਾਸਕ ਆਮਦਨ ਵਿਚ 39.43% ਦਾ ਵਾਧਾ ਦਰਜ ਕੀਤਾ ਗਿਆ। ਸੰਨ 2019-20 ਤੱਕ ਵੀ ਬਿਹਾਰ ਦਾ ਨਾਂਅ ਭਾਰਤ ਦੇ ਸਭ ਤੋਂ ਗਰੀਬ ਸੂਬਿਆਂ ਦੀ ਸੂਚੀ ਵਿਚ ਦਰਜ ਚਲਿਆ ਆ ਰਿਹਾ ਹੈ।

### ਕਿਸਾਨਾਂ, ਸੂਬੇ ਅਤੇ ਆਰਥਿਕਤਾ ਲਈ ਨੁਕਸਾਨਦਾਇਕ

ਬਿਹਾਰ ਦੇ ਖੇਤੀ ਖੇਤਰ ਦੀ ਮੌਜੂਦਾ ਚਿੰਤਾਜਨਕ ਸਥਿਤੀ, ਦੇਸ਼ ਵਿਚ ਕੀਤੇ ਜਾ ਰਹੇ ਮੰਡੀਕਰਨ ਸੁਧਾਰਾਂ ਦੇ ਪਰਿਣਾਮਾਂ ਬਾਰੇ ਸਾਨੂੰ ਇਕ ਸਿਖਿਆਦਾਇਕ ਸਬਕ ਪ੍ਰਦਾਨ ਕਰਦੀ ਹੈ। ਬਿਹਾਰ ਵਿਚ ਕੀਤੇ ਗਏ ਖੇਤੀ-ਸੁਧਾਰਾਂ ਨੇ ਮੰਡੀਕਰਨ ਦੇ ਅਮਲਾਂ ਨੂੰ ਵਧੇਰੇ ਅਯੋਗ ਤੇ ਅਕੁਸ਼ਲ ਬਣਾਇਆ ਹੈ ਜਿਸ ਦੇ ਸਿੱਟੇ ਵਜੋਂ ਖੇਤੀ ਉਤਪਾਦਾਂ ਦੀਆਂ ਕੀਮਤਾਂ ਵਿਚ ਕਮੀ ਅਤੇ ਅਸਥਿਰਤਾ ਆਈ ਹੈ। ਨਿਯਮਤ ਮੰਡੀਆਂ ਦੀ ਅਣਹੋਂਦ ਕਾਰਨ ਖੇਤੀ ਮੰਡੀਆਂ ਲੋੜੀਂਦੇ ਬੁਨਿਆਦੀ ਢਾਂਚੇ ਤੋਂ ਮਹਿਰੂਮ ਹੋ ਜਾਂਦੀਆਂ ਹਨ ਜਿਸ ਦੇ ਸਿੱਟੇ ਵਜੋਂ ਇਹ ਕਿਸਾਨਾਂ ਤੇ ਆਰਥਿਕਤਾ ਵਿਚਲੇ ਦੂਸਰੇ ਸਾਰੇ ਭਾਗੀਦਾਰਾਂ ਨੂੰ ਵਾਜਬ ਕੀਮਤਾਂ ਪ੍ਰਦਾਨ ਕਰਨ ਵਿਚ ਨਾਕਾਮ ਹੋ ਜਾਂਦੀਆਂ ਹਨ।

ਅਜਿਹੇ ਹਾਲਾਤਾਂ ਵਿਚ ਇਹ ਗੱਲ ਸਪੱਸ਼ਟ ਹੈ ਕਿ ਕਥਿਤ ਖੇਤੀ ਸੁਧਾਰਾਂ ਦੇ ਨਾਂਅ ਹੇਠ ਏਪੀਐਮਸੀ ਕਾਨੂੰਨਾਂ ਨੂੰ ਮਨਸੂਖ ਕਰਨਾ ਕਿਸਾਨੀ, ਰਾਜ ਦੇ ਖਜਾਨੇ ਅਤੇ ਸਾਡੇ ਦੇਸ਼ ਦੇ ਖੇਤੀ ਅਰਥਚਾਰੇ ਲਈ ਬਹੁਤ ਨੁਕਸਾਨਦਾਇਕ ਹੋਵੇਗਾ।

WEST COAST
HOME & TRUSS LTD.
Manufacturers of Quality Pre-Engineered Metal Plate Connected Wood Trusses
CUSTOM PRODUCTS AND SERVICES OFFERED :
- Pre-Engineered Roof and Floor Trusses
- Metal Web Floor Trusses
- Custom Heavy Timber Trusses and Timber Framing Kits
- Curved Roof and Ceiling Trusses
- Curved Timber and Laminated Joists
- Curved Fascias and Trims
- Pre-Fab Barreled and Double Barreled Vaulted Ceilings
- Pre-Fab Dome and Elliptical Ceilings
- Structural Engineering and Inspection Services (BC, Alberta & Saskatchewan)



10230-120 Street Surrey, BC, V3V 4G1
www.westcoasttruss.ca | info@westcoasttruss.ca
(604) 580-3275
(778) 896-7194



SECURELIFE
INSURANCE AGENCY INC.
NOW HIRING !!!
NEW & EXPERIENCED ADVISORS
Ravinderjit Basra
416-845-6232
www.securelifeinsurance.ca

**SARO KARAN DI AWAZ**

**Publisher**
Pro-People Arts Project
Media Group 29
Mapleview Ave, Brampton
Ontario, CA, L6R 1M2

**Chief Editor**
Harbans Singh
416-817-7142
ppapmg@gmail.com

**Managing Director**
Devinder Toor, Toronto
416-902-9372
ppapmg@gmail.com

**Sub Editor**
Master Bhajan Singh
Calgary (Alberta)
403-455-4220
btarksheel@gmail.com

**Sub Editor**
Dr. Hardeep Singh, Milton
(Ontario)
416-209-6363
deephsingh@gmail.com

**Sub Editor**
Randeep Singh
(India)
09855695905
rvs0001@gmail.com

**Literary Advisor**
Haripal
Calgary (NE) Alberta
403-714-4816
haripalharry2016@gmail.com

Parminder Swaich
Surrey (BC)
604-760-4794
pswaich@hotmail.com

**Graphic Desinger**
Baljinder Singh
+91-92167-29598
akashdeep.1064@gmail.com

**Honorary Advisory Board**

Sukhdev Singh Sandhu
(Toronto)

Master Balbir Singh Gill
(Toronto)
Jaspreet Dhaliwal
(Toronto)

Harcharan Singh Parhar
Calgary

Malkit Singh
Abbotsford (BC)

Narbhinder Singh (India)
(Punjab)
935-443-0211

Buta Singh Nawan Shahr
(Punjab)
946-347-4342
atoozed@gmail.com

Jaswant Zirakh (India)
(Punjab)
98151-69825
jaswantzirakh@gmail.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਸਰੋਕਾਰਾਂ ਦੀ ਆਵਾਜ਼' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ।

# ਸਿੱਖ ਵਿਰਸਾ ਦਾ 25 ਸਾਲਾਂ ਦਾ ਸਫਰ...



ਹਰਚਰਨ ਸਿੰਘ ਪਰਹਾਰ
403-681-8689
hp8689@gmail.com

ਇਹ ਗੱਲ 1995 ਦੀਆਂ ਗਰਮੀਆਂ ਦੀ ਹੈ, ਜਦੋਂ 'ਸਿੱਖ ਵਿਰਸਾ' ਪਬਲਿਸ਼ ਕਰਨ ਦਾ ਵਿਚਾਰ ਆਇਆ।ਉਸ ਵੇਲੇ ਕੈਲਗਰੀ ਤੇ ਐਡਮਿੰਟਨ ਵਿੱਚ ਕੋਈ ਅਖ਼ਬਾਰ-ਮੈਗਜ਼ੀਨ ਨਹੀਂ ਛਪਦਾ ਸੀ।ਕੈਲਗਰੀ ਵਿੱਚ ਸਰੀ ਤੋਂ 'ਚੜ੍ਹਦੀ ਕਲਾ' ਤੇ 'ਇੰਡੋ ਕਨੇਡੀਅਨ ਟਾਈਮਜ' ਅਤੇ ਟਰਾਂਟੋ ਤੋਂ 'ਹਮਦਰਦ ਅਖ਼ਬਾਰ' ਆਉਂਦੇ ਸਨ, ਜੋ ਕਿ ਇੱਕ ਡਾਲਰ ਮੁੱਲ ਦੇ ਵਿਕਦੇ ਸਨ। ਪੰਜਾਬੀਆਂ ਵਿੱਚ ਪੜ੍ਹਨ ਦੀ ਸ਼ੁਰੂ ਤੋਂ ਘਾਟ ਕਾਰਨ ਇਨ੍ਹਾਂ ਤਿੰਨਾਂ ਅਖ਼ਬਾਰਾਂ ਦੀ ਕੁੱਲ ਮਿਲ਼ਾ ਕੇ 700-800 ਕੁ ਕਾਪੀ ਮਸਾਂ ਵਿਕਦੀ ਸੀ। ਉਸ ਵੇਲੇ ਇਹ ਵਿਚਾਰ ਸੀ ਕਿ ਕੋਈ ਮਾਸਿਕ ਮੈਗਜ਼ੀਨ ਸ਼ੁਰੂ ਕਰੀਏ, ਪਰ ਉਹ ਮੁਫਤ ਵਿੱਚ ਦਿੱਤਾ ਜਾਵੇ ਤਾਂ ਕਿ ਲੋਕ ਵੱਧ ਪੜ੍ਹ ਸਕਣ। ਜਦੋਂ ਨਾਮ ਰੱਖਣ ਦੀ ਗੱਲ ਆਈ ਤਾਂ ਮੇਰਾ ਵਿਚਾਰ ਸੀ ਕਿ ਸਾਡੇ ਕੋਲ਼ ਕੋਈ ਅਜਿਹਾ ਮੀਡੀਆ ਹੋਵੇ, ਜੇ ਕਿਤੇ ਪੰਜਾਬੀਆਂ ਜਾਂ ਸਿੱਖਾਂ ਦੀ ਗੱਲ ਹੋਵੇ ਤਾਂ ਦੂਜੀਆਂ ਕਮਿਊਨਿਟੀਆਂ ਨੂੰ ਪਤਾ ਹੋਵੇ ਕਿ ਇਨ੍ਹਾਂ ਦਾ ਕੋਈ ਮੀਡੀਆ ਹੈ, ਇਸ ਲਈ ਮੈਂ ਇਹ ਚਾਹੁੰਦਾ ਸੀ ਕਿ ਮੈਗਜ਼ੀਨ ਦੇ ਨਾਮ ਵਿੱਚ 'ਸਿੱਖ' ਸ਼ਬਦ ਜਰੂਰ ਹੋਵੇ, ਜੋ ਕਿ ਸਿੱਖ ਕਮਿਊਨਿਟੀ ਦੀ ਪਛਾਣ ਹੋਵੇ, ਪਰ ਮੇਰਾ ਸ਼ੁਰੂ ਤੋਂ ਹੀ ਇਹ ਵਿਚਾਰ ਸੀ ਕਿ ਬੇਸ਼ਕ ਨਾਮ ਵਿੱਚ 'ਸਿੱਖ' ਸ਼ਬਦ ਆਵੇ, ਪਰ ਇਹ ਮੈਗਜ਼ੀਨ ਕੋਈ ਧਾਰਮਿਕ ਪਰਚਾ ਨਹੀਂ ਹੋਵੇਗਾ, ਇਸ ਲਈ ਅਸੀਂ ਬਹੁਤ ਸੋਚ-ਵਿਚਾਰ ਤੋਂ ਬਾਅਦ 'ਸਿੱਖ' ਸ਼ਬਦ ਦੇ ਨਾਲ 'ਵਿਰਸਾ' ਸ਼ਬਦ ਜੋੜਿਆ ਤਾਂ ਕਿ ਇਸਨੂੰ ਬਹੁ-ਪੱਖੀ ਬਣਾਇਆ ਜਾ ਸਕੇ। ਜਿਨ੍ਹਾਂ ਪਾਠਕਾਂ ਨੇ ਸਿੱਖ ਵਿਰਸਾ ਦਾ ਪਹਿਲਾ ਇਸ਼ੂ ਵੀ ਪੜ੍ਹਿਆ ਹੋਵੇ, ਉਨ੍ਹਾਂ ਨੂੰ ਯਾਦ ਹੋਵੇਗਾ ਕਿ ਅਸੀਂ ਪਹਿਲੇ ਇਸ਼ੂ ਵਿੱਚ ਹੀ ਦੋ ਧਾਰਮਿਕ ਆਰਟੀਕਲ ਤੇ ਬਾਕੀ ਸਾਹਿਤਕ, ਸਮਾਜਿਕ, ਰਾਜਨੀਤਕ, ਸਭਿਆਚਾਰਕ, ਸਿਹਤ, ਖੇਡਾਂ ਆਦਿ ਵਿਸ਼ਿਆਂ ਨਾਲ ਸਬੰਧਤ ਆਰਟੀਕਲ, ਕਹਾਣੀਆਂ, ਗੀਤ, ਗ਼ਜ਼ਲਾਂ, ਕਵਿਤਾਵਾਂ ਆਦਿ ਛਾਪੇ ਸਨ। ਪਿਛਲੇ 25 ਸਾਲਾਂ ਵਿੱਚ ਕਦੇ ਕੋਈ ਇਸ਼ੂ ਅਜਿਹਾ ਨਹੀਂ ਸੀ, ਜਿਸ ਵਿੱਚ ਹਰ ਤਰ੍ਹਾਂ ਦੇ ਵਿਸ਼ਿਆਂ ਨੂੰ ਨਾ ਛਾਪਿਆ ਗਿਆ ਹੋਵੇ। ਇਸਦੇ ਨਾਲ ਹੀ ਅਸੀਂ ਸ਼ੁਰੂ ਵਿੱਚ ਹੀ ਇਹ ਫੈਸਲਾ ਕਰ ਲਿਆ ਸੀ ਕਿ ਇਸਨੂੰ ਦੋ ਭਾਸ਼ੀ ਮੈਗਜ਼ੀਨ ਰੱਖਾਂਗੇ ਤਾਂ ਕਿ ਪੰਜਾਬੀ ਨਾ ਜਾਨਣ ਵਾਲੇ ਲੋਕਾਂ ਨੂੰ ਅੰਗਰੇਜ਼ੀ ਵਿੱਚ ਵੀ ਕੁਝ ਆਰਟੀਕਲ ਪੜ੍ਹਨ ਦਾ ਮੌਕਾ ਮਿਲਦਾ ਰਹੇ। ਬੇਸ਼ੱਕ ਅਸੀਂ 'ਸਿੱਖ ਵਿਰਸਾ' ਨਾਮ ਰੱਖ ਲਿਆ ਸੀ, ਪਰ ਇਸ ਨਾਮ ਕਰਕੇ ਸਾਨੂੰ ਬੜੀ ਸਮੱਸਿਆਵਾਂ ਵੀ ਆਈਆਂ, ਜਿਨ੍ਹਾਂ ਦਾ ਜ਼ਿਕਰ ਅੱਗੇ ਜਾ ਕੇ ਕਰਾਂਗਾ। ਬਹੁਤ ਵਾਰ ਇਸ ਨਾਮ ਨੂੰ ਬਦਲਣ ਲਈ ਦਬਾਅ ਪਾਏ ਗਏ ਤੇ ਕਈ ਵਾਰ ਅਸੀਂ ਨਾਮ ਬਦਲਣ ਲਈ ਵਿਚਾਰ ਕੀਤਾ, ਪਰ ਫਿਰ ਵੀ ਸਭ ਕੁਝ ਉਸੇ ਤਰ੍ਹਾਂ ਚੱਲਦਾ ਰਿਹਾ।




ਜਦੋਂ 1995 ਦੀਆਂ ਗਰਮੀਆਂ ਵਿੱਚ ਮੈਗਜ਼ੀਨ ਦਾ ਨਾਮ 'ਸਿੱਖ ਵਿਰਸਾ' ਰੱਖ ਕੇ ਛਾਪਣ ਦਾ ਮਨ ਬਣਾ ਲਿਆ ਤਾਂ ਨਾ ਕੋਈ ਇਸ ਖੇਤਰ ਦਾ ਤਜ਼ੁਰਬਾ ਸੀ ਤੇ ਨਾ ਹੀ ਬਹੁਤੀ ਜਾਣਕਾਰੀ। ਇੱਕ ਪ੍ਰੈਸ ਨਾਲ ਗੱਲ ਕੀਤੀ ਤਾਂ ਉਹ ਕਹਿੰਦੇ, ਅਸੀਂ ਛਾਪ ਤਾਂ ਦੇਵਾਂਗੇ, ਪਰ ਸਾਡੇ ਕੋਲ ਪੰਜਾਬੀ ਟਾਈਪਿੰਗ ਦਾ ਕੋਈ ਪ੍ਰਬੰਧ ਨਹੀਂ, ਤੁਸੀਂ ਸਾਨੂੰ ਪ੍ਰੈਸ ਰੈਡੀ ਮਟੀਰੀਅਲ ਦੇਵੋਗੇ ਤਾਂ ਅਸੀਂ ਛਾਪ ਦਿਆ ਕਰਾਂਗੇ।ਸਾਨੂੰ ਨਾ ਪੰਜਾਬੀ ਦੀ ਟਾਈਪਿੰਗ ਆਉਂਦੀ ਸੀ ਤੇ ਨਾ ਕੰਪਿਊਟਰ ਦਾ ਕੋਈ ਤਜ਼ਰਬਾ ਸੀ। ਜਿਥੇ ਕੰਪਿਊਟਰ ਉਸ ਵਕਤ ਨਵੇਂ ਨਵੇਂ ਆਏ ਸਨ, ਉਥੇ ਪੰਜਾਬੀ ਫੌਂਟ ਵੀ ਨਵੇਂ ਆਏ ਸਨ, ਜੋ ਕਿ ਸੌਖੇ ਉਪਲਭਧ ਨਹੀਂ ਸਨ। ਉਸ ਵਕਤ ਪਹਿਲਾ ਅੰਕ ਨਵੰਬਰ 1995 ਵਿੱਚ ਗੁਰੂ ਨਾਨਕ ਸਾਹਿਬ ਦੇ ਗੁਰਪੁਰਬ ਤੇ ਕੱਢਣ ਦਾ ਪਲੈਨ ਸੀ, ਪਰ ਫਿਰ ਇਸਨੂੰ ਅੱਗੇ ਪਾ ਲਿਆ ਕਿ ਪਹਿਲਾਂ ਕੰਪਪਿਊਟਰ ਖਰੀਦੀਏ, ਫੌਂਟ ਲੱਭੀਏ। ਮਹੀਨੇ ਕੁ ਵਿੱਚ ਕੰਮਪਿਊਟਰ ਖਰੀਦ ਲਿਆ ਤੇ ਫੌਂਟ ਵੀ ਮਿਲ ਗਏ ਤਾਂ ਨਾ ਕੰਪਪਿਊਟਰ ਚਲਾਉਣਾ ਆਵੇ ਤੇ ਨਾ ਪੰਜਾਬੀ ਟਾਈਪ ਕਰਨੀ ਆਵੇ। ਫਿਰ ਅਸੀਂ ਪਹਿਲਾਂ ਕੰਮਪਿਊਟਰ ਸਿੱਖਿਆ ਤੇ ਫਿਰ ਪੰਜਾਬੀ ਟਾਈਪਿੰਗ ਸਿੱਖੀ। ਫਿਰ ਅਗਸਤ 1995 ਤੋਂ ਦਸੰਬਰ 1995 ਤੱਕ ਬਹੁਤ ਸਾਰੇ ਆਰਟੀਕਲ ਟਾਈਪ ਕਰ ਲਏ ਤਾਂ ਕਿ ਮੈਗਜ਼ੀਨ ਸ਼ੁਰੂ ਕਰਨ ਤੋਂ ਪਹਿਲਾਂ 3-4 ਮਹੀਨਿਆਂ ਦਾ ਮਟੀਰੀਅਲ ਜਮ੍ਹਾਂ ਹੋਵੇ ਤੇ ਫਿਰ ਅੱਗੇ ਜਾ ਕੇ ਸਮੱਸਿਆ ਨਾ ਆਵੇ।

ਸਭ ਕੁਝ ਪਲੈਨ ਕਰ ਲਿਆ ਤਾਂ ਐਡਾਂ ਲੈਣ ਦੀ ਗੱਲ ਆਈ, ਮੇਰਾ ਕੋਈ ਸੇਲਜ਼ ਦਾ ਤਜ਼ੁਰਬਾ ਨਹੀਂ ਸੀ ਤੇ ਉਸ ਵਕਤ ਕੈਲਗਰੀ ਵਿੱਚ ਬਿਜਨੈਸ ਵੀ ਥੋੜੇ ਜਿਹਾ ਹੀ ਸਨ। ਇਥੇ ਮੈਂ ਸ. ਅਵਤਾਰ ਸਿੰਘ ਪਰਮਾਰ ਦਾ ਜ਼ਿਕਰ ਜਰੂਰ ਕਰਾਂਗਾ, ਜਿਨ੍ਹਾਂ ਨੇ ਮੈਨੂੰ ਇਸ ਕੰਮ ਲਈ ਉਤਸ਼ਾਹਿਤ ਕੀਤਾ ਤੇ ਉਹ ਕਈ ਦਿਨ ਮੇਰੇ ਨਾਲ਼ ਐਡਾਂ ਲੈਣ ਲਈ ਜਾਂਦੇ ਰਹੇ। ਉਨ੍ਹਾਂ ਦੇ ਸਹਿਯੋਗ ਨਾਲ ਅਸੀਂ ਜਨਵਰੀ 1996 ਨੂੰ ਪਹਿਲਾ ਅੰਕ ਛਾਪਣ ਵਿੱਚ ਕਾਮਯਾਬ ਹੋਏ।ਅਸੀਂ ਸ਼ੁਰੂ ਵਿੱਚ ਹੀ ਇਹ ਫੈਸਲਾ ਕਰ ਲਿਆ ਸੀ ਕਿ ਮੈਗਜ਼ੀਨ ਚਲਾਉਣ ਲਈ ਅਸੀਂ ਕਿਸੇ ਗੁਰਦੁਆਰੇ, ਸਰਕਾਰੀ ਜਾਂ ਗੈਰ ਸਰਕਾਰੀ ਸੰਸਥਾ ਤੋਂ ਕੋਈ ਮਾਇਕ ਮਦਦ ਨਹੀਂ ਲੈਣੀ ਤਾਂ ਕਿ ਅਸੀਂ ਮੈਗਜ਼ੀਨ ਨੂੰ ਨਿਰਪੱਖ ਤੇ ਮਿਆਰੀ ਰੱਖ ਸਕੀਏ। ਜਿਸ ਵਿੱਚ ਅਸੀਂ ਹੁਣ ਤੱਕ ਸਫਲ ਰਹੇ। ਪਰ ਇਸਦਾ ਦੂਸਰਾ ਪੱਖ ਇਹ ਹੈ ਕਿ ਸਾਡੀ ਨਿਰਪੱਖਤਾ ਤੇ ਲੋਕ ਪੱਖੀ ਵਿਚਾਰਧਾਰਾ ਕਾਰਨ ਕਿਸੇ ਗੁਰਦੁਆਰੇ, ਕਿਸੇ ਮੰਤਰੀ-ਸੰਤਰੀ, ਸਰਕਾਰੀ ਜਾਂ ਗੈਰ ਸਰਕਾਰੀ ਅਦਾਰੇ ਨੇ ਕਦੇ ਸਹਾਇਤਾ ਵੀ ਨਹੀਂ ਕੀਤੀ, ਸਗੋਂ ਵਿਰੋਧ ਤਾਂ ਬਹੁਤ ਵਾਰ ਜਰੂਰ ਕੀਤਾ, ਕਿਉਂਕਿ ਅਸੀਂ ਉਨ੍ਹਾਂ ਅਨੁਸਾਰ ਨਹੀਂ ਚੱਲੇ ਜਾਂ ਉਨ੍ਹਾਂ ਦਾ ਪੱਖ ਨਹੀਂ ਪੂਰਿਆ।ਮੈਂ ਉਦੋਂ ਵੀ ਦੇਖਦਾ ਸੀ ਤੇ ਹੁਣ ਵੀ ਦੇਖਦਾਂ ਕਿ ਅਨੇਕਾਂ ਪੱਤਰਕਾਰਾਂ, ਲੇਖਕਾਂ ਜਾਂ ਮੀਡੀਆ ਕਰਮੀਆਂ ਦਾ ਵੱਖ-ਵੱਖ ਸਰਕਾਰੀ, ਗੈਰ ਸਰਕਾਰੀ, ਧਾਰਮਿਕ ਜਾਂ ਸਾਹਿਤਕ ਸੰਸਥਾਵਾਂ ਵਲੋਂ ਬੜਾ ਮਾਣ-ਸਨਮਾਨ ਕੀਤਾ ਜਾਂਦਾ, ਪਰ ਅਕਸਰ ਹੁੰਦਾ ਉਨ੍ਹਾਂ ਦਾ ਹੀ ਹੈ, ਜੋ ਉਨ੍ਹਾਂ ਅਨੁਸਾਰ ਚੱਲਦੇ ਹਨ ਜਾਂ ਉਨ੍ਹਾਂ ਦੀ ਖੁਸ਼ਾਮਦ ਕਰਦੇ ਹਨ।ਸਾਨੂੰ ਮਾਣ ਹੈ ਕਿ ਅਸੀਂ ਆਪਣੇ ਅਸੂਲਾਂ ਨਾਲ ਕਿਸੇ ਲਾਲਚ ਜਾਂ ਡਰ ਅਧੀਨ ਸਮਝੌਤਾ ਨਹੀਂ ਕੀਤਾ, ਬੇਸ਼ਕ ਉਸਦੀ ਸਾਨੂੰ ਵੱਡੀ ਕੀਮਤ ਤਾਰਨੀ ਪਈ। ਪਰ ਸਾਡਾ ਸਨਮਾਨ ਹਮੇਸ਼ਾਂ ਆਮ ਲੋਕਾਂ ਨੇ ਆਪਣੀਆਂ ਸ਼ੁੱਭ ਇਛਾਵਾਂ ਰਾਹੀਂ ਕੀਤਾ, ਜੋ ਕਿ ਸਾਡੇ ਲਈ ਸਭ ਤੋਂ ਵੱਡਾ ਸਨਮਾਨ ਹੈ। ਇਥੇ ਦੱਸਣਾ ਵੀ ਵਾਜਿਬ ਹੋਵੇਗਾ ਕਿ ਜਦੋਂ ਮੈਗਜ਼ੀਨ ਸ਼ੁਰੂ ਕੀਤਾ ਸੀ, ਉਦੋਂ ਅਜਿਹੀ ਕੋਈ ਸੋਚ ਨਹੀਂ ਸੀ ਕਿ ਇਹ ਇੱਕ ਬਿਜਨੈਸ ਵੀ ਬਣ ਜਾਵੇਗਾ, ਉਸ ਵੇਲੇ ਸੋਚ ਸਿਰਫ ਇਹ ਸੀ ਕਿ ਅਸੀਂ ਸਮਾਜ ਲਈ ਕੁਝ ਕਰਨਾ ਹੈ। ਜਿਸ ਤਰ੍ਹਾਂ ਮੈਂ ਹੁਣ ਦੇਖਦਾ ਹਾਂ ਕਿ ਬਹੁਤੇ ਅਦਾਰੇ ਕਿਸੇ ਲੋਕ ਪੱਖੀ ਸੋਚ ਨੂੰ ਲੈ ਕੇ ਨਹੀਂ, ਸਗੋਂ ਬਿਜਨੈਸ ਨੂੰ ਮੁੱਖ ਰੱਖ ਕੇ ਹੀ ਚਲਾਏ ਜਾ ਰਹੇ ਹਨ, ਉਨ੍ਹਾਂ ਦਾ ਸਮਾਜ ਨਾਲ ਕੋਈ ਸਰੋਕਾਰ ਨਹੀਂ?

ਜਨਵਰੀ 1996 ਵਿੱਚ ਸ਼ੁਰੂ ਹੋਇਆ ਮੈਗਜ਼ੀਨ ਆਪਣੀ ਚਾਲੇ ਚੱਲ ਪਿਆ ਸੀ, ਪਾਠਕਾਂ ਤੇ ਬਿਜਨੈਸਮੈਨਾਂ ਦਾ ਸਹਿਯੋਗ ਮਿਲਣਾ ਸ਼ੁਰੂ ਹੋ ਗਿਆ ਸੀ ਤਾਂ ਸਾਲ 1997 ਦੇ ਅਖੀਰ ਵਿੱਚ ਮੈਗਜ਼ੀਨ ਦਾ ਵੱਖਰਾ ਐਡਮਿੰਟਨ ਐਡੀਸ਼ਨ ਛਾਪਣਾ ਸ਼ੁਰੂ ਕੀਤਾ, ਜਿਸਨੂੰ ਵੀ ਜਲਦੀ ਕਾਫੀ ਭਰਵਾਂ ਹੁੰਗਾਰਾ ਮਿਲਣ ਲੱਗ ਪਿਆ ਸੀ।ਅਗਲੇ ਸਾਲ 1998 ਵਿੱਚ ਅਸੀਂ ਸਿੱਖ ਵਿਰਸਾ ਦਾ ਇੰਟਰਨੈਸ਼ਨਲ ਐਡੀਸ਼ਨ ਵੀ ਛਾਪਣਾ ਸ਼ੁਰੂ ਕਰ ਦਿੱਤਾ, ਜੋ ਕਿ ਕਨੇਡਾ ਅਮਰੀਕਾ ਦੇ ਪ੍ਰਮੁੱਖ ਸ਼ਹਿਰਾਂ, ਬਹੁਤ ਸਾਰੇ ਗੁਰਦੁਆਰਿਆਂ, ਬੁੱਕ ਸਟਾਲਾਂ, ਗਰੌਸਰੀ ਸਟੋਰਾਂ ਦੇ ਨਾਲ਼-ਨਾਲ਼ ਸਲਾਨਾ ਚੰਦੇ ਰਾਹੀਂ ਦੁਨੀਆਂ ਭਰ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ ਸੀ। ਸਾਲ 1999 ਆਉਂਦੇ ਤੱਕ ਸਿੱਖ ਵਿਰਸਾ ਕਨੇਡਾ-ਅਮਰੀਕਾ ਤੇ ਇੰਡੀਆ ਤੋਂ ਇਲਾਵਾ 20 ਤੋਂ ਵੱਧ ਦੇਸ਼ਾਂ ਵਿੱਚ ਜਾਣ ਲੱਗਾ ਸੀ। ਸਿੱਖ ਵਿਰਸਾ ਨੇ ਆਪਣੀ ਇੱਕ ਵੱਖਰੀ ਤੇ ਵਿਲੱਖਣ ਪਛਾਣ ਬਣਾਉਣੀ ਸ਼ੁਰੂ ਕਰ ਦਿੱਤੀ ਸੀ। ਆਮ ਤੌਰ ਤੇ ਪੰਜਾਬੀ ਦੇ ਮੈਗਜ਼ੀਨ ਉਸ ਵਕਤ ਇੱਕ ਵਿਸ਼ੇ ਜਾਂ ਜੀਵਨ ਦੇ ਇੱਕ ਪੱਖ ਨੂੰ ਮੁੱਖ ਰੱਖ ਕੇ ਹੀ ਛਪਦੇ ਸਨ। ਜਿਵੇਂ ਸਾਹਿਤਕ, ਧਾਰਮਿਕ, ਰਾਜਨੀਤਕ, ਖੇਡਾਂ, ਫਿਲਮੀ ਦੁਨੀਆਂ,

(ਬਾਕੀ ਸਫ਼ਾ 24 'ਤੇ)








ਬੂਟਾ ਸਿੰਘ ਨਵਾਂਸ਼ਹਿਰ
94634-74342

# ‘ਵਿਅਕਤੀਗਤ ਆਜ਼ਾਦੀ’ ਅਤੇ ਭਾਰਤੀ ਨਿਆਂਪ੍ਰਣਾਲੀ ਦਾ ਪੱਖਪਾਤ




11 ਨਵੰਬਰ ਨੂੰ ਸੁਪਰੀਮ ਕੋਰਟ ਦੇ ਵੈਕੇਸ਼ਨ ਬੈਂਚ ਨੇ ਰਿਪਬਲਿਕ ਟੀਵੀ ਦੇ ਚੀਫ਼ ਐਡੀਟਰ ਅਰਣਬ ਗੋਸਵਾਮੀ ਨੂੰ ਅੰਤ੍ਰਿਮ ਜ਼ਮਾਨਤ ਦਿੰਦਿਆਂ ਜੋ ਟਿੱਪਣੀਆਂ ਕੀਤੀਆਂ ਉਹ ਭਾਰਤ ਦੀ ਨਿਆਂ-ਪ੍ਰਣਾਲੀ ਦੇ ਦੋਹਰੇ ਮਿਆਰਾਂ ਅਤੇ ਪੱਖਪਾਤੀ ਰਵੱਈਏ ਦਾ ਸਾਖ਼ਿਆਤ ਨਮੂਨਾ ਹਨ। ਜਸਟਿਸ ਡੀ ਵਾਈ ਚੰਦਰਚੂੜ ਨੇ ਫਰਮਾਇਆ “ਜੇ ਅਸੀਂ ਇਸ ਮਾਮਲੇ ਵਿਚ ਅੱਜ ਵੀ ਦਖ਼ਲਅੰਦਾਜ਼ੀ ਨਹੀਂ ਕਰਾਂਗੇ ਤਾਂ ਇਹ ਸਾਨੂੰ ਤਬਾਹੀ ਦੇ ਰਾਹ ਲੈ ਜਾਵੇਗਾ। .... ਹਾਈ ਕੋਰਟਾਂ ਨੂੰ ਵੀ ਸੰਦੇਸ਼ ਦੇਣਾ ਜ਼ਰੂਰੀ ਹੈ ਕਿ ਵਿਅਕਤੀਗਤ ਆਜ਼ਾਦੀ ਨੂੰ ਬਰਕਰਾਰ ਰੱਖਣ ਲਈ ਆਪਣੇ ਨਿਆਂਇਕ ਅਧਿਕਾਰਾਂ ਨੂੰ ਵਰਤੋਂ ’ਚ ਲਿਆਉਣ। ਕੇਸ ਦਰ ਕੇਸ ਹਾਈ ਕੋਰਟਾਂ ਵਿਅਕਤੀਗਤ ਆਜ਼ਾਦੀ ਤੋਂ ਇਨਕਾਰ ਕਰ ਰਹੀਆਂ ਹਨ।” ਕੀ ਸੁਪਰੀਮ ਕੋਰਟ ਵਿਅਕਤੀਗਤ ਆਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਪ੍ਰਤੀ ਸੱਚੀਓਂ ਹੀ ਗੰਭੀਰ ਹੈ? ਤਾਂ ਫਿਰ ਉਹਨਾਂ ਬੁੱਧੀਜੀਵੀਆਂ, ਪੱਤਰਕਾਰਾਂ ਅਤੇ ਕਾਰਕੁੰਨਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਨੂੰ ਸੁਪਰੀਮ ਕੋਰਟ ਗੰਭੀਰਤਾ ਨਾਲ ਕਿਉਂ ਨਹੀਂ ਲੈਂਦੀ ਜਿਹਨਾਂ ਨੂੰ ਮਹਿਜ਼ ਸੱਤਾ ਦੇ ਆਲੋਚਕ ਹੋਣ ਕਾਰਨ ਪੂਰੀ ਤਰ੍ਹਾਂ ਮਨਘੜਤ ਇਲਜ਼ਾਮਾਂ ਤਹਿਤ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਸਾੜਿਆ ਜਾ ਰਿਹਾ ਹੈ? ਅਤੇ ਜਿਹਨਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਵਾਰ-ਵਾਰ ਰੱਦ ਕੀਤੀਆਂ ਜਾ ਰਹੀਆਂ ਹਨ? ਇਹ ਜਾਇਜ਼ ਸਵਾਲ ਉਠਾਉਣ ਵਾਲਿਆਂ ’ਤੇ ਮਾਣਹਾਨੀ ਦੇ ਪਰਚੇ ਕਿਉਂ ਦਰਜ ਕੀਤੇ ਜਾਂਦੇ ਹਨ ਜਿਵੇਂ ਸਟੈਂਡ-ਅੱਪ ਕਮੇਡੀਅਨ ਕੁਣਾਲ ਕਾਮਰਾ ਦੇ ਖ਼ਿਲਾਫ਼ ਜਿਸ ਨੇ ਸਿਰਫ਼ ਇੰਨਾ ਹੀ ਕਿਹਾ ਸੀ : “ਮਾਣ-ਸਨਮਾਨ ਇਸ ਇਮਾਰਤ (ਸੁਪਰੀਮ ਕੋਰਟ) ਨੂੰ ਬਹੁਤ ਪਹਿਲਾਂ ਹੀ ਛੱਡ ਕੇ ਜਾ ਚੁੱਕਾ ਹੈ। .... ਮੁਲਕ ਦੀ ਸੁਪਰੀਮ ਕੋਰਟ ਇਸ ਮੁਲਕ ਦਾ ਸਭ ਤੋਂ ਸੁਪਰੀਮ ਮਜ਼ਾਕ ਬਣ ਗਈ ਹੈ।” ਹਾਲਾਂਕਿ ਸੁਪਰੀਮ ਕੋਰਟ ਵੱਲੋਂ ਸੰਘ ਦੇ ਭੌਂਪੂ ਅਰਣਬ ਨੂੰ ਤਰਜ਼ੀਹੀ ਆਧਾਰ ’ਤੇ ਜ਼ਮਾਨਤ ਦੇਣ ਉੱਪਰ ਸਵਾਲ ਉੱਠਣੇ ਨਾ ਸਿਰਫ਼ ਸੁਭਾਵਿਕ ਹਨ ਸਗੋਂ ਪੂਰੀ ਤਰ੍ਹਾਂ ਵਾਜਬ ਹਨ।

ਜਦ ਅਰਣਬ ਗੋਸਵਾਮੀ ਨੇ ਸੁਪਰੀਮ ਕੋਰਟ ’ਚ ਪਹੁੰਚ ਕੀਤੀ ਤਾਂ ਉਸ ਦੀ ਜ਼ਮਾਨਤ ਦੀ ਅਰਜ਼ੀ ਅਲੀਬਾਗ਼ ਸੈਸ਼ਨ ਕੋਰਟ ਵਿਚ ਵਿਚਾਰ-ਅਧੀਨ ਸੀ। ਇਸ ਦੇ ਬਾਵਜੂਦ ਸੁਪਰੀਮ ਕੋਰਟ ਵੱਲੋਂ ਉਸ ਦੇ ਮਾਮਲੇ ਦੀ ਤੁਰੰਤ ਸੁਣਵਾਈ ਕਰਕੇ ਉਸ ਨੂੰ ਅੱਠ ਦਿਨਾਂ ’ਚ ਜ਼ਮਾਨਤ ਦਿੱਤੀ ਗਈ ਅਤੇ ਹੇਠਲੀ ਅਦਾਲਤ ਦੇ ਫ਼ੈਸਲੇ ਦਾ ਇੰਤਜ਼ਾਰ ਵੀ ਨਹੀਂ ਕੀਤਾ ਗਿਆ। ਲੇਕਿਨ ਸੁਪਰੀਮ ਕੋਰਟ ਵੱਲੋਂ ਪਿਛਲੇ ਦਿਨੀਂ ਐਡਵੋਕੇਟ ਸੁਧਾ ਭਾਰਦਵਾਜ ਦੀ ਸੁਣਵਾਈ ਕਰਨ ਤੋਂ ਇਹ ਕਹਿ ਕੇ ਨਾਂਹ ਕਰ ਦਿੱਤੀ ਗਈ ਕਿ ਉਸ ਦੀ ਜ਼ਮਾਨਤ ਦੀ ਅਰਜ਼ੀ ਬੰਬਈ ਸੈਸ਼ਨ ਕੋਰਟ ਵਿਚ ਲੱਗੀ ਹੋਈ ਹੈ। ਕੀ ਸੁਪਰੀਮ ਕੋਰਟ ਤਮਾਮ ਨਾਗਰਿਕਾਂ ਦੀ ਵਿਅਕਤੀਗਤ ਆਜ਼ਾਦੀ ਪ੍ਰਤੀ ਬਰਾਬਰ ਗੰਭੀਰ ਹੈ? ਸੁਣਵਾਈ ਤਾਂ ਸਿਰਫ਼ ਸੱਤਾਧਾਰੀਆਂ ਦੇ ਚਹੇਤਿਆਂ ਅਤੇ ਮਹਿੰਗੇ ਵਕੀਲਾਂ ਕਰਨ ਦੇ ਸਮਰੱਥ ਰਸੂਖ਼ਵਾਨਾਂ ਦੀ ਹੋ ਰਹੀ ਹੈ। ਸੁਧਾ ਭਾਰਦਵਾਜ ਨੇ ਸਵੈਇੱਛਾ ਨਾਲ ਅਮਰੀਕੀ ਨਾਗਰਿਕਤਾ ਤਿਆਗ ਕੇ ਆਪਣੀ ਜ਼ਿੰਦਗੀ ਮੁਲਕ ਦੇ ਦੱਬੇ-ਕੁਚਲੇ ਅਵਾਮ ਦੇ ਹਿਤਾਂ ਦੇ ਲੇਖੇ ਲਾਈ। ਜੁਰਮ ਦਾ ਕੋਈ ਸਬੂਤ ਨਾ ਹੋਣ ਦੇ ਬਾਵਜੂਦ ਉਸ ਨੂੰ ਸਿਰਫ਼ ਤੇ ਸਿਰਫ਼ ਸੱਤਾ ਵਿਰੋਧੀ ਵਿਚਾਰ ਰੱਖਣ ਅਤੇ ਮਜ਼ਲੂਮਾਂ ਦੇ ਹੱਕ ਵਿਚ ਆਵਾਜ਼ ਉਠਾਉਣ ਕਰਕੇ ਨਿਸ਼ਾਨਾ ਬਣਾਇਆ ਗਿਆ। ਦੂਜੇ ਪਾਸੇ, ਅਰਣਬ ਗੋਸਵਾਮੀ ਦੇ ਖ਼ਿਲਾਫ਼ ਨਾ ਸਿਰਫ਼ ਇਕ ਇੰਟੀਰੀਅਰ ਡਿਜ਼ਾਈਨਰ ਫਰਮ ਤੋਂ ਕੰਮ ਕਰਵਾ ਕੇ ਪੰਜ ਕਰੋੜ ਰੁਪਏ ਤੋਂ ਵਧੇਰੇ ਰਕਮ ਦੱਬ ਲੈਣ ਅਤੇ ਉਹਨਾਂ ਨੂੰ ਖ਼ੁਦਕੁਸ਼ੀ ਕਰਨ ਲਈ ਉਕਸਾਉਣ ਦੇ ਠੋਸ ਸਬੂਤ ਹਨ ਸਗੋਂ ਉਹ ਅਤੇ ਉਸ ਦਾ ਨਿਊਜ਼ ਚੈਨਲ ਨਿੱਤ ਸੱਤਾ ਦੇ ਆਲੋਚਕ ਨਾਗਰਿਕਾਂ ਦੇ ਖ਼ਿਲਾਫ਼ ਜ਼ਹਿਰ ਉਗਲ ਕੇ ਉਹਨਾਂ ਦਾ ਅਕਸ ਵਿਗਾੜਣ ਦਾ ਮੁਜਰਿਮ ਹੈ। ਅਰਣਬ ਜੇ.ਐੱਨ.ਯੂ. ਦੇ ਸਾਬਕਾ ਵਿਦਿਆਰਥੀ ਆਗੂਆਂ ਉਮਰ ਖ਼ਾਲਿਦ ਤੋਂ ਲੈ ਕੇ ਭੀਮਾ-ਕੋਰੇਗਾਓਂ ਸਾਜ਼ਿਸ਼ ਕੇਸ ਵਿਚ ਫਸਾਏ ਲੋਕਪੱਖੀ ਬੁੱਧੀਜੀਵੀਆਂ ਤੱਕ ਹਰ ਕਿਸੇ ਨੂੰ ਦਹਿਸ਼ਤਗਰਦ ਅਤੇ ਦੇਸ਼ਧ੍ਰੋਹੀ ਕਰਾਰ ਦੇ ਕੇ ਸੱਤਾਧਾਰੀ ਆਰ.ਐੱਸ.ਐੱਸ.-ਭਾਜਪਾ ਦੀ ਫਿਰਕੂ ਪਾਲਾਬੰਦੀ ਦੀ ਸਿਆਸਤ ਦਾ ਸੰਦ ਬਣਿਆ ਹੋਇਆ ਹੈ। ਸਟੇਟ ਦੀਆਂ ਏਜੰਸੀਆਂ ਸੱਤਾਧਾਰੀ ਧਿਰ ਦੇ ਇਸ਼ਾਰੇ ’ਤੇ ਨਾਗਰਿਕ ਹੱਕਾਂ ਦੀ ਸੁਰੱਖਿਆ ਦੀ ਸੰਵਿਧਾਨਕ ਵਿਵਸਥਾ ਨੂੰ ਬਾਈਪਾਸ ਕਰਨ ਲਈ ਯੂਏਪੀਏ, ਪਬਲਿਕ ਸਕਿਊਰਿਟੀ ਐਕਟ ਵਰਗੇ ਬੇਹੱਦ ਬਦਨਾਮ ਕਾਨੂੰਨਾਂ ਦਾ ਥੋਕ ਇਸਤੇਮਾਲ ਕਰ ਰਹੀਆਂ ਹਨ। ਇਸ ਫਾਸ਼ੀ ਫਿਰਕੂ ਮਾਹੌਲ ਨੂੰ ਦਰਕਿਨਾਰ ਕਰਕੇ ਸੁਪਰੀਮ ਕੋਰਟ ਵੱਲੋਂ ਅਰਣਬ ਗੋਸਵਾਮੀ ਦੇ ਮਾਮੂਲੀ ਮਾਮਲੇ ਨੂੰ ਤਰਜ਼ੀਹ ਦੇ ਕੇ ਉਸ ਨੂੰ ਤੁਰੰਤ ਜ਼ਮਾਨਤ ਦੇ ਦਿੱਤੀ ਗਈ ਜਦ ਕਿ ਜੰਮੂ-ਕਸ਼ਮੀਰ ਸਮੇਤ ਬੇਸ਼ੁਮਾਰ ਐਸੇ ਮਾਮਲਿਆਂ ਦੀ ਸੁਣਵਾਈ ਨਹੀਂ ਕੀਤੀ ਜਾ ਰਹੀ ਜਿੱਥੇ ਲੱਖਾਂ ਲੋਕਾਂ ਦੇ ਮਨੁੱਖੀ ਅਤੇ ਜਮਹੂਰੀ ਹੱਕ ਸਟੇਟ ਦੇ ਬੇਕਿਰਕ ਹਮਲੇ ਦੀ ਮਾਰ ਹੇਠ ਹਨ।

ਭੀਮਾ-ਕੋਰੇਗਾਓਂ ਕੇਸ ਵਿਚ ਨਰਿੰਦਰ ਮੋਦੀ ਦੀ ਹੱਤਿਆ ਦੀ ‘ਸਾਜ਼ਿਸ਼ ਰਚਣ’ ਦੇ ਹਾਸੋਹੀਣੇ ਇਲਜ਼ਾਮਾਂ ਤਹਿਤ ਗ੍ਰਿਫ਼ਤਾਰ ਕੀਤੇ ਗਏ ਪ੍ਰੋਫੈਸਰ ਵਰਾਵਰਾ ਰਾਓ ਅਤੇ ਹੋਰ ਬੁੱਧੀਜੀਵੀ ਦੋ ਸਾਲ ਤੋਂ ਜੇਲ੍ਹ ਵਿਚ ਬੰਦ ਹਨ। ਇਸੇ ਕੇਸ ਵਿਚ ਪ੍ਰੋਫੈਸਰ ਸ਼ੋਮਾ ਸੇਨ, ਐਡਵੋਕੇਟ ਸੁਰਿੰਦਰ ਗਾਡਲਿੰਗ, ਰੋਨਾ ਵਿਲਸਨ, ਸੁਧੀਰ ਢਾਵਲੇ, ਮਹੇਸ਼ ਰਾਵਤ ਜੂਨ 2018 ਤੋਂ ਜੇਲ੍ਹ ਵਿਚ ਹਨ। ਗੌਤਮ ਨਵਲਖਾ ਅਤੇ ਪ੍ਰੋਫੈਸਰ ਆਨੰਦ ਤੇਲਤੁੰਬੜੇ ਅਗਸਤ 2018 ਤੋਂ ਘਰਾਂ ਵਿਚ ਕੈਦ ਸਨ। ਮਹਾਰਾਸ਼ਟਰ ਵਿਧਾਨ ਸਭਾ ਚੋਣਾਂ ਤੋਂ ਬਾਦ ਸੁਪਰੀਮ ਕੋਰਟ ਵੱਲੋਂ ਕੌਮਾਂਤਰੀ ਪੱਧਰ ਦੀ ਲੋਕ-ਰਾਇ ਨੂੰ ਦਰਕਿਨਾਰ ਕਰਦਿਆਂ ਆਰ.ਐੱਸ.ਐੱਸ.-ਭਾਜਪਾ ਦੇ ਦਬਾਓ ਹੇਠ 16 ਮਾਰਚ 2020 ਨੂੰ ਉਹਨਾਂ ਨੂੰ ਐੱਨ.ਆਈ.ਏ ਸਾਹਮਣੇ ਆਤਮ-ਸਮਰਪਣ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਸੁਪਰੀਮ ਕੋਰਟ ਨੂੰ ਇਸ ਫਾਸ਼ੀਵਾਦੀ ਰਾਜਨੀਤਕ ਚਾਲ ਵਿਚ ‘ਵਿਅਕਤੀਗਤ ਆਜ਼ਾਦੀ’ ਲਈ ਖ਼ਤਰਾ ਨਜ਼ਰ ਨਹੀਂ ਆਇਆ। ਫਿਰ ਆਈਐੱਨਏ ਵੱਲੋਂ ਮਨੁੱਖੀ ਹੱਕਾਂ ਦੇ ਘੁਲਾਟੀਆਂ ਪ੍ਰੋਫੈਸਰ ਹਨੀ ਬਾਬੂ, ਸਟੇਨ ਸਵਾਮੀ ਅਤੇ ਕਬੀਰ ਕਲਾ ਮੰਚ ਦੇ ਤਿੰਨ ਕਲਾਕਾਰਾਂ ਸਾਗਰ ਗੋਰਖੇ, ਰਾਮੇਸ਼ ਗਾਏਚਰ ਅਤੇ ਉਸ ਦੀ ਪਤਨੀ ਜਯੋਤੀ ਜਗਤਾਪ ਨੂੰ ਗ੍ਰਿਫ਼ਤਾਰ ਕਰਕੇ ਜੇਲ੍ਹ ਵਿਚ ਡੱਕ ਦਿੱਤਾ ਗਿਆ। ਤਿੰਨਾਂ ਕਲਾਕਾਰਾਂ ਨੂੰ ਭੀਮਾ-ਕੋਰੇਗਾਓਂ ਮਾਮਲੇ ਵਿਚ ਦੋ ਸਾਲ ਬਾਦ ਗ੍ਰਿਫ਼ਤਾਰ ਕੀਤਾ ਗਿਆ ਕਿਉਂਕਿ ਉਹਨਾਂ ਨੇ ਜੇਲ੍ਹਬੰਦ ਬੁੱਧੀਜੀਵੀਆਂ ਵਿਰੁੱਧ ਵਾਅਦਾ-ਮੁਆਫ਼ ਗਵਾਹ ਬਣਕੇ ਝੂਠੀ ਗਵਾਹੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਵਿਅਕਤੀਗਤ ਆਜ਼ਾਦੀ ਉੱਪਰ ਇਸ ਤੋਂ ਖ਼ਤਰਨਾਕ ਹਮਲਾ ਕੀ ਹੋ ਸਕਦਾ ਹੈ।

ਸੁਪਰੀਮ ਕੋਰਟ ਨੂੰ ਬਜ਼ੁਰਗਾਂ ਅਤੇ ਗੰਭੀਰ ਬੀਮਾਰਾਂ ਦੀ ਵੀ ਕੋਈ ਚਿੰਤਾ ਨਹੀਂ ਹੈ। ਪ੍ਰੋਫੈਸਰ ਜੀ.ਐੱਨ.ਸਾਈਬਾਬਾ ਨਾਗਪੁਰ ਜੇਲ੍ਹ ਵਿਚ ਕੈਦ ਹਨ। 19 ਗੰਭੀਰ ਬੀਮਾਰੀਆਂ ਤੋਂ ਪੀੜਤ ਅਤੇ 90ਫ਼ੀ ਸਦੀ ਅਪਾਹਜ ਪ੍ਰੋਫੈਸਰ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ। ਵਰਾਵਰਾ ਰਾਓ (79) ਦੀ ਹਾਲਤ ਬਹੁਤ ਜ਼ਿਆਦਾ ਵਿਗੜ ਜਾਣ ਕਾਰਨ ਉਹਨਾਂ ਨੂੰ ਇਲਾਜ ਲਈ ਹਸਪਤਾਲ ਜਾਣ ਖ਼ਾਤਰ ਵੀ ਲੰਮੀ ਅਦਾਲਤੀ ਲੜਾਈ ਲੜਨੀ ਪਈ। ਪਾਰਕਿਨਸਨ ਵਰਗੀ ਨਾਮੁਰਾਦ ਬੀਮਾਰੀ ਤੋਂ ਪੀੜਤ 83 ਸਾਲ ਦੇ ਸਟੇਨ ਸਵਾਮੀ ਦੀ ਸਿਹਤ ਐਨੀ ਕਮਜ਼ੋਰ ਹੈ ਕਿ ਉਹ ਖਾਣਪੀਣ ਅਤੇ ਹੋਰ ਨਿੱਤ ਕ੍ਰਿਆਕ੍ਰਮ ਲਈ ਵੀ ਪੂਰੀ ਤਰ੍ਹਾਂ ਕੈਦੀ ਸਾਥੀਆਂ ਉੱਪਰ ਨਿਰਭਰ ਹਨ। ਦੋਨਾਂ ਦੇ ਕੇਸ ਮੈਰਿਟ ਅਤੇ ਗੰਭੀਰ ਬੀਮਾਰੀਆਂ ਕਾਰਨ ਜ਼ਮਾਨਤ ਲਈ ਪੂਰੀ ਤਰ੍ਹਾਂ ਵਾਜਬ ਹੋਣ ਦੇ ਬਾਵਜੂਦ ਉਹਨਾਂ ਨੂੰ ਜ਼ਮਾਨਤ ਨਹੀਂ ਦਿੱਤੀ ਜਾ ਰਹੀ। ਹਾਲਾਂਕਿ ਸੁਪਰੀਮ ਕੋਰਟ ਦੇ ਜੱਜ ਜਾਣਦੇ ਹਨ ਕਿ ਇਹਨਾਂ ਸਿਰਮੌਰ ਘੁਲਾਟੀਆਂ ਉੱਪਰ ਯੂਏਪੀਏ ਇਸੇ ਲਈ ਲਗਾਇਆ ਗਿਆ ਹੈ ਤਾਂ ਸਰਕਾਰ ਅਤੇ ਪੁਲਿਸ/ਜਾਂਚ ਏਜੰਸੀਆਂ ਉਹਨਾਂ ਨੂੰ ਆਪਣੀ ਮਨਮਰਜ਼ੀ ਅਨੁਸਾਰ ਜੇਲ੍ਹ ਵਿਚ ਸਾੜ ਸਕਣ।

ਸਿਰਫ਼ ਭੀਮਾ-ਕੋਰੇਗਾਓਂ ਹੀ ਨਹੀ, ਸੀਏਏ-ਐੱਨਆਰਸੀ-ਐੱਨਪੀਆਰ ਵਿਰੁੱਧ ਆਵਾਜ਼ ਉਠਾਉਣ ਵਾਲੇ ਇਨਸਾਫ਼ਪਸੰਦਾਂ ਦੇ ਮਾਮਲਿਆਂ ’ਚ ਵੀ ਨਿਆਂ ਪ੍ਰਣਾਲੀ ਨੂੰ ‘ਵਿਅਕਤੀਗਤ ਆਜ਼ਾਦੀ’ ਦਾ ਘਾਣ ਨਜ਼ਰ ਨਹੀਂ ਆ ਰਿਹਾ। ਗਰਭਵਤੀ ਹੋਣ ਦੇ ਬਾਵਜੂਦ ਵਿਦਿਆਰਥਣ ਸਫ਼ੂਰਾ ਜਰਗਰ ਨੂੰ ਕੋਰੋਨਾ ਲਾਗ ਦੀ ਪ੍ਰਵਾਹ ਨਾ ਕਰਦੇ ਹੋਏ 70 ਦਿਨ ਹਿਰਾਸਤ ਵਿਚ ਰੱਖ ਕੇ ਅੰਤ੍ਰਿਮ ਜ਼ਮਾਨਤ ਦਿੱਤੀ ਗਈ। ਜੇ.ਐੱਨ.ਯੂ. ਦੇ ਸਾਬਕਾ ਵਿਦਿਆਰਥੀ ਆਗੂ ਉਮਰ ਖ਼ਾਲਿਦ, ਸਕਾਲਰ ਦੇਵਾਂਗਨਾ ਕਲੀਤਾ, ਨਤਾਸ਼ਾ ਨਰਵਾਲ ਅਤੇ ਸ਼ਰਜੀਲ ਇਮਾਮ ਬਿਨਾਂ ਜ਼ਮਾਨਤ ਜੇਲ੍ਹ ਵਿਚ ਹਨ। ਜਾਮੀਆ ਮਿਲੀਆ ਇਸਲਾਮੀਆ ਦੇ ਸਾਬਕਾ ਵਿਦਿਆਰਥੀ ਸ਼ਿਫ਼ਾ ਉਰ ਰਹਿਮਾਨ ਅਤੇ ਮੌਜੂਦਾ ਵਿਦਿਆਰਥੀ ਆਗੂ ਮੀਰਾਨ ਹੈਦਰ, ਆਸਿਫ਼ ਇਕਬਾਲ ਟਾਹਨਾ, ਗੁਲਫ਼ਿਸ਼ਾਂ ਫ਼ਾਤਿਮਾ, ਖ਼ਾਲਿਦ ਸੈਫ਼ੀ, ਆਮ ਆਦਮੀ ਪਾਰਟੀ ਦੇ ਸਾਬਕਾ ਕੌਂਸਲਰ ਤਾਹਿਰ ਹੁਸੈਨ ਵੀ ਜੇਲ੍ਹ ਵਿਚ ਬੰਦ ਹਨ। ਉਹਨਾਂ ਦੀਆਂ ਜ਼ਮਾਨਤ ਦੀਆਂ ਅਰਜ਼ੀਆਂ ਅਦਾਲਤਾਂ ਵਿਚ ਇਕ ਤੋਂ ਵੱਧ ਵਾਰ ਰੱਦ ਹੋ ਚੁੱਕੀਆਂ ਹਨ। ਕਥਿਤ ਦਿੱਲੀ ਹਿੰਸਾ ਮਾਮਲਿਆਂ ਵਿਚ ਹੁਣ ਤਕ ਸਿਰਫ਼ ਸਫ਼ੂਰਾ ਜਰਗਰ ਅਤੇ ਫ਼ੈਜ਼ਾਨ ਖ਼ਾਨ ਨੂੰ ਹੀ ਜ਼ਮਾਨਤ ਦਿੱਤੀ ਗਈ ਹੈ, ਬਾਕੀਆਂ ਨੂੰ ਇਹ ਮਾਮੂਲੀ ਰਾਹਤ ਵੀ ਨਹੀਂ ਦਿੱਤੀ ਜਾ ਰਹੀ। ਇਸ਼ਰਤ ਜਹਾਂ ਦੇ ਪਰਿਵਾਰ ਨੂੰ ਉਸ ਨੂੰ ਸਰਦੀ ਲਈ ਗਰਮ ਕੱਪੜੇ ਵੀ ਨਹੀਂ ਦੇਣ ਦਿੱਤੇ ਗਏ।

ਅਸਾਮ ਤੋਂ ਕਿਸਾਨ ਆਗੂ ਅਖਿਲ ਗੋਗੋਈ ਸੱਤਾ ਦੀ ਬਦਲਾਖ਼ੋਰੀ ਅਤੇ ਨਿਆਂ ਪ੍ਰਣਾਲੀ ਦੀ ਅਣਦੇਖੀ ਦੀ ਇਕ ਹੋਰ ਉੱਘੜਵੀਂ ਮਿਸਾਲ ਹੈ। ਉਸ ਦਾ ਕਸੂਰ ਵੀ ਸੀਏਏ-ਐੱਨਆਰਸੀ ਵਿਰੁੱਧ ਰੋਸ ਮੁਜ਼ਾਹਰਿਆਂ ਦੀ ਅਗਵਾਈ ਕਰਨਾ ਹੈ। ਉਹ ਯੂਏਪੀਏ ਅਤੇ ਹੋਰ ਸੰਗੀਨ ਧਾਰਾਵਾਂ ਤਹਿਤ 12 ਕੇਸਾਂ ਵਿਚ ਇਕ ਸਾਲ ਬਾਦ ਵੀ ਜੇਲ੍ਹ ਵਿਚ ਹੈ ਅਤੇ ਉਸ ਨੂੰ ਇਕ ਤੋਂ ਬਾਦ ਇਕ ਮਾਮਲੇ ਵਿਚ ਜ਼ਮਾਨਤ ਲੈਣ ਲਈ ਲਗਾਤਾਰ ਕਾਨੂੰਨੀ ਲੜਾਈ ਲੜਨੀ ਪੈ ਰਹੀ ਹੈ।

ਭਾਰਤੀ ਅਦਾਲਤੀ ਪ੍ਰਣਾਲੀ ਨੂੰ ਪ੍ਰੈੱਸ ਦੀ ਆਜ਼ਾਦੀ ਦੀ ਵੀ ਕੋਈ ਚਿੰਤਾ ਨਹੀਂ ਹੈ। ਇਸ ਦੀ ਉੱਘੜਵੀਂ ਮਿਸਾਲ ਕਸ਼ਮੀਰੀ ਪੱਤਰਕਾਰ ਆਸਿਫ਼ ਸੁਲਤਾਨ ਦੀ ਹੈ, ਉਸ ਦੇ ਮਾਮਲੇ ਦੀ ਪਹਿਲੀ ਸੁਣਵਾਈ 15 ਮਹੀਨੇ ਬਿਨਾਂ ਜ਼ਮਾਨਤ ਜੇਲ੍ਹ ਬੰਦ ਰਹਿਣ ਤੋਂ ਬਾਦ ਹੋਈ। ਉਸ ਦਾ ਕਸੂਰ ਸਿਰਫ਼ ਇਹ ਸੀ ਕਿ ਉਸ ਨੇ ਕਸ਼ਮੀਰੀ ਖਾੜਕੂ ਬੁਰਹਾਨ ਵਾਨੀ ਬਾਰੇ ਰਿਪੋਰਟਿੰਗ ਕੀਤੀ ਸੀ। ਕੇਰਲਾ ਤੋਂ ਪੱਤਰਕਾਰ ਸਿਦੀਕ ਕੱਪਨ ਨੂੰ 6 ਅਕਤੂਬਰ 2020 ਨੂੰ ਉਦੋਂ ਗ੍ਰਿਫ਼ਤਾਰ ਕਰ ਲਿਆ ਗਿਆ ਜਦ ਉਹ ਹਾਥਰਸ ਬਲਾਤਕਾਰ+ਕਤਲ ਕਾਂਡ ਦੀ ਰਿਪੋਰਟਿੰਗ ਲਈ ਜਾ ਰਿਹਾ ਸੀ। ਯੂ.ਪੀ. ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਕੇ ਯੂਏਪੀਏ ਲਗਾ ਦਿੱਤਾ ਅਤੇ ਹਾਥਰਸ ‘ਸਾਜ਼ਿਸ਼’ ਵਿਚ ਨਾਮਜ਼ਦ ਕਰ ਲਿਆ। ਸੁਪਰੀਮ ਕੋਰਟ ਵੱਲੋਂ ਕੇਰਲਾ ਯੂਨੀਅਨ ਆਫ਼ ਵਰਕਿੰਗ ਜਰਨਲਿਸਟਸ ਦੀ ਹੈਬੀਅਸ ਕਾਰਪਸ ਅਤੇ ਉਸ ਦੀ ਜ਼ਮਾਨਤ ਦੀ ਸੁਣਵਾਈ ਲਈ 16 ਨਵੰਬਰ ਤਾਰੀਕ ਤੈਅ ਕੀਤੀ ਗਈ ਸੀ ਲੇਕਿਨ ਬੈਂਚ ਨੇ ਕੋਈ ਅੰਤ੍ਰਿਮ ਹੁਕਮ ਜਾਰੀ ਨਹੀਂ ਕੀਤਾ ਸਗੋਂ ਅਗਲੀ ਤਾਰੀਕ 20 ਨਵੰਬਰ ਤੈਅ ਕਰ ਦਿੱਤੀ ਗਈ। ਇਸ ਦਾ ਮਤਲਬ ਤਾਂ ਇਹ ਹੋਇਆ ਕਿ ਸੁਪਰੀਮ ਕੋਰਟ ਲਈ ਸਿਰਫ਼ ਅਰਣਬ ਹੀ ਪੱਤਰਕਾਰ ਹੈ ਅਤੇ ਉਸ ਤੋਂ ਸਿਵਾਏ ਹੋਰ ਕਿਸੇ ਦੀ ਵਿਅਕਤੀਗਤ ਆਜ਼ਾਦੀ ਕੋਈ ਮਾਇਨੇ ਨਹੀਂ ਰੱਖਦੀ।

ਮਹਿਜ਼ ਵਿਅਕਤੀਗਤ ਆਜ਼ਾਦੀ ਹੀ ਨਹੀਂ ਸੁਪਰੀਮ ਕੋਰਟ ਨੂੰ ਕੇਂਦਰ ਅਤੇ ਸੂਬਾ ਸਰਕਾਰਾਂ ਦੇ ਸਿਆਸੀ ਨਜ਼ਰਬੰਦਾਂ ਦੀਆਂ ਜਾਨਾਂ ਪ੍ਰਤੀ ਮੁਜਰਮਾਨਾ ਵਿਤਕਰੇ ਦੀ ਵੀ ਕੋਈ ਚਿੰਤਾ ਨਹੀਂ ਹੈ। ਜਦ ਕੋਰੋਨਾ ਵਾਇਰਸ ਦੇ ਖ਼ਤਰੇ ਦੇ ਮੱਦੇਨਜ਼ਰ ਜੇਲ੍ਹਾਂ ਅੰਦਰ ਕੈਦੀਆਂ ਦੀ ਗਿਣਤੀ ਘਟਾਉਣ ਲਈ ਕੈਦੀਆਂ ਨੂੰ ਪੈਰੋਲ ’ਤੇ ਭੇਜਿਆ ਗਿਆ, ਗੰਭੀਰ ਬੀਮਾਰੀਆਂ ਤੋਂ ਪੀੜਤ ਬੁੱਧੀਜੀਵੀਆਂ ਅਤੇ ਕਾਰਕੁੰਨਾਂ ਨੂੰ ਉਦੋਂ ਵੀ ਜ਼ਮਾਨਤ ਨਹੀਂ ਦਿੱਤੀ ਗਈ। ਸਗੋਂ ਜਿਹੜੇ ਕਿਸੇ ਅਦਾਲਤੀ ਰਾਹਤ ਤਹਿਤ ਜੇਲ੍ਹਾਂ ਤੋਂ ਬਾਹਰ ਸਨ ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰਕੇ ਜੇਲ੍ਹਾਂ ਵਿਚ ਡੱਕ ਦਿੱਤਾ ਗਿਆ। ਜਿਵੇਂ ਗੌਤਮ ਨਵਲੱਖਾ, ਆਨੰਦ ਤੇਲਤੁੰਬੜੇ, ਸਟੇਨ ਸਵਾਮੀ ਅਤੇ ਪ੍ਰੋਫੈਸਰ ਹੈਨੀ ਬਾਬੂ।

ਅਦਾਲਤਾਂ ਸਮੇਤ ਸਮੁੱਚੇ ਸਟੇਟ ਦਾ ਇਹ ਵਤੀਰਾ ਦਿਖਾਉਂਦਾ ਹੈ ਕਿ ਜਮਹੂਰੀ ਹੱਕਾਂ, ਸ਼ਹਿਰੀ ਆਜ਼ਾਦੀਆਂ ਅਤੇ ਵਿਅਕਤੀਗਤ ਆਜ਼ਾਦੀ ਆਦਿ ਪ੍ਰਤੀ ਇਸ ਦੀ ਗੰਭੀਰਤਾ ਅਤੇ ਨਿਰਪੱਖਤਾ ਨਿਰਾ ਢੌਂਗ ਹੈ। ਰਾਜ ਢਾਂਚਾ ਡੂੰਘੇ ਰੂਪ ’ਚ ਜਮਾਤੀ ਤੇ ਪੱਖਪਾਤੀ ਹੈ ਜੋ ਆਰਥਕ, ਸਮਾਜੀ ਅਤੇ ਰਾਜਸੀ ਖੇਤਰਾਂ ਵਿਚ ਭਾਰੂ ਲੋਟੂ ਜਮਾਤਾਂ ਦੇ ਹਿਤਾਂ ਦੀ ਸੇਵਾ ਕਰਦਾ ਹੈ। ਹਾਸ਼ੀਆਗ੍ਰਸਤ ਦੱਬੇਕੁਚਲੇ ਅਵਾਮ ਅਤੇ ਉਹਨਾਂ ਦੇ ਹੱਕ ’ਚ ਆਵਾਜ਼ ਉਠਾਉਣ ਵਾਲੇ ਇਨਸਾਫ਼ਪਸੰਦਾਂ ਲਈ ਇਹ ਖੁੱਲ੍ਹੀ ਜੇਲ੍ਹ ਦੀ ਤਰ੍ਹਾਂ ਹੈ। ਇਸ ਤੋਂ ਨਿਰਪੱਖ ਇਨਸਾਫ਼ ਦੀ ਕੋਈ ਉਮੀਦ ਨਹੀਂ ਕੀਤੀ ਜਾ ਸਕਦੀ। ਇਹ ਸਿਰਫ਼ ਤੇ ਸਿਰਫ਼ ਵਿਆਪਕ ਲੋਕ-ਰਾਇ ਦੇ ਦਬਾਓ ਹੇਠ ਹੀ ਪਿੱਛੇ ਹਟਣ ਲਈ ਮਜਬੂਰ ਹੁੰਦਾ ਹੈ।

## ਮਹਾਨ ਹੀਰੋ ਦੀ ਵਿਦਾਇਗੀ....

ਕਈ ਦਹਾਕੇ ਲੋਕ ਦਿਲਾਂ ਤੇ ਰਾਜ ਕਰਨ ਵਾਲਾ ਅਰਜਨਟਾਈਨਾ ਦਾ ਫੁੱਟਬਾਲ ਖਿਡਾਰੀ ਡਿਆਗੋ ਮੈਰਾਡੋਨਾ ਸਦੀਵੀ ਅਲਵਿਦਾ ਆਖ ਗਿਆ ਹੈ। ਸੰਨ੍ਹ 1986 ਦੇ ਫ਼ਾਈਨਲ ਵਿੱਚ ਉਸ ਦੁਆਰਾ ਕੀਤੇ ਵਿਵਾਦਗ੍ਰਸਤ ਗੋਲ ਕਰਕੇ ਹੀ ਨਹੀਂ, ਉਹ ਆਪਣੀ ਸ਼ਾਨਦਾਰ ਖੇਡ ਸਦਕਾ ਸਦਾ ਹੀ ਸੁਰਖ਼ੀਆਂ ਵਿੱਚ ਰਹਿੰਦਾ ਸੀ। ਮੇਰੇ ਲਈ ਉਹ ਇਕ ਖਿਡਾਰੀ ਹੀ ਨਹੀਂ ਜਗਦੇ ਜ਼ਿਹਨ ਵਾਲਾ ਵਿਅਕਤੀ ਵੀ ਸੀ ਜੋ ਮਸ਼ਹੂਰੀ ਦੀਆਂ ਸਿਖ਼ਰਾਂ ਛੋਹ ਕੇ ਵੀ ਸਮਾਜ ਵਿਚਲੇ ਕੋਹੜ ਦੀਆਂ ਜੜ੍ਹਾਂ ਨੂੰ ਕੱਟਣ ਲਈ ਸਮਾਜਵਾਦੀ ਪ੍ਰਬੰਧ ਨੂੰ ਵਿਕਲਪ ਵਜੋਂ ਵੇਖਦਾ ਸੀ। ਉਹ ਬਚਪਨ ਤੋਂ ਹੀ ਅਮਰੀਕਨ ਇੱਲਾਂ ਦੁਆਰਾ ਦੱਖਣੀ ਅਮਰੀਕਾ ਦੇ ਦੇਸ਼ਾਂ ਵਿੱਚ ਮਚਾਈ ਲੁੱਟ ਨੂੰ ਨੇੜਿਓ ਵੇਖ ਕੇ ਜਵਾਨ ਹੋਇਆ ਸੀ। ਇਸ ਕਰਕੇ ਹੀ ਇਨਕਲਾਬੀ ਆਈਕੋਨ ਚੀ- ਗੰਵੇਰਾ ਅਤੇ ਫੀਦੇਲ ਕਾਸਟਰੋ ਵਰਗੇ ਕਮਿਊਨਿਸਟ ਆਗੂ ਉਸਦੇ ਡੌਲਿਆਂ ਅਤੇ ਪਿੰਞਣੀਆਂ ਤੇ ਨਹੀਂ....ਦਿਲ ਵਿੱਚ ਵੀ ਉੱਕਰੇ ਹੋਏ ਸਨ। ਉਹ ਵਿਸ਼ਵ ਵਿੱਚ ਬਰਾਜ਼ੀਲੀ ਫੁੱਟਬਾਲ ਨਾਇਕ ਪੇਲੇ ਤੋਂ ਬਾਅਦ ਸਭ ਵੱਧ ਚਰਚਿਤ ਖਿਡਾਰੀ ਹੋ ਨਿਬੜਿਆ। ਅਰਜਨਟਾਈਨਾ ਦਾ ਹੀ ਨਹੀਂ ਉਹ ਪੂਰੀ ਦੁਨੀਆਂ ਦਾ ਲਾਡਲਾ ਪੁੱਤ ਸੀ। ਬਸਤੀਵਾਦ ਦੇ ਖਿਲਾਫ਼ ਉਸ ਨੇ



ਕਿਊਬਨ ਰਾਸ਼ਟਰਪਤੀ ਕਾਮਰੇਡ ਫੀਦੇਲ ਕਾਸਟਰੋ ਨਾਲ ਹੋਈਆਂ ਮਿਲਣੀਆਂ ਵਿੱਚ ਇਹ ਲਾਲਰੱਤਾ ਸੰਦੇਸ਼ ਤਸਦੀਕ ਵੀ ਕਰਿਆ ਸੀ। ਡਿਆਗੋ ਮੈਰਾਡੋਨਾ ਕਿਹਾ ਕਰਦਾ ਸੀ “Che Guevara, is my Argentine hero, whom I carried on my skin and more in My heart. He is rebel and I am one as well” ਅੱਜ ਸਿਰਫ਼ 60 ਸਾਲ ਦੀ ਉਮਰ ਵਿੱਚ ਦਿਲ ਦੇ ਦੌਰੇ ਨਾਲ ਹੋਈ ਡਿਆਗੋ ਮੈਰਾਡੋਨਾ ਦੀ ਮੌਤ ਨਾਲ ਫੁੱਟਬਾਲ ਦੇ ਇਤਿਹਾਸ ਦਾ ਇਕ ਮਾਣਮੱਤਾ ਅਧਿਆਇ ਸਮਾਪਤ ਹੋ ਗਿਆ ਹੈ। ਉਸ ਨੂੰ ਚਾਹੁਣ ਵਾਲੇ ਲੋਕ ਗਹਿਰੇ ਸਦਮੇ ਵਿੱਚ ਹਨ।

ਅਲਵਿਦਾ ਪਿਆਰੇ ਮੈਰਾਡੋਨਾ.......

**ਸਰਬਜੀਤ ਸੋਹੀ, ਆਸਟਰੇਲੀਆ**

# ਨੈਤਿਕਤਾ ਅਨੈਤਿਕਤਾ ਬਨਾਮ ਠੀਕ ਜਾਂ ਗਲਤ



ਹਰੀਪਾਲ
403-714-4816



ਇਹ ਬੜਾ ਗੁੰਝਲਦਾਰ ਵਿਸ਼ਾ ਹੈ। ਜਿਹੜੀਆਂ ਗੱਲਾਂ ਜਾਂ ਚੀਜ਼ਾਂ ਸਾਡੇ ਫਿੱਟ ਬੈਠਦੀਆਂ ਹਨ ਉਹਨਾਂ ਨੂੰ ਅਸੀਂ ਨੈਤਿਕ ਰੰਗ ਦੇ ਕੇ ਮੰਨ ਲੈਂਦੇ ਹਾਂ ਪਰ ਜਿਹੜੀਆਂ ਗੱਲਾਂ ਜਾਂ ਚੀਜ਼ਾਂ ਸਾਡੇ ਫਿੱਟ ਨਹੀਂ ਬੈਠਦੀਆਂ ਉਹਨਾਂ ਵਾਰੇ ਸਾਡਾ ਝੱਟ ਨਿਰਣਾ ਹੁੰਦਾ ਹੈ ਕਿ ਇਹ ਅਨੈਤਿਕ ਹਨ। ਇੱਕ ਉਦਾਹਰਣ ਹੈ ਕਿ ਜਦੋਂ ਆਪਾਂ ਕੰਮ ਲੱਭਦੇ ਹਾਂ ਤਾਂ ਅਸੀਂ ਇਹ ਨਹੀਂ ਦੇਖਦੇ ਕਿ ਇਹ ਕੰਪਨੀ ਕਿਸ ਦੇਸ਼ ਦੀ ਹੈ ਕਿਉਂਕਿ ਸਾਨੂੰ ਕੰਮ ਚਾਹੀਦਾ ਹੈ, ਮਜਦੂਰ ਨੂੰ ਤਾਂ ਮਜਦੂਰੀ ਚਾਹੀਦੀ ਹੈ ਚਾਹੇ ਖੇਤ ਕਿਸੇ ਜਗੀਰਦਾਰ ਦਾ ਹੋਵੇ ਚਾਹੇ ਕਿਸੇ ਥੁੜਾਂ ਮਾਰੇ ਕਿਸਾਨ ਦਾ। ਇਸੇ ਤਰ੍ਹਾਂ ਫੈਕਟਰੀ ਵਰਕਰ ਇਹ ਪੜਤਾਲ਼ ਨਹੀਂ ਕਰੇਗਾ ਕਿ ਇਸ ਫੈਕਟਰੀ ਦਾ ਮਾਲਕ ਕਿਸ ਦੇਸ਼ ਦਾ ਵਾਸੀ ਹੈ। ਦੂਜੀ ਜਿਹੜੀ ਕਿ ਸਭ ਤੋਂ ਇਮਪੌਰਟੈਂਟ ਗੱਲ ਇਹ ਹੈ ਕਿ ਕੋਈ ਵੀ ਬਿਜਨਿਸ ਹੁਣ ਕਿਸੇ ਇੱਕ ਦੇਸ਼ ਦੀ ਮਲਕੀਅਤ ਨਹੀਂ ਰਹੀ। ਫਰੀ ਟਰੇਡ ਜਿਸ ਤੇ ਕੰਨਜ਼ਰਵੇਟਿਵ ਲੋਕਾਂ ਨੇ ਬੜੀਆਂ ਕੱਛਾਂ ਵਜਾਈਆਂ ਸਨ ਨੇ ਇਹਨਾਂ ਸਰਮਾਏਦਾਰਾਂ ਨੂੰ ਮੁਲਕਾਂ ਦੀਆਂ ਬੰਧਨਾਂ ਤੋਂ ਅਜ਼ਾਦ ਕਰ ਦਿੱਤਾ ਹੈ। ਹੁਣ ਦੁਨੀਆਂ ਦੇ ਮਜ਼ਦੂਰ ਭਾਵੇਂ ਇੱਕ ਨਹੀਂ ਹੋਏ ਪਰ ਲੋਕਾਂ ਨੂੰ ਲੁੱਟਣ ਵਾਲ਼ੇ ਇਹ ਸਰਮਾਏਦਾਰ ਜਰੂਰ ਇਕੱਠੇ ਹੋ ਗਏ ਹਨ। ਲੱਗਭੱਗ ਸਾਰੀਆਂ ਕੰਪਨੀਆਂ ਦੇ ਹਿੱਸੇਦਾਰ ਸਾਰੇ ਮੁਲਕਾਂ ਵਿੱਚ ਬੈਠੇ ਹਨ। ਅੰਬਾਨੀਆਂ ਦੀਆਂ ਕੰਪਨੀਆਂ ਦੇ ਹਿੱਸੇਦਾਰ ਪਾਕਿਸਤਾਨ ਵਿੱਚ ਵੀ ਬੈਠੇ ਹਨ ਅਤੇ ਇੰਡੀਆਂ ਜਾਂ ਕੈਨੇਡਾ ਵਿੱਚ ਵੀ ਬੈਠੇ ਹਨ। ਮਜਦੂਰ ਨੇ ਕੰਮ ਤਾਂ ਕਰਨਾ ਹੀ ਹੈ, ਉਸਨੇ ਘਰ ਵੀ ਚਲਾਉਣਾ ਹੈ ਤੇ ਪਰਵਾਰ ਲਈ ਖਾਣਾ ਵੀ ਪੈਦਾ ਕਰਨਾ ਹੈ। ਕੰਮ ਕਰਨਾ ਜ਼ਰੂਰੀ ਵੀ ਅਤੇ ਮਜਬੂਰੀ ਵੀ ਹੈ ਗੱਲ ਕੀ ਕੰਮ ਕਰੇ ਬਿਨਾਂ ਸਰਦਾ ਨਹੀਂ। ਹੁਣ ਬਹੁਤ ਲੋਕ ਹਨ ਜੋ ਸ਼ਰਾਬ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਹਨ ਅਤੇ ਇਹ ਵੀ ਪਤਾ ਹੈ ਕਿ ਸ਼ਰਾਬ ਜ਼ਹਿਰ ਹੈ। ਸ਼ਰਾਬ ਬਹੁਤ ਸਾਰੇ ਕਤਲਾਂ, ਲੜਾਈਆਂ ਝਗੜਿਆਂ ਦਾ ਅਤੇ ਐਕਸੀਡੈਂਟਾਂ ਦਾ ਕਾਰਨ ਵੀ ਹੈ। ਇਹਨਾਂ ਐਕਸੀਡੈਂਟਾਂ ਦੇ ਕਾਰਨ ਕਿੰਨੀਆਂ ਹੀ ਕੀਮਤ ਜਾਨਾਂ ਗੁਆਈਆਂ ਜਾਂਦੀਆਂ ਹਨ, ਕਿੰਨੀਆਂ ਹੀ ਔਰਤਾਂ ਵਿਧਵਾ ਹੋ ਜਾਂਦੀਆਂ ਹਨ, ਕਿੰਨੇ ਹੀ ਬੱਚੇ ਯਤੀਮ ਹੋ ਜਾਂਦੇ ਹਨ ਅਤੇ ਕਿੰਨੇ ਹੀ ਲੋਕ ਲੂਲੇ ਲੰਗੜੇ ਹੋ ਜਾਂਦੇ ਹਨ । ਪਰ ਕੀ ਇਸ ਲਈ ਜੋ ਲੋਕ ਸ਼ਰਾਬ ਦੀਆਂ ਫੈਕਟਰੀਆਂ ਵਿੱਚ ਕੰਮ ਕਰਦੇ ਹਨ ਜਿੰਮੇਵਾਰ ਹਨ ? ਕੀ ਇਸੇਤਰਾਂ ਤੰਬਾਕੂ ਜਾਂ ਭੰਗ ਦੀ ਬਿਜਨਿਸ ਵਿੱਚ ਕੰਮ ਕਰਨ ਵਾਲ਼ੇ ਕਾਮੇ ਵੀ ਅਨੈਤਿਕ ਕੰਮ ਕਰ ਰਹੇ ਹਨ ਤਾਂ ਇਸ ਦਾ ਜਵਾਬ ਹੋਵੇਗਾ ਬਿੱਲਕੁਲ ਨਹੀਂ। ਅੱਜ ਕੱਲ ਸਭ ਤੋਂ ਵੱਧ ਰੌਲਾ ਤੇਲ ਦੇ ਪ੍ਰਦੂਸ਼ਣ ਵਾਰੇ ਪੈ ਰਿਹਾ ਹੈ ਤਾਂ ਕੀ ਆਇਲ ਸੈਂਡ ਵਿੱਚ ਕੰਮ ਕਰਨ ਵਾਲ਼ੇ ਕਾਮੇ ਇਸ ਲਈ ਜਿੰਮੇਵਾਰ ਹਨ ? ਫੇਰ ਜਵਾਬ ਹੈ ਨਹੀਂ। ਜਿੰਮੇਵਾਰ ਤਾਂ ਸਾਡੀਆਂ ਸਰਕਾਰਾਂ ਹਨ ਜਿਹੜੀਆਂ ਕਾਮਿਆਂ ਲਈ ਤੇਲ ਦੇ ਬਦਲ ਤੇ ਕੰਮ ਨਹੀਂ ਕਰ ਰਹੀਆਂ, ਜਿਹੜੀਆਂ ਕਿ ਕਾਰਪੋਰੇਸ਼ਨਾਂ ਦੇ ਰਹਿਮੋ ਕਰਮ ਤੇ ਰਾਜ ਕਰ ਰਹੀਆਂ ਹਨ। ਕੈਨੇਡਾ ਵਿੱਚ ਹਜਾਰਾਂ ਨਹੀਂ ਲੱਖਾਂ ਹੀ ਅਮਰੀਕਣ ਕੰਪਨੀਆਂ ਆਪਦੇ ਬਿਜਨਿਸ ਅਦਾਰੇ ਚਲਾ ਰਹੀਆਂ ਹਨ। ਕਾਰਗਿਲ ਫੂਡਜ਼ ਤੋਂ ਲੈ ਕੇ ਤੇਲ ਕੰਪਨੀਆਂ, ਸਰਵਿਸ ਇੰਡਸਟਰੀ ਵਾਲ਼ੀਆਂ ਕੰਪਨੀਆਂ, ਟਰਾਂਜਿਟ ਕੰਪਨੀਆਂ ਜੋ ਅਮਰੀਕਨ ਕੰਪਨੀਆਂ ਹਨ, ਕੀ ਇਹਨਾਂ ਕੰਪਨੀਆਂ ਵਿੱਚ ਕੰਮ ਕਰਨ ਵਾਲ਼ੇ ਲੱਖਾਂ ਹੀ ਕੈਨੇਡੀਅਨ ਕੋਈ ਅਨੈਤਿਕ ਕੰਮ ਕਰ ਰਹੇ ਹਨ ?

ਕੋਈ ਸਮਾਂ ਸੀ , ਜਦ ਫ਼ਿਲਮਾਂ ਬਣਨ ਲੱਗੀਆਂ ਤਾਂ ਜਿਹੜੀਆਂ ਕੁੜੀਆਂ ਜਾਂ ਔਰਤਾਂ ਨੇ ਫਿਲਮਾਂ ਵਿੱਚ ਕੰਮ ਕਰਨਾ ਸ਼ੁਰੂ ਕੀਤਾ ਤਦ ਉਹਨਾਂ ਵਿੱਚੋਂ ਬਹੁਤੀਆਂ ਦਾ ਸਬੰਧ ਕੋਠੇ ਨਾਲ਼ ਸੀ । ਪਰ ਸਮੇਂ ਦੇ ਬੀਤਣ ਨਾਲ਼ ਜਦ ਫਿਲਮ ਇੰਡਸਟਰੀ ਪੈਸੇ ਨਾਲ਼ ਮਾਲੋ ਮਾਲ ਹੋਣ ਲੱਗੀ ਤਦ ਅਖੌਤੀ ਸ਼ਰੀਫ ਘਰਾਂ ਦੀਆਂ ਕੁੜੀਆਂ ਵੀ ਫਿਲਮਾਂ ਵੱਲ ਭੱਜੀਆਂ ਆਈਆਂ । ਹੁਣ ਫਿਲਮਾਂ ਵਿੱਚ ਚਾਹੇ ਕਿਸਿੰਗ ਸੀਨ ਹੋਵੇ ਚਾਹੇ ਛੋਟੇ ਤੋਂ ਛੋਟਾ ਸਵਿੰਮ ਸੂਟ ਪਾਉਣਾ ਹੋਵੇ ਤਾਂ ਕੋਈ ਵੀ ਕੇਅਰ ਨਹੀਂ ਕਰਦਾ ਸਗੋਂ ਕਿਹਾ ਜਾਂਦਾ ਹੈ ਕਿ ਫਲਾਣੀ ਐਕਟਰੈਸ ਬੜੀ ਬੋਲਡ ਹੈ। ਅੱਜ ਪੋਰਨੋਗਰਾਫੀ ਉਲਟ ਵੀ ਬਹੁਤ ਕੁੱਝ ਲਿਖਿਆ ਜਾ ਰਿਹਾ ਹੈ ਪਰ ਜਦ ਬਲਿਊ ਫਿਲਮਾਂ ਦੀ ਐਕਟਰੈਸ ਸੰਨੀ ਲਿਓਨ ਕੇਰਲਾ ਦੇ ਹੜ ਪੀੜਤਾਂ ਦੀ ਸਹਾਇਤਾ ਲਈ ਪੰਜ ਕਰੋੜ ਦਾਨ ਕਰਦੀ ਹੈ ਅਤੇ ਲੋਕਾਂ ਦੀ ਮੱਦਦ ਲਈ ਆਪਦਾ ਜਹਾਜ ਭੇਜਦੀ ਹੈ ਤਾਂ ਸਭ ਤਰਾਂ ਦਾ ਮੀਡੀਆ ਉਸ ਦੀ ਬੱਲੇ ਬੱਲੇ ਕਰਦਾ ਹੈ ਤੇ ਵੱਡੇ ਵੱਡੇ ਸਰਮਾਏਦਾਰ ਜਾਂ ਸਮਾਜਿਕ ਧਾਰਮਿਕ ਠੇਕੇਦਾਰ ਮੂੰਹ ਚ ਉਂਗਲ਼ਾਂ ਪਾ ਕੇ ਬੈਠ ਜਾਂਦੇ ਹਨ। ਇਸਦਾ ਮਤਲਬ ਇਹ ਨਹੀਂ ਕਿ ਅਸੀਂ ਪੋਰਨੋਗਰਾਫੀ ਦੀ ਤਰਫਦਾਰੀ ਕਰਦੇ ਹਾਂ ਅਸੀਂ ਤਾਂ ਮਰਦ ਪਰਧਾਨ ਸਮਾਜ ਦਾ ਦੋਗਲ਼ਾ ਪਣ ਨੰਗਾ ਕਰਦੇ ਹਾਂ। ਪੱਛਮੀ ਮੁਲਕਾਂ ਵਿੱਚ ਔਰਤ ਮਰਦ ਵਿਆਹ ਤੋਂ ਪਹਿਲਾਂ ਜਿਸਤਰਾਂ ਦੇ ਮਰਜੀ ਸੰਬੰਧ ਬਣਾ ਸਕਦੇ ਹਨ, ਕਿਸੇ ਨੂੰ ਕੋਈ ਇਤਰਾਜ ਨਹੀ ਪਰ ਪੂਰਬੀ ਮੁਲਕਾਂ ਵਿੱਚ ਇਹ ਸਭ ਤੋਂ ਵੱਡਾ ਅਪਰਾਧ ਹੈ। ਪੱਛਮੀਂ ਮੁਲਕਾਂ ਵਿੱਚ ਅਣਵਿਆਹੇ ਜੋੜਿਆਂ ਵਿੱਚ ਸੈਕਸ ਦੀ ਖੁੱਲ ਕੋਈ ਗਲਤ ਗੱਲ ਨਹੀਂ ਲੱਗਦੀ। ਮੁੰਡਾ ਕੁੜੀ ਆਮ ਹੀ ਇਕੱਠੇ ਘੁੰਮਦੇ ਹਨ, ਫਿਲਮਾਂ ਦੇਖਦੇ ਹਨ, ਸੜਕਾਂ ਚੌਰਾਹਿਆਂ, ਬੱਸ ਅੱਡਿਆਂ ਵਗੈਰਾ ਤੇ ਇੱਕ ਦੂਜੇ ਨੂੰ ਹੱਗ ਜੱਫੀਜ਼ ਕਰਦੇ ਹਨ, ਕਿੱਸ ਕਰਦੇ ਹਨ, ਇਹ ਕੋਈ ਅਨਹੋਣੀ ਗੱਲ ਨਹੀਂ ਲੱਗਦੀ ਸਗੋਂ ਬਹੁਤ ਵਾਰੀ ਕੁੜੀ ਦਾ ਮਿੱਤਰ ਮੁੰਡਾ ਕੁੜੀ ਦੇ ਘਰੇ ਵੀ ਜਾਂਦਾ ਹੈ ਅਤੇ ਉਸਦਾ ਵੈਲਕਮ ਕੀਤਾ ਜਾਂਦਾ ਹੈ ਪਰ ਇਸਦੇ ਮੁਕਾਬਲੇ ਪੂਰਬੀ ਮੁਲਕਾਂ ਵਿੱਚ ਸੈਕਸ ਬਾਰੇ ਗੱਲ ਕਰਨੀ ਵੀ ਪਾਪ ਹੈ। ਬਹੁਤ ਸਾਰੇ ਮੱਧ-ਪੂਰਬੀ ਮੁਲਕਾਂ ਵਿੱਚ, ਸਮਾਜਿਕ ਲਕੀਰ ਟੱਪਣ ਤੇ ਔਰਤ ਨੂੰ ਪੱਥਰ ਮਾਰ ਮਾਰ ਕੇ ਮਾਰ ਦਿੱਤਾ ਜਾਂਦਾ ਹੈ ਪਰ ਮਰਦ ਨੂੰ ਬਲਤਾਕਾਰ ਤੋਂ ਬਾਦ ਵੀ ਮਾਫ਼ ਕੀਤਾ ਜਾਂਦਾ ਹੈ, ਹੈਰਾਨੀ ਦੀ ਗੱਲ ਇਹ ਹੈ ਕਿ ਉਸ ਔਰਤ ਦੇ ਪਹਿਲਾ ਪੱਥਰ ਉਸ ਦੇ ਘਰ ਦਿਆਂ ਤੋਂ ਹੀ ਮਰਵਾਇਆ ਜਾਂਦਾ ਹੈ। ਸਾਡੇ ਆਪਦੇ ਮੁਲਕਾਂ ਵਿੱਚ ਕਿਸੇ ਔਰਤ ਮਰਦ ਨੂੰ ਸ਼ਰੀਰਿਕ ਸੰਬੰਧ ਬਨਾਉਣ ਤੇ ਜਲੀਲ ਕੀਤਾ ਜਾਂਦਾ ਹੈ। ਬਹੁਤ ਵਾਰੀ ਵੀਡੀਓਜ ਬਣਾ ਕੇ ਸੋਸ਼ਲ ਮੀਡੀਏ ਤੇ ਪਾਈਆਂ ਜਾਂਦੀਆਂ ਹਨ। ਕਿਸੇ ਦੇ ਨਿੱਜੀ ਮਾਮਲੇ ਵਿੱਚ ਨੱਕ ਘੁਸੇੜਨ ਦੀ ਗੰਦੀ ਆਦਤ ਜਿੰਨੀ ਪੂਰਬੀ ਮੁਲਕਾਂ ਵਿੱਚ ਹੈ ਇਸਦੇ ਮੁਕਾਬਲੇ ਪੱਛਮੀ ਮੁਲਕਾਂ ਵਿੱਚ ਬਿਲਕੁਲ ਨਹੀਂ। ਅਸੀਂ ਕਰੈਕਟਰ ਦੀ ਭਾਸ਼ਾ ਕੁੱਝ ਜਿਆਦਾ ਹੀ ਰੰਗੀਨ ਕਰ ਦਿੱਤੀ ਹੈ।

ਬਹੁਤ ਸਾਰੇ ਪੂਰਬੀ ਮੁਲਕਾਂ ਵਿੱਚ ਜੀਵ ਹੱਤਿਆ ਪਾਪ ਹੈ ਜਾਂ ਕਿਸੇ ਖਾਸ ਜੀਵ ਦੀ ਹੱਤਿਆ ਪਾਪ ਹੈ। ਜਿਸ ਤਰ੍ਹਾਂ ਹਿੰਦੂਆਂ ਲਈ ਗਊ ਦੀ ਆਣ ਹੈ ਇਸੇ ਤਰ੍ਹਾਂ ਮੁਸਲਮਾਨ ਸੂਰ ਦਾ ਮੀਟ ਨਹੀਂ ਖਾਦੇ ਪਰ ਗਾਂ ਦਾ ਮੀਟ ਖਾਂਦੇ ਹਨ ਪਰ ਹਿੰਦੂ ਕੁੱਝ ਹੋਰ ਐਥਨਿਕ ਗਰੁੱਪ ਗਾਂ ਦਾ ਮੀਟ ਨਹੀਂ ਖਾਦੇ ਪਰ ਬੱਕਰਾ, ਸੂਰ, ਮੁਰਗੇ ਦਾ ਮੀਟ ਖਾਂਦੇ ਹਨ। ਸੋ ਕਿਸੇ ਲਈ ਗਾਂ ਦਾ ਮੀਟ ਖਾਣਾ ਅਨੈਤਿਕਤਾ ਹੈ ਅਤੇ ਕਿਸੇ ਲਈ ਸੂਰ ਦਾ ਮੀਟ ਖਾਣਾ ਅਨੈਤਿਕਤਾ ਹੈ ਜਦ ਕਿ ਜੀਵ ਹੱਤਿਆ ਤਾਂ ਜੀਵ ਹੱਤਿਆ ਹੀ ਹੈ। ਇਸੇ ਤਰ੍ਹਾਂ ਜੋ ਲੋਕ ਸ਼ਾਕਾਹਾਰੀ ਹਨ। ਉਹਨਾਂ ਲਈ ਕਿਸੇ ਵੀ ਤਰ੍ਹਾਂ ਦਾ ਮੀਟ ਖਾਣਾ ਅਨੈਤਿਕਤਾ ਹੈ। ਬਹੁਤ ਸਾਰੇ ਸਰਹੱਦੀ ਪਿੰਡਾਂ ਵਿੱਚ ਸਮਗਲਿੰਗ ਆਮ ਹੁੰਦੀ ਹੈ, ਉਥੇ ਚੰਗੇ ਚੰਗੇ ਘਰਾਂ ਵਾਲ਼ੇ ਵੀ ਸਮਗਲੰਗ ਕਰਦੇ ਹਨ। ਦਰਿਆਵਾਂ ਦੇ ਕੰਿਡਆਂ ਤੇ ਰਹਿਣ ਵਾਲ਼ੇ ਲੋਕ ਆਮ ਹੀ ਘਰ ਦੀ ਸ਼ਰਾਬ ਵੇਚਣ ਦਾ ਧੰਦਾ ਕਰਦੇ ਹਨ, ਅਸੀ ਕਿਸਨੂੰ ਠੀਕ ਕਹਾਂਗੇ ਅਤੇ ਕਿਸ ਨੂੰ ਗਲਤ ਕਹਾਂਗੇ। ਬਸਤਰ ਜਾਂ ਝਾਰਖੰਡ ਦੇ ਆਦੀਵਾਸੀ ਵੀ ਘਰ ਦੀ ਸ਼ਰਾਬ ਜਾਂ ਮਹੂਆ ਵਗੈਰਾ ਵੇਚ ਕੇ ਗੁਜ਼ਾਰਾ ਕਰਦੇ ਹਨ। ਜੇ ਸ਼ਰਾਬ ਚੀਜ ਹੀ ਮਾੜੀ ਹੈ ਫਿਰ ਘਰ ਦੀ ਹੋਵੇ ਜਾਂ ਠੇਕੇ ਦੀ ਮਾੜੀ ਮਾੜੀ ਹੈ ਪਰ ਨਹੀਂ ਜੇਕਰ ਸਰਕਾਰ ਨੂੰ ਇਸ ਤੋਂ ਆਮਦਨ ਹੁੰਦੀ ਹੈ ਫਿਰ ਕੁੱਝ ਵੀ ਗਲਤ ਨਹੀਂ। ਕਿਸੇ ਰਾਜ ਵਿੱਚ ਅਫੀਮ ਸ਼ਰੇਆਮ ਸਰਕਾਰ ਵੇਚਦੀ ਹੈ ਤੇ ਪੈਸਾ ਕਮਾ ਰਹੀ ਹੈ ਪਰ ਨਾਲ਼ ਦੇ ਰਾਜ ਵਿੱਚ ਅਫੀਮ ਵੇਚਣਾ ਮਹਾਂ ਪਾਪ ਦੇਖਦੇ ਹਨ, ਹਾਲਾਂ ਕਿ ਮਨੁੱਖਤਾ ਦੇ ਜਿੰਨੇ ਕਤਲ ਧਰਮ ਦੇ ਨਾਂ ਤੇ ਹੋਏ ਹਨ ਓਨੇ ਲੋਕ ਦੋਹਾਂ ਵੱਡੀਆਂ ਸੰਸਾਰਿਕ ਜੰਗਾਂ ਵਿੱਚ ਵੀ ਨਹੀਂ ਮਰੇ। ਕਈ ਐਨੇ ਵੀ ਧਰਮੀ ਹਨ ਕਿ ਜੇਹੜੇ ਬੰਦਾ ਮਾਰਿਆ ਪਾਪ ਨਹੀਂ ਸਮਝਦੇ ਪਰ ਜਾਨਵਰ ਦਾ ਮਾਰਨਾ ਬਹੁਤ ਵੱਡਾ ਪਾਪ ਗਿਣਦੇ ਹਨ।

ਕਿਸੇ ਦਾ ਹੱਕ ਮਾਰਨਾ, ਕਿਸੇ ਦੀ ਮਜਦੂਰੀ ਮਾਰਨੀ ਬਹੁਤ ਵੱਡਾ ਕਰਾਈਮ ਹੈ, ਪਰ ਬਿਜਨਿਸ ਦੇ ਨਾਂ ਤੇ ਸਭਕੁੱਝ ਹੋ ਰਿਹਾ ਹੈ। ਸਾਡੇ ਇੱਥੇ ਕਿੰਨੇ ਹੀ ਵਪਾਰਿਕ ਅਦਾਰੇ ਹਨ ਜਿਹਨਾਂ ਨੇ ਵਰਕ-ਪਰਮਿਟ ਵਾਲ਼ੇ ਲੋਕਾਂ ਦਾ ਜਾਂ ਬਦੇਸ਼ੀ ਸਟੂਡੈਂਟਾਂ ਦਾ ਬਹੁਤ ਸੋਸ਼ਣ ਕੀਤਾ ਹੈ ਅਤੇ ਕਰ ਰਹੇ ਹਨ, ਪਰ ਫੇਰ ਵੀ ਆਪਦੇ ਆਪ ਨੂੰ ਜਸਟੀਫਾਈ ਕਰ ਰਹੇ ਹਨ। ਵਪਾਰ ਵਿੱਚ ਘਾਟੇ ਦਰਸਾਂਉਦੇ ਹਨ ਤੇ ਕੁੱਝ ਵਰਿਆਂ ਬਾਦ ਨਵਾਂ ਬਿਜਨਿਸ ਖੋਲ ਲੈਂਦੇ ਹਨ। ਵੱਡੀਆਂ ਵੱਡੀਆਂ ਕਾਰਪੋਰੇਸ਼ਨਾਂ ਲੋਕਾਂ ਦੀ ਲੁੱਟ ਕਰਨ ਲੱਗੀਆਂ ਭੋਰਾ ਵੀ ਕਿਰਕ ਨਹੀਂ ਕਰਦੀਆਂ। ਇਸ ਲੁੱਟ ਦੇ ਵਿਰੋਧ ਨੇ ਜਦੋਂ ਆਪਦਾ ਰੰਗ ਦਿਖਾਇਆ ਉਦੋਂ ਭੱਜਦਿਆਂ ਨੂੰ ਰਾਹ ਕਿਸੇ ਨੂੰ ਵੀ ਨਹੀਂ ਲੱਭਣਾ। ਜਿਸ ਧਰਤੀ ਤੇ ਤੀਹ ਚਾਲ਼ੀ ਹਜ਼ਾਰ ਬੰਦਾ ਭੁੱਖ ਨਾਲ਼ ਹਰ ਰੋਜ਼ ਮਰਦਾ ਹੋਵੇ ਉਸੇ ਧਰਤੀ ਤੇ ਰੱਬ ਦੇ ਘਰਾਂ ਦਾ ਕੋਈ ਅੰਤ ਨਹੀ ਤੇ ਉਹੀ ਰੱਬ ਕਿਸੇ ਗਰੀਬ ਦੀ ਮੱਦਦ ਲਈ ਬਹੁੜਦਾ ਵੀ ਨਹੀਂ। ਜੇਕਰ ਸਹੀ ਮਾਅਨਿਆਂ ਵਿੱਚ ਦੇਖਿਆ ਜਾਵੇ ਤਾਂ ਇਹ ਲੀਡਰ ਕਿਹੜੇ ਰੱਬ ਨੂੰ ਮੰਨਦੇ ਹਨ ਜੋ ਲਾਸ਼ਾਂ ਤੇ ਪੈਰ ਰੱਖ ਕੇ ਰਾਜਸੱਤਾ ਦੀਆਂ ਪੌੜੀਆਂ ਚੜਦੇ ਹਨ। ਇਹ ਧਰਤੀ ਸਾਡੀ ਮਾਂ ਹੈ, ਪਰ ਇਹ ਪੈਸੇ ਦੇ ਭੁੱਖੇ ਸਰਮਾਏਦਾਰ ਇਸੇ ਧਰਤੀ ਵਿੱਚ ਫੈਕਟਰੀਆਂ ਦਾ ਗੰਦ ਰਲ਼ਾ ਰਹੇ ਹਨ। ਧਰਤੀ ਵਿੱਚ ਵੱਡੇ ਵੱਡੇ ਬੋਰ ਕਰਕੇ ਬਰੂਦ ਭਰ ਕੇ ਤੇਲ ਅਤੇ ਗੈਸ ਕੱਢਣ ਲਈ ਧਮਾਕੇ ਫਰੈਕਿੰਗ ਜ਼ ਕੀਤੇ ਜਾਂਦੇ ਹਨ, ਇਹ ਸਭ ਕੁੱਝ ਤਰੱਕੀ ਜਾ ਵਿਕਾਸ ਦੇ ਨਾਂ ਤੇ ਹੋ ਰਿਹਾ ਹੈ। ਪਾਣੀ ਵਿੱਚ ਹਰਤਰਾਂ ਦੇ ਕੈਮੀਕਲ ਜਾ ਪਲਾਸਟਿੱਕ, ਰਾਅ ਸੀਵਰੇਜ ਡੰਪ ਕੀਤਾ ਜਾ ਰਿਹਾ ਹੈ, ਕੀ ਇਹ ਨੈਤਿਕ ਹੈ ? ਅਸਮਾਨ ਵਿੱਚ ਸਪੇਸਸ਼ਿਪਾਂ ਦਾ ਜੰਕ ਗੇੜੇ ਕੱਢ ਰਿਹਾ ਹੈ। ਮਨੁੱਖ ਨੇ ਸਿਰਫ ਸ਼ੌਰਟ ਟਰਮ ਨਫਾ ਹੀ ਸੋਚਿਆ ਹੈ ਪਰ ਔਣ ਵਾਲ਼ੀ ਨਸਲ ਵਾਰੇ ਕੁੱਝ ਨਹੀਂ ਸੋਚਿਆ। ਜੇਕਰ ਕੁਦਰਤ ਨੇ ਮਨੁੱਖ ਨੂੰ ਦਿਮਾਗ ਦਿੱਤਾ ਹੈ, ਠੀਕ ਗਲਤ ਦੀ ਪਹਿਚਾਣ ਦਿੱਤੀ ਹੈ ਤਾਂ ਕੀ ਮਨੁੱਖ, ਇਸ ਧਰਤੀ ਦੀ ਅਤੇ ਸਾਰੀ ਜਿੰਦਗੀ ਦੀ ਬਨਸਪਤੀ ਹੋਂਦ ਬਾਰੇ ਨਹੀ ਸੋਚੇਗਾ ?

ਕੁਦਰਤ ਦੇ ਵਿੱਚ ਨਾਂ ਕੁੱਝ ਅਨੈਤਿਕ ਅਤੇ ਨਾਂ ਹੀ ਨੈਤਿਕ ਹੈ । ਕੁਦਰਤ ਆਪਦੇ ਅਟੱਲ ਨਿਯਮ ਤੇ ਚੱਲ ਰਹੀ ਹੈ । ਠੀਕ ਜਾਂ ਗਲਤ ਦੀ ਚੋਣ ਮਨੁੱਖ ਦੀ ਸਮਝ ਵਿੱਚੋਂ ਪੈਦਾ ਹੋਈ ਹੈ, ਇਸੇ ਦੀ ਵਜਾਹ ਕਰਕੇ ਤੇ ਸਮਾਜ ਚੱਲਦਾ ਹੈ। ਜੋ ਅਨੈਤਿਕ ਹੈ, ਉਹ ਸਮਾਜ ਨੂੰ ਮੁਸੀਬਤ ਵਿੱਚ ਪਾਂਉਦਾ ਹੈ। ਚੀਜਾਂ ਦੀ ਜਖ਼ੀਰਾਬਾਜੀ ਕਰਨੀ ਤਾਂ ਇੱਕ ਪਾਸੇ ਰਹੀ ਹੁਣ ਤਾਂ ਦੌਲਤ ਦੀ ਵੀ ਜਖੀਰਾਬਾਜ਼ੀ ਹੋ ਰਹੀ ਹੈ। ਇੱਕ ਪਰਸੈਂਟ ਤੋਂ ਵੀ ਘੱਟ ਲੋਕ ਦੁਨੀਆਂ ਦੀ ਅੱਧੀ ਦੌਲਤ ਤੇ ਸੱਪ ਬਣੇ ਬੈਠੇ ਹਨ, ਇਹੀ ਲੋਕ ਜੁਮੇਵਾਰ ਹਨ ਜਦ ਇਹਨਾਂ ਦੇ ਕਰਕੇ ਲੱਗਭੱਗ ਚਾਲ਼ੀ ਹਜ਼ਾਰ ਲੋਕ ਭੁੱਖ ਨਾਲ਼ ਮਰ ਰਹੇ ਹਨ ਕੀ ਇਹ ਅਨੈਤਿਕ ਨਹੀਂ। ਫਿਰ ਇਹੀ ਲੋਕ ਧਾਰਮਿਕ ਅਸਥਾਨਾਂ ਤੇ ਸੋਨਾ ਚਾੜ ਕੇ ਦਾਨੀ ਸੱਜਣ ਬਣ ਜਾਦੇ ਹਨ। ਲੋਕਾਂ ਦੇ ਖੂਪਸੀਨੇ ਨੂੰ ਲੁੱਟਣ ਵਾਲ਼ੇ ਕਦੇ ਵੀ ਨੈਤਿਕ ਨਹੀਂ ਹੋ ਸਕਦੇ। ਕਿਸੇ ਦੀ ਗਰੀਬੀ ਦਾ ਮਜ਼ਬੂਰੀ ਦਾ ਫਾਇਦਾ ਉਠਾਉਣ ਵਾਲ਼ੇ ਕਦੇ ਵੀ ਨੈਤਿਕ ਨਹੀਂ ਹੋ ਸਕਦੇ। ਲੁੱਟ, ਖੋਹ, ਹੇਰਾਫੇਰੀ, ਝੂਠ ਤੂਫਾਨ, ਦਗੇ ਬਾਜ਼ੀ, ਕਿਸੇ ਦੀ ਪਿੱਠ ਤਕਾਉਣੀ, ਵਿੱਭਚਾਰ, ਬਲਾਤਕਾਰ, ਬੇਈਮਾਨੀ ਸਭ ਅਨੈਤਿਕ ਹਨ। ਇਹ ਬਹੁਤੀਆ ਅਲਾਮਤਾ ਸਰਮਾਏਦਾਰੀ ਦੀ ਦੇਣ ਹਨ। ਇਹਨਾਂ ਤੋਂ ਛੁਟਕਾਰਾ ਸਿਰਫ ਤੇ ਸਿਰਫ ਉਹੀ ਸਮਾਜ ਦੇ ਸਕਦਾ ਹੈ ਜਿੱਥੇ ਸਭ ਤਰਾਂ ਦੇ ਆਰਥਿਕ ਸੋਮਿਆਂ ਤੇ ਲੋਕਾਂ ਦੀ ਮਲਕੀਅਤ ਹੋਵੇ।

A CHOICE DRIVING SCHOOL

- Class 5
- basic Driving Courses
- Certification Courses
- Advance Training Course
- Brush Up
- DDC Course

PICK UP & DROP OFF AVAILABLE



Off. 587-352-0610 Cell 403-473-1682

# ਸੰਘਰਸ਼ੀ ਸ਼ਖਸੀਅਤਾਂ ਦੇ ਘਰਾਂ ਵਿਚ ਪੁਲੀਸ ਫੇਰੀਆਂ ਵਿਰੁੱਧ ਬਠਿੰਡਾ ਵਿਖੇ ਸਮਾਗਮ ਤੇ ਰੋਹ ਭਰਪੂਰ ਮੁਜ਼ਾਹਰਾ

**ਬਲਜਿੰਦਰ ਸਿੰਘ**







29 ਨਵੰਬਰ ਨੂੰ ਜਮਹੂਰੀ ਅਧਿਕਾਰ ਸਭਾ ਇਕਾਈ ਬਠਿੰਡਾ ਦੇ ਸੱਦੇ ਤੇ ਜਨਤਕ ਜਮਹੂਰੀ ਜਥੇਬੰਦੀਆਂ ਵੱਲੋਂ ਸੰਘਰਸ਼ਸ਼ੀਲ ਸ਼ਖਸੀਅਤਾਂ ਦੇ ਘਰ ਜਬਰੀ ਪਾਈਆਂ ਪੁਲਸ ਫੇਰੀਆਂ ਵਿਰੁੱਧ ਬਠਿੰਡਾ ਸ਼ਹਿਰ ਚ ਭਰਵਾਂ ਰੋਸ ਪ੍ਰਦਰਸ਼ਨ ਕੀਤਾ ਗਿਆ। ਕਿਸਾਨੀ ਘੋਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਅਤੇ ਰੋਸ ਮੁਜ਼ਾਹਰਾ ਸ਼ੁਰੂ ਹੋਣ ਤੋਂ ਪਹਿਲਾਂ ਟੀਚਰਜ ਹੋਮ ਵਿਖੇ ਇੱਕ ਭਰਵਾਂ ਇਕੱਠ ਹੋਇਆ, ਜਿਸ ਵਿੱਚ ਫਰੀਦਕੋਟ , ਰਾਮਪੁਰਾ ,ਬਰਨਾਲਾ, ਤੇ ਸੰਗਰੂਰ ਇਕਾਈਆਂ ਦੇ ਮੈਂਬਰ ਵੀ ਸ਼ਾਮਲ ਹੋਏ। ਸਭਾ ਦੇ ਜਿਲ੍ਹਾ ਕਾਰਜਕਾਰਨੀ ਮੈਂਬਰ ਐਡਵੋਕੇਟ ਸੁਦੀਪ ਸਿੰਘ ਨੇ ਦੱਸਿਆ ਕਿ ਜਮਹੂਰੀ ਅਧਿਕਾਰ ਸਭਾ ਅਤੇ ਲੋਕ ਮੋਰਚਾ ਦੇ ਆਗੂਆਂ ਦੇ ਘਰੀਂ ਪੁਲਸ ਦੇ ਮੁਲਾਜਮ ਜਬਰੀ ਗਏ ਅਤੇ ਇਹਨਾਂ ਤੋਂ ਮੁਜਰਮਾਂ ਵਾਂਗ ਨਿੱਜੀ, ਪਰਿਵਾਰਕ ਜਾਣਕਾਰੀ ਹਾਸਲ ਕੀਤੀ, ਘਰਾਂ ਦੇ ਨਕਸ਼ੇ ਬਣਾਏ। ਜਦ ਕਿ ਇਹਨਾਂ. ਆਗੂਆਂ ਖਿਲਾਫ ਕੋਈ ਵੀ ਕਾਰਵਾਈ ਪੁਲਸ ਰਿਕਾਰਡ ਵਿਚ ਪੈਂਡਿੰਗ ਨਹੀਂ ਹੈ। ਐਸਐਸਪੀ ਬਠਿੰਡਾ ਨੇ ਪੁਲਸ ਵਲੋਂ ਕੀਤੀ ਅਜਿਹੀ ਕਿਸੇ ਵੀ ਕਾਰਵਾਈ ਤੋਂ ਇਨਕਾਰ ਕੀਤਾ ਹੈ। ਜਿਸ ਤੋਂ ਸਾਫ ਜਾਹਰ ਹੋਇਆ ਕਿ ਇਹ ਸਾਰੀ ਕਾਰਵਾਈ ਗੈਰਕਾਨੂੰਨੀ ਸੀ। ਇਸ ਸਮਾਗਮ ਤੇ ਰੋਸ ਪ੍ਰਦਰਸ਼ਨ ਵਿੱਚ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ ਜਮਹੂਰੀ ਅਧਿਕਾਰ ਸਭਾ ਦੇ ਸੂਬਾ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਨੇ ਕਿਹਾ ਕਿ ਦਰਅਸਲ ਲੋਕ ਜਥੇਬੰਦੀਆ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਡਟਵਾਂ ਵਿਰੋਧ ਕਰਦੀਆਂ ਹਨ ਤੇ ਹੁਣ ਮੇਹਨਤਕਸ਼ ਲੋਕਾਂ ਦੇ ਹਿਤਾਂ 'ਤੇ ਹਮਲਾ ਕਰਨ ਲਈ ਕਾਲੇ ਕਾਨੂੰਨ ਪਾਸ ਕੀਤੇ ਜਾ ਰਹੇ ਹਨ। ਲੋਕਾਂ ਦੀ ਜ਼ੁਬਾਨਬੰਦੀ ਕੀਤੀ ਜਾ ਰਹੀ ਹੈ। ਪੁਲਸ ਦਬਸ਼ਾਂ ਦਾ ਨਿਸ਼ਾਨਾ ਬਣਾਏ ਇਹ ਆਗੂ ਲੋਕ ਜਥੇਬੰਦੀਆਂ 'ਚ ਮੋਹਰੀ ਰੋਲ ਨਿਭਾਉਂਦੇ ਆ ਰਹੇ ਹਨ ਅਤੇ ਉਹਨਾਂ ਨੇ ਮੌਜੂਦਾ ਕਿਸਾਨ ਅੰਦੋਲਨ ਦੀ ਹਮਾਇਤ ਵੀ ਕੀਤੀ ਹੈ। ਜਮਹੂਰੀਅਤ ਦਾ ਹਰ ਨਕਾਬ ਉਤਾਰ ਕੇ ਨੰਗਾ ਚਿੱਟਾ ਪੁਲਸੀਆਂ ਰਾਜ ਸਿਰਜਿਆ ਜਾ ਰਿਹਾ ਹੈ,ਜਿਸ ਦਾ ਵਿਰੋਧ ਕਰਨ ਵਾਲੇ ਲੇਖਕਾਂ, ਕਲਾਕਾਰਾਂ, ਬੁੱਧੀਜੀਵੀਆਂ, ਸੰਘਰਸਸ਼ੀਲ ਲੋਕਾਂ ਤੇ ਝੂਠੇ ਕੇਸਾਂ ਪਾ ਕੇ ਜੇਲ੍ਹਾਂ ਅੰਦਰ ਡੱਕਿਆ ਜਾ ਰਿਹਾ ਹੈ। ਪੁਲਸ ਵਲੋਂ ਇਹਨਾਂ ਆਗੂਆਂ ਦੇ ਘਰਾਂ ਵਿਚ ਪਾਈਆਂ ਦਬਸ਼ਾਂ ਨਾ ਸਿਰਫ ਗੈਰ-ਜਮਹੂਰੀ ਹਨ ਸਗੋਂ ਇਹ ਗੈਰ-ਕਾਨੂੰਨੀ ਵੀ ਹਨ। ਕਾਨੂੰਨ ਅਨੁਸਾਰ ਪੁਲਸ ਕਿਸੇ ਵੀ ਵਿਅਕਤੀ ਨੂੰ ਨਿਯਮਾਂ ਅਨੁਸਾਰ ਪੁੱਛ-ਪੜਤਾਲ ਵਾਸਤੇ ਲਿਖਤੀ ਸੰਮਨ/ਰੁੱਕਾ ਜਾਂ ਨੋਟਿਸ ਭੇਜ ਕੇ ਪੜਤਾਲ 'ਚ ਸ਼ਾਮਲ ਕਰ ਸਕਦੀ ਹੈ। ਪਰ ਪੁਲਸ, ਬੇਦਾਗ ਇਹਨਾਂ ਸੀਨੀਅਰ ਨਾਗਰਿਕਾਂ ਦੇ ਘਰਾਂ ਵਿਚ ਗੈਰਕਾਨੂੰਨੀ ਤਰੀਕੇ ਨਾਲ ਧਾੜਵੀਆਂ ਦੀ ਤਰ੍ਹਾਂ ਫੇਰੀਆਂ ਪਾ ਰਹੀ ਹੈ। ਅਸਲ ਚ ਸਰਕਾਰ ਆਪਣੇ ਵਿਰੋਧੀਆਂ ਨੂੰ ਝੂਠੇ ਕੇਸਾਂ ਵਿਚ ਉਲਝਾਉਣ ਲਈ ਜਮੀਨ ਤਿਆਰ ਕਰ ਰਹੀ ਹੈ। ਇਸ ਭਰਵੇਂ ਇਕੱਠ ਨੂੰ ਵੱਖ ਵੱਖ ਜਨਤਕ ਜਥੇਬੰਦੀਆਂ ਦੇ ਆਗੂਆਂ ਨੇ ਵੀ ਸੰਬੋਧਨ ਕੀਤਾ ਜਿਨ੍ਹਾਂ ਵਿੱਚ ਸਭਾ ਦੀ ਬਰਨਾਲਾ ਇਕਾਈ ਦੇ ਸੋਹਣ ਸਿੰਘ ਮਾਝੀ, ਸਭਾ ਦੀ ਸੰਗਰੂਰ ਇਕਾਈ ਦੇ ਨਾਮਦੇਵ ਸਿੰਘ ਭੁਟਾਲ, ਸਭਾ ਦੀ ਫਰੀਦਕੋਟ ਇਕਾਈ ਸ਼ਾਮਲ ਸੀ।




BAINS VISION CENTRE
New Patients & Walk-Ins Welcome
McKnight Village 5218 Falsbridge Dr. NE Calgary AB T3J 3G1
Dr. Jaswinder S. Bains
Jaswinder S Bains, Ph.D., OD.
Appointments also available on Saturdays & Evenings
ਸ਼ਨਿੱਚਰਵਾਰ ਅਤੇ ਸ਼ਾਮ ਦੀਆਂ ਅਪਾਇੰਟਮੈਂਟਸ ਵੀ ਮਿਲ ਸਕਦੀਆਂ ਹਨ।
Services Available in Punjabi, Hindi, Urdu & English
403-274-4514
deerfootvision@yahoo.ca
ਅਸੀਂ ਪੰਜਾਬੀ, ਹਿੰਦੀ, ਉਰਦੂ ਅਤੇ ਅੰਗਰੇਜ਼ੀ ਵਿੱਚ ਵੀ ਗੱਲਬਾਤ ਕਰਦੇ ਹਾਂ।

Baljinder Singh
Graphic Designer
All types of Newspaper Advts. Newspaper Planning, Designing of Catalogues, Brochures etc.
ਇੰਟਰਨੈਸ਼ਨਲ ਮਿਆਰ ਦੇ ਪੱਧਰ 'ਤੇ ਪੰਜਾਬੀ ਭਾਸ਼ਾ, ਸਾਹਿਤ, ਸਭਿਆਚਾਰ ਦੇ ਮੈਗਜ਼ੀਨਾਂ, ਕਿਤਾਬਾਂ ਅਤੇ ਅਖ਼ਬਾਰਾਂ ਨੂੰ ਆਧੁਨਿਕ ਤਕਨੀਕ ਨਾਲ ਤਿਆਰ ਕਰਵਾਉਣ ਲਈ ਸੰਪਰਕ ਕਰੋ
+91-92167-29598
E-mail : akashdeep.1064@gmail.com | baljinderpta1@gmail.com

Calgary Best Buy
Furniture & Mattress
Sales Rep.
Home Store
308 - 4774 Westwinds Dr. N.E.
Calgary AB T3J 0L9
Ph. : (403) 250-6661 Ext 1
westwinds@calgarybestbuyfurnitures.com
Unit#D200 9737 Mcleod Tr SW
Calgary AB T2J 0P6
Ph. : (403) 250-6661 Ext3
sales@calgarybestbuyfurnitures.com
www.calgarybestbuyfurnitures.com

Call Romi Sidhu For Insurance & Financial Needs
StateFarm IS NOW Desjardins Insurance
Monday - Friday 9am to 5:30pm
Weekends: All Other Times
Only Appointments
4851 Westwinds Drive NE,
Suite 217, Calgary, AB T3J 4L4
Bus: 403-568-4330
Email: romi.sidhu@desjardins.com
* HOME * AUTO * LIFE
* DISABILTY * RRSV * RESP
* VEHICLE FINANCE * CRITICAL ILLNESS * MUTUAL FUNDS
Romi Sidhu, Agent
P02720CN

IQBAL SIDHU INSURANCE ADVISOR
FINANCIAL SERVICES
• Life Insurance; - Term Life - Universal Life
• Critical Illness Insurance • Segregated Funds
• RRSP
ਲਾਈਫ ਇੰਸ਼ੋਰੈਂਸ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Tel: (403) 615-0957
Email: isidhu@sidhuaccounting.ca

SIDHU ACCOUNTING & TAX SERVICES
ACCOUNTING SERVICES
• Personal Tax Returns • Corporate Tax Returns
• Computerized Book Keeping
• Payroll • T4's • Record of Employment
ਅਕਾਊਂਟਿੰਗ ਦੀਆਂ ਜ਼ਰੂਰਤਾਂ ਲਈ ਇਕਬਾਲ ਸਿੱਧੂ ਨਾਲ ਸੰਪਰਕ ਕਰੋ।
Iqbal Sidhu
Tel: (403) 568-2667 Fax: (403) 568-2676
Email:info@sidhuaccounting.ca
Unit 202, 4656 Westwinds Dr. NE Calgary, AB. T3J 3Z5 (Near Sikh Virsa Office)

WAVE HOMES

SHOWHOMES

Inspired by Design



NEW SHOWHOMES

4, 8, 12, 16 MIDTOWN CLOSE

WAVE HOMES 403.764.0222

MIDTOWN

LOOKING TO MOVE UP IN NW CALGARY?

▶ NEW Hamptons Spec Homes for Sale!

25 + 76 Hampstead Mews NW

www.wavehomes.ca



ENVIRO CANADA CONTRACTING



We provide services as below:

- Sprayfoam Insulation for Residential and Commercial Projects.
- Thermal Barrier/Spray for Residential and Commercial Projects.
- Fiberglass and Cellulose Blow-in Insulation for Attic
- Eavestrough and Downpipe installation.
- Batt insulation for Residential and Commercial Projects.
- Steel Stud Framing.

Any Inquiry

Sukhdeep Gill +1 (403) 975-1003

Office - 403-764-0111 | Email- info@envirocc.ca



# Gill Plumbing & Heating

A Complete Services for Your Residential and Commerce Plumbing & Heating Needs :





**Call Parminder Gill 403-714-1544**

**WE Provide**

**Services Including :**

- Hot Water Tank Replacement
- BBQ (Gas) Hook-Up
- Leaking Taps Repair/Replacement
- Washer/Dryer Relocation
- Yub Replacement
- City Approved New House Plumbing
- Gas Fitting
- Plumbing Repairs
- Dishwasher/Garburator
- Tollet Troubles
- Drain Cleaning
- We Do Commercial Bay Full Service



ਹੀਟਿੰਗ ਦਾ ਸਪੈਸ਼ਲਿਸਟ ਅਤੇਫਰਨੇਸ ਰਿਪਲੇਸਮੈਂਟ

**24 Hours Service**

**ਪਰਮਿੰਦਰ ਗਿੱਲ**

ਹੀਟਿੰਗ, ਗੈਸ ਜਾਂ ਪਲੰਬਿੰਗ ਦਾ ਹਰ ਤਰ੍ਹਾਂ ਦਾ ਕੰਮ ਜਿਵੇਂ ਟੂਟੀਆਂ ਦੀ ਲੀਕੇਜ, ਟੋਇਲਟ, ਟੱਬ, ਬਾਥਰੂਮ ਰਿਪੇਅਰ, ਹੌਟ ਵਾਟਰ ਟੈਂਕ ਦਾ ਤਸੱਲੀਬਖਸ਼ ਕੰਮ ਕਰਦੇ ਹਾਂ। ਅਸੀਂ ਨਵੇਂ ਘਰਾਂ ਦੀ ਸਿਟੀ ਅਪਰੂਵਡ ਪਲੰਬਿੰਗ ਵੀ ਕਰਦੇ ਹਾਂ।

**We Promise Reasonable Rates and Quality Work**

Car Wash

Go Detail & Express Wash



- Car Wash - Express Detail - Hand Wash

- Full Detail - Auto Wash - SELF Serve

403-408-7536

3510 32 Street NE, Calgary AB

Reliance /Legal Group LLP

FORMERLY KNOWN AS SINGH & PARTNERS LAW OFFICE

Commonwealth Centre
Unit 1101, 3961-52nd Ave.N.E.
Calgary, AB T3J 0J7

Barristers, Solicitors and Notary Public

Our law group practices in

| IMMIGRATION | REAL ESTATE | SMALL BUSINESS |
|---|---|---|
| Applications for Family Class and APPEALS, Skilled Workers, Investors, Refugee Claims | Buying and Selling Commercial and Residential Land Development Condominium Projects WILLS & ESTATE CRIMINAL LAW | Buying and Selling Franchises, Shareholder Agreements and Incorporations FORMATION OF PUBLIC COMPANIES |

Tel. : 403-285-7070

PERSONAL INJURY (Car Accident Claims)

NO LEGAL FEES UNTIL RECOVERY

Our clients include small businesses, public companies, builders, land developers, charitable organizations and individuals. We donate part of our fees to Alberta Children Hospital.
* Experienced lawyers, caring, confidential * Reasonable fees
* Free Initial Consultation * Weekend & Evening Appointments (available upon request)

HALL FOR RENT IN NE

For Kids Birthday Parties, Family Dinners, Meetings, Small Parties etc.
Maximum Capacity: 50 people
For more info:
Ph: 403-681-8689 or
Email: hp8689@gmail.com

McKnight
Dental Clinic



- Serving NE Community for over 30 years
- We follow Alberta Dental Fee Guide
- Open some evenings and Saturdays

Tel. 403-280-0880
Fax : 403-293-8852
www.mcknightdental.ca

McKnight Village,
5432 Falsbridge Dr NE,
Calgary, Alberta, T3J 3E9

(All services provided by General Dentists)



Mega Sanjha Punjab
GROCERY STORE

ਭਾਰਤੀ ਅਤੇ ਪਾਕਿਸਤਾਨੀ ਗਰੋਸਰੀ ਦਾ ਭੰਡਾਰ

ਦਾਲਾਂ, ਮਸਾਲੇ, ਆਟਾ, ਖੰਡ, ਤੇਲ, ਦੇਸੀ ਘਿਉ, ਤਾਜ਼ੇ ਫਲ, ਸਬਜ਼ੀਆਂ, ਭਾਂਡੇ ਅਤੇ ਹੋਰ ਵੀ ਬਹੁਤ ਕੁਝ

117 7171 80 Ave NE,
Calgary (Alberta) T3J 0P6
Ph. : 403 475 5777, mega@spgrocery.com
www.spgrocery.com

331-3690 West Winds Drive,
Calgary (Alberta) T3J 5H3
Ph. : 403 266 5200, info@spgrocery.com
www.spgrocery.com

Harpreet Parmar CPA, CGA

Chartered Professional Accountant

• Accounting • Tax • Business Advisory

We also provide
FINTRAC Registration/Compliance Services for Money Exchange Business
FINTRAC AML MANUAL SERVICES for Money Exchange Business

Extensive experience with Revenue Canada audits, reviews etc.

New Location

• Accounting • Financial • Statements • Personal Tax • Corporate Tax
• Incorporation • Payroll • Business Advisory • New Business Startups
• Book-Keeping • Management • Consulting Services

ਤੁਹਾਡੇ ਕਿਸੇ ਵੀ ਤਰ੍ਹਾਂ ਦੇ ਬਿਜ਼ਨਸ
ਵਧੀਆ ਤੇ ਪ੍ਰੋਫੈਸ਼ਨਲ ਅਕਾਊਂਟਸ
ਸਰਵਿਸ ਲਈ ਸਾਡੇ ਨਾਲ ਸੰਪਰਕ ਕਰੋ।

In Business Since 1997



Suite 218, 7 Westwinds Cres NE, Calgary, AB T3J 5H2 Park Plaza (Besides Prairie Winds Park)

Ph: (403) 271-5100, Fax: (403) 271-5171

Email: hparmar@hppcorp.ca
Website: www.hppcorp.ca

# Perfect Finishing Corp.
# New Star Cabinets Ltd.

PFC



Interior finishing, Railing
Kitchen Cabinets

WE DO : New & Old Houses Finishing Carpentry, Stair Railing, Book Shelves, Tv Unit, Closet Shelves, Bar, Kitchen Cabinets & All type of custom wood work



Manpreet Thind
Cell : (403) 477-1000

3341-19 Street N.E.
Calgary AB, T2E 6S8
www.perfectfinishing.ca

Off : (403) 455-1000
Fax : (403) 455-2000
perfectfinishing@hotmail.ca

# Redstone Plaza ਰੈਡ ਸਟੋਨ ਪਲਾਜਾ

## Redstone Physiotherapy

ਫਿਜ਼ੀਓਥੈਰਪੀ, ਮਸਾਜ, ਕੈਰੋਪਰੈਕਟਰ, ਕਿਨਸਲੌਜੀ, ਕਲਿਨਿਕ ਸਾਈਕਲੌਜੀ ਦੀਆਂ ਸੇਵਾਵਾਂ ਲਈ ਤਜ਼ਰਬੇਕਾਰ ਟੀਮ ਹਾਜ਼ਰ। ਇਹ ਸੜਕ ਦੁਰਘਟਨਾਵਾਂ ਦੀ ਐਮਵੀਏ ਤੋਂ ਇਲਾਵਾ ਡਬਲਯੂ.ਸੀ.ਬੀ. ਦੇ ਕੇਸ ਵੀ ਦੇਖਦੇ ਹਨ ਤੇ ਸਾਰੀਆਂ ਇੰਸ਼ੋਰੈਂਸ਼ ਕੰਪਨੀਆਂ ਨੂੰ ਸਿੱਧਾ ਬਿੱਲ ਭੇਜਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Unit-135, 630 Redstone Drive, NE
T3N 1L4 Calgary, Alberta
+1 587-534-0505
www.Redstonephysio.com
info@Redstonephysio.com

Services we offer
Physiotherapy, Massage , Chiropractor, Kinesiology, Clinical Psychology.
We deal with MVA, WCB and direct bill private insurance.

## REDSTONE FAMILY MEDICAL CLINIC

ਮੈਡੀਕਲ ਕਲਿਨਿਕ ਵਿੱਚ ਡਾਕਟਰਾਂ ਦੀ ਟੀਮ ਤੁਹਾਡੀ ਸੇਵਾ ਵਿੱਚ ਹਾਜ਼ਰ। ਇਸ ਕਲਿਨਿਕ ਵਿੱਚ ਈਸੀਜੀ, ਈਕੇਜੀ, ਹੋਲਟਰ ਮੌਨੀਟਰ ਸਹੂਲਤਾਂ ਹਨ। ਖੂਨ ਜਾਂਚ ਲਈ ਹੁਣ ਲੈਬ ਜਾਣ ਦੀ ਲੋੜ ਨਹੀਂ ਕਿਉਂਕਿ ਖੂਨ ਦੇ ਸੈਂਪਲ ਇਸੇ ਕਲਿਨਿਕ ਵਿੱਚ ਲੈ ਲਏ ਜਾਂਦੇ ਹਨ।

ਮੇਲ ਫੀਮੇਲ ਡਾਕਟਰਾਂ ਦੀ ਸਹੂਲਤ

ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਉਰਦੂ ਵਿਚ ਗੱਲਬਾਤ

Medical and Health
Unit 145, 630 Redstone Drive, NE, Calgary, Alberta T3N 1L4
+1 587-440-0777
info@Redstoneclinic.ca
Hours 09:00 - 17:00
Blood Work Collection Sevices
ECG Facility | EKG Facility
Holter Monitor Facility

## Universal Health PHARMACY

It's all about "U"

Compounding & Home Health Care

ਫਾਰਮੇਸੀ ਵਿੱਚ ਹਿੰਦੀ, ਪੰਜਾਬੀ, ਅੰਗਰੇਜ਼ੀ ਤੇ ਗੁਜਰਾਤੀ ਭਾਸ਼ਾਵਾਂ ਬੋਲਣ ਵਾਲਾ ਸਟਾਫ ਹੈ ਜਿਹੜਾ ਤੁਹਾਨੂੰ ਦਵਾਈਆਂ ਬਾਰੇ ਆਸਾਨੀ ਨਾਲ਼ ਸਮਝਾ ਸਕਦਾ ਹੈ। ਰੈਡਸਟੋਨ ਮੈਡੀਕਲ ਕਲਿਨਿਕ ਵਿੱਚ ਜਾਂਚ ਤੋਂ ਬਾਅਦ ਤੁਸੀਂ ਇਸ ਫਾਰਮੇਸੀ ਤੋਂ ਦਵਾਈ ਖਰੀਦ ਕੇ ਆਪਣੇ ਸਮੇਂ ਦੀ ਬੱਚਤ ਕਰ ਸਕਦੇ ਹੋ।

- Home Health care products
- Free med review with one on one care
- Immunization/Vaccinations
- Injectionservices
- Prescribing Pharmacist Available
- Travel Health Consultations
- Compliance Packaging
- Custom Meds Compounding

#150, 630 Redstone Drive NE
Calgary, AB T3N 1L4
587 440 0041
Fax : (587) 440-0042
Store Hours
Monday To Friday 10 am - 7 pm
Saturday 10 am-2 pm
Sunday 10am-3 pm
apatel@universalhealthcentre.com
www.universalhealthcentre.com

ਜਰਨੈਲ ਸਿੰਘ ਅਚਰਵਾਲ

*ਮਜ਼ਦੂਰਾਂ ਦਾ ਝੰਡਾਬਰਦਾਰ*

# ਗ਼ਦਰੀ ਬਾਬਾ ਦੂੱਲਾ ਸਿੰਘ ਜਲਾਲਦੀਵਾਲ

ਬਿਲਕੁਲ ਸਾਫ਼ ਜ਼ਾਹਰ ਹੈ ਕਿ ਸ਼ਾਂਤਮਈ ਅੰਦੋਲਨ ਹਿੰਦੁਸਤਾਨ ਦੀ ਜਨਤਾ ਦੀ ਨਿੱਘਰੀ ਹੋਈ ਸਪਿਰਟ ਨੂੰ ਉਭਾਰਨ ਲਈ ਇਕ ਵਧੀਆ ਤਰੀਕਾ ਤਾਂ ਸੀ, ਪਰ ਵਿਦੇਸ਼ੀ ਹਕੂਮਤ ਤੋਂ ਅਜ਼ਾਦੀ ਹਾਸਲ ਕਰਨ ਲਈ ਅੰਤਮ ਫੈਸਲਾਕੁੰਨ ਤਾਕਤ ਨਹੀਂ ਸੀ। ਫੈਸਲਾਕੁੰਨ ਤਾਕਤ ਹਥਿਆਰਬੰਦ ਸ਼ਕਤੀ ਹੀ ਸੀ ਜਿਸ ਨੂੰ ਗ਼ਦਰ ਪਾਰਟੀ ਨੇ ਅਪਣਾਅ ਰੱਖਿਆ ਸੀ। ਇਹ ਪਾਰਟੀ ਹਿੰਦੁਸਤਾਨ ਵਿਚ ਅਜ਼ਾਦੀ ਲਿਆਉਣ ਵਾਲੀ ਅਜਿਹੀ ਪਾਰਟੀ ਸੀ, ਜੋ ਗੈਰ ਮਜ਼ਬੀ, ਗੈਰ ਫਿਰਕੂ ਅਧਾਰ ’ਤੇ ਸੀ। ਇਸ ਨੇ ਸਭ ਤੋਂ ਪਹਿਲਾਂ ਪੂਰਨ ਅਜ਼ਾਦੀ ਦਾ ਨਾਅਰਾ ਦਿੱਤਾ। ਅਜ਼ਾਦੀ ਲਈ ਚੱਲੀਆਂ ਲਹਿਰਾਂ ਵਿਚੋਂ ਸਭ ਤੋਂ ਵੱਧ ਫਾਂਸ਼ੀਆਂ, ਉਮਰ ਕੈਦਾਂ ਅਤੇ ਜਾਇਦਾਦਾਂ ਦੀਆਂ ਕੁਰਕੀਆਂ ਜਾਂ ਜਬਤੀਆਂ ਦਾ ਵੱਡਾ ਗਫਾ ਇਸ ਦੇ ਹਿੱਸੇ ਹੀ ਆਇਆ। ਇਸ ਪਾਰਟੀ ਦੇ ਮੈਂਬਰ ਜਿਨ੍ਹਾਂ ਨੂੰ ਅਸੀਂ ਗ਼ਦਰੀ ਬਾਬੇ ਆਖਕੇ ਸਤਿਕਾਰਦੇ ਹਾਂ, ਇਨ੍ਹਾਂ ਬਾਬਿਆਂ ਨੇ ਅਜ਼ਾਦੀ ਲਿਆਉਣ ਲਈ ਤਾਂ ਆਪਣਾ ਹਿੱਸਾ ਪਾਇਆ, ਪਰ ਮਿਲਣ ਤੇ ਉਸ ਨੂੰ ਹੰਢਾਉਣ ਦੀ ਚਾਹਨਾ ਨਹੀਂ ਕੀਤੀ। ਉਨ੍ਹਾਂ ਬਾਕੀ ਬਚਦਾ ਸਮਾਂ ਵੀ ਅਸਲੀ ਅਜ਼ਾਦੀ (ਬਰਾਬਰੀ ਵਾਲਾ ਸਮਾਜ) ਲਿਆਉਣ ਲਈ ਲਾ ਦਿੱਤਾ। ਇਨ੍ਹਾਂ ਵਿਚੋਂ ਬਹੁਤ ਸਾਰੇ ਅਜ਼ਾਦੀ ਮਿਲਣ ਤੋਂ ਕਾਫ਼ੀ ਸਮਾਂ ਬਾਅਦ ਵਿਚ ਇਸ ਦੁਨੀਆਂ ਨੂੰ ਅਲਵਿਦਾ ਕਹਿ ਕੇ ਗਏ ਹਨ। 1947 ਤੋਂ ਬਾਅਦ ਉਠੀਆਂ ਕਰਾਂਤੀਕਾਰੀ ਲਹਿਰਾਂ ਵਿਚੋਂ ਕੋਈ ਵੀ ਅਜਿਹੀ ਲਹਿਰ ਨਹੀਂ ਜਿਸ ਵਿਚ ਇਨ੍ਹਾਂ ਦਾ ਹਿੱਸਾ ਨਾ ਹੋਵੇ। ਅਜਿਹੀ ਰੌਸ਼ਨੀ ਵਿਚ ਹੀ ਆਓ ਆਪਾਂ ਮਿਲਦੇ ਹਾਂ ਗ਼ਦਰੀ ਬਾਬਾ ਦੂੱਲਾ ਸਿੰਘ ਜਲਾਲਦੀਵਾਲ ਨੂੰ। ਇਨ੍ਹਾਂ ਪਹਿਲਾਂ ਗ਼ਦਰ ਪਾਰਟੀ ਵਿਚ ਫਿਰ ਕਿਰਤੀ ਪਾਰਟੀ ਵਿਚ, ਪਰਜਾ ਮੰਡਲ ਵਿਚ ਅਤੇ ਕਮਿਊਨਿਸਟ ਤਹਿਰੀਕ ਵਿਚ ਆਪਣਾ ਨਾਂ ਅੰਕਿਤ ਕਰਵਾਇਆ।



ਬਾਬਾ ਜੀ ਦੇ ਜਨਮ ਬਾਰੇ ਕੋਈ ਨਿਸ਼ਚਿਤ ਤਾਰੀਖ ਨਹੀਂ ਮਿਲਦੀ, ਪਰ ਕਮਿਊਨਿਸਟ ਪਾਰਟੀ ਦੇ ਦਫ਼ਤਰ ਦੇ ਰਿਕਾਰਡ ਅਨੁਸਾਰ ਉਨ੍ਹਾਂ ਜਨਮ 1888 ਵਿਚ ਪਿਤਾ ਹਜ਼ਾਰਾਂ ਸਿੰਘ ਦੇ ਘਰ ਹੋਇਆ। ਘਰ ਦਾ ਮਾਹੌਲ ਗਰੀਬੀ ਭਰਿਆ ਸੀ, ਜਿਸ ਤੋਂ ਪਿਛੋਂ ਛੁਡਾਉਣ ਲਈ ਬਾਬਾ ਜੀ ਦੀ ਲੜਕੀ ਹਰਨਾਮ ਕੌਰ ਨੇ 1922 ਵਿਚ ਹਾਂਗਕਾਂਗ ਸੱਦ ਲਿਆ। ਪਹਿਲਾਂ ਦੋ ਮਹੀਨੇ ਕਲਕੱਤੇ ਬੈਠੇ ਰਹੇ। ਜਿਥੋਂ ਹਾਂਗਕਾਂਗ ਪਹੁੰਚ ਗਏ। ਦੋ ਮਹੀਨੇ ਹੀ ਹਾਂਗਕਾਂਗ ਠਹਿਰੇ। ਇਸ ਤੋਂ ਬਾਅਦ ਦੋ ਮਹੀਨੇ ਜਾਪਾਨ ਠਹਿਰ ਕੇ ਪਾਨਾਮਾ ਪਹੁੰਚ ਗਏ।

ਦੇਸ਼ ਭਗਤ ਯਾਦਗਾਰ ਕਮੇਟੀ ਨੂੰ ਲਿਖ ਕੇ ਦਿੱਤੇ ਹਲਫ਼ੀਆ ਬਿਆਨ ਵਿਚ ਦੱਸਦੇ ਹਨ ਕਿ “ਉਥੇ ਭਾਈ ਅਮਰ ਸਿੰਘ ਸੰਧਾਵਾਂ, ਦਲੀਪ ਸਿੰਘ ਬੱਡੋਂ, ਰਲਾ ਸਿੰਘ, ਵਰਿਆਮ ਸਿੰਘ, ਚੰਨਣ ਸਿੰਘ ਚੂਹੜਚੱਕ ਆਦਿ ਗ਼ਦਰ ਪਾਰਟੀ ਦੇ ਮੈਂਬਰ ਸਨ। ਇਹ ਉਗਰਾਹੀ ਕਰਕੇ ਸਾਨਫਰਾਂਸਿਸਕੋ ਨੂੰ ਭੇਜਦੇ ਸਨ। ਅਮਰ ਸਿੰਘ ਇਥੋਂ ਦੀ ਗ਼ਦਰ ਪਾਰਟੀ ਦੇ ਪ੍ਰਧਾਨ ਸਨ।”

“1925 ਵਿਚ 500 ਮੈਂਬਰਾਂ ਦੀ ਮੀਟਿੰਗ ਹੋਈ ਜਿਸ ਵਿਚ ਨਵੀਂ ਕਮੇਟੀ ਦੀ ਚੋਣ ਹੋਈ ਜਿਸ ਵਿਚ ਮੈਨੂੰ ਪ੍ਰਧਾਨ ਚੁਣ ਲਿਆ ਗਿਆ ਤੇ ਅਮਰ ਸਿੰਘ ਸੰਧਾਵਾਂ ਰਹਿ ਗਿਆ। ਸੈਕਟਰੀ ਚੰਨਣ ਸਿੰਘ ਦਾ ਲੜਕਾ ਭਾਨ ਸਿੰਘ ਬਣਿਆ। ਅਮਰ ਸਿੰਘ ਸੰਧਵਾਂ ਖਜ਼ਾਨਚੀ।”

ਉਸ ਵੇਲੇ ਯੂਰਪ ਤੇ ਅਮਰੀਕੀ ਮਹਾਂਦੀਪਾਂ ਵਿਚ ਜਮਹੂਰੀ ਅਤੇ ਇਨਕਲਾਬੀ ਵਿਚਾਰਾਂ ਦਾ ਕਾਫ਼ੀ ਬੋਲਬਾਲਾ ਸੀ। ਗੁਲਾਮੀ ਅਤੇ ਜ਼ਿਲਤ ਦੇ ਮਧੋਲੇ ਭਾਰਤੀਆਂ ਨੇ ਜਦੋਂ ਅਜ਼ਾਦੀ ਦੇਸ਼ਾਂ ਵਿਚ ਲੋਕਾਂ ਦਾ ਰਹਿਣ-ਸਹਿਣ ਵੇਖਿਆਂ ਤਾਂ ਉਨ੍ਹਾਂ ਆਪਣੀ ਮਾਂ ਮਿੱਟੀ ਨੂੰ ਅਜ਼ਾਦ ਕਰਾਉਣ ਦਾ ਸੰਕਲਪ ਲਿਆ। ਅਜਿਹੇ ਗ਼ਦਰੀ ਸੂਰਬੀਰਾਂ ਦਾ ਤਾਲਮੇਲ ਜਦ ਦੂੱਲਾ ਸਿੰਘ ਨਾਲ ਹੋਇਆ ਤਾਂ 1923 ਵਿਚ ਹੀ ਗ਼ਦਰ ਪਾਰਟੀ ਦੇ ਹੋ ਗਏ। ਪੰਜਾਬ ਵਿਚ ਉਹ ਅਕਾਲੀ ਪਾਰਟੀ ਵਿਚ ਕੰਮ ਕਰਦੇ ਗਏ ਸਨ ਜੋ ਉਸ ਸਮੇਂ ਇਨਕਲਾਬੀ ਪਾਰਟੀ ਸੀ।

1925 ਵਿਚ ਪ੍ਰਧਾਨ ਬਣਨ ਤੋਂ ਬਾਅਦ ਬਾਬਾ ਜੀ ਨੇ ਕੱਪੜਾ ਵੇਚਣ ਦਾ ਕੰਮ ਸ਼ੁਰੂ ਕੀਤਾ। ਉਨ੍ਹਾਂ ਦੇ ਆਪਣੇ ਲਿਖਤੀ ਬਿਆਨ ਅਨੁਸਾਰ ਜਦ ਪੰਜਾਬ ਵਿਚ ਗ਼ਦਰੀ ਬਾਬਿਆਂ ਨੇ ‘ਕਿਰਤੀ’ ਅਖ਼ਬਾਰ ਕੱਢਣਾ ਸ਼ੁਰੂ ਕੀਤਾ ਤਾਂ ਬਾਬਾ ਰਤਨ ਸਿੰਘ ਰਾਏਪੁਰ ਡੱਬਾ ਪਨਾਮਾ ਗਏ। ਬਾਬਾ ਦੂੱਲਾ ਸਿੰਘ ਨੂੰ ਪ੍ਰਧਾਨ ਦੀ ਹੈਸੀਅਤ ਵਿਚ ਫੰਡ ਇਕੱਠਾ ਕਰਨ ਲਈ ਬੇਨਤੀ ਕੀਤੀ। ਬਾਬਾ ਜੀ ਦੋ ਸੌ ਡਾਲਰ ਆਪ ਦੇ ਕੋਲੋਂ ਦਿੱਤਾ ਤੇ 40-40 ਡਾਲਰ ਦੂਸਰੇ ਮੈਂਬਰਾਂ ਨੇ ਦਿੱਤੇ। ‘ਕਿਰਤੀ’ ਲਈ ਉਗਰਾਹੀ ਹਰ ਸਾਲ ਪੰਜਾਬ ਪਹੁੰਚਣ ਲੱਗੀ। ਪਿਛਲੀ ਸਾਰੀ ਕਮਾਈ ਵੀ ਗ਼ਦਰ ਪਾਰਟੀ ਨੂੰ ਦੇ ਦਿੱਤੀ।

1932 ਵਿਚ ਤੇਜਾ ਸਿੰਘ ਸੁਤੰਤਰ ਪਨਾਮਾ ਆਇਆ ਅਤੇ ਗ਼ਦਰ ਪਾਰਟੀ










ਦੇ ਮੈਂਬਰਾਂ ਨੂੰ ਸਿਆਸੀ ਤਾਲੀਮ ਵਾਸਤੇ ਮਾਸਕੋ ਜਾਣ ਸਬੰਧੀ ਗ਼ਦਰ ਪਾਰਟੀ ਦਾ ਸੁਨੇਹਾ ਦਿੱਤਾ। ਬਾਬਾ ਦੂਲਾ ਸਿੰਘ 1923 ਵਿਚ ਹੀ ਗ਼ਦਰ ਪਾਰਟੀ ਨੂੰ ਆਪਣਾ ਤਨ, ਮਨ ਪੇਸ਼ ਕਰ ਚੁੱਕੇ ਸਨ। ਇਨ੍ਹਾਂ ਪਾਰਟੀ ਦੇ ਫੈਸਲੇ ਅੱਗੇ ਸਿਰ ਝੁਕਾਇਆ ਤੇ ਮਾਸਕੋ ਜਾਣ ਲਈ ਤਿਆਰ ਹੋ ਗਏ। ਆਪਣੀ ਕੀਤੀ ਸਾਰੀ ਕਮਾਈ ਭੇਂਟ ਕਰ ਦਿੱਤੀ। ਪਨਾਮਾ ਵਿਚ ਜਦ ਤੇਜਾ ਸਿੰਘ ਸੁਤੰਤਰ ਜੀ ਬਾਬਾ ਦੂਲਾ ਸਿੰਘ, ਪੂਰਨ ਤੇ ਅਮਰ ਸਿੰਘ ਸੰਧਾਵਾਂ ਮਿਲੇ, ਇਨ੍ਹਾਂ ਤੋਂ ਹਜ਼ਾਰਾਂ ਡਾਲਰ ਇਕੱਠੇ ਕਰਕੇ ਪਾਰਟੀ ਹੈਡਕੁਆਰਟਰ ਇੰਡੀਆ ਨੂੰ ਘੱਲੇ। ਇਥੋਂ ਪੂਰਨ ਸਿੰਘ ਸੰਧਵਾਂ ਨੂੰ ਹਿੰਦੁਸਤਾਨ ਤੋਰ ਦਿੱਤਾ ਤੇ ਬਾਬਾ ਦੂਲਾ ਸਿੰਘ ਨੂੰ ਜਰਮਨ ਪਹੁੰਚਾ ਦਿੱਤਾ। ਅੱਗੋਂ ਬਾਬਾ ਰਤਨ ਸਿੰਘ ਬਰਲਿਨ ਲੈ ਗਏ। ਪਿਛੋਂ ਰੂਸ ਦੇ ਇਕ ਜਹਾਜ਼ ਵਿਚ ਚਾੜ੍ਹ ਦਿੱਤਾ। ਇਸ ਤਰ੍ਹਾਂ ਬਾਬਾ ਦੂਲਾ ਸਿੰਘ ਜੀ ਮਾਸਕੋ ਪਹੁੰਚ ਗਏ।

ਇਸ ਤੋਂ ਬਾਅਦ ਕੈਨੇਡਾ, ਅਮਰੀਕਾ, ਪਨਾਮਾ, ਅਰਜਨਟੀਨਾ, ਚੀਨ, ਕੀਨੀਆ, ਫਿਜੀ, ਨਿਊਜ਼ੀਲੈਂਡ, ਇੰਡੀਆ ਤੇ ਕਾਬਲ ਤੋਂ 77 ਗ਼ਦਰੀ ਮਾਰਕਸੀ ਫਲਸਫਾ ਅਤੇ ਫੌਜੀ ਟ੍ਰੇਨਿੰਗ ਲਈ ਮਾਸਕੋ ਯੂਨੀਵਰਸਿਟੀ ਪਹੁੰਚ ਗਏ। ਸਾਰੇ ਜੀਵਨ ਮੈਂਬਰਾਂ ਨੂੰ ਇਥੇ ਪਹੁੰਚਣ ਦੀ ਹਦਾਇਤ ਸੀ। ਇਥੇ ਹੀ ਬਾਬਾ ਦੂਲਾ ਸਿੰਘ ਕਮਿਊਨਿਸਟ ਪਾਰਟੀ ਦੇ ਕੁਲਵਕਤੀ ਮੈਂਬਰ ਬਣ ਗਏ। ਤਿੰਨ ਸਾਲ ਇਥੇ ਰਹੇ ਫੇਰ ਪਾਰਟੀ ਦੇ ਹੁਕਮ ’ਤੇ ਚੰਨਣ ਸਿੰਘ ਢੱਕੋਵਾਲ ਤੇ ਤੇ ਬਾਬਾ ਬੂਝਾ ਸਿੰਘ ਨਾਲ ਪੰਜਾਬ ਆ ਗਏ। ਪਿੰਡ ਆਉਂਦਿਆਂ ਹੀ ਗ੍ਰਿਫ਼ਤਾਰ ਕਰ ਲਏ, ਕਿਉਂਕਿ ਸਰਕਾਰ ਦੇ ਸਟੈਂਡਿੰਗ ਆਰਡਰ ਮੁਤਾਬਕ ਬਾਹਰੋਂ ਆਉਣ ਵਾਲੇ ਹਰ ਪੰਜਾਬ ਦਾ ਸੀ.ਆਈ.ਡੀ. ਘਰ ਤੱਕ ਪਿੱਛਾ ਕਰਦੀ ਸੀ ਅਤੇ ਸਥਾਨਕ ਪੁਲਿਸ ਨੂੰ ਰਿਪੋਰਟ ਦਿੰਦੀ ਸੀ। ਆਉਂਦਿਆਂ ਹੀ ਪਿੰਡ ਨਜ਼ਰਬੰਦ ਕਰ ਦਿੱਤਾ। ਇਨ੍ਹਾਂ ਸੋਚ ਵਿਚਾਰ ਤੋਂ ਬਾਅਦ ਕੰਮ ਕਰਨ ਦਾ ਰਾਹ ਕੱਢ ਲਿਆ। ਪਿੰਡ ਵਿਚ ਦੁਕਾਨ ਪਾ ਲਈ ਤੇ ਰਾਤ ਨੂੰ ਆਲੇ ਦੁਆਲੇ ਦੇ ਪਿੰਡਾਂ ਵਿਚ ਕੰਮ ਕਰਨਾ ਸ਼ੁਰੂ ਕਰ ਦਿੱਤਾ।

ਕਿਰਤੀ ਅਖ਼ਬਾਰ ’ਚ ਛਪੀ ਰਿਪੋਰਟ ਮੁਤਾਬਕ 3 ਨਵੰਬਰ 1935 ਦੀ ਦੀਵਾਲੀ ਵਾਲਾ ਦਿਨ ਸੀ। ਇਸ ਦਿਨ ਪੰਜਾਬ ਭਰ ਤੋਂ ਲੋਕ ਹੁੰਮ ਹੁੰਮਾ ਕੇ ਅੰਮ੍ਰਿਤਸਰ ਪਹੁੰਚ ਜਾਂਦੇ ਹਨ। ਇਸ ਦਿਨ ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦਾ ਸਲਾਨਾ ਅਜਲਾਸ ਅੰਮ੍ਰਿਤਸਰ ਹੋਣਾ ਸੀ। ਮੀਟਿੰਗ ਵਿਚ ਗਿਆ ਸੀ ਕੈਦੀਆਂ ਦੀ ਰਿਹਾਈ ਲਈ ਮਤੇ ਦੇਸ਼ ਭਗਤ ਪਰਿਵਾਰਾਂ ਦੀ ਮਦਦ ਵਾਸਤੇ ਵਿਚਾਰਿਆ ਜਾਣਾ ਸੀ। ਮੀਟਿੰਗ ਚੱਲ ਰਹੀ ਸੀ, ਪੁਲਿਸ ਨੇ ਦਫ਼ਤਰ ਨੂੰ ਘੇਰਾ ਪਾ ਲਿਆ। ਪੁਲਿਸ ਟੀਮ ਦੀ ਅਗਵਾਈ ਸੀ.ਆਈ.ਡੀ. ਦੇ ਖੁਫ਼ੀਆ ਮਹਿਕਮੇ ਦਾ ਸੁਪਰਡੈਂਟ ਕਰ ਰਿਹਾ ਸੀ। ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਦੇ ਦਫ਼ਤਰ ਦੀ ਪੁਲਿਸ ਨੇ ਘੇਰਾਬੰਦੀ ਕਰ ਲਈ। ਕਮੇਟੀ ਆਗੂਆਂ ਨੇ ਪੁਲਿਸ ਅਧਿਕਾਰੀਆਂ ਨੂੰ ਕਿਹਾ ਕਿ ਦਫ਼ਤਰ ਦੀ ਤਲਾਸ਼ੀ ਮੀਟਿੰਗ ਖਤਮ ਹੋਣ ਤੋਂ ਬਾਅਦ ਲੈ ਲਈ ਜਾਵੇ। ਉਨ੍ਹਾਂ ਨਾ ਮੰਨੇ।

ਤਲਾਸ਼ੀ ਲੈਣ ਤੋਂ ਪਿਛੋਂ ਬਾਬਾ ਦੂਲਾ ਸਿੰਘ ਤੇ ਬਾਬਾ ਬੂਝਾ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਬਾਬਾ ਦੂਲਾ ਸਿੰਘ ਤੇ ਬਾਬਾ ਬੂਝਾ ਸਿੰਘ ਦੋਵੇਂ ਹੀ ਮਾਸਕੋ ਤੋਂ ਕਮਿਊਨਿਸਟ ਪੜ੍ਹਾਈ ਪੜ੍ਹ ਕੇ ਆਏ ਸਨ। ਦੋਹਾਂ ਨੂੰ ਗ੍ਰਿਫ਼ਤਾਰ ਕਰਕੇ ਥਾਣੇ ਲੈ ਗਏ। ਸ਼ਾਮ ਦੇ 5 ਵਜੇ ਤੋਂ ਲਾ ਕੇ 10 ਵਜੇ ਤੱਕ ਪੁੱਛਗਿੱਛ ਕਰਦੇ ਰਹੇ। ਇਸ ਤੋਂ ਬਾਅਦ ਇਨ੍ਹਾਂ ਨੂੰ ਛੱਡ ਦਿੱਤਾ ਗਿਆ ਪਰ ਅਗਲੇ ਦਿਨ 8 ਵਜੇ ਫੇਰ ਹਾਜ਼ਰ ਹੋਣ ਨੂੰ ਕਿਹਾ। ਜਦ ਅਗਲੇ ਦਿਨ ਪੇਸ਼ ਹੋਏ ਤਾਂ ਹੱਥਕੜੀਆਂ ਵਿਚ ਜਕੜ ਲਾਹੌਰ ਘੱਲ ਦਿੱਤਾ। ਕਮਿਊਨਿਸਟ ਹੋਣ ਦੇ ਦੋਸ਼ ਵਿਚ ਕ੍ਰਿਮੀਨਲ ਲਾਅ ਅਮੈਂਡਮੈਂਟ ਐਕਟ ਹੇਠਾਂ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਦੋ ਮਹੀਨੇ ਲਈ ਨਜ਼ਰਬੰਦ ਕਰ ਦਿੱਤਾ ਗਿਆ। ਸੀ.ਆਈ.ਡੀ. ਦੇ ਇਸ ਹੈੱਡਕੁਆਰਟਰ ਵਿਚ ਸਰਕਾਰ ਲਈ ਅੱਤ ਖਤਰਨਾਕ ਸਮਝੇ ਜਾਂਦੇ ਰਾਜਨੀਤਕ ਵਿਅਕਤੀ ਨੂੰ ਸਿੱਧੇ ਕਰਨ ਲਈ ਅਤੇ ਅੰਦਰਲਾ ਭੇਤ ਜਾਨਣ ਲਈ ਲਿਆਇਆ ਜਾਂਦਾ ਸੀ। ਇਹ ਹਿੰਦੁਸਤਾਨ ਵਿਚ ਚਰਚਿਤ ਕਸਾਈ ਕੇਂਦਰ ਗਿਣਿਆ ਗਿਆ ਸੀ। ਹਵਾਲਾਤ ਵਿਚ ਨਾ ਖਿੜਕੀ ਨਾ ਰੌਸ਼ਨਦਾਨ, ਹਵਾ, ਰੌਸ਼ਨੀ ਡਰਦੀਆਂ ਅੰਦਰ ਨਾ ਆਉਂਦੀਆਂ। ਅੰਦਰ ਦਿਨੇ ਵੀ ਰਾਤ ਬਣੀ ਰਹਿੰਦੀ। ਪਹਿਰੇਦਾਰ ਤੇ ਪੁੱਛ-ਪੜਤਾਲ ਲਈ ਕਰਮਚਾਰੀ ਦੀ ਨਿਰਦਈ ਰੱਖੇ ਹੁੰਦੇ।

ਦੋਵੇਂ ਬਾਬੇ ਦੋ ਮਹੀਨੇ ਇਸ ਕੁੰਡੀ ਸਰਕ ਵਿਚ ਰਹੇ। ਤਸੀਹਾ ਘਰ ਦੇ ਅਧਿਕਾਰੀ ਕਿਰਤੀ ਪਾਰਟੀ ਦੇ ਇਨ੍ਹਾਂ ਆਗੂਆਂ ਕੋਲੋਂ ਗ਼ਦਰ ਪਾਰਟੀ ਦੀਆਂ ਬਾਹਰਲੇ ਦੇਸ਼ਾਂ ਸੋਵੀਅਤ ਸੰਘ, ਯੂਰਪ ਅਤੇ ਹਿੰਦੁਸਤਾਨ ਅੰਦਰ ਸਰਗਰਮੀਆਂ ਬਾਰੇ ਪੁੱਛ-ਗਿੱਛ ਕਰਦੇ ਰਹੇ। ਉਹ ਜ਼ਿਆਦਾਤਰ ਈਸਟਰਨ ਯੂਨੀਵਰਸਿਟੀ ਮਾਸਕੋ ਵਿਚ ਸਿਆਸੀ ਸਰਗਰਮੀਆਂ, ਸਕੂਲਿੰਗ, ਹਥਿਆਰਬੰਦ ਟ੍ਰੇਨਿੰਗ, ਸੋਵੀਅਤ ਸੰਘ ਦੇ ਕਮਿਊਨਿਸਟਾਂ ਦੀਆਂ ਗਤੀਵਿਧੀਆਂ, ਭਾਈ ਰਤਨ ਸਿੰਘ ਸਮੇਤ ਗ਼ਦਰ ਪਾਰਟੀ ਦੇ ਆਗੂਆਂ ਦਾ ਥਹੁ-ਪਤਾ, ਉਨ੍ਹਾਂ ਦੇ ਅੰਤਰ-ਰਾਸ਼ਟਰੀ ਪੱਧਰ ਦੇ ਸਬੰਧਾਂ, ਕਮਿਊਨਿਜ਼ਮ, ਭਾਰਤ ਵਿਚ ਕੰਮ ਕਰਦੇ ਗ਼ਦਰੀਆਂ ਬਾਰੇ ਜਾਣਕਾਰੀ ਉਨ੍ਹਾਂ ਦੇ ਪਤੇ, ਕੁੱਲ ਵਕਤੀ ਕਾਮਿਆਂ ਅਤੇ ਹਮਦਰਦਾਂ ਬਾਰੇ ਜਾਣਕਾਰੀ ਲੈਣ ਲਈ ਹਰ ਹੀਲਾ ਵਰਤਿਆ।

ਗਾਲ੍ਹੀ ਗਲੋਚ ਤੇ ਨੰਗੇ ਕਰੀਂ ਰੱਖਣਾ ਤਾਂ ਆਮ ਗੱਲ ਸੀ। ਦਿਨ ਰਾਤ ਖੜ੍ਹੇ ਰੱਖਣਾ, ਸੌਣ ਨਾ ਦੇਣਾ, ਜੇ ਅੱਖ ਲੱਗਣੀ ਤਾਂ ਸਿਰ ’ਚ ਡੰਡਾ ਮਾਰਨਾ। ਗੁੱਝੀ ਮਾਰਾਂ ਨਾਲ ਉਨ੍ਹਾਂ ਦੀਆਂ ਵੱਖੀਆਂ ਅੰਦਰ ਪਾ ਦਿੱਤੀਆਂ। ਡੌਲੇ, ਪੱਟ ਭੰਨ ਦਿੱਤੇ। ਹੱਥਾਂ ਦੀਆਂ ਤਲੀਆਂ ’ਤੇ ਮੰਜੇ ਦੇ ਪਾਵੇ ਰੱਖ ਕੇ ਸਿਪਾਹੀਆਂ ਨੂੰ ਉਪਰ ਬਿਠਾ ਦਿੱਤਾ ਜਾਂਦਾ। ਸਰੀਰ ਤੇ ਗਰਮ ਸਲਾਖਾਂ ਲਾਉਂਦੇ ਤੇ ਜੰਬੂਰਾਂ ਨਾਲ ਮਾਸ ਨੋਚਦੇ। ਹੱਥਕੜੀਆਂ ਲਾ ਕੇ ਭੁੱਖਿਆਂ ਨੂੰ ਜੰਗਲੇ ਨਾਲ ਟੰਗ ਦਿੱਤਾ ਜਾਂਦਾ। ਪੈਰਾਂ ਹੇਠ ਬਿਜਲੀ ਦਾ ਕਰੰਟ ਲਾਉਣਾ। ਬਰਫ਼ ਤੇ ਲੰਮੇ ਪਾ ਲੈਣਾ, ਮੂੰਹ ਉਪਰ ਗੰਦ ਦੇ ਤੋਪਰੇ ਚਾੜ ਦੇਣੇ ਆਦਿ ਭੈੜੇ ਤੋਂ ਭੈੜੇ ਤਸੀਹੇ ਦਿੱਤੇ ਗਏ। ਦੋ ਮਹੀਨਿਆਂ ਦੇ ਨਿੱਜ ਦੇ ਤਸ਼ੱਦਦ ਨੇ ਗ਼ਦਰੀ ਬਾਬਿਆਂ ਦੇ ਸਰੀਰ ਨਿਸਲ ਕਰ ਦਿੱਤੇ। ਜਿੰਨਾ ਜ਼ੁਲਮ ਇਨ੍ਹਾਂ ਉਪਰ ਹੋਇਆ ਇਹ ਜ਼ੁਲਮ ਦਾ ਅੰਤ ਸੀ। ਇਨ੍ਹਾਂ ਗ਼ਦਰੀ ਯੋਧਿਆਂ ਨੇ ਕੋਈ ਭੇਤ ਵੀ ਨਸ਼ਰ ਨਾ ਕੀਤਾ।

ਜਿਸ ਦਿਨ ਇਨ੍ਹਾਂ ਨੂੰ ਸ਼ਾਹੀ ਕਿਲ੍ਹਾ ਲਾਹੌਰ ਤੋਂ ਛੱਡਿਆ ਗਿਆ, ਸਰੀਰ ਦੇ ਸਭ ਅੰਗਾਂ ਦਾ ਜਵਾਬ ਦਿੱਤਾ ਹੋਇਆ ਸੀ। ਇਨ੍ਹਾਂ ਕੋਲੋਂ ਤੁਰ ਬੈਠ ਵੀ ਨਹੀਂ ਸੀ ਹੁੰਦਾ। ਜੇਲ੍ਹ ਕਰਮਚਾਰੀਆਂ ਨੇ ਇਨ੍ਹਾਂ ਦੇ ਮੰਜੇ ਚੁੱਕ ਹੀ ਜੇਲ੍ਹ ਤੋਂ ਬਾਹਰ ਰੱਖ ਦਿੱਤੇ। ਲਾਹੌਰ ਅੰਦਰ ਵਿਦਿਆਰਥੀ ਜਥੇਬੰਦੀਆਂ ਦਾ ਬਹੁਤ ਜ਼ੋਰ ਸੀ। ਲੋਕ ਕਿਰਤੀ ਪਾਰਟੀ ਦੀ ਅਗਵਾਈ ਵਿਚ ਤੇ ਵਿਦਿਆਰਥੀ ਦਾ ਹਜੂਮ ਜਿਸ ਦੀ ਅਗਵਾਈ ਜਗਜੀਤ ਸਿੰਘ ਅਨੰਦ ਕਰ ਰਿਹਾ ਸੀ। ਵਿਦਿਆਰਥੀਆਂ ਨੇ ਗ਼ਦਰੀ ਬਾਬਿਆਂ ਦੇ ਮੰਜ਼ਿਆਂ ਨੂੰ ਮੋਢਿਆਂ ’ਤੇ ਉਠਾਇਆ ਅਤੇ ਜਲੂਸ ਦੀ ਸ਼ਕਲ ਵਿਚ ਲਾਲਾ ਲਾਜਪਤ ਰਾਏ ਭਵਨ ਨੂੰ ਚੱਲ ਪਏ। ਕ੍ਰਾਂਤੀਕਾਰੀਆਂ ਦੇ ਸਭ ਜਲਸੇ ਜਲੂਸ ਇਸੇ ਭਵਨ ਅੰਦਰ ਹੋਇਆ ਕਰਦੇ ਸਨ। ਵਿਦਿਆਰਥੀਆਂ ਨੇ ਮੰਜ਼ਿਆਂ ਨੂੰ ਸਟੇਜ ’ਤੇ ਲਿਆ ਰੱਖਿਆ। ਜੋਸ਼ ਵਿਚ ਆਏ ਵਿਦਿਆਰਥੀ ਜਦ ਨਾਅਰੇ ਮਾਰਦੇ ਤਾਂ ਮੰਜਿਆਂ ’ਤੇ ਪਏ ਗ਼ਦਰੀ ਬਾਬੇ ਭੱਜੀਆਂ ਬਾਹਾਂ ਹਿਲਾ ਹਿਲਾ ਨਾਅਰਿਆਂ ਦਾ ਜਵਾਬ ਦਿੰਦੇ।

ਬਾਬਾ ਦੂਲਾ ਸਿੰਘ ਤੇ ਬਾਬਾ ਬੂਝਾ ਸਿੰਘ ਨੂੰ ਦੋ ਦੋ ਮਹੀਨੇ ਸ਼ਾਹੀ ਕਿਲ੍ਹਾ ਲਾਹੌਰ ਰੱਖਣ ਤੋਂ ਬਾਅਦ ਇਕ ਇਕ ਸਾਲ ਜੂਹਬੰਦੀ ਦੀ ਸ਼ਜਾ ਵੀ ਦਿੱਤੀ ਗਈ ਸੀ। ਗ਼ਦਰੀ ਬਾਬਿਆਂ ਨੂੰ ਆਪਣੇ ਆਪਣੇ ਪਿੰਡ ਪਹੁੰਚਾ ਦਿੱਤਾ ਗਿਆ।

1939 ਵਿਚ ਦੂਜੀ ਵੱਡੀ ਜੰਗ ਲੱਗਣ ’ਤੇ ਕਿਰਤੀ ਅਖ਼ਬਾਰ ਦੇ ਦਫ਼ਤਰ ਅੰਮ੍ਰਿਤਸਰ ਛਾਪਾ ਮਾਰਿਆ ਤੇ ਪ੍ਰੈਸ ਆਪਣੇ ਕਬਜ਼ੇ ਵਿਚ ਲੈ ਲਈ, ਕਿਉਂਕਿ ਅਖ਼ਬਾਰ 1926 ਤੋਂ ਹੀ ਜਦ ਅਖ਼ਬਾਰ ਨਿਕਲਣਾ ਸ਼ੁਰੂ ਹੋਇਆ ਸੀ, ਜੰਗ ਦੇ ਉਲਟ ਪ੍ਰਚਾਰ ਕਰ ਰਿਹਾ ਸੀ ਅਤੇ ਇਸ ਜੰਗ ਨੂੰ ‘ਕਿਰਤੀ’ ਨੇ ਅਜ਼ਾਦੀ ਦੀ ਜੰਗ ਵਿਚ ਬਦਲਣ ਦਾ ਨਾਅਰਾ ਦਿੱਤਾ ਸੀ। ਜਦ ਕਿਰਤੀ ਅਖ਼ਬਾਰ ਸਰਕਾਰ ਨੇ ਪੰਜਾਬ ਤੋਂ ਛਪਣਾ ਬੰਦ ਕਰ ਦਿੱਤਾ ਤਾਂ ਪਾਰਟੀ ਨੇ ਆਪਣੀ ਪ੍ਰੈਸ ਲਾ ਕੇ ਮੇਰਠ ਤੋਂ ਚਾਲੂ ਕਰ ਦਿੱਤਾ। ਬਾਬਾ ਦੂਲਾ ਸਿੰਘ ਜੀ ਨੂੰ ਇਸ ਪ੍ਰਬੰਧਕੀ ਬੋਰਡ ਵਿਚ ਨਿਯੁਕਤ ਕਰ ਦਿੱਤਾ। ਕਿਰਤੀ ਦੇ ਪ੍ਰਬੰਧਕ ਹਰਮਿੰਦਰ ਸਿੰਘ, ਕਰਮ ਸਿੰਘ, ਧੂਤ, ਮੁਬਾਰਕ ਸਾਗਰ ਤੇ ਬਾਬਾ ਦੂਲਾ ਸਿੰਘ ਜੀ ਰੂਪੋਸ਼ ਹੋ ਗਏ।

1941 ਵਿਚ ਜਦ ਬਾਬਾ ਜੀ ਰੂਪੋਸ਼ ਅਵਸਥਾ ਵਿਚ ਸਨ ਅਤੇ ਪਾਰਟੀ ਦੀ ਪੋਲਿਟ ਬਿਊਰੋ ਦੇ ਮੈਂਬਰ ਸਨ, ਇਨ੍ਹਾਂ ਨੂੰ ਨੂਰ ਮਹਿਲ ਤੋਂ ਸੀ. ਆਈ.ਡੀ. ਦੀ ਰਿਪੋਰਟ ਤੇ ਗ੍ਰਿਫ਼ਤਾਰ ਕਰ ਲਿਆ। ਇਸ ਸਮੇਂ ਇਨ੍ਹਾਂ ਕੋਲੋਂ ਵੱਡੀ ਮਾਤਰਾ ਵਿਚ ਪੈਸਾ ਵੀ ਫੜਿਆ ਗਿਆ। ਜੋ ਇਹ ਪਾਰਟੀ ਦਫਤਰ ਲਾਹੌਰ ਲਿਜਾ ਰਹੇ ਸਨ, ਜਿਸ ਦਾ ਜ਼ਿਕਰ ਇੰਟੇਲੀਜੈਂਸ ਬਿਊਰੋ ਰਿਪੋਰਟ 1941 ਵਿਚ ਇਸ ਤਰ੍ਹਾਂ ਦਰਜ ਹੈ। “ਹੁਣੇ ਜਿਹੇ ਪ੍ਰਸਿੱਧ ਕਮਿਊਨਿਸਟ ਦੂਲਾ ਸਿੰਘ ਫੜਿਆ ਗਿਆ ਹੈ। ਪੈਸੇ ਜ਼ਾਹਰ ਕਰਦੇ ਹਨ, ਇਹ ਵੱਡੀ ਸਾਜ਼ਿਸ਼ ਰਚਨ ਵਾਲਾ ਵਿਦਰੋਹੀ ਹੈ।” ਇਸ ਤੋਂ ਬਾਅਦ ਇਨ੍ਹਾਂ ਨੂੰ ਛੇ ਮਹੀਨਾ ਸ਼ਾਹੀ ਕਿਲ੍ਹਾ ਲਾਹੌਰ ਬੰਦ ਕਰ ਦਿੱਤਾ ਗਿਆ। ਹੁਣ ਇਹ ਜ਼ੁਲਮ ਦੇ ਕੇਂਦਰ ਵਿਚ ਦੂਜੀ ਵਾਰ ਪਹੁੰਚੇ ਸਨ। ਇਨ੍ਹਾਂ ’ਤੇ ਫੇਰ ਉਹੀ ਪਹਿਲਾਂ ਵਾਲਾ ਜ਼ੁਲਮ ਚੱਲਣਾ ਸ਼ੁਰੂ ਹੋ ਗਿਆ। ਬਹੁਤ ਤਸੀਹੇ ਦਿੱਤੇ ਜੋ ਤਾਜ਼ਿੰਦਗੀ ਰੜਕਦੇ ਰਹੇ। ਫੇਰ ਗੁਜਰਾਤ ਜੇਲ੍ਹ ਘੱਲ ਦਿੱਤਾ ਗਿਆ। ਇਸ ਕੈਦ ਦੀ ਰਿਹਾਈ ਤੋਂ ਬਾਅਦ ਬਾਬਾ ਜੀ ਨੂੰ ਫੜੋ ਛੱਡੋ ਦਾ ਚੱਕਰ ਚਲਦਾ ਰਿਹਾ। ਜੇ ਸਾਰਾ ਖਾਕਾ ਤਿਆਰ ਕਰ ਲਿਆ ਜਾਵੇ ਤਾਂ ਇਹ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਮਿੰਟਗੁਮਰੀ, ਰਾਵਲਪਿੰਡੀ, ਗੁਜਰਾਤ, ਲਾਹੌਰ, ਬਠਿੰਡਾ, ਸੰਗਰੂਰ, ਪਟਿਆਲਾ, ਅੰਬਾਲਾ, ਦਿੱਲੀ ਮੇਰਠ ਜੇਲ੍ਹ ਦੀ ਹਵਾ ਫੱਕਣੀ ਪਈ। ਇਸ ਤੋਂ ਬਿਨਾਂ ਇਕ ਸਾਲ ਦੀ ਜਲਾਵਤਨੀ ਸਜ਼ਾ ਬਤੀਤ ਕਰਨੀ ਪਈ ਤੇ ਬਾਕੀ ਸਾਰਾ ਸਮਾਂ ਗੁਪਤਵਾਸ ਰਹੇ, ਕਿਉਂਕਿ ਬਾਬਾ ਜੀ ਨੇ ਮਾਸਕੋ ਪੜ੍ਹਦਿਆਂ ਹੀ ਕਮਿਊਨਿਸਟ ਪਾਰਟੀ ਦੀ ਕੁਲਵਕਤੀ ਮੈਂਬਰਸ਼ਿਪ ਲੈ ਲਈ ਸੀ। ਇਸ ਤੋਂ ਬਾਅਦ ਤੋੜ ਜ਼ਿੰਦਗੀ ਘਰ ਦਾ ਕੋਈ ਕੰਮ ਨਹੀਂ ਕੀਤਾ।

ਅਗਸਤ 1947 ਨੂੰ ਬੇਸ਼ੱਕ ਦੇਸ਼ ਅਜ਼ਾਦ ਹੋ ਗਿਆ, ਪਰ ਗ਼ਦਰੀ ਬਾਬਿਆਂ ਦਾ ਸੁਪਨਾ ਸਾਕਾਰ ਨਾ ਹੋਇਆ। ਇਸ ਸੁਪਨੇ ਦੀ ਪੂਰਤੀ ਲਈ ਉਨ੍ਹਾਂ ਨੇ ਜਦੋ ਜਹਿਦ ਜਾਰੀ ਰੱਖੀ। ਨਵੀਂ ਸਰਕਾਰ ਨੂੰ ਵੀ ਉਨ੍ਹਾਂ ਦੇ ਖਿਲਾਫ਼ ਪਸੰਦ ਨਾ ਆਏ। ਗ੍ਰਿਫ਼ਤਾਰੀ ਲਈ ਵਰੰਟ ਜਾਰੀ ਕਰ ਦਿੱਤੇ। ਜਿਸ ਕਾਰਨ ਤਿੰਨ ਸਾਲ ਫਿਰ ਗੁਪਤਵਾਸ ਹੋ ਗਏ। ਇਸ ਸਮੇਂ ਦੌਰਾਨ ਕੀਤੀਆਂ ਸਰਗਰਮੀਆਂ ਉਨ੍ਹਾਂ ਦੀ ਡਾਇਰੀ ਵਿਚ ਅੰਕਿਤ ਹਨ। ਜਿਨ੍ਹਾਂ ਵਿਚ ਜ਼ਿਲ੍ਹੇ ਦੀਆਂ ਮੀਟਿੰਗਾਂ ਕਰਵਾਉਣੀਆਂ, ਮਜ਼ਦੂਰਾਂ, ਕਿਸਾਨਾਂ ਨੂੰ ਜਥੇਬੰਦ ਕਰਨਾ, ਫੰਡ ਇਕੱਠਾ ਕਰਨਾ, ਰੂਪੋਸ਼ ਸਾਥੀਆਂ ਨੂੰ ਸੰਭਾਲਣ ਦਾ ਕੰਮ ਸ਼ਾਮਲ ਹੈ। 1935 ਤੋਂ ਲੈ ਕੇ ਉਹ ਉਮਰ ਭਰ ਜ਼ਿਲ੍ਹੇ ਮੈਂਬਰੀ ਤੋਂ ਲੈ ਕੇ ਪਾਰਟੀ ਪੋਲਿਟ ਬਿਊਰੋ ਤੱਕ ਦੇ ਮੈਂਬਰ ਰਹੇ। ਦੇਸ਼ ਭਗਤ ਸਹਾਇਕ ਕਮੇਟੀ ਦੇ ਮੈਂਬਰ ਤੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰ ਰਹੇ। ਉਹ 1964 ਤੋਂ ਆਖਰੀ ਸਮੇਂ ਤੱਕ ਸੀ.ਪੀ.ਆਈ. ਦੇ ਜ਼ਿਲ੍ਹਾ ਸਕੱਤਰ ਰਹੇ।

ਬਾਬਾ ਦੂਲਾ ਸਿੰਘ ਦਾ ਜੀਵਨ ਇਕ ਇਨਕਲਾਬੀ ਦਾ ਮਾਡਲ ਸੀ। ਉਨ੍ਹਾਂ ਦਾ ਜੀਵਨ ਇਕ ਅਸੂਲ ਦਾ ਜੀਵਨ ਸੀ, ਜਿਸ ਦਾ ਨਿਸ਼ਾਨਾ ਸੀ, ਬਰਾਬਰੀ ਦਾ ਸਮਾਜ, ਲੁੱਟ ਰਹਿਤ ਸਮਾਜ, ਗੁਪਤਵਾਸ ਸਮੇਂ ਆਪਣੇ ਕਾਡਰ ਦੇ ਵਿਅਕਤੀ ਨੂੰ ਸਬੰਧਤ ਗੱਲ ਹੀ ਦੱਸਦੇ ਸਨ। ਕਾਡਰ ਨੂੰ ਹਰ ਗੱਲ ਛੁਪਾ ਕੇ ਰੱਖਣ ਦੀ ਹਦਾਇਤ ਸੀ। ਉਹ ਆਪ ਕਿਸੇ ਪਾਸੇ ਜਾਂਦੇ ਤਾਂ ਤੁਰਨ ਲੱਗੇ ਬਿਲਕੁਲ ਨਹੀਂ ਸਨ ਦੱਸਦੇ ਕਿ ਉਹ ਕਿਹੜੇ ਪਾਸੇ ਕਿਹੜੇ ਕੰਮ ਜਾ ਰਹੇ ਹਨ। ਇਨਕਲਾਬੀ ਇਕ-ਦੂਜੇ ਪ੍ਰਤੀ ਮਰ-ਮਿਟਣ ਨੂੰ ਤਾਂ ਤਿਆਰ ਰਹਿੰਦੇ ਸਨ ਪਰ ਆਪਣਾ ਭੇਦ ਇਕ ਦੂਜੇ ਨੂੰ ਨਹੀਂ ਸਨ ਦੱਸਦੇ। ਬਾਬਾ ਜੀ ਸਾਰੀ ਉਮਰ ਇਸ ਸੁਭਾਅ ਦੇ ਧਾਰਨੀ ਰਹੇ। ਇਹ ਗੱਲ ਵੀ ਉਨ੍ਹਾਂ ਦੇ ਸੁਭਾਅ ਦਾ ਹੀ ਹਿੱਸਾ ਸੀ ਕਿ ਉਨ੍ਹਾਂ 35 ਸਾਲ ਪ੍ਰਭਾਤ ਨਾਂਅ ਦੀ ਕੰਪਨੀ ਦੇ ਇਕੋ ਸਾਈਕਲ ਨਾਲ ਲੰਘਾਈ। ਉਹ ਸਾਈਕਲ ਨਾਲ ਲਟਕਦੇ ਝੋਲੇ ਵਿਚ ਹਵਾ ਵਾਲਾ ਪੰਪ ਤੇ ਪੈਂਚਰ ਲਾਉਣ ਦਾ ਸਮਾਨ ਨਾਲ ਰੱਖਦੇ ਸਨ।

ਬਾਬਾ ਜੀ ਜਦ ਮਜ਼ਦੂਰ ਫਰੰਟ ’ਤੇ ਕੰਮ ਕਰਦੇ ਸਨ। ਉਸ ਸਮੇਂ ਸਿਰਫ਼ ਖੇਤ ਮਜ਼ਦੂਰ ਹੀ ਹੁੰਦੇ ਸਨ ਦੂਸਰੇ ਮਜ਼ਦੂਰ ਨਹੀ। ਬਾਬਾ ਜੀ ਦਾ ਇਹ ਪੱਕਾ ਅਸੂਲ ਸੀ, ਚਾਹ ਪਾਣੀ ਰੋਟੀ ਟੁੱਕ ਜਾਂ ਰਾਤ ਨੂੰ ਠਹਿਰਣਾ ਸਭ ਮਜ਼ਦੂਰਾਂ ਪਾਸ ਹੁੰਦਾ ਸੀ। ਜੇ ਮਜ਼ਦੂਰ ਅਚਾਰ ਗੰਢੇ ਨਾਲ ਰੋਟੀ ਖਾਂਦੇ ਤਾਂ ਇਹ ਵੀ ਖੁਸ਼ ਹੋ ਕੇ ਛਕਦੇ। ਜੇ ਕਦੀ ਮਜ਼ਦੂਰ ਦੇ ਘਰ ਰੋਟੀ ਨਾ ਪੱਕਣੀ ਤਾਂ ਉਸ ਨਾਲ ਆਪ ਵੀ ਭੁੱਖੇ ਸੌਂ ਜਾਣਾ। ਇਸ ਕਰਕੇ ਮਜ਼ਦੂਰ ਜਮਾਤ ਕਦੇ ਵੀ ਬਾਬਾ ਜੀ ਨੂੰ ਆਪਣੇ ਨਾਲੋਂ ਅਲੱਗ ਨਹੀਂ ਵੇਖਦੇ ਸਨ।

ਜਦ ਪਾਰਟੀ 1951 ਵਿਚ ਓਪਨ ਹੋਈ ਤਾਂ ਬਰਨਾਲੇ ਇਲਾਕੇ ਦੇ ਆਗੂ ਜੋ ਗੁਪਤਵਾਸ ਸਨ, ਜਿਨ੍ਹਾਂ ਵਿਚ ਬਾਬਾ ਦੂਲਾ ਸਿੰਘ ਜਲਾਲਦੀਵਾਲ, ਮਾਸਟਰ ਹਰੀ ਸਿੰਘ, ਪ੍ਰਤਾਪ ਸਿੰਘ ਧਨੌਲਾ, ਹਰਨਾਮ ਸਿੰਘ ਚਮਕ ਆਦਿ ਸਨ। ਇਨ੍ਹਾਂ ਦੇ ਸੁਆਗਤ ਲਈ ਬਰਨਾਲੇ ਸੁਆਗਤੀ ਜਲਸਾ ਕੀਤਾ ਗਿਆ। ਜਦ ਜਲਸੇ ਵਿਚ ਸੀ.ਆਈ.ਡੀ. ਦੇ ਕਰਮਚਾਰੀਆਂ ਨੇ ਬਾਬਾ ਦੂਲਾ ਸਿੰਘ ਤੇ ਮਾਸਟਰ ਹਰੀ ਸਿੰਘ ਨੂੰ ਵੇਖਿਆ ਤਾਂ ਹੱਕੇ-ਬੱਕੇ ਰਹਿ ਗਏ ਕਿ ਇਹ ਤਾਂ ਹਮੇਸ਼ਾ ਸਾਡੇ ਕੋਲ ਰਹਿੰਦੇ ਸਨ। ਅਸੀਂ ਇਨ੍ਹਾਂ ਨੂੰ ਮਜ਼ਦੂਰ ਹੀ ਸਮਝਦੇ ਰਹੇ,ਕੀ ਪਤਾ ਸੀ, ਇਹ ਐਡੇ ਵੱਡੇ ਲੀਡਰ ਹਨ।

ਮੈਂ 2008 ਵਿਚ ਬਾਬਾ ਦੂਲਾ ਸਿੰਘ ਬਾਰੇ ਕਿਤਾਬ ਤਿਆਰ ਕਰ ਰਿਹਾ ਸੀ। ਇਸ ਸਬੰਧੀ ਬਾਬਾ ਦੂਲਾ ਸਿੰਘ ਦੇ ਇਕ ਸਗਿਰਦ ਕਾਮਰੇਡ ਗੁਰਸੇਵਕ ਸਿੰਘ ਨੇ ਦੱਸਿਆ, “1959 ਵਿਚ ਖੁਸਹੈਸੀਅਤੀ ਟੈਕਸ ਵਿਰੁੱਧ ਗ੍ਰਿਫ਼ਤਾਰੀਆਂ ਦਿੱਤੀਆਂ ਜਾ ਰਹੀਆਂ ਸਨ। ਬਾਬਾ ਜੀ ਸਾਰਾ ਕੰਮ ਗੁਪਤਵਾਸ ਹੋ ਕੇ ਕਰ ਰਹੇ ਸਨ। ਸਾਡਾ ਜਥਾ ਗ੍ਰਿਫ਼ਤਾਰੀਆਂ ਦੇਣ ਲਈ ਬਰਨਾਲੇ ਪਹੁੰਚਾ ਤਾਂ ਸਾਨੂੰ ਛੇ ਕਾਮਰੇਡਾਂ ਨੂੰ ਫੜ ਕੇ ਜੇਲ੍ਹ ਘੱਲ ਦਿੱਤਾ ਤੇ ਬਾਕੀਆਂ ਨੂੰ ਪੁਲਿਸ ਫੜ ਕੇ ਕਿਤੇ ਦੂਰ ਛੱਡ ਆਈ। ਰਾਤ ਨੂੰ ਪੁਲਿਸ ਸਾਡੇ ’ਤੇ ਤਸ਼ੱਦਦ ਕਰਕੇ ਮੁਆਫ਼ੀ ਲਿਖਵਾਉਣ ਲਈ ਕਹਿੰਦੀ ਰਹੀ, ਅਸੀਂ ਨਾ ਮੰਨੇ। ਜਦ ਦੂਸਰੇ ਦਿਨ ਸਾਨੂੰ ਅਦਾਲਤ ਲੈ ਕੇ ਜਾ ਰਹੇ ਸਨ ਤਾਂ ਰਸਤੇ ਵਿਚ ਸਾਡੇ ਕੋਲ ਵੀ ਇਕ ਬੰਦਾ ਲੰਘਿਆ। ਉਸ ਨੇ ਤੇੜ ਧੋਤੀ ਦਾ ਲਾਗੜ ਮਾਰਿਆ, ਹੱਥ ਵਿਚ ਗੜਵੀ, ਗਲ ਵਿਚ ਮਾਲ਼ਾ, ਮੱਥੇ ’ਤੇ ਤਿਲਕ ਸੀ। ਉਹ ਬੋਲ ਰਿਹਾ ਸੀ, “ਕੁਰਬਾਨੀ ਵਾਲੇ ਪੁੱਤਰੋ, ਡਰੋ ਨਾ, ਕੁਰਬਾਨੀਆਂ ਕਦੇ ਅਜ਼ਾਈਂ ਨਹੀਂ ਜਾਂਦੀਆਂ, ਹੌਸਲਾ ਰੱਖੋ।”। ਇਹ ਪਾਂਡਾ ਨਹੀਂ ਸੀ, ਬਾਬਾ ਦੂਲਾ ਸਿੰਘ ਸੀ। ਅਸੀਂ ਵੇਖ ਕੇ ਹੈਰਾਨ ਹੋ ਗਏ। ਸੋਚਦੇ, ਇਹ ਬਾਬੇ ਕਿਸ ਮਿੱਟੀ ਦੇ ਬਣੇ ਹੋਏ ਹਨ। ਉਹ ਪੈਰ ਪੈਰ ’ਤੇ ਆਪਣੇ ਕਾਡਰ ਦਾ ਖ਼ਿਆਲ ਰੱਖਦੇ ’ਤੇ ਹੌਸਲਾ ਦਿੰਦੇ ਸਨ।”

ਇਸੇ ਤਰ੍ਹਾਂ ਬਹਾਦਰ ਸਿੰਘ ਜਲਾਲਦੀਵਾਲ ਨੇ ਦੱਸਿਆ, “ਬਾਬਾ ਦੂਲਾ ਸਿੰਘ ਦੀ ਵੱਡੀ ਪੋਤੀ ਗਿਆਨ ਕੌਰ ਦਾ ਰਿਸ਼ਤਾ ਮੈਂ ਹੀ ਪਿੰਡ ਧਨੇਰ ਕਰਵਾਇਆ ਸੀ। ਬਾਬਾ ਦੂਲਾ ਸਿੰਘ ਤੇ ਮੇਰੇ ਪਿਤਾ ਅਰਜਨ ਸਿੰਘ ਦੇ ਵਰੰਟ ਜਾਰੀ ਸਨ। ਜੋ ਸੱਜਣ ਗਿਆਨ ਕੌਰ ਦਾ ਸ਼ਗਨ ਪਾਉਣ ਪਿੰਡ ਧਨੇਰ ਗਏ ਉਨ੍ਹਾਂ ਵਿਚ ਬਾਬਾ ਦੂਲਾ ਸਿੰਘ ਤੇ ਪਿਤਾ ਅਰਜਨ ਸਿੰਘ ਵੀ ਗਏ ਸਨ। ਜਦ ਧਨੇਰ ਮੰਗਣੇ ਦੀ ਰਸਮ ਹੋ ਰਹੀ ਸੀ ਤਾਂ ਕਿਸੇ ਨੇ ਆ ਕੇ ਦੱਸ ਦਿੱਤਾ, ਪੁਲਿਸ ਆ ਗਈ ਹੈ। ਇਹ ਸੁਣ ਕੇ ਬਾਬਾ ਦੂਲਾ ਸਿੰਘ ਤੇ ਅਰਜਨ ਸਿੰਘ ਵਲਗਣ ਦੀਆਂ ਕੰਧਾਂ ਟੱਪ ਕੇ ਭੱਜ ਗਏ।

ਬਾਬਾ ਜੀ ਦੀ ਜ਼ਿੰਦਗੀ ਸਾਡੇ ਲਈ ਪ੍ਰੇਰਣਾਸਰੋਤ ਹੈ, ਜਿਸ ਨੇ ਸਾਰੀ ਉਮਰ ਹੀ ਲੋਕਾਂ ਦੇ ਲੇਖੇ ਲਾ ਦਿੱਤੀ। ਅਖੀਰ 29 ਦਸੰਬਰ 1966 ਨੂੰ ਬੁਢੇਪੇ ਦੀ ਉਮਰ ਵਿਚ ਸਦਾ ਲਈ ਧਰਤੀ ਮਾਂ ਦੀ ਗੋਦ ਵਿਚ ਸੌਂ ਗਏ। ਪਾਰਟੀ ਅਤੇ ਪਿੰਡ ਵਾਸੀ ਉਸ ਸਮੇਂ ਤੋਂ ਲਗਾਤਾਰ ਹਰ ਸਾਲ ਬਰਸੀ ਦੇ ਦਿਨ ’ਤੇ ਦੇਸ਼ ਭਗਤ ਮੇਲਾ ਲਾ ਕੇ ਉਨ੍ਹਾਂ ਨੂੰ ਯਾਦ ਕਰਦੇ ਹਨ।

SHAHEED BHAGAT SINGH BOOK CENTRE
Calgary Canada

ਸ਼ਹੀਦ ਭਗਤ ਸਿੰਘ ਬੁੱਕ ਸੈਂਟਰ

A Non-Profit, Volunteer Service to Promote New Readership & Encourage New Writers!
Book Exhibition & Sale!
Contact: Master Bhajan Singh at 403-455-4220

# ਜੰਮੂ-ਕਸ਼ਮੀਰ 'ਚ ਹਾਸ਼ੀਆਗ੍ਰਸਤ ਕਬਾਇਲੀਆਂ ਦਾ ਉਜਾੜਾ

-ਬੂਟਾ ਸਿੰਘ





ਹਿੰਦੂਤਵ ਫਾਸ਼ੀਵਾਦੀ ਆਰ. ਐੱਸ. ਐੱਸ.-ਭਾਜਪਾ ਦੀ ਖ਼ਸਲਤ ਵੀ ਕੁਲ ਆਲਮ ਦੇ ਫਾਸ਼ੀਵਾਦੀਆਂ ਵਾਲੀ ਹੈ। ਇਹ ਜੋ ਵਾਅਦੇ, ਐਲਾਨ ਅਤੇ ਦਾਅਵੇ ਕਰਦੇ ਹਨ, ਅਮਲ ਵਿਚ ਉਸ ਤੋਂ ਪੂਰੀ ਤਰ੍ਹਾਂ ਉਲਟ ਕਰਦੇ ਹਨ। ਜਦ ਪਿਛਲੇ ਸਾਲ ਅਗਸਤ ਮਹੀਨੇ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ (ਧਾਰਾ 370 ਅਤੇ ਧਾਰਾ 35ਏ) ਦਾ ਭੋਗ ਪਾ ਕੇ ਇਸ ਦੀ ਨਿਆਰੀ ਇਤਿਹਾਸਕ ਹਸਤੀ ਨੂੰ ਖ਼ਤਮ ਕਰਨ ਦਾ ਫਾਸ਼ੀਵਾਦੀ ਕਾਨੂੰਨ ਪਾਸ ਕੀਤਾ ਗਿਆ ਤਾਂ ਉਸ ਦੇ ਹੱਕ ਵਿਚ ਨਰਿੰਦਰ ਮੋਦੀ ਸਮੇਤ ਤਮਾਮ ਭਗਵੇਂ ਅਨਸਰਾਂ ਨੇ ਜ਼ੋਰਦਾਰ ਦਲੀਲ ਦਿੱਤੀ ਸੀ ਕਿ ਇਹ ਇਤਿਹਾਸਕ ਕਦਮ ਕਸ਼ਮੀਰ ਅਤੇ ਕਸ਼ਮੀਰੀਆਂ ਦੇ ਵਿਕਾਸ ਲਈ ਚੁੱਕਿਆ ਗਿਆ ਹੈ ਕਿਉਂਕਿ ਵਿਸ਼ੇਸ਼ ਦਰਜੇ ਦੀ ਸੰਵਿਧਾਨਕ ਵਿਵਸਥਾ ਨੇ ਉਹਨਾਂ ਦਾ ਵਿਕਾਸ ਨਹੀਂ ਹੋਣ ਦਿੱਤਾ। ਕਸ਼ਮੀਰ ਅਵਾਮ ਨੂੰ ਆਪਸ ਵਿਚ ਲੜਾਉਣ ਲਈ ਇਹ ਝੂਠ ਵੀ ਪ੍ਰਚਾਰਿਆ ਗਿਆ ਕਿ ਭਾਰਤ ਦਾ ਜੰਗਲ ਹੱਕ ਕਾਨੂੰਨ ਲਾਗੂ ਹੋਣ ਨਾਲ ਨਵੇਂ ਨਿਜ਼ਾਮ ਹੇਠ ਕਬਾਇਲੀ ਭਾਈਚਾਰਿਆਂ ਨੂੰ ਬਹੁਤ ਫ਼ਾਇਦਾ ਹੋਵੇਗਾ। ਉਚੇਰੀ ਸਿੱਖਿਆ ਅਤੇ ਨੌਕਰੀਆਂ ਵਿਚ ਰਾਖਵਾਂਕਰਨ ਅਤੇ ਹੋਰ ਸੰਵਿਧਾਨਕ ਵਿਵਸਥਾਵਾਂ ਦਾ ਉਹਨਾਂ ਨੂੰ ਬਹੁਤ ਲਾਭ ਹੋਵੇਗਾ। ਇਹ ਵੱਖਰਾ ਸਵਾਲ ਹੈ ਕਿ ਜਿਹਨਾਂ ਦੇ 'ਵਿਕਾਸ' ਅਤੇ 'ਸ਼ਕਤੀਕਰਨ' ਦੇ ਦਾਅਵੇ ਕੀਤੇ ਜਾ ਰਹੇ ਸਨ ਉਹਨਾਂ ਨੂੰ ਰੋਸ ਪ੍ਰਗਟਾਉਣ ਦੀ ਇਜਾਜ਼ਤ ਵੀ ਨਹੀਂ ਦਿੱਤੀ ਗਈ, ਉਹਨਾਂ ਦੀ ਰਾਏ ਲੈਣ ਦੀ ਤਾਂ ਗੱਲ ਹੀ ਛੱਡੋ। ਇਕ ਸਾਲ ਬਾਦ ਵੀ ਕਸ਼ਮੀਰ ਖੁੱਲ੍ਹੀ ਜੇਲ੍ਹ ਵਾਂਗ ਹੈ ਅਤੇ ਉੱਥੇ ਕਿਸੇ ਨੂੰ ਆਪਣੀ ਗੱਲ ਕਹਿਣ ਦੀ ਇਜਾਜ਼ਤ ਨਹੀਂ ਹੈ। ਆਰ.ਐੱਸ.ਐੱਸ.-ਭਾਜਪਾ ਸਰਕਾਰ ਦੀਆਂ ਨੀਤੀਆਂ ਨੇ ਜੰਮੂ-ਕਸ਼ਮੀਰ ਦੀ ਆਰਥਿਕਤਾ ਨੂੰ ਕਿਸ ਕਦਰ ਤਬਾਹ ਕਰ ਦਿੱਤਾ ਹੈ, ਇਸ ਦਾ ਕੋਈ ਭਰਵਾਂ ਅਧਿਐਨ ਤਾਂ ਅਜੇ ਤਕ ਸਾਹਮਣੇ ਨਹੀਂ ਆਇਆ ਲੇਕਿਨ ਜੋ ਟੁੱਟਵੀਂਆਂ ਰਿਪੋਰਟਾਂ ਸਮੇਂ-ਸਮੇਂ 'ਤੇ ਬਾਹਰ ਆਉਂਦੀਆਂ ਹਨ ਉਹ ਬਹੁਤ ਹੀ ਭਿਆਨਕ ਤਸਵੀਰ ਪੇਸ਼ ਕਰਦੀਆਂ ਹਨ। ਲਗਾਤਾਰ ਫ਼ੌਜੀ ਕਬਜ਼ੇ ਹੇਠ ਕਸ਼ਮੀਰ ਦੀ ਆਰਥਿਕਤਾ ਨੂੰ ਤਬਾਹ ਅਤੇ ਬਰਬਾਦ ਕਰਕੇ ਕਸ਼ਮੀਰੀ ਅਵਾਮ ਦਾ ਲੱਕ ਤੋੜਨ ਦੀ ਪੂਰੀ ਕੋਸ਼ਿਸ਼ ਕੀਤੀ ਗਈ ਹੈ। ਹਾਲ ਹੀ ਵਿਚ ਗੁੱਜਰ ਬਕਰਵਾਲ ਚਰਵਾਹੇ ਭਾਈਚਾਰੇ ਦੇ ਉਜਾੜੇ ਦੀ ਹੌਲਨਾਕ ਰਿਪੋਰਟ ਨੇ ਖ਼ੁਲਾਸਾ ਕੀਤਾ ਹੈ ਕਿ ਪਹਿਲਾਂ ਹੀ ਹਾਸ਼ੀਏ 'ਤੇ ਰਹਿ ਰਹੇ ਗ਼ਰੀਬ ਲੋਕਾਂ ਨੂੰ ਕਿਸ ਕਦਰ ਉਜਾੜਿਆ ਅਤੇ ਗਿਣ-ਮਿੱਥ ਕੇ ਤਬਾਹ ਕੀਤਾ ਜਾ ਰਿਹਾ ਹੈ। ਨਵਾਂ ਡੋਮੀਸਾਈਲ ਕਾਨੂੰਨ ਬਣਾ ਕੇ ਗ਼ੈਰਕਸ਼ਮੀਰੀਆਂ ਦੇ ਕਸ਼ਮੀਰ ਦੀ ਜ਼ਮੀਨ ਉੱਪਰ ਨਜਾਇਜ਼ ਕਬਜ਼ੇ ਦਾ ਰਾਹ ਪੱਧਰਾ ਕਰ ਲਿਆ ਗਿਆ ਹੈ।

ਫਰੀ ਪ੍ਰੈੱਸ ਕਸ਼ਮੀਰ (13 ਨਵੰਬਰ 2020) ਦੀ ਰਿਪੋਰਟ ਅਨੁਸਾਰ ਜੰਮੂ-ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰ ਦੇ ਪਹਲਗਾਮ ਇਲਾਕੇ ਦੇ ਗੁੱਜਰ ਅਤੇ ਬਕਰਵਾਲ ਕਬੀਲਿਆਂ ਦੇ ਆਰਜ਼ੀ ਕੱਚੇ ਘਰ ਢਾਹੁਣ ਦੀ ਮੁਹਿੰਮ ਵਿੱਢ ਦਿੱਤੀ ਹੈ। ਸਿਤਮ-ਜਰੀਫ਼ੀ ਇਹ ਹੈ ਕਿ ਨਾ ਤਾਂ ਇਹ ਚਰਵਾਹੇ ਇਹਨਾਂ ਥਾਵਾਂ ਉੱਪਰ ਪੱਕੇ ਤੌਰ 'ਤੇ ਰਹਿੰਦੇ ਹਨ ਅਤੇ ਨਾ ਉਹਨਾਂ ਨੇ ਜ਼ਮੀਨਾਂ ਉੱਪਰ ਕਬਜ਼ੇ ਕੀਤੇ ਹੋਏ ਹਨ। ਇਹ ਉਹਨਾਂ ਦੀ ਤਰਜ਼ੇ-ਜ਼ਿੰਦਗੀ ਹੀ ਨਹੀਂ ਹੈ। ਗੁੱਜਰ ਅਤੇ ਬਕਰਵਾਲ ਜੋ ਗਰਮੀ ਦੀ ਰੁੱਤੇ ਛੇ ਮਹੀਨਿਆਂ ਲਈ ਕਸ਼ਮੀਰ ਅਤੇ ਲੱਦਾਖ ਵਿਚ ਆ ਕੇ ਠਹਿਰਦੇ ਹਨ ਅਤੇ ਇੱਥੋਂ ਦੀਆਂ ਉੱਚੇ ਪਹਾੜੀ ਇਲਾਕਿਆਂ ਦੀਆਂ ਚਰਾਂਦਾਂ ਵਿਚ ਭੇਡਾਂ-ਬੱਕਰੀਆਂ ਅਤੇ ਹੋਰ ਪਸ਼ੂ ਚਰਾਉਂਦੇ ਹਨ, ਉਹ ਪਹਿਲਾਂ ਹੀ ਇੱਥੋਂ ਦੇ ਆਪਣੇ ਆਰਜ਼ੀ ਰੈਣ-ਬਸੇਰੇ ਛੱਡ ਕੇ ਜੰਮੂ ਦੇ ਇਲਾਕਿਆਂ ਵਿਚ ਚਲੇ ਗਏ ਹਨ। ਫਿਰ ਜੰਗਲਾਤ ਮਹਿਕਮੇ ਨੂੰ ਉਹਨਾਂ ਦੇ ਆਰਜ਼ੀ ਕੋਠੇ ਢਾਹੁਣ ਦੀ ਕੀ ਲੋੜ ਪੈ ਗਈ?

ਸ਼ੁੱਕਰਵਾਰ ਨੂੰ ਸੋਸ਼ਲ ਮੀਡੀਆ ਉੱਪਰ ਇਕ ਵੀਡੀਓ ਸ਼ੇਅਰ ਹੋਈ ਜਿਸ ਵਿਚ ਜੰਗਲਾਤ ਅਧਿਕਾਰੀ ਗੁੱਜਰਾਂ ਦੇ ਕੋਠੇ ਢਾਹ ਰਹੇ ਹਨ। ਉਜਾੜੇ ਦਾ ਇਹ ਮੰਜ਼ਰ ਅਨੰਤਨਾਗ ਜ਼ਿਲ੍ਹੇ ਦੇ ਪਹਲਗਾਮ ਇਲਾਕੇ ਵਿਚਲੇ ਮਮਾਲ ਦੇ ਉੱਚੇ ਪਹਾੜੀ ਖੇਤਰ ਦਾ ਹੈ। ਜਦ ਅਗਲੇ ਸਾਲ ਮਈ ਮਹੀਨੇ ਇਹ ਚਰਵਾਹੇ ਵਾਪਸ ਇੱਥੇ ਆਉਣਗੇ ਤਾਂ ਇੱਥੇ ਉਹਨਾਂ ਦੇ ਰੈਣ-ਬਸੇਰਿਆਂ ਦਾ ਨਾਮ-ਨਿਸ਼ਾਨ ਵੀ ਨਹੀਂ ਮਿਲੇਗਾ। ਥਾਂ-ਥਾਂ ਭਟਕਣ ਤੋਂ ਸਿਵਾਏ ਉਹ ਕੀ ਕਰਨਗੇ? ਭਗਵੇਂ ਹੁਕਮਰਾਨਾਂ ਦੇ ਹਾਸ਼ੀਆਗ੍ਰਸਤ ਹਿੱਸਿਆਂ ਦੇ 'ਸ਼ਕਤੀਕਰਨ' ਦੇ ਵਾਅਦੇ ਦੀ ਅਸਲੀਅਤ ਇਹ ਹੈ।

ਇਸ ਮਾਮਲੇ 'ਚ ਜ਼ਿਲ੍ਹਾ ਕਮਿਸ਼ਨਰ ਵੱਲੋਂ ਇਸ ਉਜਾੜੇ ਦੀ ਜੋ ਸਫ਼ਾਈ ਦਿੱਤੀ ਜਾ ਰਹੀ ਹੈ ਉਸ ਵਿਚ ਕੋਈ ਦਮ ਨਹੀਂ। ਉਸ ਦਾ ਕਹਿਣਾ ਹੈ ਕਿ ਇਹ ਤਾਂ ਨਜਾਇਜ਼ ਕਬਜ਼ੇ ਹਟਾਉਣ ਦੀ ਮੁਹਿੰਮ ਹੈ ਜਿਸ ਤਹਿਤ 700 ਕਨਾਲ ਜ਼ਮੀਨ ਖਾਲੀ ਕਰਾਈ ਗਈ ਹੈ। ਜਦ ਇਹਨਾਂ ਆਰਜ਼ੀ ਕੋਠਿਆਂ ਨੂੰ ਸਿਰਫ਼ ਹੁਨਾਲ ਦੇ ਮੌਸਮ ਵਿਚ ਛੇ ਮਹੀਨੇ ਇਸਤੇਮਾਲ ਕਰਨ ਵਾਲੇ ਗੁੱਜਰ ਇੱਥੇ ਪੱਕੇ ਤੌਰ 'ਤੇ ਰਹਿੰਦੇ ਹੀ ਨਹੀਂ, ਫਿਰ ਕਬਜ਼ੇ ਦਾ ਤਾਂ ਸਵਾਲ ਹੀ ਨਹੀਂ ਹੈ।

ਇਸ ਉਜਾੜੇ ਦਾ ਕਾਰਨ ਆਰ.ਐੱਸ.ਐੱਸ.-ਭਾਜਪਾ ਵੱਲੋਂ ਜੰਮੂ-ਕਸ਼ਮੀਰ ਦੇ ਰੋਸ਼ਨੀ ਐਕਟ ਨੂੰ ਖ਼ਤਮ ਕਰਨਾ ਹੈ। ਜਿਸ ਤਹਿਤ ਜੰਮੂ-ਕਸ਼ਮੀਰ ਜੰਗਲਾਤ ਮਹਿਕਮੇ ਵੱਲੋਂ ਜੰਮੂ ਅਤੇ ਕਸ਼ਮੀਰ ਦੋਨਾਂ ਹਿੱਸਿਆਂ ਦੇ ਕਬਾਇਲੀ ਲੋਕਾਂ ਨੂੰ ਬੇਦਖ਼ਲੀ ਦੇ ਨੋਟਿਸ ਜਾਰੀ ਕੀਤੇ ਗਏ ਹਨ। ਰੋਸ਼ਨੀ ਐਕਟ ਜੋ ਲੋਕ ਸਰਕਾਰੀ ਜ਼ਮੀਨ ਉੱਪਰ ਕਾਬਜ਼ ਸਨ ਉਹਨਾਂ ਨੂੰ ਮਾਲਕੀ ਦੇ ਹੱਕ ਦਿੰਦਾ ਸੀ। ਹਾਲੀਆ ਮੁਹਿੰਮ ਨਾਲ ਗੁੱਜਰ ਅਤੇ ਬਕਰਵਾਲ ਚਰਵਾਹਾ ਕਬੀਲਿਆਂ ਦੇ ਲੋਕਾਂ ਤੋਂ ਸਰਕਾਰੀ ਜ਼ਮੀਨਾਂ ਨੂੰ ਇਸਤੇਮਾਲ ਕਰਨ ਦਾ ਹੱਕ ਖੋਹ ਲਿਆ ਗਿਆ ਹੈ। ਮਰਦਮਸ਼ੁਮਾਰੀ 2011 ਅਨੁਸਾਰ ਜੰਮੂ-ਕਸ਼ਮੀਰ ਦੀ 1.25 ਕਰੋੜ ਵਸੋਂ ਵਿਚ ਸੂਚੀਦਰਜ ਕਬੀਲਿਆਂ ਦੀ ਵਸੋਂ 14 ਲੱਖ ਤੋਂ ਵਧੇਰੇ ਹੈ। ਅਤੇ ਗੁੱਜਰ ਅਤੇ ਬਕਰਵਾਲ ਇੱਥੋਂ ਦੇ 12 ਸੂਚੀਦਰਜ ਕਬੀਲਿਆਂ ਵਿੱਚੋਂ ਸਭ ਤੋਂ ਵੱਡੇ ਕਬਾਇਲੀ ਸਮੂਹ ਹਨ। ਇਹ ਗ਼ੌਰਤਲਬ ਹੈ ਕਿ ਕਬਾਇਲੀ ਵਸੋਂ ਵਿਚ 90ਫ਼ੀ ਸਦੀ ਤੋਂ ਵਧੇਰੇ ਮੁਸਲਮਾਨ ਹਨ।

ਜੋ ਇਸ ਸਾਬਕਾ ਰਿਆਸਤ ਦੀ ਵਸੋਂ ਦਾ ਗਿਣਨਯੋਗ ਹਿੱਸਾ ਬਣਦੇ ਹਨ। ਰਵਾਇਤੀ ਤੌਰ 'ਤੇ ਉਹ ਮੁਕਾਮੀ ਮੌਸਮ ਦੇ ਹਿਸਾਬ ਨਾਲ ਇਹਨਾਂ ਜ਼ਮੀਨਾਂ ਉੱਪਰ ਰੈਣ-ਬਸੇਰੇ ਕਰਕੇ ਆਪਣਾ ਗੁਜ਼ਾਰਾ ਕਰਦੇ ਆ ਰਹੇ ਹਨ। 'ਵਿਕਾਸ' ਦੇ ਦਾਅਵੇ ਕਰਨ ਵਾਲੇ ਭਗਵੇਂ ਤਾਨਾਸ਼ਾਹਾਂ ਨੇ ਇਹਨਾਂ ਚਰਵਾਹਿਆਂ ਦੀ ਬਿਹਤਰੀ ਲਈ ਤਾਂ ਕੋਈ ਯੋਜਨਾ ਪੇਸ਼ ਨਹੀਂ ਕੀਤੀ ਜੋ ਪਹਿਲਾਂ ਹੀ ਹਾਸ਼ੀਏ ਉੱਪਰ ਜੀਵਨ ਬਸਰ ਕਰ ਰਹੇ ਸਨ, ਉਹਨਾਂ ਦਾ ਜੰਗਲ ਦੀਆਂ ਜ਼ਮੀਨਾਂ ਵਰਤਣ ਦਾ ਰਵਾਇਤੀ ਹੱਕ ਜ਼ਰੂਰ ਖੋਹ ਲਿਆ। ਭਾਵੇਂ ਧਾਰਾ 370 ਸਿੱਧੇ ਤੌਰ 'ਤੇ ਗੁੱਜਰ ਅਤੇ ਬਕਰਵਾਲ ਸਮੂਹਾਂ ਦੀ ਭਲਾਈ ਵਿਚ ਸਹਾਈ ਨਹੀਂ ਸੀ ਹੁੰਦੀ, ਇਹ ਇਕ ਹੱਦ ਤਕ ਉਹਨਾਂ ਦੀ ਪਛਾਣ ਦੀ ਸਲਾਮਤੀ ਅਤੇ ਸੁਰੱਖਿਆ ਜ਼ਰੂਰ ਕਰਦੀ ਸੀ।

1947 'ਚ ਸੱਤਾ ਦੇ ਤਬਾਦਲੇ ਦੇ ਵਕਤ ਵੀ ਪੰਜਾਬ ਦੇ ਨਾਲ ਜੰਮੂ ਦੇ ਮੁਸਲਮਾਨ ਹਿੰਸਾ, ਸਾੜਫੂਕ ਅਤੇ ਕਤਲੇਆਮ ਦਾ ਸ਼ਿਕਾਰ ਹੋਏ ਸਨ। ਡੋਗਰਾ ਹੁਕਮਰਾਨਾਂ ਅਤੇ ਆਰ.ਐੱਸ.ਐੱਸ. ਨੇ ਜੰਮੂ-ਪੁਣਛ ਇਲਾਕੇ ਵਿਚ ਇਹਨਾਂ ਮੁਸਲਮਾਨ ਕਬਾਇਲੀਆਂ ਦੇ ਖ਼ੂਨ ਦੀਆਂ ਨਦੀਆਂ ਵਹਾ ਦਿੱਤੀਆਂ ਸਨ। ਉੱਘੇ ਪੱਤਰਕਾਰ ਵੇਦ ਭਸੀਨ ਇਸ ਕਤਲੇਆਮ ਦੇ ਚਸ਼ਮਦੀਦ ਗਵਾਹ ਸਨ। ਉਹ ਲਿਖਦੇ ਹਨ ਕਿ ਹਜ਼ਾਰਾਂ ਗੁੱਜਰਾਂ ਨੂੰ ਦਿਨ-ਦਿਹਾੜੇ ਕਤਲ ਕੀਤਾ ਗਿਆ ਅਤੇ ਰਾਮਨਗਰ ਰਖ ਦੀ ਜ਼ਮੀਨ ਉੱਪਰ ਗੁੱਜਰ ਮਰਦਾਂ, ਔਰਤਾਂ ਅਤੇ ਬੱਚਿਆਂ ਦੀਆਂ ਲਾਸ਼ਾਂ ਹੀ ਲਾਸ਼ਾਂ ਖਿੰਡੀਆਂ ਪਈਆਂ ਸਨ। ਸਿਆਲਕੋਟ ਪਾਕਿਸਤਾਨ ਚਲੇ ਜਾਣ ਲਈ ਮਜਬੂਰ ਕੀਤੇ ਕਸ਼ਮੀਰੀਆਂ ਵਿਚ ਗੁੱਜਰ ਵੀ ਸਨ। ਜਦ ਉਹ ਪ੍ਰਵਾਸ ਕਰਕੇ ਸਿਆਲਕੋਟ ਨੂੰ ਜਾ ਰਹੇ ਸਨ ਤਾਂ ਆਰ.ਐੱਸ.ਐੱਸ. ਦੇ ਹਤਿਆਰੇ ਗਰੋਹਾਂ ਅਤੇ ਸਿੱਖ ਪਨਾਹਗੀਰਾਂ ਨੇ ਉਹਨਾਂ ਉੱਪਰ ਜੰਮੂ ਦੇ ਬਾਹਰਵਾਰ ਹਮਲਾ ਕਰਕੇ ਉਹਨਾਂ ਵਿੱਚੋਂ ਜ਼ਿਆਦਾਤਰ ਨੂੰ ਬੇਕਿਰਕੀ ਨਾਲ ਕਤਲ ਕਰ ਦਿੱਤਾ। ਇਸ ਕਤਲੇਆਮ ਅਤੇ ਅਗਲੇ ਸਾਲਾਂ ਵਿਚ ਪ੍ਰਵਾਸ ਨਾਲ ਜੰਮੂ ਖੇਤਰ ਦੀ ਵਸੋਂ ਬਣਤਰ ਬਹੁਤ ਜ਼ਿਆਦਾ ਬਦਲ ਗਈ ਜੋ ਕਿ ਆਰ.ਐੱਸ.ਐੱਸ. ਦਾ ਮੁੱਖ ਮਕਸਦ ਸੀ। ਗੁੱਜਰ ਅਤੇ ਬਕਰਵਾਲ ਸਮਾਜੀ-ਆਰਥਕ ਤੌਰ 'ਤੇ ਹੋਰ ਵੀ ਜ਼ਿਆਦਾ ਹਾਸ਼ੀਏ ਉੱਪਰ ਧੱਕੇ ਗਏ। ਕਸ਼ਮੀਰ ਦੇ ਸਵੈਨਿਰਣੇ ਲਈ ਸੰਘਰਸ਼ ਨੂੰ ਦਬਾਉਣ ਲਈ ਫ਼ੌਜ ਅਤੇ ਸਲਾਮਤੀ ਦਸਤਿਆਂ ਦੀ ਥੋਕ ਤਾਇਨਾਤੀ ਦਾ ਵੀ ਚਰਵਾਹਾ ਜੀਵਨ ਉੱਪਰ ਡੂੰਘੇ ਰੂਪ 'ਚ ਅਸਰ ਪਿਆ। ਲਾਈਨ ਆਫ਼ ਕੰਟਰੋਲ ਨੇੜਲੇ ਇਲਾਕਿਆਂ ਵਿਚ ਫ਼ੌਜ ਨੇ ਸੁਰੱਖਿਆ ਦੇ ਨਾਮ ਹੇਠ ਕਈ ਚਰਾਂਦਾਂ ਆਪਣੇ ਕਬਜ਼ੇ ਵਿਚ ਲੈ ਲਈਆਂ ਅਤੇ ਉੱਥੇ ਚਰਵਾਹਿਆਂ ਦੀ ਆਮਦ ਉੱਪਰ ਸਖ਼ਤ ਪਾਬੰਦੀਆਂ ਆਇਦ ਕਰ ਦਿੱਤੀਆਂ। ਹਾਲੀਆ ਬੇਦਖ਼ਲੀ ਨਾਲ ਉਹਨਾਂ ਦੀ ਹਾਲਤ ਹੋਰ ਵੀ ਬਦਤਰ ਹੋ ਜਾਵੇਗੀ। ਕਬਾਇਲੀਆਂ ਦੀ ਹਾਲੀਆ ਬੇਦਖ਼ਲੀ ਭਾਰਤ ਦੇ ਜੰਗਲ ਹੱਕ ਕਾਨੂੰਨ 2006 ਅਨੁਸਾਰ ਵੀ ਗ਼ੈਰਕਾਨੂੰਨੀ ਹੈ ਜਿਸ ਵਿਚ ਜੰਗਲ ਦੇ ਰਵਾਇਤੀ ਬਾਸ਼ਿੰਦਿਆਂ ਨੂੰ ਜ਼ਬਰੀ ਉਜਾੜੇ ਤੋਂ ਅਤੇ ਉਹਨਾਂ ਨੂੰ ਹੋਰ ਹੱਕਾਂ ਤੋਂ ਵਿਰਵੇ ਕੀਤੇ ਜਾਣ ਤੋਂ ਸੰਵਿਧਾਨਕ ਸੁਰੱਖਿਆ ਦਿੱਤੀ ਗਈ ਹੈ। ਇਸ ਕਾਨੂੰਨ ਅਨੁਸਾਰ ਉਹਨਾਂ ਨੂੰ ਚਰਾਂਦਾਂ ਅਤੇ ਪਾਣੀ ਦੇ ਵਸੀਲੇ ਇਸਤੇਮਾਲ ਕਰਨ ਅਤੇ ਲੱਕੜੀ ਵੱਢਣ ਤੋਂ ਸਿਵਾਏ ਹੋਰ ਜੰਗਲੀ ਉਪਜਾਂ ਦਾ ਆਪਣੇ ਜੀਵਨ-ਗੁਜ਼ਾਰੇ ਲਈ ਇਸਤੇਮਾਲ ਕਰਨ ਦਾ ਹੱਕ ਹੈ। ਇਸ ਕਾਨੂੰਨ ਤਹਿਤ ਸੂਚੀਦਰਜ ਕਬੀਲਿਆਂ ਨੂੰ ਭਾਰਤ ਵਿਚ ਆਪਣੀ ਸੰਸਕ੍ਰਿਤੀ ਅਨੁਸਾਰ ਜ਼ਿੰਦਗੀ ਬਸਰ ਕਰਨ ਅਤੇ ਆਪਣੀ ਨਿਆਰੀ ਪਛਾਣ ਦੀ ਸਲਾਮਤੀ ਦੀ ਇਜਾਜ਼ਤ ਦਿੱਤੀ ਗਈ ਹੈ ਅਤੇ ਕਬਾਇਲੀ ਭਾਈਚਾਰਿਆਂ ਦੇ ਜੰਗਲ-ਆਧਾਰਤ ਜੀਵਨ-ਗੁਜ਼ਾਰੇ ਦੀ ਸਲਾਮਤੀ ਲਈ ਵਿਸ਼ੇਸ਼ ਕਦਮ ਚੁੱਕਣਾ ਅਤੇ ਇਹਨਾਂ ਹੱਕਾਂ ਨੂੰ ਯਕੀਨੀਂ ਬਣਾਉਣਾ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਸਰਕਾਰ ਦੀ ਮੁਹਿੰਮ ਇਸ ਤੋਂ ਐਨ ਉਲਟ ਉਹਨਾਂ ਦੀ ਹੋਂਦ ਹੀ ਖ਼ਤਮ ਕਰਨ ਵੱਲ ਸੇਧਤ ਹੈ।

ਜੇ ਇਹ ਵੀ ਮੰਨ ਲਿਆ ਜਾਵੇ ਕਿ ਧਾਰਾ 370 ਨੂੰ ਖ਼ਤਮ ਕੀਤੇ ਜਾਣ ਤੋਂ ਬਾਦ ਇੱਥੇ ਰੋਸ਼ਨੀ ਐਕਟ ਗ਼ੈਰਪ੍ਰਸੰਗਿਕ ਹੋ ਗਿਆ ਹੈ ਅਤੇ 5 ਅਗਸਤ 2019 ਤੋਂ ਜੰਮੂ-ਕਸ਼ਮੀਰ ਵਿਚ ਭਾਰਤ ਦਾ ਜੰਗਲ ਹੱਕ ਕਾਨੂੰਨ-2006 ਲਾਗੂ ਹੋ ਗਿਆ ਹੈ ਫਿਰ ਭਾਰਤ ਸਰਕਾਰ ਆਪਣੇ ਇਸ ਕਾਨੂੰਨ ਅਨੁਸਾਰ ਕਬਾਇਲੀ ਲੋਕਾਂ ਦੇ ਹੱਕ ਯਕੀਨੀਂ ਬਣਾਉਂਦੀ। ਜੇ ਸਰਕਾਰ ਨੇ ਅਜੇ ਨੋਟੀਫ਼ਾਈ ਕਰਕੇ ਜੰਗਲ ਹੱਕ ਕਾਨੂੰਨ ਲਾਗੂ ਨਹੀਂ ਕੀਤਾ ਫਿਰ ਗ਼ਰੀਬ ਅਤੇ ਵਾਂਝੇ ਲੋਕਾਂ ਦੇ ਉਜਾੜੇ ਦੀ ਇਹ ਮੁਹਿੰਮ ਵੈਸੇ ਹੀ ਗ਼ੈਰਕਾਨੂੰਨੀ ਹੈ। ਯਾਦ ਰਹੇ ਕਿ ਉਪਰੋਕਤ 2006 ਵਾਲਾ ਜੰਗਲ ਹੱਕ ਕਾਨੂੰਨ ਲਾਗੂ ਹੋਣ ਤੋਂ ਪਹਿਲਾਂ ਭਾਰਤ ਦੇ ਵੱਖ-ਵੱਖ ਖੇਤਰਾਂ ਦੇ ਕਬਾਇਲੀ ਅਤੇ ਜੰਗਲ ਦੇ ਹੋਰ ਆਦਿਵਾਸੀ ਬਾਸ਼ਿੰਦੇ ਵੀ ਸਟੇਟ ਅਨੁਸਾਰ "ਨਜਾਇਜ਼ ਕਾਬਜ਼" ਸਨ ਜਿਹਨਾਂ ਨੂੰ ਉਜਾੜਨ, ਖਦੇੜਨ ਅਤੇ ਉਹਨਾਂ ਦੀ ਨਸਲਕੁਸ਼ੀ ਕਰਨ ਲਈ 2009 'ਚ ਓਪਰੇਸ਼ਨ ਗ੍ਰੀਨ ਹੰਟ ਦੇ ਨਾਮ ਹੇਠ ਖੁੱਲ੍ਹੀ ਜੰਗ ਵਿੱਢ ਦਿੱਤੀ ਗਈ ਅਤੇ ਆਪਣੇ ਹੀ ਲੋਕਾਂ ਵਿਰੁੱਧ ਦਹਿ-ਲੱਖਾਂ ਨੀਮ-ਫ਼ੌਜੀ ਤਾਕਤਾਂ ਅਤੇ ਅਸਿੱਧੇ ਰੂਪ 'ਚ ਫ਼ੌਜ ਲਗਾ ਦਿੱਤੀ ਗਈ। ਜੋ ਇਕ ਦਹਾਕੇ ਬਾਦ ਹੁਣ ਵੀ ਜਾਰੀ ਹੈ। ਇਸ ਦਾ ਵਿਸਤਾਰ ਹੁਣ ਜੰਮੂ-ਕਸ਼ਮੀਰ ਵਿਚ ਵੀ ਹੋ ਰਿਹਾ ਹੈ।

ਮੁਕਾਮੀ ਪ੍ਰਸ਼ਾਸਨ ਦੀ ਨਜਾਇਜ਼ ਕਬਜ਼ਿਆਂ ਦੀ ਦਲੀਲ ਪੂਰੀ ਤਰ੍ਹਾਂ ਝੂਠੀ ਹੈ ਕਿਉਂਕਿ ਜੇ ਨਜਾਇਜ਼ ਕਬਜ਼ੇ ਹੀ ਹਟਾਉਣੇ ਸਨ ਤਾਂ ਸਭ ਤੋਂ ਪਹਿਲਾਂ ਇਸ ਸਰਜ਼ਮੀਨ ਉੱਪਰੋਂ ਹੋਟਲਾਂ ਸਮੇਤ ਨਜਾਇਜ਼ ਕਾਰੋਬਾਰਾਂ ਦੀਆਂ ਇਮਾਰਤਾਂ ਅਤੇ ਇਸੇ ਤਰ੍ਹਾਂ ਦੀ ਹੋਰ ਪੱਕੀਆਂ ਨਜਾਇਜ਼ ਇਮਾਰਤਾਂ ਢਾਹੀਆਂ ਜਾਂਦੀਆਂ ਜੋ ਕਸ਼ਮੀਰੀ ਅਵਾਮ ਦੇ ਤਿੱਖੇ ਵਿਰੋਧ ਦੇ ਬਾਵਜੂਦ ਬਣਾਈਆਂ ਗਈਆਂ ਅਤੇ ਜੋ ਇੱਥੋਂ ਦੇ ਪੌਣਪਾਣੀ ਅਤੇ ਵਾਤਾਵਰਣ ਲਈ ਵੀ ਗੰਭੀਰ ਖ਼ਤਰਾ ਹਨ।

ਇਹ ਸੱਤਾ ਦੀ ਅਣਮਨੁੱਖੀ ਫ਼ਿਤਰਤ ਦਾ ਹੀ ਇਜ਼ਹਾਰ ਹੈ, ਜੋ ਦਾਅਵੇ ਤਾਂ ਮਨੁੱਖੀ ਵਿਕਾਸ, ਤਰੱਕੀ ਅਤੇ ਬਿਹਤਰੀ ਦੇ ਕਰਦੀ ਹੈ ਲੇਕਿਨ ਜਿਸ ਦੇ ਰੋਜ਼ਮਰਾ ਕਾਰਵਿਹਾਰ, ਯੋਜਨਾਵਾਂ ਅਤੇ ਫ਼ੈਸਲਿਆਂ ਵਿਚ ਇਨਸਾਨਾਂ ਲਈ ਹਮਦਰਦੀ ਅਤੇ ਤਰਸ ਦਾ ਮਾਮੂਲੀ ਅੰਸ਼ ਵੀ ਨਹੀਂ ਹੈ। ਆਰ.ਐੱਸ.ਐੱਸ.-ਭਾਜਪਾ ਦੀ ਸੋਚ ਤਾਂ ਹੋਰ ਵੀ ਬੇਕਿਰਕ ਅਤੇ ਬੇਰਹਿਮ ਹੈ ਜਿਸ ਦਾ ਇਕ ਮੁੱਖ ਮਕਸਦ ਆਪਣੇ ਹਿੰਦੂ ਰਾਸ਼ਟਰ ਦੇ ਏਜੰਡੇ ਤਹਿਤ ਨਾ ਸਿਰਫ਼ ਜੰਮੂ-ਕਸ਼ਮੀਰ ਦੀ ਨਿਆਰੀ ਹਸਤੀ ਨੂੰ ਖ਼ਤਮ ਕਰਨ ਲਈ ਇਸ ਸਰਜ਼ਮੀਨ ਨੂੰ ਫ਼ੌਜੀ ਬੂਟਾਂ ਹੇਠ ਹੋਰ ਵੀ ਬੇਕਿਰਕੀ ਨਾਲ ਲਤਾੜਣਾ ਸੀ ਸਗੋਂ ਇਸ ਰਿਆਸਤ ਦੇ ਕੁਦਰਤੀ ਵਸੀਲਿਆਂ ਨੂੰ ਹੜੱਪ ਕੇ ਇੱਥੋਂ ਦੀ ਜ਼ਮੀਨ, ਪਾਣੀ ਅਤੇ ਹੋਰ ਕੁਦਰਤੀ ਵਸੀਲਿਆਂ ਨੂੰ ਵੱਡੇ ਕਾਰਪੋਰੇਟਾਂ ਦੇ ਹਵਾਲੇ ਕਰਨਾ ਵੀ ਉਹਨਾਂ ਦੇ ਏਜੰਡੇ ਦਾ ਅਟੁੱਟ ਹਿੱਸਾ ਹੈ।





GALAXY Freightline Inc.
Logistics Ltd Calgary Alberta
Warehousing / Distribution

Ajay pal
Manager
604-653-7841

Jatinder Singh
Manager
403-992-0004

Office : 416-644-8881
9910 48 St SE Calgary, AB T2C 4Y5

# ਤਾਨਾਸ਼ਾਹ ਸੱਤਾ ਨੂੰ ਵੰਗਾਰ ਰਿਹੈ ਕਿਸਾਨ ਸੰਘਰਸ਼

(ਸਫ਼ਾ 1 ਦੀ ਬਾਕੀ)

ਨੂੰ ਯਰਕਾਉਣ ਲਈ ਹਜ਼ਾਰਾਂ ਅਣਪਛਾਤੇ ਕਿਸਾਨਾਂ ਵਿਰੁੱਧ ਧੜਾਧੜ ਇਰਾਦਾ ਕਤਲ ਦੇ ਪਰਚੇ ਦਰਜ ਕਰ ਰਹੀ ਹੈ।

ਤਾਨਾਸ਼ਾਹ ਸੱਤਾ ਨਾਲ ਜੁਝਾਰੂ ਕਿਸਾਨਾਂ ਦੀ ਪਹਿਲੀ ਟੱਕਰ ਪੰਜਾਬ-ਹਰਿਆਣਾ ਦੇ ਸਰਹੱਦੀ ਲਾਂਘਿਆਂ ਉੱਪਰ ਹੋਈ ਜਿੱਥੇ ਹਰਿਆਣੇ ਦੀ ਖੱਟਰ ਸਰਕਾਰ ਨੇ ਆਰ.ਐੱਸ.ਐੱਸ.-ਭਾਜਪਾ ਹਾਈਕਮਾਨ ਦੇ ਇਸ਼ਾਰੇ ’ਤੇ ਪੰਜਾਬ ਦੇ ਕਿਸਾਨਾਂ ਦੇ ਲੰਮੇ ਕੂਚ ਨੂੰ ਰੋਕਣ ਲਈ ਜੰਗੀ ਪੈਮਾਨੇ ’ਤੇ ਨਾਕਾਬੰਦੀ ਕੀਤੀ ਹੋਈ ਸੀ। ਸ਼ੰਭੂ, ਖਨੌਰੀ, ਡੱਬਵਾਲੀ ਸਮੇਤ ਹਰ ਮੁੱਖ ਸਰਹੱਦੀ ਲਾਂਘੇ ਉੱਪਰ ਵੱਡੀ ਤਾਦਾਦ ’ਚ ਪੁਲਿਸ ਫੋਰਸ ਲਗਾਈ ਹੋਈ ਸੀ। ਖ਼ਤਰਨਾਕ ਕੰਡੇਦਾਰ ਤਾਰ ਲਗਾ ਕੇ ਰਸਤੇ ਬੰਦ ਕੀਤੇ ਗਏ ਸਨ। ਇਸ ਗ਼ੈਰਕਾਨੂੰਨੀ ਕਾਰੇ ਤੋਂ ਆਰ.ਐੱਸ.ਐੱਸ.-ਭਾਜਪਾ ਦੇ ਮਨਸ਼ੇ ਨੰਗੇ ਹੋ ਗਏ ਕਿਉਂਕਿ ਮਨੁੱਖਾਂ ਅਤੇ ਪਸ਼ੂਆਂ ਲਈ ਜਾਨਲੇਵਾ ਹੋਣ ਕਾਰਨ ਇਹ ਤਾਰ ਲਗਾਉਣ ਦੀ ਕਾਨੂੰਨੀ ਤੌਰ ’ਤੇ ਮਨਾਹੀ ਹੈ। ਹਰ ਅੰਤਰਰਾਜੀ ਲਾਂਘਾ ਕਿਸਾਨ ਟਾਕਰੇ ਦਾ ਮੋਰਚਾ ਬਣ ਗਿਆ। ਕਿਸਾਨ ਜੁਝਾਰੂਆਂ ਦੇ ਸਮੂਹਿਕ ਹੰਭਲੇ ਅੱਗੇ ਪੁਲਿਸ ਵੱਲੋਂ ਖੜ੍ਹੇ ਕੀਤੇ ਅੜਿੱਕੇ ਚੂਰ ਚੂਰ ਹੋ ਗਏ। ਜਲ ਤੋਪਾਂ ਦੀਆਂ ਬੌਛਾੜਾਂ ਬੇਅਸਰ ਹੋ ਗਈਆਂ। ਬੈਰੀਕੇਡ ਹਵਾ ਵਿਚ ਉਛਾਲ ਦਿੱਤੇ ਗਏ। ਖੇਤਾਂ ਦੇ ਜਾਇਆਂ ਦੇ ਜੋਸ਼ ਅੱਗੇ ਰਾਜ ਮਾਰਗਾਂ ਉੱਪਰ ਖੜ੍ਹੇ ਕੀਤੇ ਮਿੱਟੀ ਦੇ ਉੱਚੇ ਉੱਚੇ ਟਿੱਲਿਆਂ, ਜੇ.ਸੀ.ਬੀ. ਮਸ਼ੀਨਾਂ ਨਾਲ ਪੁੱਟੇ ਡੂੰਘੇ ਖੱਡਿਆਂ ਅਤੇ ਕਰੇਨਾਂ ਨਾਲ ਲਗਾਏ ਬੜੇ ਬੜੇ ਪੱਥਰਾਂ ਦਾ ਕੀ ਜ਼ੋਰ ਚੱਲਣਾ ਸੀ। ਪੁਲਿਸ ਵੱਲੋਂ ਚਾਬੀਆਂ ਖੋਹ ਕੇ ਸੜਕਾਂ ਜਾਮ ਕਰਨ ਲਈ ਖੜ੍ਹਾਏ ਟਰੱਕ, ਟਰਾਲੇ ਅਤੇ ਹੋਰ ਵਾਹਨ ਜਦ ਜੁਗਤੀ ਕਿਸਾਨਾਂ ਨੇ ਬਿਨਾਂ ਚਾਬੀਆਂ ਦੇ ਸਟਾਰਟ ਕਰਕੇ ਪਾਸੇ ਕਰ ਦਿੱਤੇ ਤਾਂ ਸੱਤਾਧਾਰੀਆਂ ਦੇ ਬੂਟ ਚੱਟ ਪੁਲਿਸ ਅਧਿਕਾਰੀ ਬਿੱਟ ਬਿੱਟ ਦੇਖਦੇ ਰਹਿ ਗਏ। ਸੈਂਕੜੇ ਮੀਲ ਸਫ਼ਰ ਤੋਂ ਬਾਦ ਕਿਸਾਨ ਕਾਫ਼ਲਿਆਂ ਦਾ ਮੱਥਾ ਦਿੱਲੀ ਪੁਲਿਸ ਨਾਲ ਲੱਗਿਆ ਜੋ ਹਰ ਲੋਕ ਸੰਘਰਸ਼ ਨੂੰ ਦਬਾਉਣ ਲਈ ਆਰ.ਐੱਸ.ਐੱਸ.-ਭਾਜਪਾ ਦੀ ਸ਼ਾਖਾ ਬਣ ਕੇ ਕੰਮ ਕਰਦੀ ਹੈ। ਹਰਿਆਣਾ-ਦਿੱਲੀ ਦੇ ਸਿੰਘੂ ਅਤੇ ਬਹਾਦਰਗੜ੍ਹ-ਟਿੱਕਰੀ ਬਾਰਡਰਾਂ ਉੱਪਰ ਭਾਰੀ ਜ਼ੋਰ-ਆਜ਼ਮਾਈ ਹੋਈ। ਹਰ ਸਾਜ਼ਿਸ਼ੀ ਤਰੀਕਾ ਇਸਤੇਮਾਲ ਕਰਕੇ ਕਿਸਾਨਾਂ ਨੂੰ ਇਕੱਠੇ ਹੋਣ ਤੋਂ ਰੋਕਣ ਦੀ ਸਿਰਤੋੜ ਵਾਹ ਲਾਈ ਗਈ। ਥਾਂ-ਥਾਂ ਅੱਥਰੂ ਗੈਸ ਦੀ ਗੋਲਾਬਾਰੀ ਅਤੇ ਹੋਰ ਜਾਬਰ ਤਰੀਕਿਆਂ ਨਾਲ ਕਾਫ਼ਲਿਆਂ ਦੇ ਹੌਸਲੇ ਪਸਤ ਕਰਨ ਦੀ ਕੋਸ਼ਿਸ਼ ਕੀਤੀ ਗਈ। ਖ਼ੁਫ਼ੀਆ ਏਜੰਸੀਆਂ ਅਤੇ ਪੁਲਿਸ ਵੱਲੋਂ ਦਿੱਲੀ ਦੇ ਗੁਰਦੁਆਰਿਆਂ, ਰੇਲਵੇ ਅਤੇ ਮੈਟਰੋ ਸਟੇਸ਼ਨਾਂ ਉੱਪਰ ਵਿਸ਼ੇਸ਼ ਨਜ਼ਰ ਰੱਖ ਕੇ ਅਤੇ ਹਰ ਪੰਜਾਬੀ ਨੁਹਾਰ ਵਾਲੇ ਬਾਹਰੋਂ ਆਏ ਬੰਦੇ ਦੀ ਬਾਰੀਕੀ ’ਚ ਪੁੱਛਗਿੱਛ ਕਰਕੇ ਅਤੇ ਸ਼ੱਕੀ ਜਾਪਦੇ ਦਾ ਪਿੱਛਾ ਕਰਕੇ ਪੂਰੀ ਦਹਿਸ਼ਤ ਪਾਈ ਗਈ। ਦਿੱਲੀ ਪੁਲਿਸ ਨੇ 9 ਸਟੇਡੀਅਮਾਂ ਨੂੰ ਆਰਜ਼ੀ ਜੇਲ੍ਹਾਂ ਬਣਾਉਣ ਲਈ ਪੂਰਾ ਜ਼ੋਰ ਲਗਾਇਆ ਤਾਂ ਜੁ ਕਿਸਾਨ ਕਾਫ਼ਲਿਆਂ ਨੂੰ ਇਕੱਠੇ ਹੋਣ ਤੋਂ ਪਹਿਲਾਂ ਹੀ ਵੱਖ-ਵੱਖ ਥਾਵਾਂ ਤੋਂ ਗ੍ਰਿਫ਼ਤਾਰ ਕਰਕੇ ਅੱਡ ਅੱਡ ਥਾਵਾਂ ਉੱਪਰ ਡੱਕ ਦਿੱਤਾ ਜਾਵੇ। ਐਪਰ ਕਿਸਾਨਾਂ ਦੇ ਜੋਸ਼ ਅੱਗੇ ਸੱਤਾ ਦੀਆਂ ਤਮਾਮ ਜਾਬਰ ਪੇਸ਼ਬੰਦੀਆਂ ਬੇਵੱਸ ਹੋ ਗਈਆਂ। ਕੇਜਰੀਵਾਲ ਸਰਕਾਰ ਨੇ ਆਰਜ਼ੀ ਜੇਲ੍ਹਾਂ ਬਣਾਉਣ ਨੂੰ ਸਹਿਮਤੀ ਨਾ ਦੇ ਕੇ ਆਪਣਾ ਚਿਹਰਾ ਕਲੰਕਿਤ ਹੋਣ ਤੋਂ ਬਚਾ ਲਿਆ। ਉਸ ਨੂੰ ਪਤਾ ਹੈ ਕਿ ਇਸ ਦਾ ਸਿਆਸੀ ਮੁੱਲ ‘ਆਪ’ ਨੂੰ ਪੰਜਾਬ ਦੀਆਂ 2022 ਦੀਆਂ ਵਿਧਾਨ-ਸਭਾ ਚੋਣਾਂ ਵਿਚ ਤਾਰਨਾ ਪੈਣਾ ਸੀ। ਇਹ ਕਿਸਾਨ ਸੰਘਰਸ਼ ਦਾ ਦਬਾਓ ਹੈ ਜਿਸ ਕਰਕੇ ਭਾਜਪਾ ਤੋਂ ਬਿਨਾਂ ਪੰਜਾਬ ਦੀਆਂ ਤਮਾਮ ਹਾਕਮ ਜਮਾਤੀ ਪਾਰਟੀਆਂ ਸੰਘਰਸ਼ ਦੀ ਹਮਾਇਤ ਕਰਨ ਲਈ ਮਜਬੂਰ ਹੋਈਆਂ ਹਨ। ਭਾਜਪਾ ਆਗੂਆਂ ਨੂੰ ਵੀ ਆਪਣੀ ਸੁਰ ਬਦਲਣੀ ਪਈ ਹੈ। ਖੇਤੀ ਕਾਨੂੰਨਾਂ ਵਿਰੁੱਧ ਲੋਕ ਰਾਇ ਐਨੀ ਵਿਆਪਕ ਅਤੇ ਜ਼ੋਰਦਾਰ ਹੈ ਕਿ ਆਰ.ਐੱਸ.ਐੱਸ. ਦੇ ਕਿਸਾਨ ਵਿੰਗ, ਭਾਰਤੀ ਕਿਸਾਨ ਸੰਘ, ਦੇ ਜਨਰਲ ਸਕੱਤਰ ਬਦਰੀ ਨਰਾਇਣ ਚੌਧਰੀ ਨੇ ਵੀ ਸਾਫ਼ ਕਿਹਾ ਹੈ ਕਿ ਇਹ ਕਾਨੂੰਨ ਕਿਸਾਨ ਵਿਰੋਧੀ ਹਨ ਅਤੇ ਮੋਦੀ ਸਰਕਾਰ ਗ਼ਲਤ ਹੈ। ਲੇਕਿਨ ਅਜੇ ਵੀ ‘ਰੱਸੀ ਸੜ ਗਈ...’ ਦੀ ਕਹਾਵਤ ਅਨੁਸਾਰ ਮੋਦੀ ਅਤੇ ਅਮਿਤ ਸ਼ਾਹ ਖੇਤੀ ਕਾਨੂੰਨਾਂ ਨੂੰ ਕਿਸਾਨ ਪੱਖੀ ਦੱਸਣ ਉੱਪਰ ਬਜ਼ਿੱਦ ਹਨ ਅਤੇ ਬੀ.ਐੱਸ.ਐੱਫ. ਲਗਾ ਕੇ ਦਹਿਸ਼ਤ ਪਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸ ਦੌਰਾਨ ਗੋਦੀ ਮੀਡੀਆ ਟੀਵੀ ਚੈਨਲ ਕਿਸਾਨ ਸੰਘਰਸ਼ ਬਾਰੇ ਅਫ਼ਵਾਹਾਂ ਫੈਲਾਉਣ, ਇਸ ਨੂੰ ਸਿਆਸੀ ਸਰਪ੍ਰਸਤੀ ਵਾਲਾ ਇਕੱਠ ਦੱਸਣ ਅਤੇ ਇਸ ਪਿੱਛੇ ਖ਼ਾਲਸਤਾਨੀ ਹੱਥ ਹੋਣ ਦਾ ਕੂੜ ਪ੍ਰਚਾਰ ਕਰਕੇ ਬੇਸ਼ਰਮੀ ਨਾਲ ਆਰ.ਐੱਸ.ਐੱਸ.-ਭਾਜਪਾ ਦਾ ਪ੍ਰਚਾਰ ਵਿੰਗ ਬਣੇ ਹੋਏ ਹਨ। ਲੇਕਿਨ ਸੰਜੀਦਾ ਪੱਤਰਕਾਰਾਂ ਅਤੇ ਗੰਭੀਰਤਾ ਨਾਲ ਪੱਤਰਕਾਰੀ ਕਰਨ ਵਾਲੇ ਮੀਡੀਆ ਦਾ ਕਿਸਾਨ ਸੰਘਰਸ਼ ਦੀ ਸੱਚੀ ਤਸਵੀਰ ਕਰਨਾ ਬਹੁਤ ਹੀ ਕਾਬਲੇਤਾਰੀਫ਼ ਹੈ। ਬੇਸ਼ੱਕ ਡਿਜੀਟਲ ਯੁੱਗ ਵਿਚ ਦੁਨੀਆ ਨੂੰ ਗੁੰਮਰਾਹ ਕਰਨਾ ਸੌਖਾ ਨਹੀਂ, ਫਿਰ ਵੀ ਹਿੰਦੂਤਵ+ਕਾਰਪੋਰੇਟ ਗੱਠਜੋੜ ਦੇ ਪ੍ਰਚਾਰ-ਤੰਤਰ ਦਾ ਪਰਦਾਫਾਸ਼ ਕਰਨ ’ਚ ਮੀਡੀਆ ਦੇ ਸੰਜੀਦਾ ਹਿੱਸੇ ਦੇ ਗਿਣਨਯੋਗ ਯੋਗਦਾਨ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ।

ਹਰਿਆਣਾ ਸਰਕਾਰ ਦਾ ਦਿੱਲੀ ਜਾ ਰਹੇ ਕਿਸਾਨਾਂ ਨੂੰ ਰੋਕਣਾ ਪੂਰੀ ਤਰ੍ਹਾਂ ਗ਼ੈਰਕਾਨੂੰਨੀ ਸੀ ਕਿਉਂਕਿ ਪੰਜਾਬ ਜਾਂ ਹੋਰ ਸੂਬਿਆਂ ਦੇ ਕਿਸਾਨਾਂ ਦਾ ਇਹ ਸੰਘਰਸ਼ ਕੇਂਦਰ ਸਰਕਾਰ ਵਿਰੁੱਧ ਹੋਣ ਕਾਰਨ ਇਸ ਦਾ ਹਰਿਆਣਾ ਸਰਕਾਰ ਨਾਲ ਤਾਂ ਕੋਈ ਲੈਣਾ-ਦੇਣਾ ਹੀ ਨਹੀਂ ਸੀ। ਉਹ ਤਾਂ ਦਿੱਲੀ ਜਾ ਕੇ ਕੇਂਦਰ ਸਰਕਾਰ ਵਿਰੁੱਧ ਆਵਾਜ਼ ਉਠਾਉਣ ਲਈ ਹਰਿਆਣਾ ਵਿੱਚੋਂ ਲੰਘ ਰਹੇ ਸਨ। ਆਪਣੇ ਹੀ ਮੁਲਕ ਦੇ ਬਾਸ਼ਿੰਦਿਆਂ ਨੂੰ ਨੈਸ਼ਨਲ ਹਾਈਵੇਜ਼ ਉੱਪਰੋਂ ਦੀ ਇਕ ਸੂਬੇ ਤੋਂ ਦੂਜੇ ਵਿਚ ਜਾਣ ਤੋਂ ਰੋਕਣ ਦੀ ਘਿਣਾਉਣੀ ਹਰਕਤ ਫਾਸ਼ੀਵਾਦੀ ਜ਼ਿਹਨੀਅਤ ਹੀ ਕਰ ਸਕਦੀ ਹੈ। ਹਰਿਆਣਾ ਦੇ ਹੁਕਮਰਾਨਾਂ ਨੇ ਪੰਜਾਬ ਨਾਲ ਪਹਿਲੀ ਵਾਰ ਦੁਸ਼ਮਣਾਨਾ ਰਵੱਈਆ ਨਹੀਂ ਅਪਣਾਇਆ। 1982 ’ਚ ਏਸ਼ੀਅਨ ਖੇਡਾਂ ਮੌਕੇ ਭਜਨ ਲਾਲ ਸਰਕਾਰ ਨੇ ਆਪਣੀ ਆਵਾਜ਼ ਦਿੱਲੀ ਦੀ ਸੱਤਾ ਤੱਕ ਪਹੁੰਚਾਉਣ ਲਈ ਦਿੱਲੀ ਜਾ ਰਹੇ ਅਕਾਲੀ ਜੱਥਿਆਂ ਉੱਪਰ ਇੰਦਰਾ ਹਕੂਮਤ ਦੇ ਇਸ਼ਾਰੇ ’ਤੇ ਨਾ ਸਿਰਫ਼ ਬੇਤਹਾਸ਼ਾ ਤਸ਼ੱਦਦ ਕੀਤਾ ਸੀ ਸਗੋਂ ਉਹਨਾਂ ਦੀ ਘੱਟਗਿਣਤੀ ਸਿੱਖ ਪਛਾਣ ਨੂੰ ਵਿਸ਼ੇਸ਼ ਤੌਰ ’ਤੇ ਨਿਸ਼ਾਨਾ ਬਣਾ ਕੇ ਜ਼ਲੀਲ ਕੀਤਾ ਗਿਆ ਸੀ। ਤਾਨਾਸ਼ਾਹ ਪਾਬੰਦੀਆਂ ਦੀਆਂ ਧੱਜੀਆਂ ਉਡਾ ਕੇ ਕਿਸਾਨਾਂ ਨੇ ਦੱਸ ਦਿੱਤਾ ਕਿ ਮੁਲਕ ਆਰ.ਐੱਸ.ਐੱਸ.-ਭਾਜਪਾ ਦੀ ਜਾਗੀਰ ਨਹੀਂ ਹੈ, ਇਹ ਭਾਰਤ ਦੇ ਲੋਕਾਂ ਦਾ ਹੈ।

ਉਦੋਂ ਬਹੁਗਿਣਤੀ ਮਾਨਸਿਕਤਾ ਦਾ ਫਿਰਕੂ ਪੱਤਾ ਚੱਲ ਗਿਆ ਸੀ, ਲੇਕਿਨ ਇਸ ਵਾਰ ਹਰਿਆਣੇ ਦੀ ਧਰਤੀ ਉੱਪਰ ਇਕ ਵੱਖਰਾ ਹੀ ਰੰਗ ਹੈ। ਮਸਲਾ ਕਿਸਾਨੀ ਦਾ ਹੋਣ ਕਾਰਨ ਹੁਣ ਸੰਘ ਬਰਗੇਡ ਦੀ ਫਿਰਕੂ ਪਾਟਕ ਪਾਊ ਚਾਲ ਕਾਮਯਾਬ ਨਹੀਂ ਹੋਈ। ਜੇ ਕੋਈ ਹੋਰ ਮਸਲਾ ਹੁੰਦਾ ਤਾਂ ਹਰਿਆਣੇ ਦੇ ਹਾਕਮ ਜਮਾਤੀ ਲਾਣੇ ਨੇ ਮਸਲੇ ਨੂੰ ਹਰਿਆਣਾ ਬਨਾਮ ਪੰਜਾਬ ਦਾ ਝਗੜਾ ਬਣਾ ਦੇਣਾ ਸੀ। ਇਸ ਵਾਰ ਹਰਿਆਣੇ ਦੇ ਲੋਕ, ਖ਼ਾਸ ਕਰਕੇ ਕਿਸਾਨ ਪੰਜਾਬ ਦੇ ਸੰਘਰਸ਼ਸ਼ੀਲ ਕਾਫ਼ਲਿਆਂ ਦੀ ਗੱਜ ਵੱਜ ਕੇ ਹਮਾਇਤ ਕਰ ਰਹੇ ਹਨ। ਉਹਨਾਂ ਦਾ ਹਾਰ ਪਾ ਕੇ ਸਵਾਗਤ ਕਰ ਰਹੇ ਹਨ। ਆਮ ਲੋਕ ਬੈਰੀਕੇਡ ਤੋੜਨ ਤੋਂ ਲੈ ਕੇ ਖਾਣ-ਪੀਣ ਦੇ ਲੰਗਰ ਲਗਾ ਕੇ ਦਿੱਲੀ ਜਾ ਰਹੇ ਕਾਫ਼ਲਿਆਂ ਨਾਲ ਤਹਿ-ਦਿਲੋਂ ਭਰਪੂਰ ਇਕਮੁੱਠਤਾ ਦਿਖਾ ਰਹੇ ਹਨ। ਨਰਵਾਣੇ ਦੇ ਇਕ ਪਿੰਡ ਦੇ ਕਿਸਾਨ ਆਪਣੇ ਪਿੰਡ ’ਚੋਂ ਟਿੱਕਰੀ ਬਾਰਡਰ ਮੋਰਚੇ ਲਈ 2500 ਲਿਟਰ ਦੁੱਧ ਲੈ ਕੇ ਆਏ।

ਦਿੱਲੀ ਵਿਚ ਮੁਸਲਿਮ ਭਾਈਚਾਰਾ ਪੰਜਾਬੀ ਕਿਸਾਨਾਂ ਦੀ ਮੱਦਦ ਲਈ ਪੱਬਾਂ ਭਾਰ ਹੈ। ਮਸਜਿਦਾਂ ਵੱਲੋਂ ਲੰਗਰ ਦੇ ਇੰਤਜ਼ਾਮ ਕੀਤੇ ਗਏ ਹਨ। ਉਹਨਾਂ ਦੀ ਅਪਣੱਤ ਸਮਝ ਆਉਂਦੀ ਹੈ। ਪੰਜਾਬ ਨੇ ਮਜ਼ਲੂਮਾਂ ਦੇ ਧਾਰਮਿਕ ਅਕੀਦੇ ਦੇ ਹੱਕ ਦੀ ਰਾਖੀ ਲਈ ਜਾਨਾਂ ਕੁਰਬਾਨ ਕਰਨ ਦੀ ਆਪਣੀ ਸ਼ਾਨਮੱਤੀ ਵਿਰਾਸਤ ਨੂੰ ਬੁਲੰਦ ਰੱਖਦਿਆਂ ਜਿਵੇਂ ਮਜ਼ਲੂਮ ਮੁਸਲਮਾਨਾਂ ਦਾ ਸਾਥ ਦਿੱਤਾ ਉਹ ਅਭੁੱਲ ਹੈ। ਪਿਛਲੇ ਸਾਲਾਂ ’ਚ ਕਸ਼ਮੀਰੀਆਂ ਅਤੇ ਮੁਸਲਿਮ ਘੱਟਗਿਣਤੀ ਉੱਪਰ ਹਿੰਦੂਤਵ ਫਾਸ਼ੀਵਾਦ ਦੇ ਹਮਲਿਆਂ ਵਿਰੁੱਧ ਪੰਜਾਬ ’ਚੋਂ ਉੱਠਦੀ ਰਹੀ ਆਵਾਜ਼ ਉਹਨਾਂ ਦੇ ਚੇਤਿਆਂ ’ਚ ਸੱਜਰੀ ਹੈ।

ਇਸ ਸੰਘਰਸ਼ ਨੇ ਭਾਰਤੀ ਸਟੇਟ ਦਾ ਤਾਨਾਸ਼ਾਹ ਚਿਹਰਾ ਮੁੜ ਬੇਪੜਦ ਕਰ ਦਿੱਤਾ। ਜੋ ਸਟੇਟ ਦੁਨੀਆ ਦਾ ‘ਸਭ ਤੋਂ ਵੱਡਾ ਲੋਕਤੰਤਰ’ ਹੋਣ ਦੇ ਦਾਅਵੇ ਕਰਦਾ ਹੈ ਉਸ ਵੱਲੋਂ ਪੂਰੀ ਤਰ੍ਹਾਂ ਸ਼ਾਂਤਮਈ ਕਿਸਾਨਾਂ ਨੂੰ ਆਪਣੀ ਆਵਾਜ਼ ਹੁਕਮਰਾਨਾਂ ਤੱਕ ਪਹੁੰਚਾਉਣ ਲਈ ਮੁਲਕ ਦੀ ਰਾਜਧਾਨੀ ਵਿਚ ਪਹੁੰਚਣ ਉੱਪਰ ਲਗਾਈਆਂ ਤਾਨਾਸ਼ਾਹ ਪਾਬੰਦੀਆਂ, ਪੁਰਅਮਨ ਕਿਸਾਨਾਂ ਉੱਪਰ ਜਲ ਤੋਪਾਂ ਅਤੇ ਅੱਥਰੂ ਗੈਸ ਦੇ ਗੋਲਿਆਂ ਦੀਆਂ ਬੌਛਾੜਾਂ ਕੁਲ ਦੁਨੀਆ ਨੇ ਦੇਖ ਲਈਆਂ। ਸੰਘਰਸ਼ਸ਼ੀਲ ਕਿਸਾਨ ਕਾਫ਼ਲਿਆਂ ਦੇ ਅਣਲਿਫ਼ ਜੁਝਾਰੂ ਜਜ਼ਬੇ ਨੇ ਫਾਸ਼ੀਵਾਦੀ ਮੋਦੀ ਸਰਕਾਰ ਦੇ ਮਨਸੂਬੇ ਫੇਲ੍ਹ ਕਰਕੇ ਦਿੱਲੀ ਵਿਚ ਦਾਖ਼ਲ ਹੋਣ ਦਾ ਹੱਕ ਸੱਤਾ ਤੋਂ ਸਮੂਹਿਕ ਤਾਕਤ ਦੇ ਜ਼ੋਰ ਖੋਹਿਆ ਹੈ। ਇਹ ਅੜੀਅਲ ਆਰ.ਐੱਸ.ਐੱਸ.-ਭਾਜਪਾ ਦੇ ਫਾਸ਼ੀਵਾਦੀ ਚਿਹਰੇ ਉੱਪਰ ਕਰਾਰੀ ਚਪੇੜ ਹੈ। ਹਿੰਦੂਤਵ ਬਰਗੇਡ ਵੱਲੋਂ ਥੋਪੇ ਕਾਲੇ ਕਾਨੂੰਨਾਂ ਦਾ ਕੀ ਬਣਦਾ ਹੈ, ਇਹ ਤਾਂ ਆਉਣ ਵਾਲੇ ਦਿਨਾਂ ਵਿਚ ਸਾਹਮਣੇ ਆਵੇਗਾ।। ਲੇਕਿਨ ਆਰ.ਐੱਸ.ਐੱਸ.-ਭਾਜਪਾ ਗੈਂਗ, ਜੋ ਕਦੇ ਕਸ਼ਮੀਰ, ਕਦੇ ਲੋਕ ਬੁੱਧੀਜੀਵੀਆਂ, ਕਦੇ ਯੂਨੀਵਰਸਿਟੀਆਂ, ਕਦੇ ਮੁਸਲਿਮ ਭਾਈਚਾਰੇ ਅਤੇ ਕਦੇ ਸੀਏਏ-ਐੱਨਆਰਸੀ ਵਿਰੁੱਧ ਪੁਰਅਮਨ ਆਵਾਜ਼ਾਂ ਨੂੰ ਬੇਕਿਰਕੀ ਨਾਲ ਕੁਚਲਦਾ ਦਰੜਦਾ ਆ ਰਿਹਾ ਸੀ ਅਤੇ ਖ਼ੁਦ ਨੂੰ ਅਜਿੱਤ ਸਮਝਦਾ ਸੀ, ਉਸ ਦਾ ਹੰਕਾਰ ਤੋੜ ਕੇ ਕਿਸਾਨ ਸੰਘਰਸ਼ ਨੇ ਸ਼ਾਨਦਾਰ ਇਤਿਹਾਸ ਰਚ ਦਿੱਤਾ ਹੈ। ਇਸ ਪੈੜ ਨੂੰ ਪਹੇ ਵਿਚ ਬਦਲਣ ਦਾ ਜ਼ਿੰਮਾ ਹਿੰਦੂਤਵ ਫਾਸ਼ੀਵਾਦ ਵਿਰੋਧੀ ਸੱਚੀਆਂ ਤਾਕਤਾਂ ਦਾ ਹੈ।

ਮੋਦੀ ਵਜ਼ਾਰਤ ਵੱਲੋਂ ਪਾਸ ਕੀਤੇ ਲੋਕ ਦੁਸ਼ਮਣ ਕਾਨੂੰਨ ਸਿਰਫ਼ ਕਿਸਾਨੀ ਅਤੇ ਖੇਤੀ ਨੂੰ ਹੀ ਤਬਾਹ ਨਹੀਂ ਕਰਨਗੇ ਸਗੋਂ ਇਹਨਾਂ ਦੇ ਵਿਆਪਕ ਤਬਾਹਕੁੰਨ ਅਸਰ ਭਾਰਤ ਦੇ ਹੋਰ ਅਵਾਮ ਉੱਪਰ ਵੀ ਪੈਣੇ ਨਿਸ਼ਚਿਤ ਹਨ। ਇਹ ਹਕੀਕਤ ਅਵਾਮ ਨੂੰ ਸਮਝ ਪੈ ਚੁੱਕੀ ਹੈ ਅਤੇ ਉਹ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਦ੍ਰਿੜ ਹਨ। ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ ਅਤੇ ਲੋਕ ਕਾਰਕੁੰਨਾਂ ਦੀ ਰਿਹਾਈ ਦੀ ਮੰਗ ਨੂੰ ਮੰਗ-ਪੱਤਰ ਵਿਚ ਸ਼ਾਮਲ ਕਰਕੇ ਦਰਸਾ ਦਿੱਤਾ ਹੈ ਕਿ ਉਹ ਕਿਸਾਨ ਹਿਤਾਂ ਦੇ ਨਾਲ-ਨਾਲ ਮੁਲਕ ਦੇ ਅਵਾਮ ਦੇ ਜਮਹੂਰੀ ਹੱਕਾਂ ਦੀ ਰਾਖੀ ਲਈ ਵੀ ਬਰਾਬਰ ਸੁਚੇਤ ਹਨ। ਆਰ.ਐੱਸ.ਐੱਸ.-ਭਾਜਪਾ ਲੀਡਰਸ਼ਿਪ, ਜੋ ਥੋੜ੍ਹੇ ਦਿਨ ਪਹਿਲਾਂ ਕਿਸਾਨ ਸੰਘਰਸ਼ ਵਿਰੁੱਧ ਨਫ਼ਰਤ ਦੇ ਫ਼ੁੰਕਾਰੇ ਮਾਰ ਰਹੀ ਸੀ, ਉਸ ਨੂੰ ਲੱਖਾਂ ਦੀ ਤਾਦਾਦ ’ਚ ਕਿਸਾਨ ਲਾਮਬੰਦੀ ਅਤੇ ਉਹਨਾਂ ਦਾ ਲੜਾਕੂ ਰੌਂਅ ਦੇਖ ਕੇ ਦਿੱਲੀ ਵਿਚ ਰੈਲੀ ਕਰਨ ਦੀ ਇਜਾਜ਼ਤ ਦੇਣੀ ਪਈ। ਹੁਣ ਦਿੱਲੀ ਦੇ ਅੰਦਰ ਅਤੇ ਅੰਤਰਰਾਜੀ ਸਰਹੱਦੀ ਲਾਂਘਿਆਂ ਉੱਪਰ ਕਿਸਾਨ ਮੋਰਚਿਆਂ ਅਤੇ ਹੰਕਾਰੇ ਹੋਏ ਸੱਤਾਧਾਰੀਆਂ ਦੀ ਜ਼ੋਰ-ਆਜ਼ਮਾਈ ਦਾ ਪਿੜ ਬੱਝ ਗਿਆ ਹੈ। ਖੇਤੀ ਮੰਤਰੀ ਸੰਘਰਸ਼ ਛੱਡ ਕੇ ਗੱਲਬਾਤ ਦੇ ਸੱਦੇ ਦੇ ਰਿਹਾ ਹੈ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਸਾਨ ਜਥੇਬੰਦੀਆਂ ਨੂੰ ਬੁਰਾੜੀ ਮੈਦਾਨ ’ਚ ਜਾ ਕੇ ਬੈਠਣ ਅਤੇ ਫਿਰ ਗੱਲਬਾਤ ਕਰਨ ਦੀ ਪੇਸ਼ਕਸ਼ ਕੀਤੀ। ਦਿੱਲੀ ਦੇ ਅੰਤਰ-ਰਾਜੀ ਰੂਟਾਂ ਉੱਪਰ ਮੋਰਚੇ ਮੱਲੀ ਬੈਠੀਆਂ ਕਿਸਾਨ ਜਥੇਬੰਦੀਆਂ ਨੇ ਇਹ ਸ਼ਰਤ ਇਕਜੁੱਟ ਤੌਰ ’ਤੇ ਠੁਕਰਾ ਦਿੱਤੀ ਹੈ ਅਤੇ ਕਿਸੇ ਇਕੱਲੇ ਮੰਤਰੀ ਨਾਲ ਗੱਲਬਾਤ ਕਰਨ ਦੀ ਬਜਾਏ ਗੱਲਬਾਤ ਲਈ ਕੈਬਨਿਟ ਕਮੇਟੀ ਬਣਾਏ ਜਾਣ ਦੀ ਮੰਗ ਕੀਤੀ ਹੈ। ਉਹਨਾਂ ਨੇ ਸੜਕਾਂ ਉੱਪਰ ਹੀ ਡੱਟੇ ਰਹਿਣ ਅਤੇ ਦਿੱਲੀ ਦੇ ਪੰਜ ਬਾਰਡਰ - ਸਿੰਘੂ, ਟਿੱਕਰੀ, ਗੁੜਗਾਓਂ, ਗਾਜ਼ੀਪੁਰ, ਫ਼ਰੀਦਾਬਾਦ - ਬੰਦ ਕਰਨ ਦਾ ਐਲਾਨ ਕਰ ਦਿੱਤਾ ਹੈ। ਉਹਨਾਂ ਨੇ ਸੰਘਰਸ਼ ਦਾ ਦਬਾਓ ਹੋਰ ਵਧਾਉਣ ਲਈ ਪੰਜਾਬ ਵਿੱਚੋਂ ਹੋਰ ਕਾਫ਼ਲਿਆਂ ਨੂੰ ਦਿੱਲੀ ਦੇ ਬਾਹਰ ਲੱਗੇ ਮੋਰਚਿਆਂ ਵਿਚ ਪਹੁੰਚਣ ਦੀ ਅਪੀਲ ਕੀਤੀ ਹੈ। ਇੱਧਰ ਪੰਜਾਬ ਵਿਚ 100 ਤੋਂ ਉੱਪਰ ਥਾਵਾਂ ਉੱਪਰ ਪੱਕੇ ਮੋਰਚੇ ਜਾਰੀ ਹਨ ਅਤੇ ਸਿਰਫ਼ ਪੰਜਾਬ ਹੀ ਨਹੀਂ ਸਗੋਂ ਦੇਸ਼-ਬਦੇਸ਼ ਵਿਚ ਬੈਠੇ ਪੰਜਾਬੀਆਂ ਦੀਆਂ ਨਜ਼ਰਾਂ ਵੀ ਦਿੱਲੀ ਮੋਰਚਿਆਂ ਉੱਪਰ ਟਿੱਕੀਆਂ ਹੋਈਆਂ ਹਨ।

ਸੰਘ ਬਰਗੇਡ ਦੀਆਂ ਕਪਟੀ ਚਾਲਾਂ ਅਤੇ ਫਾਸ਼ੀਵਾਦੀ ਸਿਆਸਤ ਦੇ ਮੱਦੇਨਜ਼ਰ ਸੱਤਾ ਅਤੇ ਅਵਾਮ ਦਰਮਿਆਨ ਲੰਮੀ, ਪੇਚੀਦਾ ਲੜਾਈ ਤੈਅ ਹੈ। ਕਿਸਾਨ ਸੰਘਰਸ਼ ਮੁਲਕ ਦੇ ਹੋਰ ਸੂਬਿਆਂ ’ਚ ਫੈਲ ਰਿਹਾ ਹੈ। ਉੱਤਰ ਪ੍ਰਦੇਸ਼, ਹਰਿਆਣਾ, ਉਤਰਾਖੰਡ, ਰਾਜਸਥਾਨ ਅਤੇ ਮੱਧ ਪ੍ਰਦੇਸ਼ ਤੋਂ ਵੀ ਕਿਸਾਨ ਜੱਥੇ ਪਹੁੰਚ ਰਹੇ ਹਨ। ਹਰਿਆਣਾ ਵਿੱਚੋਂ ਵੀ ਲੋਕ ਵਹੀਰਾਂ ਘੱਤ ਕੇ ਸੰਘਰਸ਼ ਵਿਚ ਸ਼ਾਮਲ ਹੋ ਰਹੇ ਹਨ। ਦਿੱਲੀ ਦੇ ਦੁਕਾਨਦਾਰ ਅਤੇ ਆਮ ਲੋਕ ਸੰਘਰਸ਼ ਨਾਲ ਹਮਦਰਦੀ ਪ੍ਰਗਟਾ ਹਨ। ਸੰਘਰਸ਼ ਦੇਸ਼ਵਿਆਪੀ ਰੂਪ ਅਖ਼ਤਿਆਰ ਕਰਨ ਵੱਲ ਵੱਧਣਾ ਸ਼ੁਰੂ ਹੋ ਗਿਆ ਹੈ। ਦਿੱਲੀ ਦੀਆਂ ਟਰੱਕ ਯੂਨੀਅਨਾਂ ਅਤੇ ਟੈਕਸੀ ਯੂਨੀਅਨਾਂ ਨੇ ਅਲਟੀਮੇਟਮ ਦੇ ਦਿੱਤਾ ਹੈ ਕਿ ਜੇ ਦੋ ਦਿਨ ’ਚ ਕੇਂਦਰ ਸਰਕਾਰ ਸੰਘਰਸ਼ਸ਼ੀਲ ਕਿਸਾਨਾਂ ਨਾਲ ਗੱਲਬਾਤ ਨਹੀਂ ਕਰਦੀ ਤਾਂ ਦਿੱਲੀ ਦੀਆਂ ਸੜਕਾਂ ਉੱਪਰ ਟੈਕਸੀਆਂ ਅਤੇ ਟਰੱਕ ਨਹੀਂ ਚੱਲਣਗੇ।

ਸੰਘਰਸ਼ ਵਿਚ ਕੁਛ ਗੰਭੀਰ ਸਮੱਸਿਆਵਾਂ ਵੀ ਹਨ। ਹੁਣ ਤੱਕ 400 ਤੋਂ ਉੱਪਰ ਕਿਸਾਨ ਅਤੇ ਵੱਡੇ ਫਾਰਮਰ ਦੀਆਂ ਜਥੇਬੰਦੀਆਂ ਸਾਂਝੇ ਸੰਘਰਸ਼ ਵਿਚ ਇਕੱਠੀਆਂ ਹੋ ਚੁੱਕੀਆਂ ਹਨ। ਮੁਸ਼ਕਿਲ ਇਹ ਹੈ ਕਿ ਇਹਨਾਂ ਦੇ ਜਮਾਤੀ ਹਿਤ ਅਤੇ ਇਹਨਾਂ ਦੇ ਸੱਤਾ ਅਤੇ ਸਟੇਟ ਨਾਲ ਰਿਸ਼ਤੇ ਵੱਖੋ-ਵੱਖਰੇ ਹੋਣ ਕਾਰਨ ਇਹਨਾਂ ਦੇ ਸੰਘਰਸ਼ ਦੇ ਭਵਿੱਖਨਕਸ਼ੇ ਅਤੇ ਟੀਚੇ ਵੀ ਜ਼ਾਹਰਾ ਤੌਰ ’ਤੇ ਪਾਟਵੇਂ ਅਤੇ ਵੱਖੋ-ਵੱਖਰੇ ਹਨ। ਜੋ ਸੰਘਰਸ਼ ਦੇ ਤਿੱਖਾ ਅਤੇ ਫ਼ੈਸਲਾਕੁੰਨ ਬਣਨ ਵਿਚ ਬੜੀ ਰੁਕਾਵਟ ਵੀ ਹੈ। ਪੰਜਾਬ ਵਿਚ 31 ਕਿਸਾਨ ਜਥੇਬੰਦੀਆਂ ਦੇ ਤਿੰਨ ਵੱਖੋ-ਵੱਖਰੇ ਮੋਰਚੇ (29 ਕਿਸਾਨ ਜਥੇਬੰਦੀਆਂ, ਬੀਕੇਯੂ-ਏਕਤਾ (ਉਗਰਾਹਾਂ) ਅਤੇ ਮਜ਼ਦੂਰ ਕਿਸਾਨ ਸੰਘਰਸ਼ ਕਮੇਟੀ) ਲੜਾਈ ਲੜ ਰਹੇ ਹਨ। ਲਿਹਾਜ਼ਾ ਉਹਨਾਂ ਦੀ ਇਕਜੁੱਟਤਾ ਅਤੇ ਸੰਘਰਸ਼ ਦੇ ਇਕਸੁਰ ਤਾਕਤ ਬਣ ਕੇ ਉੱਭਰਨ ਵਿਚ ਵੀ ਗੰਭੀਰ ਮੁਸ਼ਕਲਾਂ ਹਨ। ਇਹਨਾਂ ਤੋਂ ਇਲਾਵਾ, ਇਕ ਸ਼ੰਭੂ ਵਾਲਾ ਮੋਰਚਾ ਵੀ ਹੈ ਜੋ ਮੁੱਖ ਕਿਸਾਨ ਸੰਘਰਸ਼ ਨੂੰ ਆਪਣੇ ਰਾਜਨੀਤਕ ਏਜੰਡੇ ਦੇ ਰੰਗ ਵਿਚ ਰੰਗਣ ਲਈ ਯਤਨਸ਼ੀਲ ਹੈ ਜਿਸ ਨੂੰ ਕੋਈ ਬਹੁਤਾ ਹੁੰਗਾਰਾ ਨਹੀਂ ਮਿਲ ਰਿਹਾ।

ਇਹਨਾਂ ਤਮਾਮ ਸੀਮਤਾਈਆਂ ਅਤੇ ਮੁਸ਼ਕਲਾਂ ਦੇ ਬਾਵਜੂਦ, ਮੌਜੂਦਾ ਕਿਸਾਨ ਸੰਘਰਸ਼ ਦੀ ਭੂਮਿਕਾ ਬੇਹੱਦ ਮਹੱਤਵਪੂਰਨ ਹੈ। ਇਸ ਦੀ ਪੇਸ਼ਕਦਮੀਂ ਪੂਰੇ ਮੁਲਕ ਵਿਚ ਹਿੰਦੂਤਵ ਫਾਸ਼ੀਵਾਦ ਵਿਰੋਧੀ ਤਾਕਤਾਂ ਨੂੰ ਉਤਸ਼ਾਹਜਨਕ ਹੁਲਾਰਾ ਦੇਵੇਗੀ। ਇਸ ਜ਼ਰੀਏ ਉੱਠ ਰਹੇ ਅਵਾਮੀ ਉਭਾਰ ਨੂੰ ਲੋਕ ਦੁਸ਼ਮਣ ਹਿੰਦੂਤਵ+ਕਾਰਪੋਰੇਟ ਗੱਠਜੋੜ ਵਿਰੁੱਧ ਵਿਸ਼ਾਲ ਘੇਰੇ ਵਾਲੀ ਰਾਜਨੀਤਕ ਲੜਾਈ ਵਿਚ ਕਿਵੇਂ ਬਦਲਿਆ ਜਾਵੇ, ਇਹ ਇਕ ਸਭ ਤੋਂ ਮਹੱਤਵਪੂਰਨ ਸਵਾਲ ਹੈ। ਸੀਏਏ ਵਿਰੁੱਧ ਅਵਾਮੀ ਉਭਾਰ ਅਤੇ ਹਾਲੀਆ ਕਿਸਾਨ ਉਭਾਰ ਨੇ ਬਾਖ਼ੂਬੀ ਸਾਬਤ ਕਰ ਦਿੱਤਾ ਹੈ ਕਿ ਰਵਾਇਤੀ ਪਾਰਲੀਮੈਂਟਰੀ ਸਿਆਸਤ ਹਿੰਦੂਤਵ+ਕਾਰਪੋਰੇਟ ਫਾਸ਼ੀਵਾਦ ਦਾ ਬਦਲ ਪੇਸ਼ ਨਹੀਂ ਕਰ ਸਕਦੀ। ਪਾਰਲੀਮੈਂਟਰੀ ਰਾਜਨੀਤਕ ਘੇਰੇ ਤੋਂ ਬਾਹਰਲੇ ਲੋਕ ਸੰਘਰਸ਼ ਹੀ ਅਸਲ ਬਦਲ ਬਣਕੇ ਉੱਭਰਨਗੇ। ਜੇ ਸੱਚੀਆਂ ਇਨਕਲਾਬੀਆਂ ਤਾਕਤਾਂ ਠੋਸ ਪਹਿਲਕਦਮੀਂ ਕਰਨ ਤਾਂ ਰੰਗ ਬਦਲ ਬਦਲ ਕੇ ਆ ਰਹੀ ਗਲੀ-ਸੜੀ ਵੋਟ ਬਟੋਰੂ ਸਿਆਸਤ ਨੂੰ ਗ਼ੈਰਪ੍ਰਸੰਗਿਕ ਬਣਾਉਣ ਦਾ ਮੁੱਢ ਹੁਣ ਬੰਨ੍ਹਿਆ ਜਾ ਸਕਦਾ ਹੈ।




Punjabi Rang Radio
CA 10 530 AM
11 pm-12 am
Every Saturday
Chamkaur Singh
Producer/Host
Cell : 416 662 1313
Email punjabirang13@hotmail.com





ਗੋਰਕੀ ਪ੍ਰਕਾਸ਼ਨ
ਲੁਧਿਆਣਾ
ਪੰਜਾਬੀ, ਹਿੰਦੀ, ਅੰਗਰੇਜ਼ੀ ਵਿੱਚ ਕਿਤਾਬਾਂ
ਛਪਵਾਉਣ ਲਈ ਸੰਪਰਕ ਕਰੋ
94176-42785
77172-45945
ਨੋਟ : ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਸਾਹਿਤ ਉਪਲਬਧ
ਸ਼ਹੀਦ ਭਗਤ ਸਿੰਘ ਬੁੱਕ ਸੈਂਟਰ, ਦੁਕਾਨ ਨੰਬਰ-7, ਪੰਜਾਬੀ ਭਵਨ, ਲੁਧਿਆਣਾ

# ਦਰਮਿਆਨਾ ਵਪਾਰ ਤੇ ਕਾਰੋਬਾਰ ਆਰਥਿਕ ਮੰਦੀ ਦੀ ਮਾਰ ਹੇਠ ਕਿਵੇਂ ?



ਡਾ. ਅਜੀਤਪਾਲ ਸਿੰਘ
ਬਠਿੰਡਾ
98156-29301

ਵਿਸ਼ਵ ਵਿਆਪੀ ਆਰਥਿਕ ਮੰਦੀ ਦੀ ਸਭ ਤੋਂ ਪਹਿਲੀ ਸੱਟ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਰਵਾਇਤੀ ਸਨਅਤਾਂ ਅਤੇ ਛੋਟੀਆਂ-ਦਰਮਿਆਨੀਆਂ ਕੰਪਨੀਆਂ ਤੇ ਪਈ। ਹੁਣ ਜਦ ਵੱਡੇ ਸੰਗਠਿਤ ਖੇਤਰ ਵੀ ਮੰਗ ਦੀ ਕਮੀ ਕਾਰਨ ਮੰਦੇਹਾਲ ਵਿੱਚ ਹਨ ਤਾਂ ਛੋਟੀਆਂ ਕੰਪਨੀਆਂ ਤੇ ਮਾਰ ਹੋਰ ਕਈ ਗੁਣਾਂ ਵਧ ਗਈ ਹੈ। ਕਾਰੋਬਾਰੀ ਘਬਰਾਏ ਹੋਏ ਹਨ। ਉਹ ਕਾਸਟ ਕਟਿੰਗ ਤੋਂ ਲੈ ਕੇ ਉਤਪਾਦਨ ਘਟਾਉਣ ਤੱਕ ਸਾਰੇ ਉਪਾਅ ਅਜ਼ਮਾ ਰਹੇ ਹਨ। ਨਤੀਜੇ ਵਜੋਂ ਲੋਕਾਂ ਦੀਆਂ ਨੌਕਰੀਆਂ ਜਾ ਰਹੀਆਂ ਹਨ। ਜੀ ਡੀ ਪੀ ਵਿੱਚ 29 ਫੀਸਦੀ ਅਤੇ ਨਿਰਯਾਤ ਵਿੱਚ 40 ਫ਼ੀਸਦੀ ਹਿੱਸੇਦਾਰੀ ਰੱਖਣ ਵਾਲੇ ਲਘੂ ਛੋਟੇ ਅਤੇ ਦਰਮਿਆਨੇ ਉਪਕਰਮਾਂ (ਐੱਮ ਐੱਸ ਐੱਮ ਡੀ) ਦੀ ਸਥਿਤੀ ਤਾਂ ਨੋਟਬੰਦੀ ਅਤੇ ਜੀ ਐੱਸ ਟੀ ਲਾਗੂ ਹੋਣ ਤੋਂ ਬਾਅਦ ਤੋਂ ਹੀ ਵਿਗੜਨ ਲੱਗੀ ਸੀ। ਮੰਗ ਵਿੱਚ ਗਿਰਾਵਟ ਆਉਣ ਨਾਲ ਜਿਵੇਂ ਉਨ੍ਹਾਂ ਦੀ ਰੀੜ੍ਹ ਦੀ ਹੱਡੀ ਹੀ ਟੁੱਟ ਗਈ ਹੈ। ਤਿਉਹਾਰਾਂ ਦੇ ਸੀਜ਼ਨ ਵਿੱਚ ਤੀਹ-ਪੈਂਤੀ ਫੀਸਦੀ ਵਿਕਰੀ ਦੀ ਉਮੀਦ ਹੁੰਦੀ ਹੈ, ਪਰ ਜਿਸ ਤੇਜ਼ੀ ਨਾਲ ਲੋਕ ਨੌਕਰੀਆਂ ਤੋਂ ਵਾਂਝੇ ਹੋ ਰਹੇ ਹਨ ਉਸ ਨਾਲ ਤਿਉਹਾਰ ਵੀ ਫਿੱਕੇ ਗੁਜ਼ਰਨ ਦਾ ਡਰ ਹੈ। ਲੁਧਿਆਣੇ ਦੀ ਟੈਕਸਟਾਈਲ ਤੇ ਸਾਈਕਲ ਇੰਡਸਟਰੀ, ਮੰਡੀ ਗੋਬਿੰਦਗੜ੍ਹ ਦੀ ਸਟੀਲ ਇੰਡਸਟਰੀ, ਮੁਰਾਦਾਬਾਦ ਦੇ ਹੈਂਡੀਕ੍ਰਾਫਟ, ਲਖਨਊ ਦੀ ਚਿਕਨ ਜਰਦੋਜੀ, ਆਗਰਾ ਅਤੇ ਕਾਨਪੁਰ ਦੀ ਫੁੱਟਵੀਅਰ ਇੰਡਸਟਰੀਜ਼, ਜਮਸ਼ੇਦਪੁਰ ਦੀ ਆਟੋ ਪਾਰਟ ਇੰਡਟਰੀ, ਕੋਟਾਂ ਦੀ ਸਟੋਨ ਇੰਡਰਸਟਰੀ, ਭੋਪਾਲ-ਇੰਦੌਰ ਦੀ ਗਾਰਮੈਂਟ ਇੰਦਸਟਰੀ ਅਤੇ ਦਿੱਲੀ ਦੇ ਟਰੇਡਜ਼ ਦਾ ਸਰਵੇਖਣ ਹੋਇਆ ਹੈ। ਇਕੱਲੇ ਲੁਧਿਆਣੇ ਅੰਦਰ ਅੰਦਰ ਡੇਢ ਲੱਖ ਨੌਕਰੀਆਂ ਨੂੰ ਖਤਰਾ ਹੈ। ਟੈਕਸਟਾਈਲ ਅਤੇ ਗਾਰਮੈਂਟਸ ਉਦਯੋਗ ਵਿੱਚ ਚਾਰ ਮਹੀਨੇ ਤੋਂ ਵਿਕਰੀ ਅਤੇ ਉਤਪਾਦਨ ਵਿੱਚ ਦਸ ਫੀਸਦੀ ਗਿਰਾਵਟ ਹੈ। ਪੰਜਾਬ ਜਿਨਿੰਗ ਮਿੱਲਰ ਐਸੋਸੀਏਸ਼ਨ ਦੇ ਪ੍ਰਧਾਨ ਭਗਵਾਨ ਬਾਂਸਲ ਨੇ ਦੱਸਿਆ ਕਿ ਪੰਜਾਬ ਤੋਂ ਇਲਾਵਾ ਇਲਾਕੇ ਦੀਆਂ 422 ਜਿਨਿੰਗ ਇਕਾਈਆਂ ਵਿੱਚੋਂ ਸਿਰਫ 56 ਚੱਲ ਰਹੀਆਂ ਹਨ। 2007-09 ਦੇ ਵਿਚਕਾਰ 366 ਇਕਾਈਆਂ ਬੰਦ ਚੁੱਕੀਆਂ ਹਨ। ਬਾਂਸਲ ਨੇ ਸ਼ੰਕਾ ਜ਼ਾਹਰ ਕੀਤੀ ਹੈ ਕਿ ਪੰਜਾਬ ਦੇ ਟੈਕਸਟਾਇਲ ਉਦਯੋਗ ਵਿੱਚ ਡੇਢ ਲੱਖ ਲੋਕਾਂ ਦਾ ਰੁਜ਼ਗਾਰ ਸੰਕਟ ਵਿੱਚ ਹੈ। ਇਸ ਸੈਕਟਰ ਨੂੰ ਰਾਹਤ ਦੇਣ ਲਈ ਕੇਂਦਰ ਸਰਕਾਰ ਨੇ ਕੋਈ ਠੋਸ ਕਦਮ ਨਹੀਂ ਉਠਾਏ ਹਨ। ਡਿਊਕ ਦੇ ਸੀ ਐੱਮ ਡੀ ਕੋਮਲ ਜੈਨ ਦਾ ਕਹਿਣਾ ਹੈ ਕਿ ਯਾਰਨ ਦੀਆਂ ਕੀਮਤਾਂ ਵਿੱਚ ਭਾਰੀ ਉਤਰਾ-ਚੜ੍ਹਾਅ ਨਾਲ ਲਾਗਤ ਵਧ ਜਾਂਦੀ ਹੈ। ਆਰਥਿਕ ਸੁਸਤੀ ਤੋਂ ਉਭਰਨ ਵਿੱਚ ਸਹਿਯੋਗ ਦੇਣ ਦੀ ਬਜਾਏ ਲੋਕਾਂ ਨੇ ਬੈਂਕ ਲਿਮਟ ਵਧਾਉਣ ਤੋਂ ਹੱਥ ਖਿੱਚ ਲਏ ਹਨ।

ਇੰਡਸਟਰੀ ਨੂੰ ਉਭਰਨ ਲਈ ਜੀਐੱਸਟੀ ਦਰਾਂ ਵਿੱਚ ਇੱਕਸਾਰਤਾ ਲਿਆਉਣ ਦੀ ਲੋੜ ਹੈ। ਹੱਥਾਂ ਨਾਲ ਬਣੇ ਯਾਰਨ ਤੇ ਜੀਐੱਸਟੀ 12 ਫੀਸਦੀ ਤਾਂ ਕਾਟਨ ਅਤੇ ਇੱਕ੍ਰਿਲਿਕ ਯਾਰਨ ਤੇ ਪੰਜ ਫ਼ੀਸਦੀ ਹੈ। 999 ਰੁਪਏ ਦੀ ਕੀਮਤ ਵਾਲੇ ਗਾਰਮੈਂਟਸ ਦੀ ਕੀਮਤ ਤੇ 5 ਫੀਸਦੀ ਤਾਂ ਜੁਲਾਈ ਤੱਕ ਛੇ ਰਾਜਾਂ ਨੇ ਤੇਈ ਲੱਖ ਸਾਈਕਲਾਂ ਦੇ ਆਰਡਰ ਦਿੱਤੇ ਹਨ। ਪੂਰੇ ਸਾਲ ਵਿੱਚ ਰਾਜ ਸਰਕਾਰਾਂ ਤੋਂ ਕਰੀਬ ਪੰਜਾਬ ਲੱਖ ਸਾਈਕਲਾਂ ਦੇ ਆਡਰ ਮਿਲਣ ਦੀ ਉਮੀਦ ਹੈ। ਏਵਨ ਸਾਈਕਲ ਸਨਅਤ ਦੇ ਸੀਐੱਮਡੀ ਓਂਕਾਰ ਸਿੰਘ ਪਾਹਵਾ ਨੇ ਦੱਸਿਆ ਹੈ ਕਿ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਤੋਂ ਵੱਡੇ ਆਰਡਰ ਮਿਲਣ ਵਾਲੇ ਹਨ। ਪੱਛਮੀ ਬੰਗਾਲ, ਕਰਨਾਟਕ ਤੇ ਗੁਜਰਾਤ ਦੇ ਆਰਡਰਾਂ ਦੀ ਸਪਲਾਈ ਚੱਲ ਰਹੀ ਹੈ। ਪਰ ਸਰਕਾਰੀ ਖ਼ਰੀਦ ਛੱਡ ਦਈਏ ਤਾਂ ਪਿਛਲੇ ਦੀਵਾਲੀ ਸੀਜ਼ਨ ਦੇ ਬਾਅਦ ਤੋਂ ਬਾਜ਼ਾਰ ਨਹੀਂ ਉੱਠਿਆ ਹੈ। ਦਸ ਮਹੀਨਿਆਂ ਚ ਵਿਕਰੀ ਪੰਜ ਫੀਸਦੀ ਘਟੀ ਹੈ। ਵਿਸਥਾਰ ਯੋਜਨਾ ਨੂੰ ਰੁਕੀਆਂ ਹਨ। ਛੋਟੀਆਂ ਕੰਪਨੀਆਂ ਨੂੰ ਬੈਂਕਾਂ ਤੋਂ ਫਾਇਨਾਂਸ ਵਿਚ ਦਿੱਕਤ ਹੈ। ਦੇਸ਼ ਵਿੱਚ ਇੱਕ ਵੀ ਸਮਾਰਟ ਸਿਟੀ ਪ੍ਰਾਜੈਕਟ ਸਿਰੇ ਨਹੀਂ ਚੜ੍ਹਨ ਨਾਲ ਸਾਈਕਲ ਟਰੈਕ ਨਹੀਂ ਬਣ ਪਾਏ ਹਨ। ਇਲੈਕਟ੍ਰਿਕ ਵਹੀਕੱਲ ਅਤੇ ਸਾਈਕਲ ਤੇ ਪੰਜ ਫ਼ੀਸਦੀ ਜੀਐਸਟੀ ਹੈ ਜਦਕਿ ਆਮ ਸਾਈਕਲ ਤੇ 12 ਫੀਸਦੀ ਹੈ। ਇਸ ਨੂੰ ਘੱਟ ਕੀਤਾ ਜਾਣਾ ਚਾਹੀਦਾ ਹੈ। ਮੰਡੀ ਗੋਬਿੰਦਗੜ੍ਹ ਦੀਆਂ ਵੀ ਚਿਮਨੀਆਂ ਠੰਢੀਆਂ ਪੈਂਦੀਆਂ ਨਜ਼ਰ ਆ ਰਹੀਆਂ ਹਨ। ਪੰਜ ਮਹੀਨਿਆਂ ਵਿੱਚ ਕੰਸਟਰਕਸ਼ਨ, ਆਟੋਮੋਬਾਇਲ ਅਤੇ ਇਨਫਾਸਟਰੱਕਚਰ ਯੋਜਨਾਵਾਂ ਵਿੱਚ ਮੰਗ ਘਟਣ ਨਾਲ ਪੰਜਾਬ ਦੀ ਮੰਡੀ ਗੋਬਿੰਦਗੜ੍ਹ ਦੀ ਸੈਕੰਡਰੀ ਸਟੀਲ ਇੰਡਸਟਰੀ ਵਿੱਚ ਉਤਪਾਦਨ ਕਰੀਬ ਪੱਚੀ ਫੀਸਦੀ ਘੱਟ ਗਿਆ ਹੈ। ਸਟੀਲ ਕੀਮਤਾਂ ਵਿੱਚ ਬੀਤੇ ਸਾਲ ਦੀ ਤੁਲਨਾ ਵਿੱਚ ਤੀਹ ਫ਼ੀਸਦੀ ਗਿਰਾਵਟ ਦੇ ਬਾਵਜੂਦ ਮੰਗ ਨਹੀਂ ਵਧੀ ਹੈ। ਬ੍ਰੈਂਡਿਡ ਟੀਐਮਟੀ ਬਾਰ ਅਤੇ ਬਿਲੇਟ ਦੀਆਂ ਕੀਮਤਾਂ ਚਾਰ ਮਹੀਨੇ ਵਿੱਚ ਇੱਕੀ ਫ਼ੀਸਦੀ ਘਟੀਆਂ ਹਨ। ਸਟੀਲ ਫਰਨੈਸ ਐਸੋਸੀਏਸ਼ਨ ਦੇ ਪ੍ਰਧਾਨ ਮਹਿੰਦਰ ਗੁਪਤਾ ਨੇ ਕਿਹਾ ਕਿ ਅਪ੍ਰੈਲ ਤੋਂ ਸਟੀਲ ਦੀ ਮੰਗ ਪੱਚੀ ਫੀਸਦੀ ਘਟੀ ਹੈ। ਨਿਰਮਾਣ ਅਤੇ ਆਟੋ ਮੋਬਾਈਲ ਵਿੱਚ ਮੰਗ ਘੱਟ ਹੋਣ ਨਾਲ ਫਰਨੇਸ ਤੇ ਰੋਲਿੰਗ ਮਿੱਲਾਂ ਦੀ ਪੈਦਾਵਾਰ ਪੱਚੀ ਫ਼ੀਸਦੀ ਘੱਟ ਗਈ ਹੈ। ਗੁਪਤਾ ਨੂੰ ਉਮੀਦ ਹੈ ਕਿ ਮਾਰਚ 2020 ਤੱਕ ਖਰੀਦੇ ਗਏ ਬੀਐਸ-4 ਵਾਹਨਾ ਦੀ ਵਾਜਬੀਅਤ ਰਜਿਸਟ੍ਰੇਸ਼ਨ ਅਰਸੇ ਤੱਕ ਕੀਤੇ ਜਾਣ ਨਾਲ ਕੁਝ ਰਾਹਤ ਮਿਲੇਗੀ। ਦੋ ਤਿੰਨ ਮਹੀਨੇ ਵਿੱਚ ਸੁਸਤੀ ਦੂਰ ਹੋ ਸਕਦੀ ਹੈ। ਮੁਰਾਦਾਬਾਦ ਉਦਯੋਗ ਤੇ ਜੀਐੱਸਟੀ ਤਾਂ ਬਹੁਤ ਭੈੜਾ ਅਸਰ ਹੋਇਆ ਹੈ। ਅਮਰੀਕਾ ਦੁਆਰਾ ਜਨਰਲਾਈਜ਼ ਸਿਸਟਮ ਆਫ ਫਰਨੈਸ (ਜੀਐੱਸਪੀ) ਦੀ ਸੂਚੀ ਤੋਂ ਭਾਰਤ ਨੂੰ ਕੱਢੇ ਦਿੱਤੇ ਜਾਣ ਦਾ ਸਿੱਧਾ ਅਸਲ ਮੁਰਾਦਾਬਾਦ ਦੇ ਹੈਂਡੀਕ੍ਰਾਫਟ ਬਰਾਮਦ ਤੇ ਦਿੱਸਦਾ ਹੈ। ਭਾਰਤ ਦੇ ਹੈਂਡੀਕ੍ਰਾਫਟ ਤੇ ਅਮਰੀਕਾ ਵਿੱਚ ਪੰਜ ਫ਼ੀਸਦੀ ਗ੍ਰਾਮ ਦਰਾਮਦ ਟੈਕਸ ਲੱਗਣ ਲੱਗਿਆ ਹੈ। ਦਰਾਮਦਜਾਰਾਂ ਨੂੰ ਮਰਚੇਡਾਈਜ਼ ਐਕਸਪੋਰਟ ਇੰਨਸਰਵਸਿੰਗ (ਐੱਮ ਈ ਆਈ ਐੱਸ) ਦੇ ਤਹਿਤ ਮਿਲਣ ਵਾਲੀ ਸੱਤ ਫੀਸਦੀ ਰਿਆਇਤ ਵੀ 31 ਜੁਲਾਈ ਤੋਂ ਬੰਦ ਹੋ ਗਈ ਹੈ। ਗਲੋਬਲ ਐਕਸਪੋਰਟ ਕਾਰਪੋਰੇਸ਼ਨ ਦੇ ਪ੍ਰਮੁੱਖ ਸਤਪਾਲ ਦਾ ਕਹਿਣਾ ਹੈ ਕਿ ਜੂਨ ਦੇ ਮੁਕਾਬਲੇ ਬਰਾਮਦ ਆਰਡਰ 29-25 ਫੀਸਦੀ ਘੱਟ ਚੁੱਕੇ ਹਨ। ਮੰਗ ਵਿੱਚ ਸੁਸਤੀ ਦਾ ਅਸਲੀ ਅਸਰ ਸਤੰਬਰ ਦੇ ਬਾਅਦ ਦਿਖੇਗਾ ਜਦ ਨਵੇਂ ਸਾਲ ਅਤੇ ਕ੍ਰਿਸਮਸ ਦੇ ਆਰਡਰ ਪੂਰੇ ਕਰਨ ਤੋਂ ਬਾਅਦ ਸੀਜ਼ਨਲ ਸੁਸਤੀ ਸ਼ੁਰੂ ਹੁੰਦੀ ਹੈ। ਉਨ੍ਹਾਂ ਅਨੁਮਾਨ ਹੈ ਇਸ ਸਾਲ ਮੁਰਾਦਾਬਾਦ ਦੀ ਹੈਂਡੀਕ੍ਰਾਫਟ ਬਰਾਮਦ 6000 ਕਰੋੜ ਰੁਪਏ ਤੋਂ ਜ਼ਿਆਦਾ ਨਹੀਂ ਹੋ ਸਕੇਗੀ, ਜਦ ਕਿ ਪਿਛਲੇ ਸਾਲ ਬਰਾਮਦ 8500 ਕਰੋੜ ਦੇ ਕਰੀਬ ਸੀ। ਮੁਰਾਦਾਬਾਦ ਵਿੱਚ ਕਰੀਬ 2000 ਬਰਾਮਦਕਾਰ ਤੇ ਨਿਰਮਾਤਾ ਹੁੰਦੇ ਸਨ। ਕਾਰੋਬਾਰੀ ਸੁਸਤੀ ਕਾਰਨ ਇਹਨਾਂ ਤੋਂ ਕਰੀਬ ਦਸ ਫ਼ੀਸਦੀ ਕਾਰੋਬਾਰ ਬੰਦ ਚੁੱਕੇ ਹਨ। ਤਿੰਨ ਸਾਢੇ ਤਿੰਨ ਲੱਖ ਕਾਮਿਆਂ ਵਿੱਚੋਂ ਕਰੀਬ ਪੈਂਤੀ ਹਜ਼ਾਰ ਕਰਮਚਾਰੀ ਦੀ ਛਾਂਟੀ ਹੋ ਚੁੱਕੀ ਹੈ। ਸਤੰਬਰ ਤੋਂ ਬਾਅਦ ਛਾਂਟੀ ਹੋਰ ਤੇਜ ਹੋ ਸਕਦੀ ਹੈ।




ਉੱਤਰ ਪ੍ਰਦੇਸ਼ ਵਿੱਚ ਜਰਦੋਜੀ ਦਾ ਕੰਮ ਲਖਨਊ, ਬਰੇਲੀ, ਬਦਾਉਂ, ਚੰਦੋਲੀ, ਉਨਾਬ, ਕਾਸਗੰਜ, ਲਲਿਤਪੁਰ, ਸ਼ਾਹਜਹਾਂ ਤੱਕ ਫੈਲਿਆ ਹੋਇਆ ਹੈ। ਚਿਕਨ ਦਾ ਕੰਮ ਲਖਨਊ ਤੇ ਆਸ ਪਾਸ ਲਖੀਮਪੁਰ, ਸੀਤਾਪੁਰ, ਬਾਰਾਬੰਕੀ, ਉਨਾਮ, ਫੈਜ਼ਾਬਾਦ ਅਤੇ ਰਾਇਬਰੇਲੀ ਵਿੱਚ ਵੀ ਹੁੰਦਾ ਹੈ। ਚਿਕਨ ਤੇ ਜ਼ਰਦੋਜੀ ਕਾਰੋਬਾਰੀ ਮੁਹੰਮਦ ਨਦੀਮ ਕਹਿੰਦੇ ਹਨ ਕਿ ਇੱਕ ਸਮੇਂ ਰਾਜ ਵਿੱਚ ਕਈ ਲੱਖ ਲੋਕ ਇਸ ਨਾਲ ਜੁੜੇ ਸਨ ਹੁਣ ਸਿਰਫ਼ ਪੱਚੀ ਲੱਖ ਰਹਿ ਗਏ ਹਨ। ਲੋਕ ਦੂਜੇ ਕੰਮ ਧੰਦੇ ਕਰਨ ਲਈ ਮਜਬੂਰ ਹੋ ਗਏ ਹਨ। ਨੋਟਬੰਦੀ ਅਤੇ ਜੀਐੱਸਟੀ ਦੇ ਪਿੱਛੋਂ ਹਾਲਾਤ ਬਦਤਰ ਹੋਏ ਹਨ।

ਵਾਰਾਣਸੀ ਸਟੀਲ ਸਟੇਟ ਐਸੋਸੀਏਸ਼ਨ ਦੇ ਜਨਰਲ ਸਕੱਤਰ ਪਿਊਸ਼ ਅਗਰਵਾਲ ਕਹਿੰਦੇ ਹਨ ਕਿ ਜਿਸ ਮਾਲ ਦਾ ਭਾਅ ਪਹਿਲੇ ਦੋ ਤਿੰਨ ਮਹੀਨਿਆਂ ਵਿੱਚ ਮਿਲਿਆ ਸੀ ਹੁਣ ਇੱਕ ਸਾਲ ਬਾਅਦ ਨਹੀਂ ਮਿਲ ਪਾ ਰਿਹਾ ਹੈ। ਰਿਸਜੈਂਟ ਇੰਡੀਆ ਲਿਮਟਿਡ ਦੇ ਐੱਮ ਡੀ ਜੋਤੀ ਪ੍ਰਕਾਸ਼ ਗੜ੍ਹੀਆਂ ਦਸਦੇ ਹਨ ਕਿ ਸਭ ਤੋਂ ਵੱਧ ਦਿੱਕਤ ਫੰਡਿੰਗ ਦੀ ਹੈ। ਐਸਿਚੈਮ ਦੇ ਸਟੇਟ ਪ੍ਰੈਸੀਡੈਂਟ ਵਿਜੇ ਅਚਾਰੀਆਂ ਕਹਿੰਦੇ ਹਨ ਕਿ ਨੱਬੇ ਫੀਸਦੀ ਐੱਮਐੱਸਐੱਮਈ ਨੂੰ ਕੱਚਾ ਮਾਲ ਨੱਕ ਖਰੀਦਣਾ ਪੈਂਦਾ ਹੈ ਅਤੇ ਕ੍ਰੈਡਿਟ ਤੇ ਵੇਚਣਾ ਪੈਂਦਾ ਹੈ। ਅਫਾਇਗੀ ਵਿੱਚ ਦੇਰੀ ਕਰਕੇ ਬਾਜ਼ਾਰ ਵਿੱਚ ਪੈਸਾ ਫਸਿਆ ਰਿਹਾ ਹੈ। ਸਰਕਾਰ ਤੋਂ ਮੱਦਦ ਦੇ ਸਵਾਲ ਤੇ ਇੰਸਟੀਚਿਊਟਾਂ ਆਫ ਇੰਟਰਨਲ ਆਡਿਟਰਸ (ਆਈਆਈਏ) ਦੇ ਸਟੇਟ ਚੇਅਰਮੈਨ ਪੰਕਜ ਗੁਪਤਾ ਕਹਿੰਦੇ ਹਨ ਕਿ ਜਦ ਸਰਕਾਰੀ ਵਿਭਾਗਾਂ ਤੋਂ ਵੀ ਉੱਦਮੀਆਂ ਨੂੰ ਪੇਮੈਂਟ ਨਹੀਂ ਮਿਲ ਰਹੀ ਤਾਂ ਸਰਕਾਰ ਮਦਦ ਕੀ ਕਰੇਗੀ। ਆਗਰਾ ਤੇ ਕਾਨਪੁਰ ਉੱਤਰ ਪ੍ਰਦੇਸ਼ ਦੀ ਲੈਦਰ ਇੰਡਸਟਰੀ ਦੇ ਪ੍ਰਮੁੱਖ ਕੇਂਦਰ ਹਨ ਪਰ ਦੇਸ਼ ਦੇ ਜੁੱਤਿਆਂ ਦੀ ਸਪਲਾਈ ਕਰਨ ਵਾਲੇ ਆਗਰਾ ਦੇ ਹੀਂਗ ਦੀ ਮੰਡੀ ਬਾਜ਼ਾਰ ਦੇ ਵਪਾਰੀ ਸਨੀ ਮਹਿਰਾ ਨੇ ਦੱਸਿਆ ਕਿ ਘਰੇਲੂ ਵਿਕਰੀ ਵਿੱਚ ਇਸ ਸਾਲ ਸੱਠ ਫ਼ੀਸਦੀ ਗਿਰਾਵਟ ਹੈ। ਦੂਜੇ ਪਾਸੇ ਬਰਾਮਦ ਵਿੱਚ ਵੀ ਵਾਧਾ ਹੋਣ ਦੀ ਉਮੀਦ ਨਹੀਂ ਹੈ।

ਭਾਰਤ ਤੋਂ ਲੈਦਰ ਫੁੱਟਵੀਅਰ ਦਾ ਅੱਸੀ ਫੀਸਦੀ ਬਰਾਮਦ ਯੂਰਪ ਨੂੰ ਹੁੰਦਾ ਹੈ। ਆਗਰਾ ਫੁੱਟਵੀਅਰ ਮੈਨੂੰਫੈਕਰਰਜ਼ ਐਂਡ ਐਕਸਪੋਰਟ ਚੈਂਬਰ ਦੇ ਪ੍ਰਧਾਨ ਪੂਰਨ ਡਾਬਰ ਮੁਤਾਬਕ ਇਸ ਸਾਲ ਬਰਾਮਦ ਪਿਛਲੇ ਸਾਲ ਜਿੰਨੀ ਹੀ ਰਹਿਣ ਦੇ ਆਸਾਰ ਹਨ। ਪਿਛਲੇ ਵਿੱਤੀ ਸਾਲ ਤੋਂ 15,351 ਕਰੋੜ ਰੁਪਏ ਅਤੇ ਆਗਰਾ ਤੋਂ 3,107 ਕਰੋੜ ਰੁਪਏ ਦਾ ਫੁੱਟਵੀਅਰ ਬਰਾਮਦ ਹੋਇਆ ਸੀ। ਯੂਪੀ ਲੈਦਰ ਇੰਡਸਟਰੀ ਐਸੋਸੀਏਸ਼ਨ ਦੇ ਸਾਬਕਾ ਪ੍ਰਧਾਨ ਤਾਜ ਆਲਮ ਨੇ ਦੱਸਿਆ ਕਿ ਉਨਾਬ ਜ਼ਿਲ੍ਹੇ ਦੀਆਂ ਟੇਨਰੀਆਂ ਨੌਂ ਮਹੀਨੇ ਤੋਂ ਬੰਦ ਹਨ। ਇਸ ਤੋਂ ਪੂਰਾ ਫਾਇਦਾ ਪਾਕਿਸਤਾਨ ਨੂੰ ਮਿਲਿਆ ਹੈ।ਕੌਮਾਂਤਰੀ ਬਾਜ਼ਾਰ ਵਿੱਚ ਉਨ੍ਹਾਂ ਦਾ ਕਾਰੋਬਾਰ ਪੰਜ ਫੀਸਦੀ ਵਧਿਆ ਹੈ, ਜਦ ਕਿ ਸਾਡਾ ਦਸ ਫ਼ੀਸਦੀ ਘਟਿਆ ਹੈ। ਕਾਨਪੁਰ ਵਿੱਚ ਚਮੜਾ ਅਤੇ ਲੈਦਰ ਉਤਪਾਦ ਬਣਾਉਣ ਵਾਲੀ ਜ਼ਿਆਦਾਤਰ ਟੇਨਰੀਆਂ ਗੰਗਾ ਨਦੀ ਦੇ ਕਿਨਾਰੇ ਹੈ। ਇਸ ਸਾਲ ਜਨਵਰੀ-ਫਰਵਰੀ ਵਿੱਚ ਕੁੰਭ ਮੇਲੇ ਦੇ ਕਾਰਨ ਪੰਦਰਾਂ ਦਸੰਬਰ 2018 ਤੋਂ ਇਨ੍ਹਾਂ ਨੂੰ ਬੰਦ ਕਰ ਦਿੱਤਾ ਗਿਆ ਸੀ। ਹਾਲਾਂਕਿ ਅਮਰੀਕਾ-ਚੀਨ ਟ੍ਰੇਡ ਵਾਰ ਨਾਲ ਇੰਡਸਟਰੀ ਨੂੰ ਉਮੀਦ ਵੀ ਹੈ। ਬ੍ਰਾਮਦਕਾਰਾਂ ਨੂੰ ਲੱਗਦਾ ਹੈ ਕਿ ਅਮਰੀਕੀ ਬਾਜ਼ਾਰ ਵਿੱਚ ਪੈਂਠ ਬਣਾ ਲੈਣਗੇ। ਅਜੇ ਫੁੱਟਵੀਅਰ ਬਰਾਮਦ ਵਿੱਚ ਅਮਰੀਕਾ ਦਾ ਹਿੱਸਾ ਤਿੰਨ-ਚਾਰ ਫੀਸਦੀ ਹੈ। ਅਮਰੀਕਾ ਤੇ ਫੁੱਟਵੀਅਰ ਬਰਾਮਦ ਵਿੱਚ ਚੀਨ ਦੀ ਹਿੱਸੇਦਾਰੀ ਸੱਠ ਫ਼ੀਸਦੀ ਹੈ। ਅਮਰੀਕਾ ਨੇ ਚਾਈਨੀਜ਼ ਫੁੱਟਵੀਅਰ ਤੇ ਪੱਚੀ ਫੀਸਦੀ ਡਿਊਟੀ ਲਾ ਦਿੱਤੀ ਹੈ ਜਮਸ਼ੇਦਪੁਰ ਵਿੱਚ ਹੁਣ ਤੱਕ ਪੈਂਤੀ ਹਜ਼ਾਰ ਲੋਕ ਬੇਰੁਜ਼ਗਾਰ ਹੋ ਗਏ ਹਨ। ਜਮਸ਼ੇਦਪੁਰ ਦੀ ਆਟੋ ਤੇ ਸਟੀਲ ਸੈਕਟਰ ਦੀ ਜ਼ਿਆਦਾਤਰ ਐਂਸਿਲਰੀ (ਸਹਾਇਕ) ਯੂਨਿਟ ਪੂਰੀ ਤਰ੍ਹਾਂ ਟਾਟਾ ਮੋਟਰਸ ਤੇ ਟਾਟਾ ਸਟੀਲ ਤੇ ਨਿਰਭਰ ਹਨ। ਆਦਿੱਤਯਪੁਰ ਸਮਾਲ ਇੰਡਸਟਰੀਜ਼ ਐਸੋਸੀਏਸ਼ਨ ਦੇ ਪ੍ਰੈਸੀਡੈਂਟ ਇੰਦਰ ਅਗਰਵਾਲ ਨੇ ਦੱਸਿਆ ਕਿ ਟਾਟਾ ਮੋਟਰਸ ਕਦੀ ਹਰ ਮਹੀਨੇ ਅੱਠ ਹਜ਼ਾਰ ਤੋਂ ਨੌਂ ਹਜ਼ਾਰ ਗੱਡੀਆਂ ਬਣਾਉਂਦੀ ਸੀ, ਜੋ ਹੁਣ ਤਿੰਨ ਤੋਂ ਚਾਰ ਹਜ਼ਾਰ ਰਹਿ ਗਈਆਂ ਹਨ। ਇੱਥੇ ਆਟੋ ਮੋਬਾਇਲ ਸੈਕਟਰ ਨਾਲ ਜੁੜੀਆਂ ਕਰੀਬ ਪੰਦਰਾਂ ਸੌ ਗਈਆਂ ਹਨ। ਇਨ੍ਹਾਂ ਵਿੱਚ 70-80 ਫੀਸਦੀ ਟਾਟਾ ਮੋਟਰਜ਼ ਤੇ ਨਿਰਭਰ ਹਨ। ਇਨ੍ਹਾਂ ਦਾ ਉਤਪਾਦਨ 40-50 ਫ਼ੀਸਦੀ ਘੱਟ ਗਿਆ ਹੈ। ਟਾਟਾ ਮੋਟਰਜ਼ ਵਿੱਚ ਬਲਾਕ ਕਲੋਜ਼ਰ (ਕਈ ਰੋਜ਼ ਦੇ ਲਈ ਪੈਦਾਵਾਰ ਬੰਦ) ਕਰ ਰਹੀ ਹੈ, ਇਸ ਲਈ ਕੁਝ ਇਕਾਈਆਂ ਵਿੱਚ ਦੋ ਸ਼ਿਫਟਾਂ ਦੀ ਥਾਂ ਇੱਕ ਸ਼ਿਫਟ ਵਿੱਚ ਹੀ ਕੰਮ ਹੋ ਰਿਹਾ ਹੈ, ਇਸ ਵਜ੍ਹਾ ਕਰ ਕਰਕੇ ਠੇਕੇ ਤੇ ਕੰਮ ਕਰਨ ਵਾਲੇ ਤੀਹ ਤੋਂ ਪੈਂਤੀ ਹਜਾਰ ਲੋਕ ਬੇਰੁਜ਼ਗਾਰ ਹੋ ਗਏ ਹਨ। ਸਿੰਘਭੂਮ ਚੈਂਬਰ ਆਫ ਕਾਮਰਸ ਦੇ ਪ੍ਰਧਾਨ ਦੇ ਸੁਰੇਸ਼ ਸੌਂਥਾਲਿਆ ਨੇ ਦੱਸਿਆ ਕਿ ਜੁਲਾਈ ਤੋਂ ਅਠਾਰਾਂ ਇੰਡਕਸ਼ਨ ਯੂਨਿਟ ਬੰਦ ਹਨ। ਟਾਟਾ ਤੋਂ ਪੇਮੈਂਟ ਵਿੱਚ ਵੀ ਦੇਰੀ ਹੋ ਰਹੀ ਹੈ। ਪਿਛਲੇ ਤੀਹ ਦਿਨਾਂ ਵਿੱਚ ਪੈਸੇ ਮਿਲ ਜਾਂਦੇ ਸਨ ਹੁਣ ਤਿੰਨ ਮਹੀਨੇ ਲੱਗ ਰਹੇ ਹਨ। ਟਾਟਾ ਤੇ ਨਿਰਭਰਤਾ ਘੱਟ ਕਰਨ ਲਈ ਡਿਵਰਸੀਫਿਕੇਸ਼ਨ ਹੋ ਰਹੀ ਹੈ। ਸਰਕਾਰ ਤੋਂ ਇੱਥੇ ਰੇਲ ਕੋਚ ਫੈਕਟਰੀ ਤੇ ਟਰੈਕਟਰ ਕੰਪਨੀ ਸਥਾਪਿਤ ਕਰਨ ਲਈ ਮੰਗ ਕੀਤੀ ਗਈ ਹੈ। ਪਿੱਛੇ ਜਿਹੇ ਸਰਕਾਰ ਨੇ ਜੋ ਕਦਮ ਉਠਾਏ ਹਨ ਉਨ੍ਹਾਂ ਤੋਂ ਫਾਇਦਾ ਮਿਲਣ ਦੀ ਉਮੀਦ ਹੈ। ਉਨ੍ਹਾਂ ਨੇ ਕਿਹਾ “ਸਰਕਾਰ ਬੈਂਕਾਂ ਵਿੱਚ ਪੂੰਜੀ ਪਾਵੇਗੀ ਤਾਂ ਇਸ ਨਾਲ ਕਰਜ ਮਿਲਣ ਵਿੱਚ ਅਸਾਨੀ ਹੋਵੇਗੀ। ਸਰਕਾਰੀ ਵਿਭਾਗਾਂ ਵਿੱਚ ਵਾਹਨਾਂ ਦੀ ਖਰੀਦ ਤੇ ਰੋਕ ਹਟਾਉਣ ਅਤੇ ਡੈਪ੍ਰੀਸੀਏਸ਼ਨ ਪੰਦਰਾਂ ਤੋਂ ਵਧਾ ਕੇ ਤੀਹ ਫ਼ੀਸਦੀ ਕਰਨ ਨਾਲ ਵੀ ਵਾਹਨਾਂ ਦੀ ਮੰਗ ਵਧਣ ਦੀ ਉਮੀਦ ਹੈ।” ਇੰਦੌਰ ਵਿੱਚ ਗਹਿਣਿਆਂ ਦਾ ਕੰਮ ਅੱਧਾ ਰਹਿ ਗਿਆ ਹੈ। ਮੱਧ ਪ੍ਰਦੇਸ਼ ਵਿੱਚ ਸੁਸਤੀ ਦੀ ਸਭ ਤੋਂ ਜ਼ਿਆਦਾ ਮਾਰ ਆਟੋਮੋਬਾਈਲ ਤੇ ਗਾਰਮੈਂਟ ਇੰਡਸਟਰੀ ਤੇ ਪਈ ਹੈ, ਇਨ੍ਹਾਂ ਵਿੱਚੋਂ ਉਤਪਾਦਨ ਲਗਭਗ ਪੰਜਾਹ ਫੀਸਦੀ ਘੱਟ ਗਿਆ ਹੈ। ਇਸ ਕਰਕੇ 30 ਫੀਸਦੀ ਕਰਮਚਾਰੀਆਂ ਦੀ ਛਾਂਟੀ ਹੋ ਚੁੱਕੀ ਹੈ। ਇੰਦੌਰ ਵਿੱਚ ਲੱਗੇ ਪੀਥਮਪੁਰ ਸਨਅਤੀ ਖੇਤਰ ਵਿੱਚ ਆਟੋ ਪਾਰਟਸ ਬਣਾਉਣ ਵਾਲੇ ਕਈ ਕਾਰਖਾਨੇ ਅਤੇ ਸਪਿਨਿੰਗ ਮਿੱਲਾਂ ਹਨ। ਪੀਤਮਪੁਰਾ ਸਨਅਤੀ ਸੰਗਠਨ ਦੇ ਪ੍ਰਧਾਨ ਗੌਤਮ ਕੋਠਾਰੀ ਦਾ ਕਹਿਣਾ ਹੈ ਕਿ ਬਰਾਮਦ ਘੱਟਣ ਨਾਲ ਸਪਿਨਿੰਗ ਮਿੱਲਾਂ ਦੀ ਪੈਦਾਵਾਰ ਪੈਂਤੀ ਫੀਸਦੀ ਘੱਟ ਗਈ ਹੈ। ਪਹਿਲਾਂ ਤੋਂ ਕਈ ਸੰਗਠਨਾਂ ਨਾਲ ਜੁੜੇ ਰਹੇ ਕਾਰੋਬਾਰੀ ਰਜਿੰਦਰ ਕੋਠਾਰੀ ਨੇ ਵੀ ਦੱਸਿਆ ਹੈ ਕਿ ਨੌਬਤ ਇਥੋਂ ਤੱਕ ਆ ਗਈ ਹੈ ਕਿ ਇੰਦੌਰ ਦੇ ਅੱਠ ਦਸ ਗਾਰਮੈਂਟਸ ਕਾਰੋਬਾਰੀ ਬੰਗਲਾਦੇਸ਼ ਚਲੇ ਗਏ ਅਤੇ ਉੱਥੇ ਪੈਦਾ ਕਰ ਰਹੇ ਹਨ। ਭੋਪਾਲ ਨਾਲ ਲੱਗਦੇ ਮੰਡੀ ਦੀਪ ਵਿੱਚ ਵੀ ਸਪਿਨਿੰਗ ਮਿੱਲਾਂ ਹਨ ਮੰਡੀ ਦੀਪ ਸਨਅਤੀ ਸੰਗਠਨ ਦੇ ਮੀਤ ਪ੍ਰਧਾਨ ਐੱਨ ਕੇ ਸੋਨੀ ਦੇ ਦੱਸਣ ਮੁਤਾਬਿਕ ਜੂਨ ਤੋਂ ਮੰਗ ਵਿੱਚ ਭਾਰੀ ਕਮੀ ਹੈ।

ਸੋਨੀ ਨੇ ਦੱਸਿਆ ਕਿ ਮੰਡੀ ਦੀਪ ਵਿੱਚ ਆਟੋਮੋਬਾਈਲ ਸਪਿਨਿੰਗ ਤੇ ਪਲਾਸਟਿਕ ਪ੍ਰੋਡਕਟ ਬਣਾਉਣ ਵਾਲੀਆਂ 350 ਇਕਾਈਆਂ ਹਨ। ਇਥੋਂ ਦਾ ਸਾਲਾਨਾ ਟਰਨਓਵਰ 3500 ਕਰੋੜ ਰੁਪਏ ਹੈ। ਪਰ ਲੱਗਦਾ ਹੈ ਕਿ ਇਸ ਸਾਲ ਕਾਰੋਬਾਰ ਅਧਾ ਰਹਿ ਜਾਵੇਗਾ। ਗੋਬਿੰਦਪੁਰਾ ਸਨਅਤੀ ਖੇਤਰ ਵਿੱਚ ਭੇਲ ਦੀ ਸਹਾਇਕ ਕੰਪਨੀਆਂ ਜ਼ਿਆਦਾ ਹਨ। ਸਨਅਤਕਾਰ ਸੁਨੀਲ ਕੁਮਾਰ ਪਾਲੀ ਨੇ ਦੱਸਿਆ ਕਿ ਇੱਥੋਂ ਦੀਆਂ ਕਰੀਬ 950 ਇਕਾਈਆਂ ਵਿੱਚੋਂ ਸਭ ਨੇ ਉਤਪਾਦਨ ਅੱਧਾ ਕਰ ਦਿੱਤਾ ਹੈ। ਇੱਕ ਡੇਢ ਸਾਲ ਪਹਿਲਾਂ ਸਥਿਤੀ ਖਰਾਬ ਹੋਣੀ ਸ਼ੁਰੂ ਹੋਈ ਸੀ। ਹੁਣ ਸੰਕਟ ਕਾਫੀ ਗੰਭੀਰ ਹੋ ਗਿਆ ਹੈ। ਖ਼ਰਾਬ ਨੀਤੀਆਂ ਦਾ ਅਸਰ ਰਾਏਪੁਰ ਤੇ ਵੀ ਦਿਸ ਰਿਹਾ ਹੈ। ਸਤੀਸ਼ਗੜ੍ਹ ਦੀ ਰਾਜਧਾਨੀ ਰਾਏਪੁਰ ਨੇ ਨਾਲ ਲੱਗਦੇ ਸਨਅਤੀ ਖੇਤਰ ਦੀਆਂ ਕਰੀਬ 500 ਸਟੀਲ ਇਕਾਈਆਂ ਨੇ ਮੰਗ ਨਾ ਹੋਣ ਕਾਰਨ ਪੈਦਾਵਾਰ 30 ਤੋਂ 35 ਫੀਸਦੀ ਘਟਾ ਦਿੱਤੀ ਹੈ। ਉਰਲਾ ਇੰਡਸਟਰੀਜ਼ ਐਸੋਸੀਏਸ਼ਨ ਦੇ ਪ੍ਰਧਾਨ ਆਸ਼ਿਵਨ ਗਰਗ ਦਾ ਕਹਿਣਾ ਹੈ-ਮੰਗ ਨਾ ਹੋਣ ਕਾਰਨ ਇੰਡਸਟਰੀ ਪੈਦਾਵਾਰ ਘਟਾਉਣ ਨੂੰ ਮਜਬੂਰ ਹੈ। ਇਸ ਨਾਲ ਲੋਕ ਬੇਰੁਜ਼ਗਾਰ ਵੀ ਹੋ ਰਹੇ ਹਨ। ਭਲਾਈ ਵਿੱਚ ਸਟੀਲ ਅਥਾਰਿਟੀ ਆਫ ਇੰਡੀਆ ਦਾ ਵੱਡਾ ਸਟੀਲ ਪਲਾਂਟ ਬੀਐੱਸਪੀ ਹੋਣ ਦੇ ਬਾਅਦ ਵੀ ਇੱਥੋਂ ਦੀਆਂ ਸਹਾਇਕ ਸਨਅਤਾਂ (ਐਨਸਿਲਰੀ) ਨੂੰ ਕੰਮ ਨਹੀਂ ਮਿਲ ਰਿਹਾ ਹੈ। ਇਹੀ ਹਾਲ ਰਾਜ ਦੇ ਬਿਲਾਸਪੁਰ, ਕੋਰਬਾ ਤੇ ਰਾਇਗੜ੍ਹ ਇਲਾਕਿਆਂ ਦਾ ਹੈ। ਛਤੀਸਗੜ੍ਹ ਵਿੱਚ



ਸਟੀਲ ਅਤੇ ਕੋਲਾ ਆਧਾਰਤ ਸਨਅਤ ਜ਼ਿਆਦਾ ਹੈ, ਪਰ ਸਰਕਾਰ ਦੀ ਕੋਲਾ ਨੀਤੀ ਦਾ ਬੁਰਾ ਅਸਰ ਸਟੀਲ ਅਤੇ ਪਾਵਰ ਇੰਡਸਟਰੀ ਤੇ ਪਿਆ ਹੈ। ਕੋਟੇ ਦੇ ਸਟੋਨ ਦੀ ਸਪਲਾਈ ਤੀਜਾ ਹਿਸਾ ਰਹਿ ਗਈ ਹੈ। ਰੀਅਲ ਅਸਟੇਟ ਵਿੱਚ ਸੁਸਤੀ ਆਉਣ ਕਾਰਨ ਸਟੋਨ ਸਨਅਤ ਤੇ ਸੰਕਟ ਆ ਗਿਆ ਹੈ। ਹੜੌਤੀ ਕੋਟਾ ਸਟੋਨ ਇੰਡਸਟਰੀ ਐਸੋਸੀਏਸ਼ਨ ਦੇ ਪ੍ਰਧਾਨ ਆਰ ਐਨ ਗਰਗ ਮੁਤਾਬਿਕ ਸਮੁੱਚੇ ਖੜੌਤੀ ਖੇਤਰ (ਪੂਰਬੀ ਰਾਜਿਸਥਾਨ ਦੇ ਕੋਟਾ, ਬੂੰਦੀ, ਬਾਰਾਂ ਅਤੇ ਝਾਲਾਵਾੜ ਜ਼ਿਲ੍ਹੇ) ਵਿੱਚ ਚਾਰ-ਪੰਜ ਸਾਲ ਪਹਿਲਾਂ ਪੰਜ ਹਜ਼ਾਰ ਸਟੋਨ ਇਕਾਈਆਂ ਸਨ, ਪਰ ਅੱਜ ਉਨ੍ਹਾਂ ਦੀ ਗਿਣਤੀ ਅੱਧੇ ਤੋਂ ਵੀ ਘੱਟ ਰਹਿ ਗਈ ਹੈ। ਹੌੜਤੀ ਵਿੱਚ ਰੋਜ਼ਾਨਾ ਦੋ ਹਜ਼ਾਰ ਟਰੱਕ (ਪ੍ਰਤੀ ਟਰੱਕ ਔਸਤਨ ਅੱਠ ਹਜ਼ਾਰ ਵਰਗ ਫੁੱਟ ਸਟੋਨ) ਦੀ ਸਪਲਾਈ ਹੁੰਦੀ ਸੀ। ਇਸ ਸਾਲ ਦੇ ਸ਼ੁਰੂ ਵਿਚ ਇਹ ਘੱਟ ਕੇ 900-1000 ਟਰੱਕ ਰਹਿ ਗਈ ਸੀ, ਹੁਣ ਮੁਸ਼ਕਿਲ ਨਾਲ ਸੱਤ ਸੌ ਟਰੱਕ ਦੀ ਸਪਲਾਈ ਹੀ ਹੋ ਰਹੀ ਹੈ। ਐਸੋਸੀਏਸ਼ਨ ਦੇ ਸਕੱਤਰ ਅਤੇ ਐਨ ਕੇ ਇੰਡਸਟਰੀਜ਼ ਦੇ ਮੁੱਖੀ ਰੋਹਿਤ ਸੂਦ ਨੇ ਦੱਸਿਆ ਹੈ ਕਿ ਇਹ ਚਾਰ ਪੰਜ ਸਾਲ ਪਹਿਲਾਂ ਸਟੋਨ ਸਨਅਤ ਵਿੱਚ ਕਰੀਬ ਪੰਜ ਲੱਖ ਮਜ਼ਦੂਰ ਕੰਮ ਕਰਦੇ ਸੀ, ਹੁਣ ਇਨ੍ਹਾਂ ਦੀ ਗਿਣਤੀ ਦੋ ਢਾਈ ਲੱਖ ਦੇ ਆਸ ਪਾਸ ਹੋ ਗਈ ਹੈ। ਵਿੱਤ ਮੰਤਰੀ ਨਿਰਮਲਾ ਸੀਤਾ ਰਮਨ ਦੁਆਰਾ ਐਲਾਨੇ ਰਾਹਤ ਪੈਕੇਜ ਬਾਰੇ ਸੂਦ ਦਾ ਕਹਿਣਾ ਹੈ ਕਿ ਸਰਕਾਰ ਨੇ ਅਰਥਚਾਰੇ ਵਿੱਚ ਸੁਸਤੀ ਕਾਰਨ ਕਦਮ ਉਠਾਏ ਇਹ ਚੰਗੀ ਗੱਲ ਤਾਂ ਹੈ, ਪਰ ਇਨ੍ਹਾਂ ਐਲਾਨਾਂ ਦੇ ਲਾਗੂ ਹੋਣ ਤੇ ਵੀ ਮੰਗ ਸੁਧਰੇਗੀ ਜਾਂ ਨਹੀਂ ਇਹ ਤਾਂ ਸਮਾਂ ਹੀ ਦੱਸੇਗਾ। ਤਿਉਹਾਰਾਂ ਕਰਕੇ ਵੀ ਹਾਲਤ ਸ਼ੁੱਧਰੇਗੀ, ਇਹ ਵੀ ਉਮੀਦ ਬਹੁਤ ਘੱਟ ਹੈ। ਦਿੱਲੀ ਵਿੱਚ ਗਾਰਮੈਂਟਸ ਦੇ ਹੱਬ ਗਾਂਧੀ ਨਗਰ ਅਤੇ ਲਾਜਪਤ ਨਗਰ ਦੇ ਕਾਰੋਬਾਰੀਆਂ ਨੂੰ ਘਰੇਲੂ ਅਤੇ ਬਰਾਮਦ ਦੋਨਾਂ ਮੋਰਚਿਆਂ ਤੇ ਸੁਸਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਤਿਉਹਾਰੀ ਸੀਜ਼ਨ ਨਾਲ ਵੀ ਉਨ੍ਹਾਂ ਨੂੰ ਕੋਈ ਉਮੀਦ ਨਹੀਂ ਹੈ। ਬਰਾਮਦ ਕਰਨ ਵਾਲੀ ਫਰਮ ਪ੍ਰਾਈਮ ਐਕਸਪੋਰਟ ਦੇ ਕੁਲਦੀਪ ਗੋਇਲ ਮੁਤਾਬਿਕ ਬਰਾਮਦ ਕਰੀਬ 30 ਫੀਸਦੀ ਪਿਛਲੇ ਸਾਲ ਨਾਲੋਂ ਘੱਟ ਹੈ। ਇਹ ਰੁਖ ਸੱਤ ਅੱਠ ਮਹੀਨੇ ਤੋਂ ਹੈ।

ਬ੍ਰੈਗਜ਼ਿਟ ਦੇ ਚਲਦਿਆਂ ਬ੍ਰਿਟੇਨ ਵਿੱਚ ਅਨਿਸ਼ਚਿਤਤਾ ਹੈ। ਉਥੋਂ ਦੇ ਆਡਰ ਅੱਧੇ ਤੋਂ ਵੀ ਘੱਟ ਰਹਿ ਗਏ ਹਨ। ਬਿਜ਼ਨੈੱਸ ਘਟਨ ਕੇਰਕੇ ਸੁਪਰਵਾਈਜ਼ਰੀ ਸਟਾਫ਼ ਘਟਾਉਣਾ ਪਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਨੌਕਰੀਆਂ ਵਿੱਚ ਕਰੀਬ 25 ਫੀਸਦੀ ਕਟੌਤੀ ਹੋਈ ਹੈ। ਰਵਾਇਤੀ ਸੇਵਾਵਾਂ ਦਾ ਕਾਰੋਬਾਰ ਕਰ ਕਰਨ ਵਾਲੀ ਫਰਮ ਸੂਰੀਆ ਐਥਨਿਕ ਨੇ ਅਮਿੱਤ ਅਗਰਵਾਲ ਕਹਿੰਦੇ ਹਨ ਕਿ ਉਨ੍ਹਾਂ ਦੇ ਸੈਗਮੈਂਟ ਵਿੱਚ ਕੌਮਾਂਤਰੀ ਮੰਗ 2012 ਤੋਂ ਬਾਅਦ ਤੋਂ ਹੀ ਸੁਸਤ ਹੈ। ਪਹਿਲਾਂ ਔਸਤਨ 30 ਫੀਸਦੀ ਮਾਰਜਿੰਨ ਮਿਲ ਜਾਂਦਾ ਸੀ, ਪਰ ਮੰਗ ਘਟਣ ਤੋਂ ਪਿੱਛੋਂ ਹੁਣ ਪੰਦਰਾਂ ਵੀਹ ਫ਼ੀਸਦੀ ਮਾਰਜਿਨ ਮਿਲਣਾ ਵੀ ਮੁਸ਼ਕਿਲ ਹੈ। ਘਰੇਲੂ ਬਾਜ਼ਾਰ ਵਿੱਚ ਸਸਤੇ ਗਾਰਮੈਂਟਸ ਦੀ ਸਪਲਾਈ ਕਰਨ ਵਾਲੇ ਗਾਂਧੀ ਨਗਰ ਵਿੱਚ ਵੀ ਪਹਿਲਾਂ ਵਰਗੀ ਰੌਣਕ ਨਹੀਂ ਦਿਖਾਈ ਦਿੰਦੀ। ਗਾਰਮੈਂਟ ਮੈਨੂੰਫੈਕਚਰਿੰਗ ਫਾਰਮ ਐੱਮ ਐੱਸ ਟ੍ਰੇਡਿੰਗ ਦੇ ਮਨੀਸ਼ ਜੈਨ ਕਹਿੰਦੇ ਹਨ ਕਿ ਦੋ ਸਾਲ ਤੋਂ ਮੰਗ ਘੱਟ ਕੇ 30-40 ਫੀਸਦੀ ਹੀ ਬਚੀ ਹੈ। ਸਭ ਤੋਂ ਜ਼ਿਆਦਾ ਜੀ ਐਸ ਟੀ ਨੇ ਧੱਕਾ ਲਾਇਆ ਹੈ। ਛੋਟੇ ਵਪਾਰੀ ਜੀਐੱਸਟੀ ਦੀਆਂ ਕਾਰਵਾਈਆਂ ਪੂਰੀਆਂ ਨਹੀਂ ਕਰ ਪਾਉਂਦੇ ਅਤੇ ਨਕਦੀ ਵਿੱਚ ਕਾਰੋਬਾਰ ਕਰਨਾ ਮੁਸ਼ਕਿਲ ਹੋ ਗਿਆ ਹੈ। ਤਿਉਹਾਰ ਮੰਗ ਦੇ ਸਵਾਲ ਤੇ ਜੈਨ ਕਹਿੰਦੇ ਹਨ ਕਿ ਹੁਣ ਐਸੀ ਵਿਕਰੀ ਬਹੁਤ ਘੱਟ ਰਹਿ ਗਈ ਹੈ। ਆਨਲਾਈਨ ਵਿਕਰੀ ਦੇ ਜ਼ਮਾਨੇ ਵਿੱਚ ਖਰੀਦਦਾਰ ਹੁਣ ਤੋਂ ਤਿਉਹਾਰਾਂ ਦੀ ਉਡੀਕ ਨਹੀਂ ਕਰਦੇ। ਕੁਲ ਮਿਲਾ ਕੇ ਛੋਟੇ ਤੇ ਦਰਮਿਆਨੇ ਸਨਅਤਕਾਰਾਂ ਲਈ ਸਥਿਤੀ ਬਹੁਤ ਵਿਸਫੋਟਕ ਚੱਲ ਰਹੀ ਹੈ। ਵਪਾਰ ਵਿੱਚ ਘਾਟਾ ਵਧਦਾ ਜਾ ਰਿਹਾ ਹੈ। ਕੌਮਾਂਤਰੀ ਆਰਥਿਕ ਮੰਦੀ ਕਦੋਂ ਤੱਕ ਜਾਰੀ ਰਹਿਣੀ ਹੈ ਇਸ ਬਾਰੇ ਕੋਈ ਵੀ ਮਾਹਿਰ ਕਿਆਸ ਨਹੀਂ ਲਾ ਸਕਿਆ ਹੈ।

# ਸਦਾ ਜਾਗਦੀ ਅਤੇ ਜਗਦੀ ਇਤਿਹਾਸ ਦੀ ਅੱਖ

**-ਅਮੋਲਕ ਸਿੰਘ**



ਸੰਨ 16 ਨਵੰਬਰ 1915 ਦਾ ਦਿਹਾੜਾ, ਆਮ ਦਿਹਾੜਾ ਨਹੀਂ। ਕਰਤਾਰ ਸਿੰਘ ਸਰਾਭਾ ਸਮੇਤ ਸੱਤ ਦੇਸ਼ ਭਗਤਾਂ ਨੂੰ ਇੱਕੋ ਵੇਲੇ ਇਕੋ ਰੱਸੇ ਨਾਲ ਫਾਂਸੀ ਲਾਏ ਜਾਣ ਦਾ ਦਿਹਾੜਾ ਹੈ। ਪੂਰੇ 100 ਵਰ੍ਹੇ ਬੀਤਣ 'ਤੇ ਵੀ ਇਹ ਦਿਹਾੜਾ, ਕਾਲੇ ਸਮਿਆਂ ਅੰਦਰ ਰੌਸ਼ਨ ਮਿਨਾਰ ਹੈ। ਖ਼ਾਸਕਾਰ ਖੁਦਕੁਸ਼ੀਆਂ ਦੇ ਕੁਲਹਿਣੇ ਹੱਲੇ ਦੀ ਮਾਰ ਹੇਠ ਆਏ ਅਤੇ ਨਸ਼ਿਆਂ ਦੇ ਸਾਗਰ ਵਿੱਚ ਗੋਤੇ ਖਾ ਰਹੇ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਦੀਆਂ ਪਲਕਾਂ ਅੱਗੇ ਨਵੇਂ ਇਤਿਹਾਸ, ਨਵੇਂ ਜੀਵਨ ਦੇ ਸਿਲੇਬਸ ਦਾ ਨਵਾਂ-ਨਕੋਰ ਵਰਕਾ ਖੋਲ੍ਹਣ, ਪੜ੍ਹਨ ਅਤੇ ਅਧਿਐਨ ਕਰਨ ਦਾ ਦਿਹਾੜਾ ਹੈ। ਉਦਾਸੀ, ਦਿਸ਼ਾਹੀਣਤਾ, ਬੇਗਾਨਗੀ, ਬੇਕਾਰੀ, ਨਿਰਾਸ਼ਤਾ ਦੇ ਘੁੱਪ ਹਨੇਰੇ 'ਚੋਂ ਪਾਰ ਜਾ ਕੇ ਸੂਰਜਾਂ ਦੇ ਹਮਸਫ਼ਰ ਬਣਨ ਦੀ ਲਟ-ਲਟ ਬਲਦੀ ਪ੍ਰੇਰਨਾ ਦਾ ਦਿਹਾੜਾ ਹੈ। ਵਿੱਦਿਆ ਦੇ ਨਿੱਜੀਕਰਨ, ਵਪਾਰੀਕਰਨ ਅਤੇ ਨੌਜਵਾਨਾਂ ਨੂੰ ਮਸ਼ੀਨਾਂ ਬਣਾ ਕੇ ਮੁਨਾਫ਼ੇ ਦੀ ਮੰਡੀ ਵਿੱਚ ਵਿਕਣ ਵਾਲੀ ਸ਼ੈਅ ਬਣਾਏ ਜਾਣ ਦੇ ਦੌਰ ਨੂੰ ਪਿਛਾੜਨ ਲਈ ਵੰਗਾਰਮਈ ਦਿਹਾੜਾ ਹੈ।

ਇਹ ਕਰਤਾਰ ਸਿੰਘ ਸਰਾਭਾ, ਵਿਸ਼ਨੂੰ ਗਣੇਸ਼ ਪਿੰਗਲੇ (ਮਹਾਂਰਾਸ਼ਟਰ), ਜਗਤ ਸਿੰਘ ਸੁਰਸਿੰਘ (ਅੰਮ੍ਰਿਤਸਰ), ਹਰਨਾਮ ਸਿੰਘ (ਸਿਆਲਕੋਟੀ), ਬਖਸ਼ੀਸ਼ ਸਿੰਘ ਗਿੱਲਵਾਲੀ (ਅੰਮ੍ਰਿਤਸਰ), ਸੁਰੈਣ ਸਿੰਘ ਪੁੱਤਰ ਬੂੜ ਸਿੰਘ ਤੇ ਸੁਰੈਣ ਸਿੰਘ ਪੁੱਤਰ ਈਸ਼ਰ ਸਿੰਘ ਦੋਵੇਂ ਪਿੰਡ ਗਿੱਲਵਾਲੀ (ਅੰਮ੍ਰਿਤਸਰ) ਨੂੰ ਲਾਹੌਰ ਕੇਂਦਰੀ ਜੇਲ੍ਹ ਵਿੱਚ ਫਾਂਸੀ ਲਾ ਕੇ ਸ਼ਹੀਦ ਕਰਨ ਦਾ ਅਭੁੱਲ ਦਿਹਾੜਾ ਹੈ।

ਇਤਿਹਾਸ ਬੋਲਦਾ ਹੈ ਕਿ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ, ਕਰਤਾਰ ਸਿੰਘ ਸਰਾਭਾ ਨੂੰ ਬਾਲ ਜਰਨੈਲ ਕਿਹਾ ਕਰਦੇ ਸਨ। ਬਾਬਾ ਗੁਰਮੁਖ ਸਿੰਘ ਲਲਤੋਂ, ਹਰਨਾਮ ਸਿੰਘ ਟੁੰਡੀਲਾਟ, ਕੇਸਰ ਸਿੰਘ ਠੱਠਗੜ੍ਹ, ਲਾਲਾ ਹਰਦਿਆਲ ਵਰਗੇ ਸਰਾਭਾ ਦੀ ਨਿੱਕੀ ਉਮਰੇ ਉਚੇਰੀ ਅਤੇ ਲੰਮੇਰੀ ਇਨਕਲਾਬੀ ਪਰਵਾਜ਼ ਤੋਂ ਬੇਹੱਦ ਪ੍ਰਭਾਵਿਤ ਸਨ।

ਸ਼ਹੀਦ ਭਗਤ ਸਿੰਘ ਤਾਂ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਗੁਰੂ, ਭਰਾ ਅਤੇ ਸਾਥੀ ਦਸਿਆ ਕਰਦਾ ਸੀ। ਸ਼ਹੀਦ ਭਗਤ ਸਿੰਘ ਨੇ ਅਲਾਹਾਬਾਦ ਤੋਂ ਛਪੇ 'ਚਾਂਦ' ਦੇ ਵਿਸ਼ੇਸ਼ ਫਾਂਸੀ ਅੰਕ ਵਿੱਚ 1928 ਵਿੱਚ ਬਹੁਤ ਹੀ ਜਜ਼ਬਾਤੀ, ਸਾਹਿਤਕ ਅਤੇ ਕਲਾਤਮਕ ਅੰਦਾਜ਼ 'ਚ ਸ਼ਹੀਦ ਕਰਤਾਰ ਸਿੰਘ ਸਰਾਭਾ ਬਾਰੇ ਜੋ ਲਿਖਿਆ, ਉਹ ਅੱਜ ਵੀ ਹੋਰ ਵੀ ਪ੍ਰਸੰਗਕ ਹੈ। ਆਪਣੇ ਗਿਰਿਵਾਨ 'ਚ ਝਾਤੀ ਮਾਰਨ ਲਈ ਉਹ ਅੱਜ ਦਾ ਵੀ ਸੁਆਲ ਹੈ। ਭਗਤ ਸਿੰਘ ਨੇ ਲਿਖਿਆ ਹੈ: "ਅੱਜ ਦੁਨੀਆਂ ਵਿੱਚ ਫੇਰ ਸਵਾਲ ਖੜ੍ਹਾ ਹੁੰਦਾ ਹੈ, ਉਨ੍ਹਾਂ ਦੇ ਮਰਨ ਦਾ ਕੀ ਫਾਇਦਾ ਹੋਇਆ? ਉਹ ਕਿਨ੍ਹਾਂ ਵਾਸਤੇ ਮਰੇ? ਉਨ੍ਹਾਂ ਦਾ ਆਦਰਸ਼ ਕੀ ਸੀ?"

ਸੰਨ 1929 ਵਿੱਚ ਭਗਤ ਸਿੰਘ ਦੀ ਕਲਮ ਵੱਲੋਂ ਖੜ੍ਹੇ ਕੀਤੇ ਸੁਆਲ ਸਰਾਭੇ ਦੀ ਸ਼ਹਾਦਤ ਤੋਂ ਸੌ ਵਰ੍ਹੇ ਮਗਰੋਂ ਹੋਰ ਵੀ ਵਿਰਾਟ ਅਤੇ ਤਿੱਖਾ ਰੂਪ ਧਾਰਨ ਕਰ ਗਏ ਹਨ। ਜੁਆਨੀ ਚੌਤਰਫ਼ੇ ਸੰਕਟਾਂ ਦੀ ਲਪੇਟ 'ਚ ਆਈ ਹੋਈ ਹੈ। ਭਗਤ ਸਿੰਘ ਨੇ ਲਿਖਿਆ ਸੀ:

**ਚਮਨ ਜ਼ਾਰੇ ਮੁਹੱਬਤ ਮੇਂ ਉਸੀ ਕੇ ਬਾਗਵਾਨੀ ਕੀ,**
**ਕਿ ਜਿਸਨੇ ਆਪਣੀ ਮਿਹਨਤ ਕੋ ਹੀ ਮਿਹਨਤ ਕਾ ਸਮਰ ਜਾਨਾ।**
**ਨਹੀਂ ਹੋਤਾ ਹੈ ਮੋਹਤਾਜੇ ਨੁਮਾਇਸ਼ ਫ਼ੈਜ਼ ਸ਼ਬਨਮ ਕਾ,**
**ਅੰਧੇਰੀ ਰਾਮ ਮੇਂ ਮੋਤੀ ਲੁਟਾ ਜਾਤੀ ਹੈ ਗੁਲਸ਼ਨ ਮੇਂ।**

ਭਾਵ ਉਸ ਮਾਲੀ ਦਾ ਵੀ ਕੋਈ ਜਵਾਬ ਨਹੀਂ ਜਿਹੜਾ ਮਿਹਨਤ ਨੂੰ ਹੀ ਮਿਹਨਤ ਦਾ ਫ਼ਲ ਸਮਝਦਾ ਹੈ। ਉਹ ਕਿੰਨੇ ਮਹਾਨ ਹੁੰਦੇ ਹਨ, ਜਿਹੜੇ ਇਤਿਹਾਸ ਵਿੱਚ ਅਜਿਹੀ ਭੂਮਿਕਾ ਅਦਾ ਕਰਦੇ ਹਨ ਜਿਵੇਂ ਹਨੇਰੀ ਰਾਤ 'ਚ ਚੁਪਕੇ ਜਿਹੇ ਆ ਕੇ ਤ੍ਰੇਲ ਆਪਣੇ ਮੋਤੀ ਬਿਖੇਰ ਕੇ ਚਲੀ ਜਾਂਦੀ ਹੈ ਤੇ ਉਸ ਦਾ ਕੋਈ ਸਾਨੀ ਨਹੀਂ ਹੈ। ਅੱਜ ਇਨ੍ਹਾਂ ਸੰਗਰਾਮੀਆਂ ਦੀ ਸ਼ਹਾਦਤ ਦੀ 100ਵੀਂ ਵਰ੍ਹੇਗੰਢ ਨੌਜਵਾਨਾਂ ਤੋਂ ਉਸ ਸ਼ਬਨਮ ਵਰਗੀ ਇਤਿਹਾਸਕ ਭੂਮਿਕਾ ਦੀ ਆਸ ਕਰਦੀ ਹੈ। ਪਿਛਲੇ ਦਹਾਕਿਆਂ ਤੱਕ ਜਿਉਂਦੇ ਰਹੇ ਗ਼ਦਰੀ ਬਾਬੇ ਉੱਨੀ-ਇੱਕੀ ਦੇ ਸ਼ਬਦੀ ਫ਼ਰਕਾਂ ਨਾਲ ਰਿਕਾਰਡ ਕਰਵਾਈਆਂ ਟੇਪਾਂ, ਤਕਰੀਰਾਂ, ਹੱਥ ਲਿਖਤ ਡਾਇਰੀਆਂ, ਲੇਖਾਂ ਵਿੱਚ ਜੁਆਨੀ ਨੂੰ ਵੰਗਾਰਦੇ ਰਹੇ ਹਨ। ਇਨ੍ਹਾਂ ਦਾ ਇਤਿਹਾਸਕ ਪ੍ਰਮਾਣ ਦੇਸ਼ ਭਗਤ ਯਾਦਗਾਰ ਹਾਲ ਦੀ ਲਾਇਬ੍ਰੇਰੀ ਦੇ ਰਿਕਾਰਡ 'ਚ ਮੂੰਹੋਂ ਬੋਲਦਾ ਹੈ:

"ਗ਼ਦਰ ਪਾਰਟੀ ਨੇ ਗ਼ੁਲਾਮੀ ਖਿਲਾਫ਼ ਆਜ਼ਾਦੀ ਦਾ ਪਰਚਮ ਚੁੱਕਿਆ ਸੀ। ਅਨੇਕਾ ਸੂਰਬੀਰਾਂ ਨੇ ਸ਼ਹੀਦੀ ਜਾਮ ਪੀਤੇ। ਇਸ ਪਾਰਟੀ ਨੇ ਗ਼ੁਲਾਮੀ ਨਾਲ ਨਿਢਾਲ ਹੋਈ ਹਿੰਦੀ ਜਨਤਾ ਦੇ ਖ਼ੂਨ ਵਿੱਚ ਆਜ਼ਾਦੀ ਦੀ ਨਵੀਂ ਰੂਹ ਫੂਕ ਦਿੱਤੀ। ਇਸ ਦਾ ਸਿੱਟਾ ਅੱਜ ਸਾਡੇ ਸਾਹਮਣੇ ਹੈ। ਲਾਸਾਨੀ ਕੁਰਬਾਨੀਆਂ ਦੀ ਲੜੀ ਨੇ ਆਜ਼ਾਦੀ ਪ੍ਰਾਪਤੀ ਲਈ ਇੱਕ ਹੋਰ ਨਵਾਂ ਸਫ਼ਾ ਇਤਿਹਾਸ ਵਿੱਚ ਜੋੜ ਦਿੱਤਾ। ਸਾਡੇ ਇਹ ਨਾਅਰੇ ਪਾਰਟੀ ਦੇ ਨਿਯਮਾਂ ਅਤੇ ਅਮਲਾਂ ਵਿੱਚੋਂ ਹਨ:

1. ਏਕਤਾ ਦਾ ਫ਼ਲ: ਸ਼ਕਤੀ ਅਤੇ ਗ਼ੁਲਾਮੀ
2. ਅਨੇਕਤਾ ਦਾ ਸਿੱਟਾ: ਦੁਰਬਲਤਾ ਤੇ ਗ਼ੁਲਾਮੀ
3. ਏਕਤਾ ਦਾ ਮੂਲ: ਸਮਾਜਵਾਦ
4. ਅਨੇਕਤਾ ਦਾ ਮੂਲ: ਸਾਮਰਾਜਵਾਦ

ਯੁੱਗ ਪਲਟ ਰਿਹਾ ਹੈ! ਆਪਣੇ ਕਰਤੱਵ ਪੂਰੇ ਕਰੋ!
ਨੌਜਵਾਨੋ! ਜਾਗੋ! ਉਠੋ!
ਸੁੱਤਿਆਂ ਨੂੰ ਯੁੱਗ ਬੀਤ ਗਏ।
ਹਰ ਪ੍ਰਕਾਰ ਦੀ ਗ਼ੁਲਾਮੀ ਕੀ ਆਰਥਿਕ, ਕੀ ਰਾਜਨੀਤਕ ਅਤੇ ਕੀ ਸਮਾਜਕ ਜੜ੍ਹ ਤੋਂ ਉਖੇੜ ਸੁੱਟੋ! ਮਨੁੱਖਤਾ ਹੀ ਸੱਚਾ ਧਰਮ ਹੈ।
ਜੈ ਜਨਤਾ"
ਸੋਹਣ ਸਿੰਘ ਭਕਨਾ

ਅਜਿਹੇ ਉੱਚੇ-ਸੁੱਚੇ ਟੀਚੇ ਸਨ ਕਰਤਾਰ ਸਿੰਘ ਸਰਾਭਾ, ਗ਼ਦਰੀ ਬਾਬਿਆਂ ਦੀ ਤੋਰ ਦੀ ਰਵਾਨੀ 'ਚ। ਅੱਜ ਲੋਕਾਂ ਦੀ ਏਕਤਾ, ਸਾਂਝ, ਭਾਈਚਾਰੇ ਨੂੰ ਤੀਲ੍ਹਾ-ਤੀਲ੍ਹਾ ਕਰਨ ਲਈ ਵਿਆਪਕ ਖ਼ਤਰੇ ਅੰਬਰਾਂ 'ਤੇ ਮੰਡਰਾ ਰਹੇ ਹਨ।

ਅੱਜ ਅਨੇਕਾਂ ਕਾਰਨਾਂ ਕਰਕੇ ਪੰਜਾਬ ਦੀ ਜੁਆਨੀ ਪਰਦੇਸਾਂ ਵੱਲ ਉਡਾਰੀ ਮਾਰ ਰਹੀ ਹੈ। ਕਦੇ ਨਿੱਕੜੀ ਉਮਰੇ ਹੀ ਕਰਤਾਰ ਸਿੰਘ ਸਰਾਭਾ ਨੇ ਵੀ ਅਮਰੀਕਾ ਜਾ ਕੇ ਰਸਾਇਣ ਵਿਗਿਆਨ ਦੀ ਉੱਚ ਵਿੱਦਿਆ ਹਾਸਲ ਕਰਨ ਦਾ ਸੁਪਨਾ ਲਿਆ ਸੀ। ਉਸ ਨੇ ਬਰਕਲੇ ਯੂਨੀਵਰਸਿਟੀ ਦਾਖਲਾ ਲਿਆ। ਇੱਕ ਦਿਨ ਉਸ ਨੇ ਅਮਰੀਕਣ ਔਰਤ ਨੂੰ ਦੇਸ਼ ਭਗਤਾਂ ਨੂੰ ਪ੍ਰਣਾਮ ਕਰਦੇ ਦੇਖ ਕੇ ਇਸ ਬਾਰੇ ਜਾਨਣਾ ਚਾਹਿਆ। ਉਸ ਔਰਤ ਨੇ ਦੱਸਿਆ, "ਇਸ ਦਿਨ ਸਾਡਾ ਅਮਰੀਕਾ ਗ਼ੁਲਾਮੀ ਤੋਂ ਆਜ਼ਾਦ ਹੋਇਆ ਸੀ। ਅਸੀਂ ਆਜ਼ਾਦੀ ਪਰਵਾਨਿਆਂ ਨੂੰ ਕਦੇ ਵੀ ਭੁਲਾ ਨਹੀਂ ਸਕਦੇ।" ਉਸ ਪਲ ਸਰਾਭਾ ਸਿਰ ਤੋਂ ਪੈਰਾਂ ਤੱਕ ਝੰਜੋੜਿਆ ਗਿਆ। ਉਸ ਨੂੰ ਖ਼ਿਆਲਾਂ ਦੀਆਂ ਤਰੰਗਾਂ ਨੇ ਹਲੂਣ ਕੇ ਰੱਖ ਦਿੱਤਾ ਕਿ ਅਸੀਂ ਤਾਂ ਇਥੇ ਆ ਗਏ ਪੜ੍ਹਨ ਲਈ। ਡਾਲਰ ਕਮਾਉਣ ਲਈ। ਸਾਡੀ ਮਾਂ ਧਰਤੀ ਗੁਲਾਮ ਹੈ। ਸਾਨੂੰ ਇੱਥੇ ਕੁਲੀ, ਡੈਮ, ਕਾਲੇ, ਡਰਟੀ ਕਿਹਾ ਜਾਂਦਾ ਹੈ। ਪਿੱਛੇ ਮੁਲਕ 'ਚ ਸਾਡੇ ਲੋਕ ਭੁੱਖ-ਨੰਗ, ਕਰਜ਼ੇ, ਬੀਮਾਰੀ, ਬੇਕਾਰੀ, ਸੂਦਖੋਰੀ ਅਤੇ ਜ਼ਬਰ ਦੇ ਭੰਨੇ ਹੋਏ ਹਨ। ਅਸੀਂ ਫਿਰ ਕੀ ਜਾਗਦੇ ਇਨਸਾਨ ਹਾਂ ਜਾਂ ਖ਼ੁਦਪ੍ਰਸਤ? ਉਹਦੇ ਅੰਦਰ ਵਿਚਾਰਾਂ ਦਾ ਤੂਫ਼ਾਨ ਉੱਠ ਖੜ੍ਹਿਆ। ਉਹ ਸਰਾਭੇ ਪਿੰਡ ਦੇ ਹੀ ਦੇਸ਼ ਭਗਤ ਰੁਲੀਆ ਸਿੰਘ ਪਾਸ ਜਾਇਆ ਕਰਦਾ ਸੀ। ਉਸਦੀ ਸੰਗਤ ਪਰਮਾਨੰਦ, ਲਾਲਾ ਹਰਦਿਆਲ ਵਰਗਿਆਂ ਨਾਲ ਹੋਣ ਲੱਗੀ। ਨਿੱਕੜਾ ਵਿਦਿਆਰਥੀ ਬੇਹੱਦ ਜ਼ਹੀਨ ਅਤੇ ਤਿੱਖੜਾ ਸੀ।

ਉਹ 21 ਅਪ੍ਰੈਲ 1913 ਨੂੰ ਆਸਟਰੀਆ 'ਚ ਬਣਾਈ ਗਈ 'ਹਿੰਦੀ ਐਸੋਸੀਏਸ਼ਨ ਆਫ਼ ਪੈਸੇਫ਼ਿਕ ਕੋਸਟ' ਜਥੇਬੰਦੀ ਦੇ ਸੰਪਰਕ ਵਿੱਚ ਆ ਗਿਆ। ਉਹਦੇ ਵਿਸ਼ੇਸ਼ ਅਤੇ ਮੁੱਢਲੇ ਉੱਦਮ ਨਾਲ 'ਗ਼ਦਰ' ਅਖ਼ਬਾਰ ਸ਼ੁਰੂ ਹੋਇਆ। ਉਹ ਹੱਥੀਂ ਮਸ਼ੀਨ ਚਲਾ ਕੇ ਦਿਨ-ਰਾਤ 'ਗ਼ਦਰ' ਪਰਚੇ ਦੀ ਛਪਾਈ, ਲਿਖਾਈ, ਤਰਜ਼ਮੇ, ਵੰਡ-ਵੰਡਾਈ ਅਤੇ ਵਿੱਤੀ ਲੋੜਾਂ ਦੀ ਪੂਰਤੀ ਲਈ ਸਮਰਪਿਤ ਹੋ ਗਿਆ। ਗ਼ਦਰ ਪਾਰਟੀ ਦਾ ਤਿੰਨ ਰੰਗਾਂ ਝੰਡਾ ਹਿੰਦੂ, ਮੁਸਲਿਮ ਅਤੇ ਸਿੱਖਾਂ ਦੀ ਏਕਤਾ ਦਾ ਪ੍ਰਤੀਕ ਅਤੇ ਵਿਚਕਾਰ ਕਰਾਸ ਤਲਵਾਰਾਂ ਸੰਘਰਸ਼ ਦਾ ਚਿੰਨ੍ਹ ਦਾ ਡਿਜ਼ਾਇਨ ਕਰਨ 'ਚ ਵੀ ਉਸ ਦੀ ਪ੍ਰਮੁੱਖ ਭੂਮਿਕਾ ਸੀ। ਗ਼ਦਰ ਅਤੇ ਆਜ਼ਾਦੀ ਦੀ ਜੱਦੋ-ਜਹਿਦ ਵਿੱਚ ਉਹ ਨੌਜਵਾਨਾਂ ਦੇ ਨਾਲ-ਨਾਲ ਔਰਤਾਂ ਦੇ ਵਿਸ਼ੇਸ਼ ਯੋਗਦਾਨ ਦੇ ਮਹੱਤਵ ਨੂੰ ਬਾਖ਼ੂਬੀ ਸਮਝਦਾ ਸੀ। ਸਰਾਭੇ ਨੇ ਲਿਖਿਆ ਹੈ:

ਹਿੰਦੋਸਤਾਨੀ ਲੋਕ ਆਮ ਰਵਾਜ਼ਨ ਆਪਣੀਆਂ ਔਰਤਾਂ ਨੂੰ ਮਰਦਾਂ ਤੋਂ ਹੀਣ ਸਮਝਦੇ ਹਨ। ਅਫ਼ਰੀਕਾ ਵਿੱਚ ਹਿੰਦੋਸਤਾਨ ਦੀਆਂ ਦੇਵੀਆਂ ਜਿਹੜੇ ਕੰਮ ਕਰ ਰਹੀਆਂ ਹਨ ਇਸ ਤੋਂ ਹਿੰਦੋਸਤਾਨੀਆਂ ਦੇ ਗ਼ਲਤ ਖ਼ਿਆਲਾਂ ਦਾ ਖੰਡਨ ਹੁੰਦਾ ਹੈ। ਅਫ਼ਰੀਕਾ ਦੇ ਲੋਕ-ਵਿਰੋਧੀ ਕਾਨੂੰਨਾਂ ਨੂੰ ਚਕਨਾਚੂਰ ਕਰਨ ਲਈ ਉੱਥੇ ਗੁਜਰਾਤੀ ਔਰਤਾਂ ਨੇ ਮਰਦਾਂ ਨਾਲੋਂ ਚਾਰ ਕਦਮ ਅੱਗੇ ਜਾ ਕੇ ਟਾਕਰਾ ਕੀਤਾ ਹੈ। ਉਨ੍ਹਾਂ ਅੱਗੇ ਹੋ ਕੇ ਗੰਨੇ ਦੇ ਖੇਤ ਫੂਕ ਸੁੱਟੇ। ਜਾਬਰਾਂ ਨਾਲ ਭਿੜੀਆਂ। ਜੇਲ੍ਹ ਜਾਣ ਤੋਂ ਨਹੀਂ ਡਰੀਆਂ।

ਅੱਜ ਪੰਜਾਬ ਵਿੱਚ ਆਪਣੇ ਹੱਕਾਂ ਲਈ ਹਰ ਮੋਰਚੇ 'ਚ ਅੱਗੇ ਹੋ ਕੇ ਜੂਝਦੀਆਂ ਨੌਜਵਾਨ ਲੜਕੀਆਂ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਦੂਰ-ਅੰਦੇਸ਼ੀ ਅਤੇ ਔਰਤਾਂ ਦੀ ਇਤਿਸਾਕ ਭੂਮਿਕਾ ਬਾਰੇ ਸੋਚਣੀ ਦੀ ਹੀ ਪੁਸ਼ਟੀ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਬੇਬਾਕੀ ਨਾਲ ਉਸ ਸਮੇਂ, ਉਹ ਵੀ ਚੜ੍ਹਦੀ ਉਮਰੇ ਕੌੜਾ ਸੱਚ ਲਿਖਣਾ ਇਉਂ ਜਾਪਦਾ ਹੈ ਜਿਵੇਂ 100 ਵਰ੍ਹੇ ਬਾਅਦ ਉਹ ਹੋਰ ਵੀ ਲਿਸ਼ਕਿਆ ਅਤੇ ਨਿਖ਼ਰਿਆ ਹੈ। ਸਰਾਭੇ ਨੇ ਲਿਖਿਆ ਹੈ:

"ਮੈਂ ਸਿੰਘਾਂ ਤੋਂ ਪੁੱਛਦਾ ਹਾਂ ਕਿ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਸ਼ੇਰ ਬਣਨਾ ਸਿਖਾਇਆ ਸੀ। ਇੱਕ-ਇੱਕ ਨੂੰ ਸਵਾ-ਸਵਾ ਲੱਖ ਨਾਲ ਲੜਨਾ ਸਿਖਾਇਆ ਸੀ ਪਰ ਕੀ ਹੁਣ ਪੰਜਾਬ ਵਿੱਚ ਇਸ ਤਰ੍ਹਾਂ ਅੰਮ੍ਰਿਤ ਛਕਾਇਆ ਜਾਂਦਾ ਹੈ? ਪਹਿਲਾਂ ਵਰਗੀ ਬਹਾਦਰੀ ਸਿੰਘਾਂ ਵਿੱਚ ਕਿਉਂ ਨਹੀਂ ਰਹੀ? ਇਸ ਦੇ ਦੋ ਸਬੱਬ ਹਨ ਪਹਿਲਾ, ਉਹ ਆਦਮੀ ਜਿਹੜੇ ਅੰਮ੍ਰਿਤ ਬਣਾਉਂਦੇ ਹਨ, ਉਹ ਖ਼ੁਦ ਗ਼ੁਲਾਮ ਹਨ। ਗੁਰਦੁਆਰਿਆਂ ਦੇ ਗ੍ਰੰਥੀ ਅੰਗਰੇਜ਼ ਬਾਂਦਰਾਂ ਨੂੰ ਝੁਕ-ਝੁਕ ਕੇ ਸਲਾਮ ਕਰਦੇ ਦੇਖੇ ਜਾ ਸਕਦੇ ਹਨ। ਭਲਾ ਜੇ ਅਜਿਹੇ ਨੀਚ ਪੁਰਸ਼ ਜਿਹੜੇ ਲੀਡਰ ਬਣੇ ਹੋਏ ਹਨ ਤਾਂ ਉਨ੍ਹਾਂ ਵਿੱਚ ਕੀ ਤਾਕਤ ਅਤੇ ਦਲੇਰੀ ਹੋ ਸਕਦੀ ਹੈ। ਜਦ ਤੱਕ ਗੁਰੂ ਗੋਬਿੰਦ ਸਿੰਘ ਜੀ ਵਰਗੇ ਸ਼ੇਰਦਿਲ ਅਤੇ ਬਹਾਦਰ ਆਦਮੀ ਲੀਡਰ ਨਹੀਂ ਹੁੰਦੇ ਤਦ ਤੱਕ ਕੋਈ ਅਸਰ ਨਹੀਂ ਹੋਵੇਗਾ। ਅੱਜ-ਕੱਲ੍ਹ ਦੇ ਹਾਲਾਤ 'ਤੇ ਅੱਛੀ ਤਰ੍ਹਾਂ ਨਿਗਾਹ ਮਾਰ ਕੇ ਸਿੰਘਾਂ ਨੂੰ ਚਾਹੀਦੈ ਕਿ ਉਹ ਗ਼ੁਲਾਮ ਅਤੇ ਡਰਾਕਲ ਗ੍ਰੰਥੀਆਂ ਨੂੰ ਕੱਢ ਕੇ ਬਾਹਰ ਮਾਰਨ।"

ਗ਼ਦਰ ਅਖ਼ਬਾਰ ਦੀ ਮਕਬੂਲੀਅਤ ਨੇ ਸਾਹਿਤ ਅੰਦਰ ਛੁਪੀ ਅਥਾਹ ਸ਼ਕਤੀ ਦਾ ਪ੍ਰਮਾਣ ਦਿੱਤਾ। ਕਰਤਾਰ ਸਿੰਘ ਸਰਾਭਾ ਦੇਸ਼ ਭਗਤ ਆਜ਼ਾਦੀ ਘੁਲਾਟੀਆ ਹੀ ਨਹੀਂ ਸਗੋਂ ਸਿਰੜੀ, ਨਿਹਚਾਵਾਨ ਅਤੇ ਪ੍ਰਤੀਬੱਧ ਕ੍ਰਾਂਤੀਕਾਰੀ ਪੱਤਰਕਾਰ ਅਤੇ ਆਜ਼ਾਦੀ ਸੰਗਰਾਮ ਦਾ ਸ਼ਹੀਦ ਪੱਤਰਕਾਰ ਵੀ ਹੈ।

ਚੋਟੀ ਦਾ ਕਲਮਕਾਰ, ਉਲੱਥਾਕਾਰ, ਕਾਮਾ ਅਤੇ ਹਰ ਖ਼ਤਰੇ ਨਾਲ ਧਾਅ ਗਲਵੱਕੜੀ ਪਾਉਣ ਵਾਲਾ ਸਰਾਭਾ ਹੀ ਸੀ ਜਿਸਨੇ ਗ਼ਦਰ ਪਾਰਟੀ ਦੇ ਬਾਨੀ ਪ੍ਰਧਾਨ ਬਾਬਾ ਸੋਹਣ ਸਿੰਘ ਭਕਨਾ ਨਾਲ ਵਿਚਾਰ-ਵਟਾਂਦਰਾ ਕਰ ਕੇ ਕਾਮਾਗਾਟਾ ਮਾਰੂ ਜਹਾਜ਼ ਨੂੰ ਜ਼ਬਰੀ ਮੋੜੇ ਜਾਣ ਮੌਕੇ ਯੋਕੋਹਾਮਾ ਵਿਖੇ 200 ਪਿਸਤੌਲ ਤੇ 2000 ਗੋਲੀਆਂ ਦੋ ਪੇਟੀਆਂ 'ਚ ਬੰਦ ਕਰਕੇ ਜਹਾਜ਼ 'ਚ ਪਹੁੰਚਦੀਆਂ ਕੀਤੀਆਂ।

ਗ਼ਦਰੀ ਗੀਤ ਗਾਉਂਦਾ ਉਹ ਲੋਕਾਂ 'ਚ ਕੰਮ ਕਰਨ ਲੱਗਾ। ਉਹਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਵਿਸ਼ੇਸ਼ ਅਦਾਲਤ ਵਿੱਚ ਫਾਂਸੀ ਦੀ ਸਜ਼ਾ ਸੁਣਾਈ ਗਈ। ਇਹ ਫਾਂਸੀ ਟੱਲ ਸਕਦੀ ਸੀ ਪਰ ਸਰਾਭਾ ਆਪਣੇ ਮਿਸ਼ਨ ਦੀ ਮਸ਼ਾਲ ਜਗਦੀ ਅਤੇ ਮਘਦੀ ਰੱਖਣ ਲਈ ਫਾਂਸੀ ਦੀ ਪੀਂਘ ਝੂਟ ਜਾਣਾ ਹੀ ਬਿਹਤਰ ਸਮਝਦਾ ਸੀ। ਉਸ ਨੂੰ ਅਹਿਸਾਸ ਹੋ ਗਿਆ ਸੀ ਕਿ ਇੱਕ ਵਾਰ ਤਾਂ 'ਗ਼ਦਰ' ਨੂੰ ਗੰਭੀਰ ਪਛਾੜ ਵੱਜ ਗਈ, ਹੁਣ ਮਤਾਬੀ ਬਣ ਕੇ ਖੁਦ ਮੱਚਣਾ ਹੀ ਵਿਚਾਰਾਂ ਦੀ ਰੌਸ਼ਨੀ ਫੈਲਾਉਣਾ ਹੋਵੇਗਾ।

ਆਖ਼ਰ ਸਰਾਭੇ ਨੂੰ ਸਾਥੀਆਂ ਸਮੇਤ 16 ਨਵੰਬਰ 1915 ਨੂੰ ਫਾਂਸੀ 'ਤੇ ਲਟਕਾ ਦਿੱਤਾ ਗਿਆ। ਕੋਈ ਸਾਢੇ ਅਠਾਰਾਂ ਵਰ੍ਹਿਆਂ ਦਾ ਕਰਤਾਰ ਸਿੰਘ ਸਰਾਭਾ ਜਿਹਾ ਗੱਭਰੂ 1915 'ਚ ਸੀ। ਭਵਿੱਖ ਵਿੱਚ ਵੀ ਓਨਾ ਹੀ ਭਰ ਜੁਆਨ ਪ੍ਰਤੀਤ ਹੁੰਦਾ ਰਹੇਗਾ। ਨਵੀਂ ਜੁਆਨੀ ਦੇ ਗਲ ਲੱਗ ਕੇ ਮਿਲਦਾ ਰਹੇਗਾ। ਨਵੀਂ ਪਨੀਰੀ ਨਾਲ ਜੋਟੀ ਪਾ ਕੇ ਗੀਤ ਗਾਉਂਦਾ ਰਹੇਗਾ ਜੋ ਉਸ ਦੀ ਕਲਮ ਨੇ ਲਿਖਿਆ ਅਤੇ ਉਸ ਨੇ ਖ਼ੁਦ ਗਾਇਆ ਸੀ:

ਜੋ ਕੋਈ ਪੂਛੇ ਕਿ ਕੌਨ ਹੋ ਤੁਮ
ਤੋ ਕਹਿ ਦੋ ਬਾਗ਼ੀ ਹੈ ਨਾਮ ਮੇਰਾ
ਜ਼ੁਲਮ ਮਿਟਾਨਾ ਹਮਾਰਾ ਪੇਸ਼ਾ
ਨਮਾਜ਼ ਸੰਧਿਆ ਯਹੀ ਹਮਾਰੀ
ਔਰ ਪਾਠ ਪੂਜਾ ਸਭ ਯਹੀ ਹੈ
ਧਰਮ ਕਰਮ ਸਭ ਯਹੀ ਹੈ ਹਮਾਰਾ,
ਯਹੀ ਖ਼ੁਦਾ ਔਰ ਰਾਮ ਆਪਨਾ।

ਅੱਜ ਜਦੋਂ ਨਾਗਰਿਕ ਹੱਕਾਂ 'ਤੇ ਛਾਪੇ, ਬੁੱਧੀਜੀਵੀਆਂ ਨੂੰ ਜੇਲ੍ਹੀਂ ਡੱਕਣ ਅਤੇ ਖੇਤੀ ਕਾਨੂੰਨਾਂ ਦਾ ਹੱਲਾ ਬੋਲਿਆ ਜਾ ਰਿਹਾ ਹੈ, ਇਸ ਵੇਲੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਕਹਿਣੀ ਅਤੇ ਕਰਨੀ 'ਚ ਇਕਸੁਰਤਾ ਤੋਂ ਮੁਲਕ ਦੀ ਜੁਆਨੀ ਨੂੰ ਅਮੁੱਲੇ ਸਬਕ ਹਾਸਲ ਕਰਦਿਆਂ ਰੌਸ਼ਨ ਸਵੇਰਾ ਲਿਆਉਣ ਲਈ ਅੱਗੇ ਤੁਰਨ ਦੀ ਲੋੜ ਹੈ।

ਸੰਪਰਕ: 98778-68710

# ਬਾਬਾ ਨਾਨਕ, ਚਿੰਤਾ ਅਤੇ ਚਿੰਤਨ

**ਅਵਤਾਰ ਗੋਂਦਾਰਾ**



ਬਾਬੇ ਨਾਨਕ ਦੇ ਪੈਰੋਕਾਰਾਂ ਅਤੇ ਉਨ੍ਹਾਂ ਦੀਆਂ ਸਿੱਖਿਆਵਾਂ ਨੂੰ ਜਾਨਣ ਦਾ ਦਾਅਵਾ ਕਰਨ ਵਾਲੇ ਕਥਾਕਾਰਾਂ, ਇਤਿਹਾਸਕਾਰਾਂ, ਪ੍ਰਚਾਰਕਾਂ ਦਾ ਲੰਬਾ ਸਿਲਸਿਲਾ ਹੈ। ਪਰ ਭਾਈਚਾਰੇ ਵਿੱਚ ਮਰਯਾਦਾ, ਸਿੱਖ ਅਤੇ ਸਿੰਘ ਦਾ ਰੱਟਾ ਉਲਝਿਆ ਹੋਇਆ ਹੈ। ਤ੍ਰਾਸਦੀ ਇਹ ਹੈ ਕਿ ਕਈ ਸਦੀਆਂ ਦੀ ਵਿਆਖਿਆ ਅਤੇ ਪ੍ਰਚਾਰ ਦੇ ਬਾਵਜੂਦ ਨਾਨਕਮੱਤ, ਪੈਰੋਕਾਰਾਂ ਦੇ ਅਮਲ ਵਿੱਚ ਰੂਪਾਂਤਰ ਹੋਇਆ ਦਿਖਾਈ ਨਹੀਂ ਦਿੰਦਾ। ਪੈਰੋਕਾਰਾਂ ਦਾ ਵੱਖਰੀ ਪਛਾਣ ’ਤੇ ਜ਼ੋਰ ਤਾਂ ਹੈ, ਪਰ ਵੱਖਰੇ ਕਿਰਦਾਰ ਦੀ ਦੇਸ ਦੇਸਾਂਤਰਾਂ ਵਿੱਚ ਕਿਤੇ ਟੋਹ ਨਹੀਂ ਮਿਲਦੀ। ਵਾਹ ਵਿੱਚ ਆਏ ਕਿਸੇ ਓਪਰੇ ਬੰਦੇ, ਨਾਲ ਕੰਮ ਕਰਦੇ ਸਹਿਕਰਮੀ ਨੂੰ ਪਤਾ ਹੀ ਨਹੀਂ ਲੱਗਦਾ ਕਿ ‘ਨਾਨਕ ਨਾਮ ਲੇਵਾ’ ਦਿਸ ਰਿਹਾ ਬੰਦਾ, ਉਸ ਨਾਲੋਂ ਵੱਖਰਾ ਹੈ। ਦੂਜਿਆਂ ਵਾਂਗ ਉਹ ਵੀ ਸਵੈ-ਕੇਂਦਰਿਤ, ਲਾਲਚੀ, ਕਰਮਕਾਂਡੀ, ਜਾਤ-ਹੰਕਾਰੀ, ਵਹਿਮੀ, ਨਿੱਕੀਆਂ ਵੱਡੀਆਂ ਹੇਰਾਫੇਰੀਆਂ ’ਚ ਗ੍ਰਸਿਆ ਦਿਸਦਾ ਹੈ। ਉਹ ਇਕੋ ਵੇਲੇ ਨਸ਼ਾ ਵਿਰੋਧੀ ਮੁਹਿੰਮ ’ਚ ਵੀ ਵਧ ਚੜ੍ਹ ਕੇ ਹਿੱਸਾ ਲੈ ਸਕਦਾ ਹੈ ਅਤੇ ਕਈ ਕਈ ਸ਼ਰਾਬ ਦੇ ਠੇਕਿਆਂ ਦਾ ਮਾਲਕ ਵੀ ਹੋ ਸਕਦਾ ਹੈ। ਭ੍ਰਿਸ਼ਟ ਹੁੰਦਿਆਂ, ਉਹ ਭ੍ਰਿਸ਼ਟਾਚਾਰ ਦੇ ਖਿਲਾਫ਼ ਧਰਨਾ ਵੀ ਲਾ ਸਕਦਾ ਹੈ।

ਸੁਆਲ ਪੈਦਾ ਹੁੰਦਾ ਹੈ ਕਿ ਅੱਜ ਦੁਨੀਆਂ ਭਰ ਵਿਚ ਫੈਲੇ ਕਰੋੜਾਂ ‘ਨਾਨਕ ਨਾਮ ਲੇਵਾ ਪੈਰੋਕਾਰਾਂ’ ਲਈ ਆਪਣੀ ‘ਪਛਾਣ’ ਹੀ ਮਸਲਾ ਕਿਉਂ ਬਣੀ ਹੋਈ ਹੈ? ਉਨ੍ਹਾਂ ਨੂੰ ਸਿੱਖ ‘ਬਣਨ’ ਨਾਲੋਂ, ਸਿੱਖ ‘ਦਿਸਣ’ ਲਈ ਪ੍ਰਚਾਰ ਸਾਧਨਾਂ ਦੀ ਲੋੜ ਕਿਉਂ ਪੈ ਰਹੀ ਹੈ? ਜੋ ਗੱਲ ਬਾਬਾ ਨਾਨਕ ਬਿਨਾਂ ਕਿਸੇ ਮੀਡੀਆ ਦੀ ਸਹਾਇਤਾ ਦੇ ਕਰ ਗਏ? ‘ਗੁਰਾਂ ਦੇ ਨਾਂ’ ਵਸਿਆ ਖਿੱਤਾ ‘ਬੇਗਮਪੁਰਾ’ ਕਿਉਂ ਨਹੀਂ ਬਣ ਸਕਿਆ?

ਕੀ ਬਾਕੀ ਧਰਮਾਂ ਵਾਂਗ, ਬਾਬੇ ਨਾਨਕ ਦੇ ਮੱਤ ਨਾਲ ਇਹੀ ਨਹੀਂ ਵਾਪਰਿਆ? ਪਾਠ ਨੂੰ ਪੜ੍ਹਨ ਤੇ ਗੱਲ ਨੂੰ ਸਮਝਣ ਦੀ ਥਾਂ ਪੂਜਾ ਜਾਂ ਮੰਤਰ ਬਣਾ ਲਿਆ ਹੈ। ਬਾਬਾ ਨਾਨਕ ਆਪਣੇ ਸਮੇਂ ਦੀ ਹਰ ਗੱਲ ’ਤੇ ਪ੍ਰਸ਼ਨ ਕਰਦੇ ਹਨ, ਅਸੀਂ ਸਭ ਪ੍ਰਸ਼ਨਾਂ ਨੂੰ ਸ਼ਰਧਾ ਦੀ ਚਾਦਰ ਨਾਲ ਢਕ ਦਿੱਤਾ ਹੈ।

ਬਾਬਾ ਨਾਨਕ ਦੇ ਦ੍ਰਿਸ਼ਟੀਕੋਣ ਦੀ ਥਾਹ ਪਾਉਣ ਤੋਂ ਪਹਿਲਾਂ, ਆਮ ਬੰਦੇ ਦੇ ਧਰਮ ਨਾਲ ਰਿਸ਼ਤੇ ਨੂੰ ਸਮਝਣਾ ਕੁਥਾਂ ਨਹੀਂ ਹੋਵੇਗਾ। ਜਨਮ ਤੋਂ ਹੀ ਬੱਚਾ ਸਿੱਖ, ਮੁਸਲਮਾਨ, ਇਸਾਈ ਜਾਂ ਹਿੰਦੂ ਬਣਾ ਦਿੱਤਾ ਜਾਂਦਾ ਹੈ। ਉਸ ਦੇ ਵਿਚਾਰਾਂ ਅਤੇ ਜ਼ਮੀਰ ਦੀ ਆਜ਼ਾਦੀ ’ਤੇ ਪਹਿਲਾ ਹਮਲਾ ਪਰਿਵਾਰ ਵੱਲੋਂ ਹੁੰਦਾ ਹੈ। ਇਹ ਵਰਤਾਰਾ ਸਰਬਵਿਆਪੀ ਅਤੇ ਸਰਬਪ੍ਰਵਾਨਿਤ ਹੋਣ ਕਰਕੇ ਕਿਸੇ ਨੂੰ ਅੱਖਰਦਾ ਨਹੀਂ।

ਪਰਿਵਾਰਾਂ ਦੀ ਇਹ ਰਵਾਇਤ ਬਾਬਾ ਨਾਨਕ ਨੂੰ ਰੜਕਦੀ ਹੈ। ਉਹ ਆਪਣਾ ਵਿਰੋਧ, ਪਰਿਵਾਰ ਵੱਲੋਂ ਜਨੇਊ ਪਹਿਨਾਉਣ ਦੀ ਇੱਛਾ ਨੂੰ ਨਕਾਰਦਿਆਂ ਕਰਦੇ ਹਨ। ਪੁਸ਼ਤੈਨੀ ਸੰਸਕਾਰਾਂ ਦੇ ਖਿਲਾਫ਼ ਖੜ੍ਹਦਿਆਂ ਉਹ ਵਿਚਾਰਾਂ ਦੀ ਨਿੱਜੀ ਚੋਣ ਦੀ ਆਜ਼ਾਦੀ ਦੇ ਹੱਕ ਨੂੰ ਬੁਲੰਦ ਕਰਦੇ ਹਨ। ਆਜ਼ਾਦੀ, ਜੋ ਹਰ ਕਿਸਮ ਦੇ ਚਿੰਤਨ ਦੀ ਪਹਿਲੀ ਸ਼ਰਤ ਹੈ। ਇਹੀ ਆਜ਼ਾਦੀ ਕਿਸੇ ਨੂੰ ਈਸਾ, ਹਜ਼ਰਤ ਮੁਹੰਮਦ ਅਤੇ ਬੁੱਧ ਬਣਨ ਲਈ ਸਹਾਈ ਹੁੰਦੀ ਹੈ ਜੋ ਆਪੋ ਆਪਣੇ ਪਰਿਵਾਰਕ ਧਰਮਾਂ ਨੂੰ ਤਿਲਾਂਜਲੀ ਦਿੰਦੇ ਹਨ।

ਸ਼ਰਧਾ ਅਤੇ ਪ੍ਰਚਾਰ ਨੇ ਬਾਬਾ ਨਾਨਕ ਅਤੇ ਪੈਰੋਕਾਰਾਂ ਦਰਮਿਆਨ ਵਿੱਥ ਪਾ ਦਿੱਤੀ ਹੈ। ਬਾਬਾ ਨਾਨਕ ਨੇ ਅਜਿਹੇ ਲਾਈਲੱਗ ਤੇ ਝੁਕੇ ਹੋਏ ਸਿਰਾਂ ਵਾਲੇ ਪੈਰੋਕਾਰਾਂ ਦੀ ਕਲਪਨਾ ਨਹੀਂ ਸੀ ਕੀਤੀ। ਉਹ ਤਾਂ ‘ਰੱਬ’ ਤੋਂ ਵੀ ਡਰਨ ਦੇ ਹੱਕ ਵਿੱਚ ਨਹੀਂ, ਜਿਸ ਨੂੰ ‘ਬਾਬਰ ਬਾਣੀ’ ਵਿੱਚ ਦੋਸਤਾਂ ਵਾਂਗ ਉਲਾਂਭਾ ਦਿੰਦੇ ਹਨ। ਡਰਿਆ ਹੋਇਆ ਪੈਰੋਕਾਰ, ਆਪਣੀ ਹੋਣੀ ਦਾ ਆਪ ਮਾਲਕ ਨਹੀਂ ਬਣ ਸਕਦਾ, ਆਪਣੇ ਬਲਬੂਤੇ ਫ਼ੈਸਲੇ ਨਹੀਂ ਲੈ ਸਕਦਾ। ਆਪਣੀ ਬਹਾਦਰੀ ਦੀਆਂ, ਅਸੀਂ ਲੱਖ ਟਾਹਰਾਂ ਮਾਰੀਏ, ਪਰ ਅਸੀਂ ਡਰੇ ਹੋਏ, ਲੀਹੋਂ ਲੱਥੇ ਹੋਏ ਪੰਜਾਬੀ (ਸਿੱਖ) ਹਾਂ। ਇਸ ਦਾ ਸਬੂਤ ਇਹ ਹੈ ਕਿ ‘ਨਾਨਕ ਨਾਮ ਲੇਵਾ’ ਜੀਵ ‘ਗੁਰਾਂ ਦੇ ਨਾਂ’ ’ਤੇ ਵਸੇ ਇਸ ਖਿੱਤੇ ਨੂੰ ਛੱਡ ਕੇ, ਆਪ ਜਾਂ ਜੁਆਕਾਂ ਦੇ ਪਰਵਾਸ ਲਈ ਤਰਲੋਮੱਛੀ ਹੋ ਰਹੇ ਹਾਂ।

ਇਸ ਭੰਬਲਭੂਸੇ ’ਚੋਂ ਨਿਕਲਣ ਲਈ ਚਿੰਤਨ ਦੀ ਲੋੜ ਹੈ ਅਤੇ ਚਿੰਤਨ ਲਈ ਸੁਆਲ ਕਰਨੇ ਜ਼ਰੂਰੀ ਹਨ। ਬਾਬਾ ਨਾਨਕ ਕਿਸੇ ਦੀਆਂ ਸਿਫ਼ਤਾਂ ਦੇ ਮੁਥਾਜ ਨਹੀਂ। ਬਾਬਾ ਨਾਨਕ ਨੂੰ ਸਮਝਣ ਲਈ ਸ਼ਰਧਾ ਨਹੀਂ, ਸੰਵਾਦ ਦੀ ਲੋੜ ਹੈ। ਪ੍ਰਚਾਰਕ ਬਾਬਾ ਨਾਨਕ ਵੱਲੋਂ ਜਨੇਊ ਨਾ ਪਾਉਣ, ਗੰਗਾ ਕਿਨਾਰੇ ਖੇਤਾਂ ਨੂੰ ਪਾਣੀ ਘੱਲਣ, ਪਾਂਧੇ ਨਾਲ ਸੁਆਲ ਜੁਆਬ ਦੀ ਚਰਚਾ ਤਾਂ ਕਰਦੇ ਹਨ, ਪਰ ਉਸ ਪਿੱਛੇ ਕੰਮ ਕਰਦੀ ਸੁਆਲ ਕਰਨ ਦੀ ਆਜ਼ਾਦੀ ਦੀ ਗੱਲ ਨਹੀਂ ਕਰਦੇ ਜਿਸ ਦੀ ਅਜੋਕੇ ਸਮੇਂ ਵਿੱਚ ਬੜੀ ਅਹਿਮੀਅਤ ਹੈ। ‘ਸੁਆਲ ਕਰਨ ਦੀ ਆਜ਼ਾਦੀ’ ਵਿੱਚ ਦਖਲ- ਪਰਿਵਾਰ, ਸਰਕਾਰ ਜਾਂ ਭਾਈਚਾਰੇ ’ਚੋਂ ਕਿਸੇ ਦਾ ਵੀ ਹੋਵੇ, ਉਹ ਬਾਬਾ ਨਾਨਕ ਦੀ ਪਹੁੰਚ ਨਾਲ ਮੇਲ ਨਹੀਂ ਖਾਂਦਾ:

- ਬਾਬਾ ਨਾਨਕ ਦੀ ਕਿਸੇ ਵੀ ਬਾਣੀ ਵਿੱਚ ਪਿਛਲੱਗ ਬਣਨ ਲਈ ਪ੍ਰੇਰਿਤ ਕਰਨ ਦਾ ਹਵਾਲਾ ਨਹੀਂ ਮਿਲਦਾ। ਜ਼ਰੂਰੀ ਨਹੀਂ ਕਿ ਵਿਅਕਤੀ ਪੁਸ਼ਤੈਨੀ ਜਾਂ ਮਾਂ ਬਾਪ ਵੱਲੋਂ ਮਿਲੇ ਸੰਸਕਾਰਾਂ ਦਾ ਹੀ ਪੈਰੋਕਾਰ ਬਣੇ , ਉਹ ਆਪਣਾ ਚਿਰਾਗ਼ ਖ਼ੁਦ ਬਣ ਸਕਦਾ ਹੈ। ਜਿਵੇਂ ਖ਼ੁਦ ਬਾਬਾ ਨਾਨਕ ਨੇ ਕੀਤਾ ਤੇ ‘ਨਾਨਕ ਮੱਤ’ ਦੀ ਨੀਂਹ ਰੱਖੀ। ਕੀ ਅਸੀਂ ਇਹ ਹੱਕ ਆਪਣੇ ਬੱਚਿਆਂ ਨੂੰ ਦੇਣ ਲਈ ਤਿਆਰ ਹਾਂ?
- ਬਾਬਾ ਨਾਨਕ ਪਾਂਧੇ ਨਾਲ ਵਿਵਾਦ ਕਿਉਂ ਕਰਦੇ ਹਨ? ਪਾਂਧਾ ਰਵਾਇਤ ਅਤੇ ਰੂੜ੍ਹੀ ਦਾ ਚਿੰਨ੍ਹ ਹੈ। ਰਵਾਇਤ ਹਮੇਸ਼ਾਂ ਹੀ ਪੈਰੋਕਾਰਾਂ ਦੇ ਪੈਰਾਂ ’ਚ ਪੈਖੜ ਹੁੰਦੀ ਹੈ। ਪਾਂਧਾ ਰਵਾਇਤ ਦੇ ਸਾਂਚੇ ਵਿੱਚ ਬਾਬਾ ਜੀ ਨੂੰ ਢਾਲਣਾ ਚਾਹੁੰਦਾ ਹੈ, ਪਰ ਉਹ ਕਿਤੂੰ ਕਰਦੇ ਹਨ, ਸੁਆਲ ਪੁੱਛਦੇ ਹਨ ਜਿਨ੍ਹਾਂ ਦਾ ਪਾਂਧੇ ਕੋਲ ਕੋਈ ਜੁਆਬ ਨਹੀਂ। ਉਹ ਚਾਹੁੰਦੇ ਹਨ, ਬੰਦਾ ਉਧਾਰੇ ਵਿਚਾਰਾਂ ਜਾਂ ਜੁਆਬਾਂ ਦੀ ਥਾਂ ਉਨ੍ਹਾਂ ਨੂੰ ਆਪ ਲੱਭੇ, ਉਨ੍ਹਾਂ ਲਈ ਆਪ ਖੌਝਲੇ। ਅਸੀਂ ਖੌਝਲਣ ਦੀ ਬਜਾਏ ਬਾਬਾ ਨਾਨਕ ਨੂੰ ਹਾਕਾਂ ਮਾਰਦੇ ਹਾਂ, ਸੁਆਲ ਮੇਰੇ ਹਨ, ਆ ਕੇ ਜੁਆਬ ਦੇ ਜਾਓ।
- ਜਨੇਊ ਪਹਿਨਣ ਤੋਂ ਇਨਕਾਰ ਸਮਕਾਲੀ ਮਰਯਾਦਾ ਪ੍ਰਤੀ ਨਾਬਰੀ ਹੈ। ਹਰ ਦੌਰ ਦੀ ਸੱਤਾ, ਪੁਲੀਸ ਅਤੇ ਜੇਲ੍ਹਾਂ ਨਾਲ ਹੀ ਨਹੀਂ, ਮਰਯਾਦਾ ਦੇ ਅਣਦਿਸਦੇ ਸੰਗਲਾਂ ਨਾਲ ਬੰਦੇ ਨੂੰ ਜਕੜਦੀ ਹੈ। ਇਸ ਮਾਨਸਿਕ ਗੁਲਾਮੀ ਦਾ ਕਿਸੇ ਵੀ ਧਰਮ ਦੇ ਅਨੁਯਾਈ ਨੂੰ ਅਹਿਸਾਸ ਹੀ ਨਹੀਂ ਹੁੰਦਾ। ਉਹ ਦੂਜੇ ਧਰਮਾਂ ਦੇ ਕਰਮਕਾਂਡਾਂ ਦੀ ਖਿੱਲੀ ਉਡਾਉਂਦਿਆਂ, ਆਪਣੇ ਕਰਮਕਾਂਡਾਂ ਦਾ ਮਹਿਮਾਗਾਨ ਕਰਦਾ ਹੈ। ਕੋਈ ਵੀ ਚਿੰਨ੍ਹ, ਚਿਹਨਤ ਹੋ ਰਹੇ ਸੱਚ ਦਾ ਥਾਂ ਨਹੀਂ ਲੈ ਸਕਦਾ।

ਸਾਡੇ ਨਾਲ ਇਹੀ ਵਾਪਰ ਰਿਹਾ ਹੈ। ਅਸੀਂ ਬਾਬਾ ਨਾਨਕ ਵਾਂਗ ਆਪਣਾ ਪੱਥ ਆਪ ਲੱਭਣ ਦੀ ਥਾਂ ਸ਼ਰਧਾਲੂ, ਸਰੋਤਾ, ਰਸਮੀ ਪੈਰੋਕਾਰ ਬਣਨ ਦਾ ਸੌਖਾ ਰਾਹ ਅਖਤਿਆਰ ਕਰ ਲਿਆ ਹੈ। ਫ਼ੈਸਲਾ ਕਰਨ ’ਤੇ ਨਿਕਲਣ ਵਾਲੇ ਸਿੱਟਿਆਂ ਦੀ ਜ਼ਿੰਮੇਵਾਰੀ ਨਹੀਂ ਲੈਣੀ। ਸਾਰਾ ਕੁਝ ‘ਗੁਰੂ’, ‘ਰੱਬ’ ਜਾਂ ‘ਅੱਲਾ’ ’ਤੇ ਹੀ ਸੁੱਟ ਦਿੱਤਾ ਜਾਂਦਾ ਹੈ। ਭੁੱਲ ਬਖਸ਼ਾ ਲਈ ਜਾਂਦੀ ਹੈ। ਸ਼ਰਧਾ ਦੇ ਇਸ ਵਹਿਣ ਵਿੱਚ ਵਹਿ ਕੇ ਪੈਰੋਕਾਰਾਂ ਨੇ ਆਪਣੇ ਬੱਚਿਆਂ ਵਿਚਲੇ ‘ਨਾਨਕ’ ਦੇ ਵਿਗਸਣ ਦੀਆਂ ਸੰਭਾਵਨਾਵਾਂ ਨੂੰ ਸਦਾ ਲਈ ਖ਼ਤਮ ਕਰ ਦਿੱਤਾ ਹੈ। ਨਾਨਕ, ਜੋ ਸੁਆਲ ਕਰਦਾ ਹੈ, ਪਿੱਤਰੀ ਮਰਯਾਦਾ ਨੂੰ ਨਹੀਂ ਮੰਨਦਾ; ਜੋ ਸਥਾਪਤੀ ਨੂੰ ਚੁਣੌਤੀ ਦਿੰਦਾ ਹੈ, ਸੱਤਾ ਨੂੰ ਲਲਕਾਰਦਾ ਹੈ। ਅਜੋਕੇ ਪੰਜਾਬ ਦੇ ਪਤਨ ਦੀਆਂ ਜੜ੍ਹਾਂ ਇਸੇ ਪਹੁੰਚ ਦੀ ਗ਼ੈਰਹਾਜ਼ਰੀ ਵਿਚ ਲੱਭੀਆਂ ਜਾ ਸਕਦੀਆਂ ਹਨ।

## ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੂਰਬ ਦੀਆਂ ਸਭ ਨੂੰ ਬਹੁਤ ਬਹੁਤ ਮੁਬਾਰਕਾਂ ਜੀ

ਅੱਜ ਸਾਡੇ ਉਸ ਬਾਬੇ ਨਾਨਕ ਦਾ ਪ੍ਰਕਾਸ ਪੂਰਬ ਆ ਜਿਸ ਨੇ ਬਾਬਰ ਨੂੰ ਅੱਖ ’ਚ ਅੱਖ ਪਾ ਕੇ ਜਾਬਰ ਕਿਹਾ ਮੌਕੇ ਦੇ ਹਾਕਮਾਂ ਨੂੰ ਕੁੱਤੇ ਤਕ ਕਹਿ ਦਿੱਤਾ ਸੀ, ਸਮੇਂ ਦੇ ਪਾਖੰਡ ਨੂੰ ਸਿੱਧਾ ਚੈਲੰਜ ਕੀਤਾ ਪਰਿਵਾਰ ਦੇ ਖਿਲਾਫ ਹੋ ਕੇ ਸਾਧੂ ਪੰਡਤਾਂ ਤੇ ਮੂਰਤੀ ਪੂਜਾ ਦੇ ਵਿਰੁੱਧ ਇੱਕਲਾ ਖੜ੍ਹਾ ਰਿਹਾ ਕਿਸੇ ਦੀ ਪ੍ਰਵਾਹ ਨਹੀਂ ਕੀਤੀ, “ਕਿਰਤ ਕਰੋ ਨਾਮ ਜਪੋ ਵੰਡ ਛਕੋ” ਦਾ ਸੁਨੇਹਾ ਦਿੱਤਾ। ਖੁਦ ਕਿਰਤ ਕਰੀ ਤੇ ਸਭ ਨੂੰ ਇਹੋ ਸੁਨੇਹਾ ਦਿੱਤਾ, ਜਾਤਪਾਤ, ਧਰਮਾਂ ਦੇ ਨਾਮ ਤੇ ਲੋਕਾਂ ਨੂੰ ਆਪਸੀ ਭਾਈਚਾਰੇ ਦਾ ਸੁਨੇਹਾ ਦਿੱਤਾ। ਪਰ ਸਾਡੇ ਆਲੇ ਲਾਣੇ ਨੇ ਸਾਡੇ ਬਾਬੇ ਨੂੰ ਜਾਦੂਗਰ ਹੀ ਬਣਾ ਦਿੱਤਾ, ਜਿਹੜਾ ਦਰੱਖਤਾਂ ਨੂੰ ਮਿਠਾਈ ਲਾ ਦਿੰਦਾ, ਨਿਕੰਮੇ ਸਾਧੂਆਂ ਨੂੰ ਰੋਟੀ ਖਵਾ ਦਿੰਦਾ ਬਾਪੂ ਦੀ ਹੱਕ ਦੀ ਕਮਾਈ ਦਾ, ਪਸ਼ੂ ਲੈ ਕੇ ਗਿਆ ਸੀ ਸੋ ਜਾਂਦਾ ਸੱਪ ਛਾਂ ਕਰ ਲੈਂਦਾ ਪਸ਼ੂ ਖੇਤ ਖਾ ਜਾਂਦਾ ਤੇ ਫਿਰ ਓ ਜਾਦੂ ਨਾਲ ਹਰੇ ਵੀ ਕਰ ਦਿੰਦਾ, ਹੋਰ ਵੀ ਬਹੁਤ ਚਮਤਕਾਰ ਬਾਬੇ ਨਾਲ ਜੋੜਤੇ ਸਾਡੇ ਆਲਿਆ ਨੇ, ਬਾਬੇ ਨੂੰ ਵੇਹਲਾ ਬਣਾਤਾ ਮਾਲਾ ਫੜਾ ਕੇ ਬਿਠਾਤਾ, ਜੋ ਕਿ ਉਸ ਦੇ ਸੁਨੇਹਿਆਂ ਦੇ ਬਿਲਕੁਲ ਉਲਟ ਹਨ। ਅੱਜ ਪ੍ਰਕਾਸ਼ ਪੂਰਬ ਤੇ ਸਭ ਉਸ ਨਾਨਕ ਦੀਆਂ ਗੱਲਾਂ ਕਰਨਗੇ ਵਧਾਈਆਂ ਦੇਣਗੇ ਪਰ ਅਸਲੀਅਤ ਕੋਹਾਂ ਦੂਰ ਆ। ਡੀਜੇ ’ਤੇ ਜੱਟ ਜੱਟ ਕਰਨ ਵਾਲੇ ਵੀ ਬਾਬੇ ਦੇ ਇਸ ਦਿਨ ਦੀਆਂ ਵਧਾਈਆਂ ਦੇਣਗੇ। ਨਾਮ ਪਿੱਛੇ ਸਿੰਘ ਦੀ ਜਗ੍ਹਾ ਬਾਬੇ ਵੱਲੋਂ ਨਕਾਰਿਆ ਗੋਤ ਸਿਸਟਮ ਲਾ ਕੇ ਆਉਣਗੇ ਵਧਾਈਆਂ ਦੇਣ। ਬਰਾੜ, ਧਾਲੀਵਾਲ, ਸਿੱਧੂ, ਮਾਨ, ਢਿੱਲੋਂ ਹੋਰ ਵੀ ਬਹੁਤ ਸਾਰੇ ਗੋਤ ਲਾ ਕੇ ਬਾਬੇ ਦਾ ਪ੍ਰਕਾਸ਼ ਪੁਰਬ ਸੋਸ਼ਲ ਮੀਡੀਆ ’ਤੇ ਮਨਾਉਣ ਦਾ ਪਾਖੰਡ ਕਰਨਗੇ। ਜਿਵੇਂ ਓਹਤਾ ਬਾਬੇ ਦੇ ਸਿਧਾਂਤਾਂ ’ਤੇ ਹੀ ਚਲਦੇ ਆ। ਸਾਡੇ ਮਾਨਯੋਗ ਸਿੰਗਰ ਸਾਬ ਜਿੰਨਾ ਦੇ ਕਿਸੇ ਨੇ ਨਾਮ ਪਿੱਛੇ ਕਦੀ ਸਿੰਘ ਲਾਉਣ ਲਈ ਸ਼ਰਮ ਆਉਂਦੀ ਆ, ਜਿੰਨਾ ਗਾਣੇ ਅੱਜ ਤਕ ਜੱਟ ਜੱਟ ਤੋਂ ਬਿਨਾ ਗਾਏ ਹੀ ਨਈ, ਜਿਨ੍ਹਾਂ ਅਨੁਸਾਰ ਬਾਕੀ ਤਾਂ ਪੰਜਾਬ ’ਚ ਕੋਈ ਰਹਿੰਦਾ ਹੀ ਨਈ ਓ ਵੀ ਪ੍ਰਕਾਸ਼ ਪੂਰਬ ਦੀਆਂ ਵਧਾਈਆਂ ਦੇ ਨਾਲ ਨਾਲ ਗਾਣੇ ਵੀ ਗਾਉਣ ਬਾਬੇ ਦੇ, ਸ਼ਰਮ ਕਰੋ ਥੋੜੀ ਯਾਰ, ਕਿਸ ਮੂੰਹ ਨਾਲ ਆਪਾਂ ਵਧਾਈਆਂ ਦੇ ਰਹੇ ਆਂ, ਏਨਾ ਦੋਗਲਾਪਣ ਕਿਉਂ???

ਬਾਬੇ ਨਾਨਕ ਦੇ ਖੇਤਾਂ ’ਚ ਬਰਕਤ ਦੀਆਂ ਗੱਲਾਂ ਕਰਦੇ ਅਸੀਂ ਅੱਜ ਸਪੀਕਰਾਂ ’ਚ ਬੇਨਤੀ ਕਰਾਂ ਰਹੇ ਆ ਸਾਡੇ ਖੇਤਾਂ ’ਚ ਨਾ ਵੜੋ, ਹਰ ਜਾਤ ਆਪਣੇ ਤੋਂ ਛੋਟੀ ਜਾਤ ਨਾਲ ਓਵੇਂ ਦਾ ਸਲੂਕ ਕਰਦੀ ਆ ਜਿੰਦਾਂ ਓਹਨਾਂ ਨੇ ਵੱਡੀ ਜਾਤ ਕਰਦੀ ਆ। ਸਮੇਂ ਦੀ ਸਚਾਈ ਆ ਇਹ ਕਬੂਲ ਕਰਨੀ ਨਾ ਕਰਨੀ ਸਾਡੇ ਤੇ ਨਿਰਭਰ ਆ, ਸੋਚਿਓ ਬੈਠ ਕਿ ਕੀ ਅਸੀਂ ਵਾਕਈ ਹੀ ਨਾਨਕ ਦਾ ਪ੍ਰਕਾਸ਼ ਪੂਰਬ ਮਨਾਉਣ ਜਾਂ ਉਸਦੀ ਵਧਾਈਆਂ ਦੇਣ ਦੇ ਲਾਇਕ ਹਾਂ??? ਗੁਰਦੁਆਰੇ ਧਰਮਾਂ ਅਨੁਸਾਰ ਬਣਾ ਕੇ ਅਸੀਂ ਉਸ ਨਾਨਕ ਦਾ ਸੁਨੇਹਾ “ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ” ਨੂੰ ਕਿੰਨਾ ਅਪਣਾਇਆ? ਅੱਗੇ ਵਧਣ ਦੀ ਬਜਾਏ ਅਸੀਂ ਪਿੱਛੇ ਤਾਂ ਨੀ ਜਾ ਰਹੇ? ਬਹੁਤ ਕੁਝ ਸੋਚਣ ਵਾਲਾ ਹੋ ਸਕਦਾ ਮੇਰੀ ਪੋਸਟ ਜਾਤ ਪਾਤ ਆਲਿਆ ਦੇ ਦਿਲ ਤੇ ਲੱਗੇ ਪਰ ਮੈਨੂੰ ਪ੍ਰਵਾਹ ਨਈ, ਜੋ ਸਹੀ ਆ ਉਹ ਮੈਂ ਲਿਖਣ ਦੀ ਕੋਸ਼ਿਸ਼ ਕਰੀ ਏ, ਹੋ ਸਕੇ ਸ਼ੇਅਰ ਕਰਦੀਓ।

**- ਨਿਰਭੈ ਸਿੰਘ ਧੌਲਾ**

## ਵਰਤ ਵਾਲੀਆਂ ਭੈਣਾਂ ਜ਼ਰੂਰ ਹੀ ਪੜ੍ਹਨ

ਕਰਵੇ ਚੌਥ ਦਾ ਵਰਤ ਰੱਖਣ ਵਾਲੀਆਂ ਸਤਿਕਾਰਯੋਗ ਭੈਣੋ, ਪਤੀਆ ਦੀ ਉਮਰ ਲੰਬੀ ਕਰਨ ਦੀਆਂ ਲੱਖ ਲੱਖ ਮੁਬਾਰਕਾਂ!!... ਲਗਦਾ ਜਿਨੀ ਜਿਨੀ ਵਾਰ ਤੁਸੀਂ ਹੁਣ ਤੱਕ ਪਤੀ ਦੀ ਉਮਰ ਲੰਬੀ ਕਰਨ ਦੇ ਫਾਰਮੂਲੇ ਵਾਲਾ ਵਰਤ ਰੱਖਿਆ ਕਈ ਪਤੀਆ ਦੀ ਉਮਰ ਤਾਂ 5-6 ਸੌ ਸਾਲ ਹੋਗੀ ਹੋਣੀ। ਤੁਹਾਡੀ ਅਕਲ ਨੂੰ ਇਸ ਗੱਲੋਂ ਵੀ ਸਲਾਮ ਕਿ ਤੁਹਾਡੇ ਵਾਲਾ ਇਹ ਫਾਰਮੂਲਾ ਅਮਰੀਕਾ, ਕਨੇਡਾ, ਇੰਗਲੈਂਡ, ਚੀਨ, ਜਪਾਨ ਵਰਗੇ ਕਿਸੇ ਦੇਸ਼ ਦੀਆਂ ਔਰਤਾਂ ਨੂੰ ਪਤਾ ਹੀ ਨਹੀਂ। ਤੁਸੀਂ ਅਜ ਆਵਦੇ ਵੱਲੋਂ ਬਹੁਤ ਹਾਰ ਸ਼ਿੰਗਾਰ ਕੀਤੇ, ਬਹੁਤ ਟੌਹਰ ਕੱਢੀ... ਤੁਸੀਂ ਸਜ ਧਜ ਕੇ ਬਹੁਤ ਸ਼ਾਨ ਬਣਾਈ। ਪਰ ਹੁਣ ਤੁਹਾਨੂੰ ਇਹ ਸੱਚ ਲੜ ਹੀ ਜਾਣਾ.. ਸੱਚ ਇਹ ਕਿ ਪੂਰੀ ਦੁਨੀਆਂ ਵਿੱਚ ਤੁਹਾਡੀ ਅਕਲ ਦਾ ਜਲੂਸ ਨਿਕਲਿਆ। ਤੁਹਾਨੂੰ ਪਤਾ ਕਿ ਇਕੱਲੇ ਅਨਪੜ੍ਹ ਜਿਹੇ ਦੇਸ਼ ਭਾਰਤ ਦੀਆਂ ਔਰਤਾਂ ਹੀ ਇਹ ਵਰਤ ਰੱਖ ਕੇ ਮੂਰਖਤਾ ਵਾਲਾ ਵਹਿਮ ਪਾਲਦੀਆਂ ਕਿ ਉਹਨਾਂ ਦੇ ਪਤੀ ਦੀ ਉਮਰ ਲੰਬੀ ਹੋ ਜਾਵੇਗੀ। ਤੁਹਾਨੂੰ ਪਤਾ ਹੈ ਕਿ ਜਿਹੜੇ ਦੇਸ਼ਾਂ ਦੀਆਂ ਔਰਤਾਂ ਇਹ ਵਰਤ ਨਹੀਂ ਰੱਖਦੀਆਂ ਉਥੇ ਇਨਸਾਨਾਂ ਦੀ ਔਸਤ ਉਮਰ ਭਾਰਤ ਨਾਲੋਂ ਲੰਬੀ ਹੈ। ਮੈਂ ਪੁੱਛਦਾ ਹਾਂ ਜਿਹੜੇ ਵਿਕਸਤ ਦੇਸ਼ਾਂ ਜਿਵੇਂ ਅਮਰੀਕਾ, ਕਨੇਡਾ, ਇੰਗਲੈਂਡ, ਚੀਨ, ਜਪਾਨ, ਕਿਊਬਾ ਤੇ ਰੂਸ ਵਰਗੇ ਦੇਸ਼ਾਂ ਵਿੱਚ, ਜਿਥੇ ਕੋਈ ਔਰਤ ਵੀ ਐਸੇ ਵਰਤ ਰੱਖਣ ਦੇ ਪਾਖੰਡ ਨਹੀਂ ਕਰਦੀ, ਉਥੇ ਇਨਸਾਨਾਂ ਦੀ ਔਸਤ ਉਮਰ ਭਾਰਤ ਦੇ ਬੰਦਿਆਂ ਨਾਲੋਂ ਲੰਬੀ ਹੈ। ...ਕਿਊਬਾ ਵਿਚ ਤਾਂ ਭਾਰਤ ਨਾਲੋਂ ਲਗਭਗ 20-25 ਸਾਲ ਔਸਤ ਉਮਰ ਵਧ ਹੈ। ਹਾਂਗਕਾਂਗ, ਜਾਪਾਨ, ਸਵਿਟਜ਼ਰਲੈਂਡ, ਸਿੰਗਾਪੁਰ, ਸਵੀਡਨ, ਸਪੇਨ, ਇਟਲੀ, ਆਸਟ੍ਰੇਲੀਆ, ਆਦਿ ਵਿੱਚ ਵੀ ਲੋਕ ਭਾਰਤ ਨਾਲੋਂ 15-20 ਸਾਲ ਵੱਧ ਉਮਰ ਜਿਉਂਦੇ ਹਨ । ਓ ਭਾਈ ਬੀਬਾ...ਚੈਕ ਕਰੋ , ਕਿਤੇ ਤੁਹਾਡਾ ਵਰਤ ਦੇਵਤਾ ਖਰਚਾ ਪਾਣੀ ਤੁਹਾਡੇ ਤੋਂ ਲੈਕੇ ਸਾਰੀ ਸਰਵਿਸ ਉਧਰ ਤਾਂ ਨਹੀਂ ਦੇਈ ਜਾਂਦਾ? ਜੇਕਰ ਤੁਸੀਂ ਇਞ ਸੋਚਦੀਆਂ ਕਿ ਵਰਤ ਨਾ ਰੱਖਣ ਵਾਲੀਆਂ ਬਾਹਰਲੇ ਵਿਕਸਤ ਦੇਸ਼ਾਂ ਦੀਆਂ ਔਰਤਾਂ ਨਾਲੋਂ ਆਪਣੇ ਦੇਸ਼ ਦੀਆਂ ਔਰਤਾਂ ਦੀ ਅਕਲ ਜ਼ਿਆਦਾ ਤਾਂ ਫਿਰ ਬਹੁਤ ਭੁਲੇਖੇ ਵਿੱਚ ਹੋ ਤੁਸੀਂ। ਭੈਣੋ ਗੁਰੂ ਨਾਨਕ ਸਾਹਿਬ ਜੀ ਨੇ ਵੀ ਇਹਨਾਂ ਵਰਤਾਂ ਦਾ ਸਖਤ ਵਿਰੋਧ ਕੀਤਾ ਸੀ ਤੇ ਕਿਹਾ ਸੀ “ਛੋਡਹਿ ਅੰਨੁ ਕਰੇਹਿ ਪਾਖੰਡ, ਨਾ ਸੁਹਾਗਣ ਨਾ ਉਹ ਰੰਡ”, ਮੈਂ ਪੁੱਛਦਾ ਕੀ ਤੁਹਾਡੀ ਸਮਝ ਮਹਾਂਪੁਰਖ ਗੁਰੂ ਨਾਨਕ ਸਾਹਿਬ ਨਾਲੋਂ ਵੀ ਵੱਡੀ ਹੋਗੀ ਹੈ ?? ਅਸੀ ਗੁਰੂ ਨਾਨਕ ਨੂੰ ਤਾਂ ਮੰਨਦੇ ਹਾਂ ਪਰ ਉਸਦੀ ਗੱਲ ਨਹੀਂ ਮੰਨਦੇ ਤੇ ਉਸਦੇ ਚਲਦੇ ਉਲ਼ਟ ਹਾਂ। ਭੈਣੋ ਇਹ ਵਰਤ ਔਰਤ ਦੀ ਗੁਲਾਮੀ ਦਾ ਪ੍ਰਤੀਕ ਹਨ। ਇਹ ਰਿਵਾਜ ਉਦੋਂ ਬਣੇ ਸਨ ਜਦੋਂ ਔਰਤ ਨੂੰ ਮਰਦ ਦੇ ਪੈਰ ਦੀ ਜੁੱਤੀ ਸਮਝਿਆ ਜਾਂਦਾ ਸੀ ਤੇ ਪਤੀ ਨੂੰ ਪਰਮੇਸ਼ੁਰ ਕਿਹਾ ਜਾਂਦਾ ਸੀ। ਕਈ ਆਪਣਾ ਵਹਿਮ ਭਰਮ ਲੁਕਾਉਣ ਲਈ ਕੁ-ਤਰਕ ਦਿੰਦੇ ਹਨ ਅਖੇ, “ਅਸੀਂ ਤਾਂ ਐਵੇ ਸ਼ੌਕ ਨਾਲ ਜਾਂ ਦੂਜਿਆਂ ਦੀ ਖੁਸ਼ੀ ਲਈ ਰੱਖ ਲਾਈਦਾ”.., ਜੇ ਤੁਹਾਡੇ ਵਾਲ਼ੀ ਇਹ ਘਸੀ ਹੋਈ ਦਲੀਲ ਬਾਬਾ ਨਾਨਕ ਸੋਚ ਲੈਂਦੇ ਤੇ ਵਹਿਮ-ਭਰਮ ਦੇ ਸ਼ੌਕ ਪਾਲ ਲੈਂਦੇ ਤਾਂ ਫਿਰ ਕੀ ਹੁੰਦਾ? ਕਈ ਕਹਿੰਦੇ ਯਰ ਕਿਸੇ ਦੀ ਸ਼ਰਧਾ ਦੇ ਖਿਲਾਫ ਬੋਲਣਾ ਬਹੁਤ ਗਲਤ ਹੈ... ਮੈਂ ਕਹਿੰਦਾ ਹਾਂ ਬਾਬਾ ਨਾਨਕ, ਮਹਾਤਮਾ ਬੁੱਧ ਤੇ ਹੋਰ ਬਹੁਤ ਮਹਾਂਪੁਰਖ ਜਿਨਾਂ ਨੇ ਮੂਰਤੀ ਪੂਜਾ, ਯੱਗ, ਵਰਤਾਂ, ਤੇ ਬਲੀਆਂ ਦੇਣ ਵਰਗੇ ਵਹਿਮਾਂ ਭਰਮਾਂ ਦਾ ਸਖਤ ਵਿਰੋਧ ਕੀਤਾ ਕੀ ਫਿਰ ਉਹ ਗ਼ਲਤ ਕਰ ਰਹੇ ਸਨ ? ਕੀ ਫਿਰ ਉਹ ਧਾਰਮਿਕ ਭਾਵਨਾ ਨੂੰ ਠੇਸ ਪਹੁੰਚਾ ਰਹੇ ਸਨ ? ਭੈਣੋ ਸ਼ਰਮ ਤੇ ਦੁਖ ਨਾਲ ਤਾਂ ਉਦੋਂ ਮਰ ਜਾਈਦਾ ਜਦੋਂ ਵੇਖੀਦਾ ਕਿ ਪੜ੍ਹੀ ਲਿਖੀ ਕਹਾਉਣ ਵਾਲੀ ਕੋਈ ਔਰਤ ਅਜਿਹੇ ਵਹਿਮ-ਭਰਮ ਨੂੰ ਸਜ ਧਜ ਕੇ ਲਾਗੂ ਕਰ ਰਹੀ ਹੁੰਦੀ ਤੇ ਉਦੋਂ ਤਾਂ ਸਿਰਾ ਹੋ ਜਾਂਦਾ ਜਦੋਂ ਕੋਈ ਸਿਖਿਆ ਦੇਣ ਵਾਲੀ ਟੀਚਰ ਇਹ ਪਾਖੰਡ ਕਰਕੇ ਚੌੜੀ ਹੋ ਕੇ ਫੋਟੂਆਂ ਸ਼ੇਅਰ ਕਰਦੀ। ਇਕ ਪਾਸੇ ਦੁਨੀਆਂ ਚੰਦ ਤੇ ਪਹੁੰਚ ਗਈ ਤੇ ਦੂਜੇ ਪਾਸੇ ਆਪਾ ਅਜੇ ਚੰਦ ਨੂੰ ਮਾਮਾ ਤੇ ਉਮਰ ਵਧਾਉਣ ਵਾਲਾ ਦੇਵਤਾ ਮੰਨੀ ਬੈਠੇ ਹਾਂ। ਤੇ ਜਿਹੜੇ ਵੀਰ ਅੱਗੇ ਪਿਛੇ ਬੜੇ ਦਲੀਲਬਾਜ਼ ਬਣਦੇ ਨੇ ਉਹ ਵੀ ਇਸ ਪਾਖੰਡ ਵਾਲੇ ਦਿਨ ਪੂਰੇ ਤਨਦੇਹੀ ਨਾਲ ਵਹਿਮ ਦਾ ਸਾਥ ਦਿੰਦੇ ਨੇ ਜਿਵੇਂ ਉਨ੍ਹਾਂ ਦੀ ਲੰਬੀ ਉਮਰ ਦਾ ਅਸ਼ਟਾਮ ਪੇਪਰ ਲਿਖਿਆ ਜਾ ਰਿਹਾ ਹੋਵੇ। ਪਿਆਰੀਓ ਭੈਣੋ, ਭੋਲੀਓ ਜੇ ਭਲਾ ਭੁਖੇ ਰਹਿਣ ਨਾਲ ਉਮਰ ਵਧਦੀ ਹੁੰਦੀ ਤਾਂ ਭੁਖਮਰੀ ਵਾਲੇ ਦੇਸ਼ਾਂ ਵਿੱਚ ਲੋਕਾਂ ਦੀ ਉਮਰ ਸਭ ਤੋਂ ਵੱਧ ਹੁੰਦੀ। ਤੇ ਸੜਕਾਂ ਤੇ ਭੁਖੇ ਸੌਣ ਵਾਲੇ ਤਾਂ ਫਿਰ ਅਮਰ ਹੀ ਹੋ ਜ਼ਾਂਦੇ । ਭੈਣੋ ਅਸਲ ਵਿੱਚ ਲੰਬੀ ਉਮਰ ਜਿਉਂਣ ਦੀਆਂ ਸਹੂਲਤਾਂ, ਅਤੇ ਇਲਾਜ ਪ੍ਰਬੰਧ ਦੀਆਂ ਹਾਲਤਾਂ ’ਤੇ ਨਿਰਭਰ ਕਰਦੀ ਐਂ ਜੋ ਆਪਣੇ ਮਾੜੀਆਂ ਤੇ ਬਾਹਰਲੇ ਦੇਸ਼ਾਂ ਵਿੱਚ ਚੰਗੀਆਂ ਹਨ। ਸਾਰੀ ਗੱਲ ਰਾਜਨੀਤਕ ਸਿਸਟਮ ਨਾਲ ਜੁੜੀ ਹੈ। ਜਿਹੜੇ ਦੇਸ਼ ਵਿਚ ਸਰਕਾਰਾਂ ਦੀ ਸ਼ਹਿ ਨਾਲ ਨਸ਼ੇ, ਬੇਰੁਜਗਾਰੀ, ਗਰੀਬੀ, ਮਹਿੰਗਾਈ, ਮਹਿੰਗਾ ਇਲਾਜ, ਤੇ ਘਟੀਆ ਆਵਾਜਾਈ ਪ੍ਰਬੰਧ ਹੈ ਉਥੇ ਜਿਨੇ ਮਰਜ਼ੀ ਵਰਤ ਰੱਖੀ ਫਿਰੋ ਉਮਰ ਨਹੀਂ ਜੇ ਵਧਣੀ। ਜੇ ਤੁਸੀਂ ਸੱਚੀ ਪਤੀਆਂ ਦੀ ਤੇ ਆਵਦੀ ਉਮਰ ਲੰਬੀ ਕਰਨੀ ਐ ਤਾਂ ਇਸ ਗੰਦੇ ਸਰਕਾਰੀ ਸਿਸਟਮ ਨੂੰ ਬਦਲਣ ਦੇ ਸੰਘਰਸ਼ ਵਿਚ ਅੱਗੇ ਆਉ। ਗਲਤੀ ਲਈ ਮੁਆਫੀ, ਤੁਹਾਡਾ ਵੀਰ



**- ਡਾ. ਬਖ਼ਸ਼ੀਸ਼ ਅਜ਼ਾਦ**
79733-42076

# ਭਾਰਤ ਦੀਆਂ ਜਮਹੂਰੀ ਹੱਕਾਂ ਦੀਆਂ ਜਥੇਬੰਦੀਆਂ ਦੇ ਤਾਲਮੇਲ, ਸੀ.ਡੀ.ਆਰ.ਓ., ਵੱਲੋਂ ਕਿਸਾਨ ਸੰਘਰਸ਼ ਦੀ ਹਮਾਇਤ ਵਿਚ ਸਾਂਝਾ ਇਕਮੁੱਠਤਾ ਬਿਆਨ

## ਸੰਘਰਸ਼ੀ ਕਿਸਾਨਾਂ ਉੱਪਰ ਕੀਤੇ ਜਬਰ ਅਤੇ ਅਣਮਨੁੱਖੀ ਵਰਤਾਓ ਦੀ ਨਿਖੇਧੀ

**ਬਲਜਿੰਦਰ ਸਿੰਘ**

ਪੰਜਾਬ ਹਰਿਆਣਾ ਅਤੇ ਪੱਛਮੀ ਉਤਰ ਪ੍ਰਦੇਸ਼ ਦੇ ਹਜ਼ਾਰਾਂ ਕਿਸਾਨਾਂ ਨੇ ਕਿਸਾਨ ਵਿਰੋਧੀ ਕਾਨੂੰਨਾਂ ਅਤੇ ਬਿਜਲੀ ਬਿਲ-2020 ਦੇ ਵਿਰੋਧ ਵਿੱਚ ਸਾਂਤਮਈ ਪ੍ਰਦਰਸ਼ਨ ਕਰਨ ਲਈ ਦਿੱਲੀ ਵੱਲ ਕੂਚ ਕੀਤਾ ਹੈ। ਪੀਟੀਆਈ ਦੀ ਖਬਰ ਅਨੁਸਾਰ ਪੁਲੀਸ ਨੇ ਦਿੱਲੀ ਦੀਆਂ ਹੱਦਾਂ ਤੋਂ ਉਹਨਾਂ ਨੂੰ ਬਾਹਰ ਰੱਖਣ ਲਈ ਪਾਣੀ ਦੀਆਂ ਤੋਪਾਂ ਅਤੇ ਕੰਡਿਆਲੀਆਂ ਤਾਰਾਂ ਬੀੜੀਆਂ ਸਨ। ਦਿੱਲੀ ਨਾਲ ਲੱਗਦੇ ਹਰਿਆਣਾ ਸੂਬੇ ਦੇ ਪੁਲੀਸ ਅਫਸਰਾਂ ਨੇ ਸੀਮੈਂਟ ਅਤੇ ਲੋਹੇ ਦੇ ਦੈਂਤ ਅਕਾਰੀ ਬੈਰੀਕੇਡ ਅਤੇ ਸੜਕਾਂ 'ਤੇ ਉਲਟੇ ਰੁੱਖ ਟਰੱਕਾਂ ਵਰਗੇ ਭਾਰੀ ਵਾਹਣ ਖੜੇ ਕਰਕੇ ਕਿਸਾਨਾਂ ਦੀਆਂ ਟਰੈਕਟਰ ਟਰਾਲੀਆਂ ਰੋਕਣ ਦੀ ਕੋਸ਼ਿਸ਼ ਕੀਤੀ। ਕਿਸਾਨਾਂ ਨਾਲ ਗੱਲਬਾਤ ਰਾਹੀਂ ਮਸਲਾ ਸੁਲਝਾਉਣ ਦੀ ਬਜਾਏ ਪੁਲਸ ਅਤੇ ਸਿਵਲ ਪ੍ਰਬੰਧਕਾਂ ਨੇ ਦਹਿਸ਼ਤ ਦਾ ਮਾਹੌਲ ਬਣਾਇਆ। ਪੁਲਸ ਨੇ ਸ਼ਾਂਤਮਈ ਮੁਜ਼ਾਹਰਾਕਾਰੀਆਂ 'ਤੇ ਜਲ ਤੋਪਾਂ ਨਾਲ ਠੰਢੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਰਿਪੋਰਟ ਅਨੁਸਾਰ ਹਰਿਆਣਾ, ਉੱਤਰ ਪ੍ਰਦੇਸ਼ ਅਤੇ ਉਤਰਾ ਖੰਡ ਦੇ 100 ਦੇ ਕਰੀਬ ਕਿਸਾਨ ਆਗੂਆਂ ਨੂੰ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਹੈ, ਨਵਦੀਪ ਸਿੰਘ ਨਾਂ ਦਾ ਇੱਕ ਨੌਜਵਾਨ ਮੁਜ਼ਾਹਰਾਕਾਰੀ ਉੱਤੇ ਜਦੋਂ ਠੰਡੇ ਪਾਣੀ ਦੀ ਬੁਛਾੜ ਮਾਰੀ ਗਈ ਤਾਂ ਉਸਨੇ ਵਿਰੋਧ ਵਜੋਂ ਜਲ ਸਪਲਾਈ ਵਾਲੀ ਪਾਈਪ ਦੀ ਟੂਟੀ ਬੰਦ ਕਰ ਦਿੱਤੀ। ਉਸ ਦੇ ਉੱਪਰ ਇਰਾਦਾ ਕਤਲ ਦੇ ਨਾਲ ਨਾਲ ਕੋਵਿਡ ਮਹਾਂਮਾਰੀ ਦੀ ਉਲੰਘਣਾ ਅਤੇ ਦੰਗੇ ਕਰਨ ਦਾ ਦੋਸ਼ ਲਾਇਆ ਗਿਆ ਹੈ ਜਿਸ ਦੀ ਵੱਧ ਤੋਂ ਵੱਧ ਸਜ਼ਾ ਉਮਰ ਕੈਦ ਹੈ। ਚਿੱਟੇ ਦਿਨ ਪੁਲਸ ਤਸ਼ੱਦਦ ਜਮਹੂਰੀ ਕਾਇਦਿਆਂ ਦੀ ਨੰਗੀ ਚਿੱਟੀ ਉਲੰਘਣਾ ਹੈ।

ਸੀਡੀਆਰਓ ਦੇ ਆਬਜਰਬਰਾਂ ਦੀਆਂ ਤਾਜਾਂ ਰਿਪੋਰਟਾਂ ਅਨੁਸਾਰ ਹਰਿਆਣਾ ਪੁਲਸ ਦਾ ਕਿਸਾਨਾਂ ਦੇ ਲੰਗਰਾਂ ਅੰਦਰ ਦਖਲ ਅੰਦਾਜੀ ਤੇ ਉਹਨਾਂ ਲਈ ਪਾਣੀ ਸਪਲਾਈ ਰੋਕਣ ਵਾਲਾ ਰਵੱਈਆ ਨਿੰਦਣ ਯੋਗ ਹੈ। ਪੁਲਸ ਨੇ ਸੜਕਾਂ 'ਤੇ ਟਰੱਕ ਖੜੇ ਕਰ ਦਿੱਤੇ ਅਤੇ ਉਹਨਾਂ ਦੀਆਂ ਚਾਬੀਆਂ ਖੋਹ ਲਈਆਂ ਤਾਂ ਜੋ ਉਹਨਾਂ ਨੂੰ ਉੱਥੋਂ ਹਟਾਇਆ ਨਾ ਜਾ ਸਕੇ। ਵੱਡੀ ਗਿਣਤੀ ਵਿੱਚ ਨੀਮ ਫ਼ੌਜੀ ਦਸਤੇ ਤਾਇਨਾਤ ਕੀਤੇ ਗਏ ਹਨ। ਇਸ ਤੋਂ ਜ਼ਾਹਿਰ ਹੁੰਦਾ ਹੈ ਕਿ ਕੇਂਦਰੀ ਹਕੂਮਤ ਦੇ ਮਨਸ਼ੇ ਕਿਸਾਨਾਂ ਦੀਆਂ ਦੁੱਖਾਂ ਤਕਲੀਫਾਂ ਨੂੰ ਹੱਲ ਕਰਨ ਦੇ ਨਹੀਂ ਹਨ। ਪਰ ਇਸ ਗੱਲ ਦੀ ਸ਼ਲਾਘਾ ਕਰਨੀ ਬਣਦੀ ਹੈ ਕਿ ਭਾਜਪਾ ਦੇ ਵਰਕਰਾਂ ਵੱਲੋਂ ਪ੍ਰਚਾਰੇ ਜਾਂਦੇ ਸਾਰੇ ਵਖਰੇਵਿਆਂ ਪਾੜਿਆਂ ਦੇ ਬਾਵਜੂਦ ਸਥਾਨਕ ਲੋਕਾਂ ਨੇ ਮਦਦ ਦੇਣ ਲਈ ਹੱਥ ਅੱਗੇ ਵਧਾਏ ਹਨ।

ਇਸ ਤੋਂ ਵੀ ਅੱਗੇ ਕੇਂਦਰੀ ਵਜਾਰਤ ਨੇ ਗੱਲਬਾਤ ਦੀਆਂ ਪੂਰਬ ਸ਼ਰਤਾਂ ਨਿਰਧਾਰਤ ਕੀਤੀਆਂ ਹਨ। ਸ਼ਰਤਾਂ ਨਾਲ ਗੱਲਬਾਤ ਕਰਨ ਨੂੰ ਨਕਾਰਦਿਆਂ ਆਲ ਇੰਡੀਆ ਕਿਸਾਨ ਸੰਘਰਸ਼ ਕੋਆਰਡੀਨੇਸ਼ਨ ਕਮੇਟੀ ਦਾ ਕਹਿਣਾ ਹੈ ਕਿ ਜੇਕਰ ਸਰਕਾਰ ਕਿਸਾਨਾਂ ਦੀਆਂ ਮੰਗਾਂ ਪ੍ਰਤੀ ਗੰਭੀਰ ਹੈ ਤਾਂ ਉਹਨਾਂ ਨੂੰ ਸਹੀ ਤਰੀਕੇ ਨਾਲ ਬੁਰਾਰੀ ਗਰਾਊਂਡ ਜਾਣ ਤੋਂ ਅਗਲੇ ਦਿਨ ਗੱਲ ਕਰਨ ਦੀ ਸ਼ਰਤਾਂ (ਕਿ ਤੁਸੀਂ ਸਰਕਾਰੀ ਜ਼ਾਬਤੇ ਹੇਠ ਬੁਰਾਰੀ ਗਰਾਊਂਡ ਵਿੱਚ ਪਹੁੰਚੋ ਫਿਰ ਹੀ ਆਉਣ ਵਾਲੇ ਦਿਨਾਂ ਵਿੱਚ ਗੱਲਾਬਾਤ ਕੀਤੀ ਜਾਵੇਗੀ) ਛੱਡ ਕੇ, ਕਿਸਾਨਾਂ ਨੂੰ ਇਹਨਾਂ ਕਾਨੂੰਨਾਂ ਦੇ ਲਾਹੇ ਸਮਝਾਉਣੇ ਬੰਦ ਕਰਕੇ ਸਿੱਧੇ ਮੱਥੇ ਕਿਸਾਨਾਂ ਦੀਆਂ ਇਹਨਾਂ ਮੰਗਾਂ ਦੇ ਹੱਲ ਦੀ ਕੋਈ ਠੋਸ ਤਜਵੀਜ਼ ਪੇਸ਼ ਕਰਨੀ ਚਾਹੀਦੀ ਹੈ।" ਕੀ ਕਿਸਾਨਾਂ ਦਾ ਇਹ ਇਕੱਠ ਹਰਿਆਣਾ, ਦਿੱਲੀ ਅਤੇ ਕੇਂਦਰੀ ਸਰਕਾਰ ਸਾਹਮਣੇ ਅਚਾਨਕ ਆਇਆ ਹੈ? ਨਹੀਂ, ਸਗੋਂ ਇਹਦੇ ਉਲਟ ਜਦੋਂ ਇਹ ਬਿਲ ਪਹਿਲੀ ਵਾਰ ਪਾਰਲੀਮੈਂਟ ਦੇ ਮਾਨਸੂਨ ਸੈਸ਼ਨ ਵਿੱਚ ਪੇਸ਼ ਕੀਤੇ ਗਏ ਸਨ, ਉਦੋਂ ਤੋਂ ਹੀ ਪੰਜਾਬ, ਹਰਿਆਣਾ ਅਤੇ ਯੂਪੀ ਦੀਆਂ ਕਿਸਾਨ ਜਥੇਬੰਦੀਆਂ ਨੇ ਸਤੰਬਰ 2020 'ਚ ਹੀ ਇਹਨਾਂ ਬਿਲਾਂ ਰਾਹੀਂ ਵੱਡ ਅਕਾਰੀ ਖੇਤੀ ਸਨਅਤ ਤੇ ਖੇਤੀ ਖੇਤਰ ਅੰਦਰ ਦਲਾਲ ਸਰਮਾਏਦਾਰੀ ਦੇ ਦਖ਼ਲ ਖ਼ਿਲਾਫ਼ "ਦਿੱਲੀ ਚੱਲੋ" ਦਾ ਐਲਾਨ ਕਰ ਦਿੱਤਾ ਸੀ। ਲੋਕਾਂ ਦਾ ਹੇਠੋਂ ਐਨਾ ਦਬਾਅ ਸੀ ਕਿ ਸ਼੍ਰੋਮਣੀ ਅਕਾਲੀ ਦਲ ਦੀ ਕੇਂਦਰੀ ਮੰਤਰੀ ਹਰਸਿਮਰਤ ਕੌਰ ਨੂੰ ਅਸਤੀਫ਼ਾ ਦੇਣਾ ਪਿਆ ਜਦੋਂ ਕਿ ਅਕਾਲੀ ਦਲ ਭਾਜਪਾ ਦਾ ਸਭ ਤੋਂ ਪੁਰਾਣਾ ਭਾਈਵਾਲ ਸੀ ਅਤੇ ਇਹਨੇ ਬੀਤੇ ਵਿੱਚ ਹਰ ਸਮੇਂ ਇਹਦਾ ਸਾਥ ਦਿੱਤਾ ਸੀ। ਇਓਂ ਹਾਕਮਾਂ ਨੂੰ ਕਿਸਾਨਾਂ ਦੀ ਧੜਕਣ ਦੀ ਕੋਈ ਖ਼ਬਰ ਹੀ ਨਹੀਂ ਹੈ। ਅਸਲ ਵਿੱਚ ਇਹਨਾਂ ਬਿਲਾਂ ਨੂੰ ਪਾਰਲੀਮੈਂਟ 'ਚ ਪਾਸ ਕਰਨ ਵੇਲੇ ਭਾਜਪਾ ਵੱਲੋਂ ਚੁੱਕੇ ਕਦਮ ਸਪੱਸ਼ਟ ਤੌਰ 'ਤੇ ਕੇਂਦਰੀ ਹਕੂਮਤ ਦਾ ਕਿਸਾਨ ਵਿਰੋਧੀ ਚਿਹਰਾ ਨਸ਼ਰ ਕਰਕੇ ਹਨ। ਪਾਸ ਕੀਤੇ ਗਏ ਤਿੰਨੇ ਬਿੱਲਾਂ 'ਤੇ ਸਰਸਰੀ ਨਜ਼ਰ ਹੀ ਇਹ ਬਿਆਨ ਕਰ ਦਿੰਦੀ ਹੈ। ਗ੍ਰਹਿ ਮੰਤਰੀ ਰੱਖਿਆ ਮੰਤਰੀ ਦੀ ਭਾਜਪਾ ਪ੍ਰਧਾਨ ਅਤੇ ਖੇਤੀ ਮੰਤਰੀ ਨਾਲ ਕੀਤੀ ਚਰਚਾ ਮੌਜੂਦਾ ਹਕੂਮਤ ਦੇ ਮਨਸੂਬਿਆਂ ਨੂੰ ਜ਼ਾਹਰ ਕਰਦੀ ਹੈ। ਆਪਣੇ ਗੈਰ ਜਮਹੂਰੀ ਖਾਸੇ ਮੂਜਬ ਸੰਸਦ 'ਚ ਆਪਣੀ ਬਹੁ ਗਿਣਤੀ ਜ਼ਰੀਏ ਇਹ ਤਿੰਨੋ ਵਾਦਵਿਵਾਦ ਵਾਲੇ ਬਿਲ ਪਾਸ ਕੀਤੇ ਹਨ। ਇਹਨਾਂ ਤਿੰਨੇ ਬਿਲਾਂ ਨੇ ਐਗਰੀਕਲਚਰ ਪਰਡਿਊਸ ਮਾਰਕੀਟਿੰਗ ਕਮੇਟੀਆਂ ਦਾ ਭੋਗ ਪਾ ਕੇ ਖੇਤੀ ਦੀ ਮੰਡੀ ਅਤੇ ਵਪਾਰ ਨੂੰ ਕਾਰਪੋਰੇਟ ਖੇਤਰ ਲਈ ਖੋਹਲ ਦਿੱਤਾ ਹੈ। ਏਪੀਐਸਪੀ ਤੋਂ ਬਾਹਰ ਜਾਕੇ ਬਾਹਰਲੀਆਂ ਮੰਡੀਆਂ ਚੋਂ ਜਾਂ ਆਪਣੀ ਜਿਨਸ ਵੇਚਣ ਦੀ ਖੁੱਲ ਪ੍ਰਦਾਨ ਕਰਨ ਦੇ ਨਾਂ ਹੇਠ ਕਾਨੂੰਨ ਤਹਿਤ ਜਿਨਸ ਦੀ ਘੱਟੋ ਘੱਟ ਸਹਾਇਕ ਮੁੱਲ (ਐਮਐਸਪੀ) ਖ਼ਤਮ ਕਰ ਦਿੱਤਾ ਹੈ। ਜੇਕਰ ਇਹ ਵੀ ਮੰਨ ਲਿਆ ਜਾਵੇ ਕਿ ਸੱਚੀਂ ਮੁੱਚੀਂ ਕੁਝ ਵੱਡੇ ਕਿਸਾਨਾਂ ਨੂੰ ਇਸ ਦਾ ਫਾਇਦਾ ਹੋਵੇਗਾ, ਪਰ 2011 'ਚ ਹੋਈ ਮਰਦਮ ਸ਼ੁਮਾਰੀ ਅਨੁਸਾਰ ਕੁਲ ਕਿਸਾਨੀ ਦਾ ਵੱਡਾ ਹਿੱਸਾ ਛੋਟੇ ਤੇ ਸੀਮਾਂਤ ਕਿਸਾਨਾਂ ਪਾਸ ਤਾਂ ਆਪਣੀ ਜਿਨਸ ਨੂੰ ਪਿੰਡ ਨੇੜਲੀ ਮੰਡੀ ਤੋ ਦੂਰ ਲੈ ਕੇ ਜਾਣ ਤੇ ਵੇਚਣ ਲਈ ਨਾ ਤਾਂ ਸਾਧਨ ਹਨ ਅਤੇ ਨਾ ਹੀ ਉਹ ਆਪਣੀ ਫ਼ਸਲ ਨੂੰ ਸਟੋਰ ਕਰਕੇ ਰੱਖ ਸਕਦਾ ਹੈ। ਇਹਨਾਂ ਮੱਧ ਵਰਗੀ ਅਤੇ ਛੋਟੇ ਕਿਸਾਨਾਂ ਦੀ ਇਹੀ ਕਮਜ਼ੋਰੀ ਕਾਰਪੋਰੇਟਾਂ ਦੇ ਮੁਕਾਬਲੇ ਇਹਨਾਂ ਨੂੰ ਨਿਤਾਣੇ ਬਣਾਉਂਦੀ ਹੈ। ਜੇਕਰ ਸਰਕਾਰ ਕਿਸਾਨਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਚਾਹੁੰਦੀ ਤਾਂ ਉਹ ਸਵਾਮੀਨਾਥਨ ਕਮੇਟੀ ਦੀਆਂ ਸਿਫਾਰਸ਼ਾਂ ਨੂੰ ਲਾਗੂ ਕਰ ਦਿੰਦੀ। ਇਹ ਗੱਲ ਕਿ ਸਰਕਾਰ ਨੇ ਇਹਨਾਂ ਬਿਲਾਂ ਅੰਦਰ ਇਸ ਕਮਿਸ਼ਨ ਦੀਆਂ ਸਿਫਾਰਸ਼ਾਂ ਨੂੰ ਵਿਚਾਰਿਆ ਵੀ ਨਹੀਂ, ਹੀ ਦਿਖਾਉਂਦਾ ਹੈ ਕਿ ਸਰਕਾਰ ਦੀ ਮਨਸ਼ਾ ਵਿਸ਼ਵ ਵਪਾਰ ਸੰਸਥਾ ਦੇ ਇਸ਼ਾਰਿਆਂ 'ਤੇ ਸਰਮਾਏਦਾਰਾਂ ਦੇ ਬੱਬਰ ਭਰਨ ਦੀ ਹੈ। ਵਿਸ਼ਵ ਵਪਾਰ ਸੰਸਥਾ ਸਰਕਾਰ ਨੂੰ ਸਬਸਿਡੀਆਂ ਖ਼ਤਮ ਕਰਨ ਤੇ ਸਰਕਾਰੀ ਭਾਗੀਦਾਰੀ ਖ਼ਤਮ ਕਰਨ ਦੇ ਹੁਕਮ ਚਾੜਦੀ ਹੈ। ਨੋਟ ਕਰਨ ਵਾਲੀ ਗੱਲ ਹੈ ਕਿ ਸ਼ਾਂਤਾ ਕੁਮਾਰ ਕਮੇਟੀ ਨੇ ਵੀ ਅਜਿਹਾ ਹੀ ਸੁਝਾਇਆ ਸੀ। ਜਰੂਰੀ ਵਸਤਾਂ ਸੋਧ ਬਿਲ 2020 ਅਣਕਿਆਸੀਆਂ ਹਾਲਤਾਂ ਅੰਦਰ ਖੇਤੀ ਵਸਤਾਂ ਦੇ ਉਤਪਾਦਨ, ਭੰਡਾਰਨ, ਢੋਆਢੁਆਈ ਤੇ ਵੇਚਣ ਤੋਂ ਸਾਰੀਆਂ ਪਾਬੰਦੀਆਂ ਹਟਾਉਂਦੀ ਹੈ। ਅਨਾਜ ਨੂੰ ਸਟੋਰ ਕਰਨ ਦੀ ਮਿਕਦਾਰ ਨੂੰ ਖਤਮ ਕਰਨ ਅਤੇ ਖੁੱਲੀ ਖਰੀਦ ਅਤੇ ਸਟੋਰੇਜ ਨੂੰ ਉਤਸ਼ਾਹਤ ਕਰਨ ਦੇ ਨਾਲ ਫ਼ਸਲਾਂ ਦੀ ਵੱਡੀ ਮਾਤਰਾ ਦੀ ਜ਼ਖੀਰੇਬਾਜ਼ੀ ਨੂੰ ਹੁਲਾਰਾ ਮਿਲੇਗਾ ਜਿਸ ਨਾਲ ਮਨਸੂਈ ਥੁੜ ਆਏਗੀ ਅਤੇ ਕੀਮਤਾਂ 'ਚ ਵਾਧਾ ਤੈਅ ਹੈ। ਜ਼ਰੂਰੀ ਵਸਤਾਂ ਕਾਨੂੰਨ ਵਾਲੀਆਂ ਸੋਧਾਂ ਦਾਲਾਂ, ਅਨਾਜ, ਤੇਲ-ਬੀਜ, ਖਾਣ ਵਾਲੇ ਤੇਲਾਂ, ਪਿਆਜਾਂ, ਆਲੂਆਂ ਨੂੰ ਜ਼ਰੂਰੀ ਵਸਤਾਂ ਦੀ ਸੂਚੀ ਚੋਂ ਬਾਹਰ ਕੱਢਣ ਨਾਲ ਖ਼ੁਰਾਕ ਸੁਰੱਖਿਆ ਲਈ ਖ਼ਤਰਾ ਖੜ੍ਹਾ ਹੋਵੇਗਾ। ਅਖ਼ੀਰ 'ਚ ਏਪੀਐਮਸੀ 'ਤੇ ਫਸਲਾਂ ਤੋਂ ਵੇਚ ਵੱਟਤ ਤੋਂ ਪ੍ਰਾਪਤ ਹੋਣ ਵਾਲੀ ਟੈਕਸ ਰਾਸ਼ੀ ਖ਼ਤਮ ਕਰਨ ਜਾਂ ਘੱਟੋ ਘੱਟ ਕਰਨ ਰਾਹੀਂ ਭਾਜਪਾ ਸਰਕਾਰ ਨੇ ਇੱਕ ਵਾਰੀ ਫਿਰ ਸੂਬਿਆਂ ਦੇ ਹਿੱਤਾਂ ਨੂੰ ਸੱਟ ਮਾਰੀ ਹੈ ਅਤੇ ਸਾਡੇ ਮੁਲਕ ਦੇ ਸੰਘੀ ਢਾਂਚੇ 'ਤੇ ਇੱਕ ਹੋਰ ਵੱਡਾ ਹਮਲਾ ਕੀਤਾ ਹੈ। ਇਸ ਲਈ ਸੀਡੀਆਰਓ ਸੰਘਰਸ਼ੀ ਕਿਸਾਨਾਂ ਨਾਲ ਇਕਮੁੱਠਤਾ ਜ਼ਾਹਰ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਸਰਕਾਰ:

1. ਕਿਸਾਨਾਂ ਦੀਆਂ ਜਥੇਬੰਦੀਆਂ ਦੇ ਆਗੂਆਂ ਨਾਲ ਸਾਰਥਕ ਗੱਲਬਾਤ ਦਾ ਫੌਰੀ ਸੱਦਾ ਦੇਵੇ।
2. ਪਾਰਲੀਮੈਂਟ ਵਿਚ ਤਾਜ਼ਾ ਪਾਸ ਕੀਤੇ ਤਿੰਨੇ ਬਿਲਾਂ ਨੂੰ ਵਾਪਸ ਲਵੇ।
3. ਲੋਕਾਂ ਦੇ ਮਸਲਿਆਂ ਨੂੰ ਗ੍ਰਹਿ ਵਜਾਰਤ ਦੇ ਸ਼ੀਸ਼ੇ ਰਾਹੀਂ ਅਮਨ ਕਾਨੂੰਨ ਦੀ ਸਮੱਸਿਆ ਵਜੋਂ ਦੇਖਣਾ ਬੰਦ ਕਰੇ ਅਤੇ ਪੁਲਸੀ ਰੋਕਾਂ ਹਟਾਈਆਂ ਜਾਣ।
4. ਕਿਸਾਨਾਂ 'ਤੇ ਠੰਡੇ ਪਾਣੀ ਦੀਆਂ ਬੁਛਾੜਾਂ ਮਾਰਨ ਵਾਲੇ ਤੇ ਅੱਥਰੂ ਗੈਸ ਵਰਾਉਣ ਵਾਲੇ ਦੋਸ਼ੀ ਪੁਲਸ ਅਤੇ ਸਿਵਲ ਅਧਿਕਾਰੀਆਂ ਨੂੰ ਫੌਰੀ ਤੌਰੀ 'ਤੇ ਸਜ਼ਾ ਦਿੱਤੀ ਜਾਵੇ।
5. ਸੀਡੀਆਰਓ ਸਾਰੇ ਇਕਮੱਤ ਵਿਅਕਤੀਆਂ ਅਤੇ ਜਥੇਬੰਦੀਆਂ, ਵਰਕਰਾਂ ਦੀਆਂ ਯੂਨੀਅਨਾਂ ਨੂੰ ਕਿਸਾਨ ਘੋਲ ਦੀ ਹਮਾਇਤ ਵਿਚ ਆਉਣ ਦਾ ਸੱਦਾ ਦਿੰਦੀ ਹੈ।

ਕੇ.ਕਰਾਂਤੀ ਚੈਤੰਨਿਆ, ਪ੍ਰਿਤਪਾਲ ਸਿੰਘ, ਤਪਸ ਚਕਰਵਰਤੀ ਅਤੇ ਵੀ. ਰਘੂਨਾਥ (ਸੀਡੀਆਰਓ ਦੇ ਕੋ-ਆਰਡੀਨੇਟਰਜ਼)

ਸੀਡੀਆਰਓ ਵਿੱਚ ਸ਼ਾਮਲ ਜਥੇਬੰਦੀਆਂ:

ਏਐਫਡੀਆਰ (ਪੰਜਾਬ), ਏਪੀਡੀਆਰ (ਪੱਛਮੀ ਬੰਗਾਲ), ਆਸਲਸੋਲ ਸਿਵਲ ਰਾਈਟਸ ਐਸੋਸੀਏਸ਼ਨ (ਪੱਛਮੀ ਬੰਗਾਲ), ਬੰਦੀ ਮੁਕਤੀ ਕਮੇਟੀ (ਪੱਛਮੀ ਬੰਗਾਲ), ਸੀਐਲਸੀ (ਆਂਧਰਾ ਪ੍ਰਦੇਸ਼), ਸੀਐਲਸੀ (ਤੇਲੰਗਾਨਾ), ਸੀਪੀਡੀਆਰ (ਮਹਾਂਰਾਸ਼ਟਰ), ਸੀਓਐਚਆਰ (ਮਨੀਪੁਰ), ਐਮਏਐਸਐਸ (ਅਸਾਮ), ਐਨਪੀਐਮਐਚਆਰ (ਨਾਗਾਲੈਂਡ), ਪੀਸੀਐਚਆਰ (ਜੰਮੂ ਐਂਡ ਕਸ਼ਮੀਰ), ਪੀਡੀਐਫ (ਕਰਨਾਟਕਾ), ਜੇਸੀਡੀਆਰ (ਝਾਰਖੰਡ), ਪੀਯੂਡੀਆਰ (ਦਿੱਲੀ), ਪੀਯੂਸੀਆਰ (ਹਰਿਆਣਾ), ਸੀਪੀਡੀਐਮ (ਮਨੀਪੁਰ), ਜਨਹਸਤਕਸ਼ੇਪ (ਦਿੱਲੀ)

# Urgent Action on Supporting Ongoing Farmers and Workers movement in India

We, the members of Alliance for Farmers and Workers Rights in India (AWFRI), call upon the Global Diaspora of Indians to join us in Solidarity with the Farmers and Workers in India - agitating against the curbing of their rights and protections - by organizing protests worldwide on November 22, 2020. AFWRI is a coalition of individuals and activist groups with a progressive ideology from across the world (US, Canada, UK, Europe and Australia) who have come together to fight for the rights and justice of people of India. The alliance refrains from affiliation with political parties.

Action: Individuals and groups from around the world can send us videos and pictures expressing their solidarity with the movement in India. The videos will then be stitched together into a small film which would highlight the issues with the bill and show global support within the NRIs for the cause. The video along with the statement will then be circulate in our networks and sent to Indian and International press and various labour and farmer rights bodies to highlight the issue.

Ways to participate?

Step 1:

Organize/join a protest in your city at an open space following proper covid related guidelines (with adequate social distancing). Send us your pictures, videos and statements. If your local Gurudwara/ activist groups have already organized a protest for this cause in the last couple of weeks, encourage them to send their pictures and videos to us. Every video adds to the global nature of these protests and forces the press to take this seriously.

Create two minute videos as an Individual or in small groups with a message of solidarity/ requesting the GOI to engage with the demonstrators and repeal the the farmers bills that were hastily passed in the Parliament. While you are making these videos, please remember to hold a piece of paper which clearly states your city, country of residence, university name (if you are a student) and message in solidarity. Reach out to us if you have any questions with you contact number in the email.

Step 2:

Upload your pictures and videos on your social media account on the day and try to retweet and support other such content on twitter and facebook.

When posting on Social Media




Tag Ghadar: https://twitter.com/the_ghadar

Tag Local and National new agencies in your country.

Tag local/international labour and farmer associations/union requesting their attention and solidarity.

Use the following hashtags: #Repeal_famer_bill #Strengethen_Labour_laws #diaspora_stands_with_farmers_and_workers for your social media posts.

In your tweets ask the media to cover the movement in India.

Step 3:

Press: We shall create a press kit post the event to be sent out to all the major national and international media. We also urge you to reach out to your contacts in in the press (in any language). You can share with them your own material or the press kit we shall prepare.

Background: The Three Farmers Bill passed by the Govt of India on September 27, 2020 has essentially removed all protection for farmers by making all transactions outside the Mandi system, contract farming and stocking invisible and unregulatable. They have also substantially weakened the farmers by placing the burden of any dispute strictly on the farmers and removed access to courts for several classes of disputes. Apprehensions of eventual dismantling of the MSP system through Mandis also exist. The bills under the pretext of 'reform' lack a vision for Indian agriculture and open up avenues for the corporatization of farming where landed farmers fto landless labourers.

Additionally, last year labour 'reform' had been introduced under the pretext of codification but have essentially nullified hard fought labour protections by Unions over a hundred and fifty years. The Bills have removed health and safety provisions for labourers (for employers below 300 employees) and allowed subcontractors to be classified as employers thereby lifting requirements from primary employers. This is expected to develop into a push for fixed term contracts.

What are we organizing for?

Widespread and popular movements by farmers and workers have largely been subdued by the Indian press. However, the growing scale of frustration and anger against the national bourgeoisie of India and their political stooges have reached a point where the people have decided to march to Delhi on November 26-27 under the call of 'Delhi Chalo'. Given the repressive nature of the police state in India, we are led to fears of violence against the people and suppression of the movement. Through this event, we wish to express our solidarity with the farmers and draw the attention of the international press, policy makers, labour and farmer's associations to the cause.

Given the short timeline in carrying out this action, we urge your enthusiastic participation and request you to circulate this message among the members of your community at the earliest.

# ਹਾਥਰਸ ਗੈਂਗਰੇਪ ਅਤੇ ਕਤਲ ਦੀ ਘਟਨਾ 'ਤੇ ਔਰਤ ਜੱਥੇਬੰਦੀਆਂ ਦੀ ਤਿੰਨ ਮੈਂਬਰੀ ਟੀਮ ਦੀ ਰਿਪੋਰਟ

5 ਅਕਤੂਬਰ 2020 ਨੂੰ ਔਰਤ ਜੱਥੇਬੰਦੀਆਂ ਦੀ ਤਿੰਨ ਮੈਂਬਰੀ ਟੀਮ ਜਿਸ ਵਿੱਚ ਨੈਸ਼ਨਲ ਫੈਡਰੇਸ਼ਨ ਆਫ਼ ਇੰਡੀਅਨ ਵੂਮੈਨ ਦੀ ਕੌਮੀ ਜਨਰਲ ਸਕੱਤਰ ਐਨੀ ਰਾਜਾ, ਪ੍ਰਗਤੀਸ਼ੀਲ ਮਹਿਲਾ ਸੰਗਠਨ ਦੀ ਜਨਰਲ ਸਕੱਤਰ ਪੂਨਮ ਕੌਸ਼ਿਕ ਅਤੇ ਅਨਹਦ ਦੀ ਸ਼ਬਨਮ ਹਾਸ਼ਮੀ ਸ਼ਾਮਲ ਸੀ, ਨੇ ਹਾਥਰਸ ਦੇ ਬੁੱਲਗੜ੍ਹੀ ਪਿੰਡ ਦਾ ਦੌਰਾ ਕੀਤਾ। ਟੀਮ ਨੇ ਉਥੇ ਚਾਰ ਘੰਟੇ ਪੜਾਅ ਕਰਕੇ 14 ਸਤੰਬਰ ਨੂੰ ਜਬਰ-ਜਨਾਹ ਦਾ ਸ਼ਿਕਾਰ ਹੋਈ ਦਲਿਤ ਲੜਕੀ ਦੇ ਅੱਠ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਦੇ ਨਾਲ-ਨਾਲ ਘਟਨਾ ਬਾਰੇ ਜਾਣਕਾਰੀ ਵੀ ਹਾਸਲ ਕੀਤੀ। ਵਰਣਨਯੋਗ ਹੈ ਕਿ 29 ਸਤੰਬਰ 2020 ਨੂੰ ਦਿੱਲੀ ਦੇ ਸਫਦਰਜੰਗ ਹਸਪਤਾਲ ਵਿਖੇ ਲੜਕੀ ਦੀ ਮੌਤ ਹੋ ਗਈ ਸੀ।

ਟੀਮ ਨੇ ਦੇਖਿਆ ਕਿ ਪੂਰੇ ਇਲਾਕੇ ਵਿੱਚ ਪੁਲੀਸ ਤੈਨਾਤ ਸੀ। ਜਿਹੜੀ ਸੜਕ ਲੜਕੀ ਦੇ ਘਰ ਵੱਲ ਜਾਂਦੀ ਸੀ, ਉਸ ਉੱਪਰ ਵੀ ਪੁਲੀਸ ਦੀ ਮੌਜੂਦਗੀ ਸੀ। ਦੋ ਥਾਵਾਂ ਉੱਪਰ ਪੇਂਡੂ ਧਨਾਢਾਂ (ਦਬੰਗ) ਦੇ ਕੁੱਝ ਵਿਅਕਤੀ ਮੀਡੀਆ ਕੋਲ ਆਪਣਾ ਪੱਖ ਰੱਖ ਰਹੇ ਸਨ। ਹੁਣ ਇਸ ਪੱਖ ਨੂੰ ਉਨ੍ਹਾਂ ਵੱਲੋਂ ਅਤੇ ਸੱਤਾ ਮਸ਼ੀਨਰੀ ਵੱਲੋਂ ਬਹੁਤ ਪ੍ਰਚਾਰਿਆ ਜਾ ਰਿਹਾ ਹੈ।

ਟੀਮ ਨੇ ਪਰਿਵਾਰ ਦੇ ਦੁੱਖ ਵਿੱਚ ਸ਼ਰੀਕ ਹੋਣ ਦੇ ਨਾਲ ਹੀ ਬੇਟੀ ਨੂੰ ਇਨਸਾਫ ਦੁਆਉਣ ਦੀ ਮੁਹਿੰਮ ਵਿੱਚ ਸਹਿਯੋਗ ਕਰਨ ਦਾ ਵਾਅਦਾ ਵੀ ਕੀਤਾ। ਟੀਮ ਨੇ ਲੜਕੀ ਦੇ ਮਾਂ-ਬਾਪ, ਭਰਾ, ਭੈਣ ਅਤੇ ਭਾਬੀ ਨਾਲ ਵਿਸਥਾਰ ਵਿੱਚ ਗੱਲ ਕੀਤੀ। ਲੜਕੀ ਦੇ ਚਾਚਾ ਜੀ ਨਾਲ ਅਲੀਗੜ੍ਹ ਵਿਖੇ ਗੱਲਬਾਤ ਕੀਤੀ। ਟੀਮ ਅਲੀਗੜ੍ਹ ਦੇ ਜਵਾਹਰ ਲਾਲ ਨਹਿਰੂ ਮੈਡੀਕਲ ਹਸਪਤਾਲ ਅਤੇ ਕਾਲਜ ਵੀ ਗਈ। ਉਸਨੇ ਕੇਸ ਨਾਲ ਸਬੰਧਿਤ ਬਹੁਤ ਸਾਰੇ ਲੋਕਾਂ ਨਾਲ ਗੱਲਬਾਤ ਕੀਤੀ। ਲੜਕੀ ਦਾ ਇਲਾਜ ਕਰਨ ਵਾਲੇ ਡਾਕਟਰਾਂ ਨਾਲ ਗੱਲਬਾਤ ਕੀਤੀ। ਡਰ ਅਤੇ ਦਹਿਸ਼ਤ ਦੇ ਮਾਹੌਲ ਕਾਰਨ ਅਸੀਂ ਡਾਕਟਰਾਂ ਸਮੇਤ ਕਿਸੇ ਵੀ ਵਿਅਕਤੀ ਦਾ ਨਾਂ ਜਨਤਕ ਨਹੀਂ ਕਰ ਰਹੇ।

ਪਰਿਵਾਰਕ ਮੈਂਬਰਾਂ ਨਾਲ ਗੱਲਬਾਤ ਕਾਫੀ ਮੁਸ਼ਕਲਾਂ ਭਰੀ ਸੀ। ਉਹ ਬਹੁਤ ਵਾਰ ਭਾਵੁਕ ਹੋਏ ਪਰ ਅਸੀਂ ਸੰਜਮ ਨਾਲ ਸਾਰੀ ਗੱਲਬਾਤ ਸੁਣੀ। ਸਮੁੱਚੀ ਗੱਲਬਾਤ ਤੋਂ ਜੋ ਤੱਥ ਸਾਹਮਣੇ ਆਏ, ਉਹ ਅਸੀਂ ਤੁਹਾਡੇ ਨਾਲ ਸਾਂਝੇ ਕਰ ਰਹੇ ਹਾਂ।

**ਘਟਨਾ ਦਾ ਪਿਛੋਕੜ, ਇਲਾਜ, ਮੌਤ ਅਤੇ ਅੰਤਿਮ ਸਸਕਾਰ** : 1. 23.7 ਕਰੋੜ ਦੀ ਆਬਾਦੀ ਵਾਲੇ ਉੱਤਰ ਪ੍ਰਦੇਸ਼ ਵਿੱਚ ਹਾਸ਼ੀਆਗ੍ਰਸਤ ਦਲਿਤ ਕੁੱਲ ਵਸੋਂ ਦਾ ਪੰਜਵਾਂ ਹਿੱਸਾ ਹਨ। 1955 ਵਿੱਚ ਜਾਤ ਅਧਾਰਿਤ ਵਿਤਕਰੇ 'ਤੇ ਪਾਬੰਦੀ ਲਾਉਣ ਦੇ ਬਾਵਜੂਦ ਦਲਿਤਾਂ ਨਾਲ ਭੇਦ-ਭਾਵ ਹਾਲੇ ਵੀ ਜਾਰੀ ਹੈ। ਉਹ ਹਾਲੇ ਵੀ ਸਮਾਜ ਵਿੱਚ ਸਭ ਤੋਂ ਨੀਵੇਂ ਸਮਝੇ ਜਾਂਦੇ ਹਨ। ਨੈਸ਼ਨਲ ਸੈਂਪਲ ਸਰਵੇ ਦੇ 66ਵੇਂ ਰਾਊਂਡ ਮੁਤਾਬਿਕ ਅਨੁਸੂਚਿਤ ਜਾਤੀ ਦੇ ਸਿਰਫ 17.1% ਲੋਕਾਂ ਕੋਲ ਖੇਤੀ ਲਈ ਜ਼ਮੀਨ ਹੈ। ਹਰੇਕ ਸਰਕਾਰ ਨੇ ਦਲਿਤਾਂ ਨੂੰ ਜ਼ਮੀਨ ਦੇਣ ਬਾਰੇ ਕਿਹਾ ਪਰ ਭ੍ਰਿਸ਼ਟਾਚਾਰ ਅਤੇ ਭੇਦ-ਭਾਵ ਕਾਰਨ ਬਹੁਤ ਥੋੜੇ ਲੋਕਾਂ ਨੂੰ ਜ਼ਮੀਨ ਮਿਲ ਸਕੀ।

2. ਹਾਥਰਸ ਜ਼ਿਲ੍ਹੇ ਵਿੱਚ ਬੁੱਲਗੜ੍ਹੀ ਠਾਕੁਰ ਜਾਤੀ ਦੀ ਪ੍ਰਮੁੱਖਤਾ ਵਾਲਾ ਪਿੰਡ ਹੈ। ਦਲਿਤਾਂ ਦੇ 4-5 ਪਰਿਵਾਰ ਪਿੰਡ ਵਿੱਚ ਰਹਿੰਦੇ ਹਨ। ਇਹ ਪਿੰਡ ਤਹਿਸੀਲ ਹਾਥਰਸ ਤੋਂ 12 ਕਿਲੋਮੀਟਰ ਦੂਰ, ਬਾਘਾਨਾ ਪੰਚਾਇਤ ਅਤੇ ਚੰਦਪਾ ਪੁਲੀਸ ਸਟੇਸ਼ਨ ਦੇ ਅਧੀਨ ਹੈ। ਪਿੰਡ ਵਿੱਚ 66 ਘਰ ਅਤੇ 504 ਲੋਕ ਰਹਿੰਦੇ ਹਨ। ਠਾਕੁਰ ਜ਼ਮੀਂਦਾਰ ਬਿਰਾਦਰੀ ਬਹੁਤ ਸਮੇਂ ਤੋਂ ਚਾਹੁੰਦੀ ਹੈ ਕਿ ਦਲਿਤ ਪਿੰਡ ਛੱਡ ਕੇ ਚਲੇ ਜਾਣ ਅਤੇ ਇਹ ਪੂਰੀ ਤਰ੍ਹਾਂ ਠਾਕੁਰਾਂ ਦਾ ਪਿੰਡ ਹੋ ਜਾਵੇ। ਸਰਕਾਰੀ ਯੋਜਨਾਵਾਂ ਤਹਿਤ ਦਲਿਤਾਂ ਨੂੰ ਜੋ ਜ਼ਮੀਨ ਦਿੱਤੀ ਗਈ, ਉਸਨੇ ਉਨ੍ਹਾਂ ਨੂੰ ਗੁੱਸੇ ਨਾਲ ਭਰ ਦਿੱਤਾ। ਹਾਲਾਂਕਿ ਮ੍ਰਿਤਕ ਲੜਕੀ ਦੇ ਪਰਿਵਾਰ ਨੂੰ ਜ਼ਮੀਨ ਕਦੋਂ ਮਿਲੀ ਸਾਨੂੰ ਪਤਾ ਨਹੀਂ ਚੱਲ ਸਕਿਆ। ਦਲਿਤ ਪਰਿਵਾਰ ਦੀਆਂ ਔਰਤਾਂ ਅਤੇ ਲੜਕੀਆਂ ਨੂੰ ਬਾਹਰ ਨਿਕਲਣ 'ਤੇ



ਆਮ ਹੀ ਛੇੜਛਾੜ ਦਾ ਸਾਹਮਣਾ ਕਰਨਾ ਪੈਂਦਾ ਹੈ। ਦੋਸ਼ੀਆਂ ਵਿੱਚੋਂ ਇੱਕ ਨੇ ਪਿਛਲੇ ਛੇ-ਮਹੀਨਿਆਂ ਵਿੱਚ ਮ੍ਰਿਤਕ ਲੜਕੀ ਨੂੰ ਕਈ ਵਾਰ ਪ੍ਰੇਸ਼ਾਨ ਕੀਤਾ ਸੀ ਜਿਸ ਕਾਰਨ ਉਸਨੇ ਇਕੱਲੇ ਘਰੋਂ ਬਾਹਰ ਜਾਣਾ ਬੰਦ ਕਰ ਦਿੱਤਾ ਸੀ।

3. 14 ਸਤੰਬਰ 2020 ਨੂੰ ਸਵੇਰੇ ਪੰਜ ਵਜੇ ਉੱਠ ਕੇ ਘਰ ਦੇ ਸਾਰੇ ਕੰਮ — ਮੱਝਾਂ ਨੂੰ ਚਾਰਾ ਪਾਉਣਾ, ਰੋਟੀ ਬਣਾਉਣਾ ਅਤੇ ਸਫ਼ਾਈ ਕਰਕੇ ਲੜਕੀ ਆਪਣੀ ਮਾਂ ਅਤੇ ਭਰਾ ਨਾਲ ਸਵੇਰ ਦੇ 9.30 ਵਜੇ ਪਸ਼ੂਆਂ ਲਈ ਘਾਹ-ਚਾਰਾ ਲੈਣ ਗਈ। ਉਹ ਇੱਕ ਦੂਜੇ ਤੋਂ ਕਾਫੀ ਵਿੱਥ 'ਤੇ ਘਾਹ ਕੱਟ ਰਹੇ ਸਨ। ਥੋੜ੍ਹੇ ਸਮੇਂ ਮਗਰੋਂ ਮਾਂ ਨੇ ਲੜਕੀ ਨੂੰ ਦੇਖਿਆ ਤਾਂ ਉਹ ਦਿਸੀ ਨਹੀਂ, ਉਸਨੇ ਪਹਿਲਾਂ ਸਮਝਿਆ ਕਿ ਉਹ ਘਾਹ ਲੈ ਕੇ ਘਰ ਚਲੀ ਗਈ ਹੋਵੇਗੀ। ਅਚਾਨਕ ਉਸਨੂੰ ਆਪਣੀ ਲੜਕੀ ਦੀ ਚੱਪਲ ਪਹੇ ਉੱਪਰ ਉਲਟੇ ਰੁਖ਼ ਪਈ ਦਿਸ ਪਈ। ਉਸਨੇ ਪਹੇ ਦਾ ਪਿੱਛਾ ਕੀਤਾ ਤਾਂ ਆਪਣੀ ਲੜਕੀ ਨੂੰ ਇੱਕ ਖੇਤ ਵਿੱਚ ਡਿੱਗੀ ਹੋਈ ਪਾਇਆ। ਉਸਦੇ ਸਰੀਰ 'ਤੇ ਕੋਈ ਕੱਪੜਾ ਨਹੀਂ ਸੀ, ਉਸਦੀ ਗਰਦਨ 'ਤੇ ਗਲਾ ਘੁੱਟਣ ਦੇ ਨਿਸ਼ਾਨ ਮਿਲੇ, ਉਸਦੀਆਂ ਅੱਖਾਂ ਲਾਲ ਸਨ ਅਤੇ ਉਹ ਬੋਲ ਨਹੀਂ ਪਾ ਰਹੀ ਸੀ, ਗਲਾ ਘੁੱਟਣ ਕਰਕੇ ਉਸਦੀ ਜੀਭ ਦੰਦਾਂ ਵਿੱਚ ਦੱਬ ਕੇ ਵੱਢੀ ਗਈ ਸੀ। ਮਾਂ ਨੇ ਰੌਲਾ ਪਾਇਆ, ਉਸਨੇ ਇੱਕ ਬੱਚੇ ਨੂੰ ਆਪਣੇ ਬੇਟੇ ਨੂੰ ਸੱਦ ਕੇ ਲਿਆਉਣ ਲਈ ਕਿਹਾ। ਉਸਨੇ ਆਲੇ-ਦੁਆਲੇ ਪਏ ਕੱਪੜਿਆਂ ਨਾਲ ਆਪਣੀ ਬੱਚੀ ਦਾ ਸਰੀਰ ਢਕਣ ਦੀ ਕੋਸ਼ਿਸ਼ ਕੀਤੀ। ਆਪਣੇ ਪੁੱਤਰ ਦੇ ਸਹਾਰੇ ਨਾਲ ਬੜੀ ਮੁਸ਼ਕਿਲ ਨਾਲ ਲੜਕੀ ਨੂੰ ਸੰਭਾਲ ਕੇ ਉਹ ਚੰਦਪਾ ਪੁਲੀਸ ਸਟੇਸ਼ਨ ਰਿਪੋਰਟ ਦਰਜ ਕਰਵਾਉਣ ਲਈ ਪੁੱਜੇ। ਲੜਕੀ ਨੂੰ ਇੱਕ ਚਬੂਤਰੇ 'ਤੇ ਲਿਟਾ ਦਿੱਤਾ। ਰਿਪੋਰਟ ਲਿਖਣ ਵਿੱਚ ਕਾਫੀ ਸਮਾਂ ਲੱਗਿਆ। ਲੜਕੀ ਨੂੰ ਬਾਗਲਾ ਜ਼ਿਲ੍ਹਾ ਹਸਪਤਾਲ, ਅਲੀਗੜ੍ਹ ਰੋਡ, ਹਾਥਰਸ ਵਿਖੇ ਦਾਖਲ ਕਰਵਾਇਆ ਗਿਆ।

4. ਬਾਗਲਾ ਹਸਪਤਾਲ ਵਿਖੇ ਮੁੱਢਲੀ ਜਾਂਚ ਅਤੇ ਫਸਟ ਏਡ ਮਗਰੋਂ ਉਸਨੂੰ ਇਲਾਜ ਲਈ ਅਲੀਗੜ੍ਹ ਦੇ ਜਵਾਹਰ ਲਾਲ ਨਹਿਰੂ ਮੈਡੀਕਲ ਕਾਲਜ ਰੈਫਰ ਕਰ ਦਿੱਤਾ ਗਿਆ। ਜਦੋਂ ਉਸਨੂੰ ਮੈਡੀਕਲ ਕਾਲਜ ਲਿਆਂਦਾ ਗਿਆ ਤਾਂ ਉਸਦੀ ਹਾਲਤ ਗੰਭੀਰ ਸੀ ਅਤੇ ਉਹ ਕੋਈ ਬਿਆਨ ਨਹੀਂ ਦੇ ਸਕੀ। ਗਲਾ ਘੁੱਟਣ ਕਾਰਨ ਉਸਦੀਆਂ ਅੱਖਾਂ ਵਿੱਚ ਲਹੂ ਉੱਤਰ ਆਇਆ ਸੀ। ਉਸਦੀ ਗਰਦਨ ਅਤੇ ਪਿੱਠ 'ਤੇ ਗੰਭੀਰ ਸੱਟਾਂ ਸਨ, ਉਹ ਠੀਕ ਢੰਗ ਨਾਲ ਸਾਹ ਨਹੀਂ ਲੈ ਪਾ ਰਹੀ ਸੀ ਅਤੇ ਚਾਰ-ਅੰਗਾਂ ਦੇ ਲਕਵਾ ਭਾਵ 'ਕਵਾਡ੍ਰਿਪਲੇਜ਼ੀਆ' ਦਾ ਸ਼ਿਕਾਰ ਹੋ ਗਈ ਸੀ। ਨਿਊਰੋਸਰਜਰੀ ਵਿਭਾਗ ਦੇ ਮੁੱਖੀ ਦੁਆਰਾ ਸੀ.ਐਮ.ਓ. ਨੂੰ ਲਿਖੇ ਪੱਤਰ ਅਨਾਸਰ ਨਹਿਰੂ ਹਸਪਤਾਲ ਨੇ ਲੜਕੀ ਦੇ ਬਿਆਨ (ਡਾਇੰਗ ਡੈਕਲਰੇਸ਼ਨ) ਦਰਜ ਕਰਵਾਉਣ ਲਈ ਕਿਹਾ, ਉਸਦੀ ਹਾਲਤ ਗੰਭੀਰ ਸੀ। ਉਸਨੂੰ ਨਿਊਰੋਸਰਜਰੀ, ਫੋਰੈਂਸਿਕ ਮੈਡੀਸਨ, ਅੱਖ ਵਿਭਾਗ, ਓ.ਬੀ.ਸੀ. ਅਤੇ ਜਨਾਨਾ ਰੋਗ ਵਿਭਾਗਾਂ ਵਿੱਚ ਭੇਜਿਆ ਗਿਆ। ਫਿਰ ਉਸਨੂੰ ਐਚ.ਡੀ.ਯੂ. ਹਾਈਡਿਪੈਂਡਸੀ ਯੂਨਿਟ ਵਿੱਚ ਦਾਖਲ ਕੀਤਾ ਗਿਆ।

5. 22 ਸਤੰਬਰ 2020 ਨੂੰ ਉਹ ਕੁਝ ਹੋਸ਼ ਵਿੱਚ ਆਈ ਅਤੇ ਬੋਲਣ ਦੇ ਸਮਰੱਥ ਸੀ ਤਾਂ ਮੁੱਖੀ ਨਿਊਰੋਸਰਜਰੀ ਵਿਭਾਗ, ਨਹਿਰੂ ਹਸਪਤਾਲ, ਅਲੀਗੜ੍ਹ ਨੇ ਉਸਦਾ ਬਿਆਨ ਮਜਿਸਟਰੇਟ ਸਾਹਮਣੇ ਦਰਜ ਕਰਵਾਉਣ ਲਈ ਕਿਹਾ। ਇਹ ਗੰਭੀਰ ਰੋਗੀਆਂ ਲਈ ਨਿਯਮ ਹੈ। ਲੜਕੀ ਦਾ ਮੈਜਿਸਟਰੇਟ ਸਾਹਮਣੇ ਬਿਆਨ ਲਿਆ ਗਿਆ।

6. 161 ਸੀ.ਆਰ.ਪੀ.ਸੀ. ਤਹਿਤ ਵੀ ਉਸਦਾ ਬਿਆਨ ਦਰਜ ਕੀਤਾ ਗਿਆ ਸੀ। ਜਿਸ ਮਗਰੋਂ ਐਫ.ਆਈ.ਆਰ. ਵਿੱਚ ਧਾਰਾ 376 ਡੀ ਦਾ ਵਾਧਾ ਕੀਤਾ ਗਿਆ। ਪਹਿਲਾ ਐਫ.ਆਈ.ਆਰ. ਧਾਰਾ 307, 3(2) (5) ਐਸ.ਸੀ./ਐਸ.ਟੀ. ਅੱਤਿਆਚਾਰ ਰੋਕੂ ਕਾਨੂੰਨ ਤਹਿਤ ਦਰਜ ਕੀਤੀ ਗਈ ਸੀ। ਐਡੀਸ਼ਨਲ ਐਸ.ਪੀ. ਵੱਲੋਂ 26 ਸਤੰਬਰ 2020 ਨੂੰ ਟਵੀਟ ਕਰਕੇ ਕਿਹਾ ਗਿਆ ਸੀ ਕਿ, "ਮ੍ਰਿਤਕਾ ਐਫ.ਆਈ.ਆਰ. ਦਰਜ ਕਰਨ ਵੇਲੇ ਬਿਆਨ ਦੇਣ ਤੋਂ ਅਸਮਰੱਥ ਸੀ। ਜਦੋਂ ਤਫਤੀਸ਼ੀ ਅਫਸਰ ਨੇ ਉਸਦਾ ਬਿਆਨ ਦਰਜ ਕੀਤਾ ਤਾਂ ਉਸਨੇ 4 ਵਿਅਕਤੀਆਂ ਦਾ ਨਾਂ ਲਿਆ ਜਿਨਾਂ ਨੇ ਉਸ ਨਾਲ ਜ਼ੋਰ-ਜਬਰਦਸਤੀ ਕੀਤੀ ਸੀ। ਇਸ ਲਈ ਧਾਰਾ 376-ਡੀ ਦਾ ਵਾਧਾ ਕਰਕੇ ਚਾਰਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਕੋਈ ਵੀ ਫਰਾਰ ਨਹੀਂ ਹੈ। ਮਾਮਲੇ ਨੂੰ ਫਾਸਟ ਟਰੈਕ ਅਦਾਲਤ ਵਿੱਚ ਲਿਜਾਇਆ ਗਿਆ ਹੈ। ਟਵੀਟ ਦਾ ਲਿੰਕ https://twitter.com

7. ਰੋਗੀ ਦੀ ਸਥਿਤੀ ਬਾਰੇ ਮੈਡੀਕਲ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਸੈਕਸੂਅਲ ਪ੍ਰਵੇਸ਼ : ਯੋਨੀ, ਪੂਰਨ/ਕੋਸ਼ਿਸ਼ : ਮੁਕੰਮਲ, ਪਰਵੇਸ਼ : ਲਿੰਗ। ਡਾਕਟਰ ਦੀ ਰਾਏ ਮੁਤਾਬਿਕ ਸਥਾਨਕ ਪ੍ਰੀਖਿਆ ਦੇ ਅਧਾਰ 'ਤੇ ਮੇਰੀ ਰਾਇ ਵਿੱਚ ਬਲ ਪ੍ਰਯੋਗ ਕੀਤਾ ਗਿਆ ਜਦੋਂਕਿ ਸੰਭੋਗ ਪ੍ਰਕਿਰਿਆ ਬਾਰੇ 6ਛ: ਰਿਪੋਰਟ ਦੇ ਮਿਲਣ ਤੱਕ ਮੇਰੀ ਰਾਏ ਰਿਜਰਵ ਹੈ।

8. 6SL ਰਿਪੋਰਟ ਕਹਿੰਦੀ ਹੈ ਕਿ : (1) ਯੋਨੀ/ਲਿੰਗ ਸੰਭੋਗੀ ਪ੍ਰਕਿਰਿਆ ਦੇ ਸੰਕੇਤ ਨਹੀਂ ਹਨ। (2) ਸਰੀਰਕ ਹਮਲੇ ਦੇ ਸਬੂਤ ਹਨ (ਗਰਦਨ ਅਤੇ ਪਿੱਠ)। ਘਟਨਾ ਦੇ ਅੱਠ ਦਿਨ ਮਗਰੋਂ 22 ਸਤੰਬਰ ਨੂੰ ਇਹ ਫੋਰੈਂਸਿਕ ਜਾਂਚ ਕੀਤੀ ਗਈ। ਬਲਾਤਕਾਰ ਦੇ ਮਾਮਲੇ ਵਿੱਚ, ਸਰਕਾਰੀ ਹਦਾਇਤਾਂ ਮੁਤਾਬਿਕ ਘਟਨਾ ਦੇ 72 ਘੰਟਿਆਂ ਦੇ ਅੰਦਰ-ਅੰਦਰ ਫੋਰੈਂਸਿਕ ਨਮੂਨੇ ਲੈਣੇ ਚਾਹੀਦੇ ਹਨ। ਸ਼ੁਕਰਾਣੂੰ 90 ਘੰਟੇ ਤੋਂ ਵੱਧ ਸਮੇਂ ਤੱਕ ਜਿਉਂਦੇ ਨਹੀਂ ਰਹਿ ਸਕਦੇ।

9. ਮੈਜਿਸਟਰੇਟ ਸਾਹਮਣੇ ਮ੍ਰਿਤਕ ਲੜਕੀ ਦਾ ਬਿਆਨ, ਜੋ ਕਿ ਉਸਦਾ ਮੌਤ ਤੋਂ ਪਹਿਲਾਂ ਦਾ ਬਿਆਨ ਹੈ, ਇਸ ਤਰ੍ਹਾਂ ਦੇ ਮਾਮਲਿਆਂ ਵਿੱਚ ਬਹੁਤ ਮਹੱਤਵਪੂਰਨ ਹੁੰਦਾ ਹੈ।

10. ਨਹਿਰੂ ਹਸਪਤਾਲ ਅਲੀਗੜ੍ਹ ਦੇ ਡਾਕਟਰਾਂ ਅਤੇ ਕਰਮਚਾਰੀਆਂ ਅਤੇ ਪਰਿਵਾਰ ਦੇ ਮੈਂਬਰਾਂ ਮੁਤਾਬਿਕ ਸਥਾਨਕ ਹਾਥਰਸ ਪ੍ਰਸਾਸ਼ਨ ਅਤੇ ਹਲਕੇ ਤੋਂ ਭਾਜਪਾ ਦੇ ਲੋਕ ਸਭਾ ਮੈਂਬਰ ਦਾ ਪਰਿਵਾਰ ਉੱਪਰ ਜਬਰਦਸਤ ਦਬਾਓ ਸੀ। ਭਾਜਪਾ ਐਮ.ਪੀ. ਨੇ ਅਲੀਗੜ੍ਹ ਹਸਪਤਾਲ ਦਾ ਦੌਰਾ ਵੀ ਕੀਤਾ ਅਤੇ ਲੜਕੀ ਨੂੰ ਏਮਸ ਦਿੱਲੀ ਵਿਖੇ ਤਬਦੀਲ ਕਰਨ ਲਈ ਕਿਹਾ ਤਾਂ ਨਹਿਰੂ ਹਸਪਤਾਲ ਨੇ ਉਸਨੂੰ ਏਮਸ ਰੈਫਰ ਕਰ ਦਿੱਤਾ ਪ੍ਰੰਤੂ 28 ਸਤੰਬਰ ਨੂੰ ਉਸਨੂੰ ਏਮਸ ਦੀ ਥਾਂ ਸਫਦਰਜੰਗ ਹਸਪਤਾਲ ਵਿਖੇ ਭਰਤੀ ਕਰਵਾਇਆ ਗਿਆ ਜਿੱਥੇ ਅਗਲੀ ਸਵੇਰ ਉਸਦੀ ਮੌਤ ਹੋ ਗਈ। ਪੁਲੀਸ ਨੇ ਅਲੀਗੜ੍ਹ ਵਿਖੇ ਪਰਿਵਾਰ ਨੂੰ ਜਾਣਕਾਰੀ ਦਿੱਤੀ ਕਿ ਉਨ੍ਹਾਂ ਕੋਲ ਇੱਕ ਐਂਬੂਲੈਂਸ ਉਨਾਂ ਨੂੰ ਦਿੱਲੀ ਲਿਜਾਣ ਲਈ ਤਿਆਰ ਖੜੀ ਹੈ।

11. ਜਦੋਂ ਪਿਤਾ ਦੀ ਪੋਸਟਮਾਰਟਮ ਲਈ ਸਹਿਮਤੀ ਲਈ ਗਈ ਤਾਂ ਉਨਾਂ ਨੂੰ ਮ੍ਰਿਤਕ ਲੜਕੀ ਦਾ ਸਿਰਫ ਚਿਹਰਾ ਦਿਖਾਇਆ ਗਿਆ। ਪਰ ਇਸ ਮਗਰੋਂ ਕਿਸੇ ਨੂੰ ਵੀ ਮ੍ਰਿਤਕਾ ਨੂੰ ਦੇਖਣ ਦੀ ਇਜਾਜਤ ਨਹੀਂ ਦਿੱਤੀ ਗਈ।

12. ਪਰਿਵਾਰ ਦੇ ਮੈਂਬਰਾਂ ਨੇ ਕਿਹਾ ਕਿ ਉਨਾਂ ਕੋਲ ਪਹਿਲੀ ਐਫ.ਆਈ.ਆਰ. ਤੋਂ ਇਲਾਵਾ ਕੋਈ ਪੇਪਰ/ ਦਸਤਾਵੇਜ਼ ਨਹੀਂ ਹਨ, ਇੱਥੋਂ ਤੱਕ ਕਿ ਮ੍ਰਿਤਕ ਪ੍ਰਮਾਣ-ਪੱਤਰ ਵੀ ਉਨ੍ਹਾਂ ਕੋਲ ਨਹੀਂ ਹੈ।

13. 29 ਸਤੰਬਰ 2020 ਨੂੰ ਰਾਤ 2.25 ਵਜੇ ਉਨ੍ਹਾਂ ਦੇ ਪਿੰਡ ਦੇ ਸਮਸ਼ਾਨਘਾਟ ਵਿੱਚ, ਪੁਲੀਸ ਨੇ ਪਰਿਵਾਰ ਦੀ ਇੱਛਾ ਦੇ ਵਿਰੁੱਧ ਮ੍ਰਿਤਕ ਲੜਕੀ ਦਾ ਜਬਰਨ ਸਸਕਾਰ ਕਰ ਦਿੱਤਾ। ਪਰਿਵਾਰ ਨੂੰ ਉਸਦਾ ਚਿਹਰਾ ਤੱਕ ਨਹੀਂ ਦੇਖਣ ਦਿੱਤਾ ਗਿਆ। ਲੜਕੀ ਦੀਆਂ ਭੂਆ ਨੇ ਅਰਜੋਈਆਂ ਕੀਤੀਆਂ। ਉਨ੍ਹਾਂ ਐਂਬੂਲੈਂਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਪਰਿਵਾਰ ਦੇ ਮੈਂਬਰਾਂ ਦਾ ਬੁਰੀ ਤਰ੍ਹਾਂ ਨਿਰਾਦਰ ਕੀਤਾ ਗਿਆ ਅਤੇ ਇਸ ਮਗਰੋਂ ਉਨ੍ਹਾਂ ਦੇ ਘਰ ਦੀ ਨਾਕਾਬੰਦੀ ਕਰ ਦਿੱਤੀ ਗਈ।

14. ਪਰਿਵਾਰ ਨੇ ਦੋਸ਼ ਲਾਇਆ ਕਿ ਉਨ੍ਹਾਂ ਨੂੰ ਪੁਲੀਸ ਜਾਂ ਪ੍ਰਸਾਸ਼ਨ ਤੋਂ ਕੋਈ ਸਹਾਇਤਾ ਨਹੀਂ ਮਿਲੀ ਬੱਸ ਧਮਕੀਆਂ ਅਤੇ ਦੇਰੀ ਹੀ ਮਿਲੀ। ਉਹ ਪਲ ਜਦੋਂ ਉਹ ਪੀੜਤਾ ਨੂੰ ਥਾਣੇ ਲੈ ਕੇ ਗਏ, ਉਸ ਪਲ ਤੋਂ ਲੈ ਕੇ ਜਬਰਨ ਸਸਕਾਰ ਕਰਨ ਤੱਕ ਉਨ੍ਹਾਂ ਨੂੰ ਧੌਂਸ, ਧਮਕੀਆਂ, ਧੌਲ-ਧੱਫੇ ਦਾ ਸਾਹਮਣਾ ਕਰਨਾ ਪਿਆ ਅਤੇ ਮਾਮਲੇ ਦੇ ਜਨਤਕ ਹੋਣ ਮਗਰੋਂ ਰੁਪਏ-ਪੈਸੇ ਦਾ ਲਾਲਚ ਵੀ ਦਿੱਤਾ ਗਿਆ। ਜਿਸ ਤਰ੍ਹਾਂ ਪੁਲੀਸ ਨੇ ਪਰਿਵਾਰ ਦੇ ਕਿਸੇ ਵੀ ਮੈਂਬਰ ਤੋਂ ਸਹਿਮਤੀ ਲਈ ਬਗੈਰ ਮ੍ਰਿਤਕਾ ਦਾ ਸਸਕਾਰ ਕੀਤਾ, ਇਸ ਅਨਿਆਂਪੂਰਨ ਵਿਹਾਰ ਤੋਂ ਪਰਿਵਾਰ ਡਾਢਾ ਦੁਖੀ ਸੀ।

### ਉੱਤਰ ਪ੍ਰਦੇਸ਼ ਸਰਕਾਰ ਵੱਲੋਂ ਨਵੀਂ ਕਹਾਣੀ ਘੜਨ ਦਾ ਚੱਕਰ

1. ਅਸੀਂ ਗੰਭੀਰ ਚਿੰਤਾ ਅਤੇ ਗੁੱਸੇ ਨਾਲ ਧਿਆਨ ਦੁਆਉਂਦੇ ਹਾਂ ਕਿ ਮ੍ਰਿਤਕਾਂ ਦਾ ਮੌਤ ਦਾ ਪਹਿਲਾ ਬਿਆਨ ਅਤੇ ਤਫਸੀਲਵਾਰ (ਮੌਕੇ ਦੇ) ਸਬੂਤ ਹੋਣ ਦੇ ਬਾਵਜੂਦ ਹੁਕਮਰਾਨ ਪਾਰਟੀ ਦੇ ਮੈਂਬਰਾਂ ਅਤੇ ਪੇਂਡੂ ਧਨਾਢ ਜਾਤਾਂ ਦੇ ਮੈਂਬਰਾਂ ਵੱਲੋਂ ਇੱਕ ਨਵਾਂ ਬਿਰਤਾਂਤ ਉਸਾਰਿਆ ਜਾਣ ਲੱਗਾ ਹੈ ਕਿ ਪੀੜਤਾਂ ਨਾਲ ਬਲਾਤਕਾਰ ਨਹੀਂ ਹੋਇਆ ਸੀ। ਭਾਜਪਾ ਦੇ ਆਈ.ਟੀ. ਸੈੱਲ ਦੇ ਮੁਖੀ ਨੇ ਲੜਕੀ ਦਾ ਇੱਕ ਵੀਡੀਓ ਟਵੀਟ ਕੀਤਾ ਜਿਸ ਵਿੱਚ ਉਸਦੀ ਪਛਾਣ ਨਸ਼ਰ ਕੀਤੀ ਗਈ ਜੋ ਕਿ ਕਾਨੂੰਨਨ ਜ਼ੁਰਮ ਹੈ। ਇਸ ਵਿੱਚ ਇਹ ਕਹਿਣ ਦੀ ਕੋਸ਼ਿਸ਼ ਹੈ ਕਿ ਲੜਕੀ ਦਾ ਬਲਾਤਕਾਰ ਨਹੀਂ ਹੋਇਆ। ਇੰਡੀਅਨ ਪੀਨਲ ਕੋਡ ਤਹਿਤ ਬਲਾਤਕਾਰ ਪੀੜਤਾ ਦੀ ਪਛਾਣ ਨੂੰ ਨਸ਼ਰ ਕਰਨ ਉਤੇ ਦੋ ਸਾਲ ਤੱਕ ਦੀ ਸਜ਼ਾ ਦੀ ਵਿਵਸਥਾ ਹੈ। ਵੀਡੀਓ ਵਿੱਚ ਜਦੋਂ ਪੀੜਤਾ ਤੋਂ ਪੁੱਛਿਆ ਗਿਆ ਕਿ ਉਨ੍ਹਾਂ ਨੇ ਤੁਹਾਡਾ ਗਲਾ ਕਿਉਂ ਘੁੱਟਿਆ ਤਾਂ ਉਸਦਾ ਜਵਾਬ ਸੀ ਕਿ ਕਿਉਂਕਿ ਉਹ ਜਬਰਦਸਤੀ ਦਾ ਵਿਰੋਧ ਕਰ ਰਹੀ ਸੀ। ਜਬਰਦਸਤੀ ਦਾ ਇਸਤੇਮਾਲ ਲਿੰਗਕ ਹਿੰਸਾ ਦੇ ਲਈ ਕੀਤਾ ਜਾਂਦਾ ਹੈ। ਇਹ ਵੀਡੀਓ ਪੁਲੀਸ ਸਟੇਸ਼ਨ ਦੀ ਹੈ। ਸਰਕਾਰ ਅਤੇ ਭਾਜਪਾ ਵੱਲੋਂ ਦੋਸ਼ੀਆਂ ਨੂੰ ਬਚਾਉਣ ਲਈ ਅਜਿਹੇ ਯਤਨ ਘੋਰ ਨਿਖੇਧੀਯੋਗ ਹਨ।

2. ਉੱਤਰ ਪ੍ਰਦੇਸ਼ ਸਰਕਾਰ ਨੇ ਉਨ੍ਹਾਂ ਲੋਕਾਂ ਵਿਰੁੱਧ ਪੁਲੀਸ ਕੇਸ ਦਰਜ ਕੀਤੇ ਹਨ ਜੋ ਪੇਂਡੂ ਧਨਾਢ ਉੱਚ ਜਾਤੀਆਂ ਦੇ ਮਰਦਾਂ ਵੱਲੋਂ ਦਲਿਤ ਲੜਕੀ ਤੇ ਘਿਨਾਉਣੇ ਹਮਲੇ ਵਿਰੁੱਧ ਵਿਰੋਧ-ਪ੍ਰਦਰਸ਼ਨ ਕਰ ਰਹੇ ਸਨ। ਹੁਣ ਇਸ ਨੂੰ ਯੋਗੀ ਸਰਕਾਰ ਨੂੰ ਬਦਨਾਮ ਕਰਨ ਅਤੇ ਯੂਪੀ ਵਿੱਚ ਜਾਤੀ-ਦੰਗੇ ਭੜਕਾਉਣ ਲਈ ਅੰਤਰਰਾਸ਼ਟਰੀ ਸਾਜਿਸ਼ ਦਾ ਨਾਂ ਦਿੱਤਾ ਜਾ ਰਿਹਾ। ਕੇਂਦਰ ਦੀ ਮੌਜੂਦਾ ਸਰਕਾਰ ਅਤੇ ਉੱਤਰ ਪ੍ਰਦੇਸ਼ ਸਰਕਾਰ ਵੱਲੋਂ, ਅਸਹਿਮਤੀ ਜਾ ਵਿਰੋਧ ਦੀ ਹਰੇਕ ਕਾਰਵਾਈ ਨੂੰ ਹੁਣ ਭਾਜਪਾ ਅਤੇ ਇਸਦੀਆਂ ਸੂਬਾ ਸਰਕਾਰਾਂ ਨੂੰ ਬਦਨਾਮ ਕਰਨ ਦੀ ਸਾਜਿਸ਼ ਕਰਾਰ ਦਿੱਤਾ ਜਾ ਰਿਹਾ ਹੈ। ਉਹ ਭੁੱਲ ਗਏ ਹਨ ਕਿ ਕਿਸੇ ਵੀ ਤਰ੍ਹਾਂ ਦੇ ਧੱਕੇ ਦੇ ਵਿਰੁੱਧ ਆਵਾਜ਼ ਉਠਾਉਣਾ ਭਾਰਤ ਦੇ ਸੰਵਿਧਾਨ ਤਹਿਤ ਹਰੇਕ ਨਾਗਰਿਕ ਦਾ ਅਧਿਕਾਰ ਹੈ। ਅਸੀਂ ਸ਼ਾਂਤਮਈ ਨਾਗਰਿਕ ਸੰਘਰਸ਼ਾਂ ਨੂੰ ਸਾਜਿਸ਼ ਦੇ ਰੂਪ ਵਿੱਚ ਪੇਸ਼ ਕਰਨ ਦੇ ਯਤਨਾਂ ਦੀ ਨਿੰਦਾ ਕਰਦੇ ਹਾਂ ਭਾਵੇਂ ਇਹ ਯਤਨ ਯੂਪੀ ਵਿੱਚ ਹੋਣ ਜਾਂ ਭਾਵੇਂ ਦਿੱਲੀ ਵਿੱਚ।

3. ਵਿਰੋਧੀ ਪਾਰਟੀਆਂ ਦੇ ਕਈ ਆਗੂਆਂ 'ਤੇ ਸਥਾਨਕ ਉੱਚ ਜਾਤੀ ਧਨਾਢਾਂ ਨੇ ਹਮਲਾ ਕੀਤਾ ਅਤੇ ਇੱਥੋਂ ਤੱਕ ਕਿ ਪੁਲੀਸ ਨੇ ਲਾਠੀਚਾਰਜ ਕੀਤਾ। ਜਦੋਂ ਉਹ ਮ੍ਰਿਤਕਾ ਦੇ ਪਰਿਵਾਰ ਨੂੰ ਮਿਲਣ ਲਈ ਉਸਦੇ ਪਿੰਡ ਗਏ। ਸਾਡੀ ਟੀਮ ਇਸਦੀ ਘੋਰ ਨਿਖੇਧੀ ਕਰਦੀ ਹੈ।

**ਤਿੰਨ ਮੈਂਬਰੀ ਕਮੇਟੀ ਮੰਗ ਕਰਦੀ ਹੈ ਕਿ —**

1. ਸੰਵਿਧਾਨਕ ਸੰਸਥਾਵਾਂ ਦੀ ਨਿਘਰਦੀ ਹਾਲਤ, ਔਰਤਾਂ ਖਾਸ ਕਰਕੇ ਦਲਿਤ ਔਰਤਾਂ ਵਿਰੁੱਧ ਵਧ ਰਹੀ ਹਿੰਸਾ ਲਈ ਜ਼ਿੰਮੇਵਾਰ ਯੋਗੀ ਅਦਿੱਤਿਆਨਾਥ ਨੂੰ ਮੁੱਖ ਮੰਤਰੀ ਦੇ ਅਹੁਦੇ ਤੋਂ ਤੁਰੰਤ ਬਰਖਾਸਤ ਕੀਤਾ ਜਾਣਾ ਚਾਹੀਦਾ ਹੈ।
2. ਹਾਥਰਸ ਘਟਨਾ ਦੀ ਅਦਾਲਤੀ ਨਿਗਰਾਨੀ ਹੇਠ ਸਮਾਂਬੱਧ ਜਾਂਚ ਹੋਵੇ।
3. ਅਸੀਂ ਭਟਕਾਊ ਬਿਰਤਾਂਤ ਵਾਲੇ ਪ੍ਰਚਾਰ ਦੀ ਜਾਂਚ ਦੀ ਮੰਗ ਕਰਦੇ ਹਾਂ।
4. ਪਰਿਵਾਰ ਦੇ ਜੀਵਨ ਅਤੇ ਰੋਜ਼ੀ-ਰੋਟੀ ਦੀ ਸੁਰੱਖਿਆ ਯਕੀਨੀ ਬਣਾਈ ਜਾਵੇ।
5. ਜ਼ਿਲ੍ਹਾ ਮੈਜਿਸਟਰੇਟ (ਡੀ.ਸੀ.) ਨੂੰ ਮੁਅੱਤਲ ਕੀਤਾ ਜਾਵੇ।
6. ਅਸੀਂ ਨਿਆਂ ਦੇਣ ਤੋਂ ਪਾਸਾ ਵੱਟਣ ਵਾਲੇ ਅਧਿਕਾਰੀਆਂ ਸਮੇਤ ਜਨ-ਪ੍ਰਤੀਨਿਧੀਆਂ ਦੀ ਭੂਮਿਕਾ ਦੀ ਜਾਂਚ ਦੀ ਮੰਗ ਕਰਦੇ ਹਾਂ।
7. ਅਸੀਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਤੋਂ ਜਾਂਚ ਦੀ ਮੰਗ ਕਰਦੇ ਹਾਂ ਕਿਉਂਕਿ ਅਸਹਿਮਤੀ ਦੀਆਂ ਸਾਰੀਆਂ ਆਵਾਜ਼ਾਂ ਨੂੰ ਅਪਰਾਧੀ ਬਣਾਇਆ ਜਾ ਰਿਹਾ ਹੈ।
8. ਐਸ.ਸੀ./ਐਸ.ਟੀ. ਅੱਤਿਆਚਾਰ ਰੋਕੂ ਕਾਨੂੰਨ ਦੀ ਸਖਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ।
9. ਦਲਿਤ ਭਾਈਚਾਰੇ ਦੇ ਵਿਕਾਸ ਲਈ ਇਸ ਕਾਨੂੰਨ ਤਹਿਤ ਯੋਜਨਾਵਾਂ ਅਤੇ ਪ੍ਰੋਗਰਾਮਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ਬਾਰੇ ਵਿਆਪਕ ਜਾਗਰੂਕਤਾ ਅਤੇ ਪ੍ਰਚਾਰ ਮੁਹਿੰਮ ਚਲਾਈ ਜਾਵੇ।

Skyview
BLINDS & SHADES
Quality Never Lies



For all your window and wall covering needs contact

(587) 496-9783 | (403) 714-0416
info@skyviewshades.ca | www.skyviewshades.ca
Unit# 129, 10985 38 St NE Calgary, AB, T3N1E7

Al Karim TRAVEL & TOURS



ALKARIM TRAVEL & TOURS
Less Fares Guaranteed

ਇੰਡੀਆ, ਪਾਕਿਸਤਾਨ, ਬੰਗਲਾਦੇਸ਼, ਸ਼੍ਰੀਲੰਕਾ, ਅਫਰੀਕਾ, ਅਫਗਾਨਿਸਤਾਨ, ਯੋਰਪ, ਫੀਜੀ ਜਾਂ ਆਸਟ੍ਰੇਲੀਆ ਜਾਣ, ਨਨਕਾਣਾ ਸਾਹਿਬ ਗਰੁੱਪ ਯਾਤਰਾ ਅਤੇ ਇੰਡੀਆ ਵੀਜ਼ਾ ਵਾਸਤੇ ਅਪਲੀਕੇਸ਼ਨ ਫੀਸ ਸਿਰਫ਼ 10 ਡਾਲਰ ਲਈ ਅਲਕਰੀਮ ਟਰੈਵਲ ਐਂਡ ਟੂਰਜ 'ਤੇ ਪਹੁੰਚੋ ਜਾਂ ਫੋਨ ਕਰੋ।

Best Fares to and from :
India, Pakistan, Afghanistan, Bangladesh, Sri Lanka, Africa, Fiji & Beyond

Arrange Nanakana Sahib Yatra Group & Vacation packages
PASSPORT SERVICE, VISA SERVICE
SUPER VISA & SUPER VISA INSURANCE
Money Transfer via TRANS-FAST,
"Indian Visa application fee $10 only"

403-454-8011
VILLAGE SQ. MALL #123, 2640-52 STREET N.E. CALGARY, AB
Email : info@alkarimtraveltours.com
www.alkarimtraveltours.com

NEW SERVICE BY CARE INC
Calgary 403-605-6300
ਸੋਮਵਾਰ ਤੋਂ ਸ਼ਨੀਵਾਰ 10 ਵਜੇ ਤੋਂ 6 ਵਜੇ ਤੱਕ
ਐਤਵਾਰ ਬੰਦ

CARE AUDIOLOGY

ਕੀ ਤੁਸੀਂ ਜਾਣਦੇ ਹੋ ਕਿ ਵਡੇਰੀ ਉਮਰ ਵਿੱਚ ਤੰਦਰੁਸਤ ਰਹਿਣ ਲਈ ਸੁਣਨ ਸ਼ਕਤੀ ਦਾ ਪੂਰਾ ਹੋਣਾ ਬਹੁਤ ਹੀ ਜਰੂਰੀ ਹੈ....??

ਦੁਨੀਆਂ ਦੀ ਪ੍ਰਸਿੱਧ ਮੈਡੀਕਲ ਯੂਨੀਵਰਸਿਟੀ ਦੀ ਖੋਜ ਮੁਤਾਬਿਕ ਜੇਕਰ ਘੱਟ ਸੁਣਨ ਦਾ ਇਲਾਜ ਨਾ ਕੀਤਾ ਜਾਵੇ ਤਾਂ ਉਦਾਸੀ, ਦਿਮਾਗੀ ਕਮਜ਼ੋਰੀ, ਦਿਲ ਦਾ ਦੌਰਾ ਅਤੇ ਡਿੱਗਣ ਦੇ ਖਤਰੇ ਵੱਧ ਜਾਂਦੇ ਹਨ।

ਸੁਨਣ ਸ਼ਕਤੀ ਕਮਜ਼ੋਰ ਹੋਵੇ ਤਾਂ ਵੱਡੀ ਗਲਤਫ਼ਹਿਮੀ ਹੋ ਸਕਦੀ ਹੈ। ਬਜ਼ੁਰਗਾਂ ਨੂੰ ਵੱਖੋ-ਵੱਖ ਸੇਵਾਵਾਂ ਦੇਣ ਵਾਲੇ Care Inc. ਨੇ ਹੁਣ ਖੋਲ ਦਿੱਤੀ ਹੈ Care Audiology ! ਜਿੱਥੇ ਦੁਨਿਆਂ ਦੀਆਂ Latest ਮਸ਼ੀਨਾ ਨਾਲ ਕੰਨਾ ਦਾ hearing test ਕੀਤਾ ਜਾਂਦਾ ਹੈ। ਤੁਸੀਂ ਮੁਫਤ hearing aid ਲੈਣ ਵਾਸਤੇ ਵੀ ਕੁਆਲੀਫਾਈ ਕਰ ਸਕਦੇ ਹੋ। 19 ਸਾਲ ਤੋਂ ਵੱਧ ਉਮਰ ਵਾਲਿਆਂ ਦਾ hearing test free ਕਰਦੇ ਨੇ।

'ਕੇਅਰ ਇੰਕ'
ਤੁਹਾਡੀ ਸੇਫਟੀ, ਸਾਡਾ ਵਿਸ਼ਵਾਸ
Payment Plans Available



www.careinc.ca
Calgary Store: #124 - 4774 Westwinds Drive N.E., Calgary Alberta, Canada
Phone: 403-605-6300 Fax : 403-536-4057 Email : calgary@careinc.ca

HMP ਐਚ ਐਮ ਪੀ ਪ੍ਰੋਫੈਸ਼ਨਲ ਕੰਸਟ੍ਰਕਸ਼ਨ ਲਿਮਟਿਡ
PROFESSIONAL CONSTRUCTION LTD.
Specialist in: www. hmphome.com

- Built Garage
- Garage Door Opener & Install
- New Garage Door
- Repair Old Garage Door
- Roofing, Fence, Deck
- New Houses Framing
- Old House Extension & any other add on construction Work

ਨਵੀਂ ਗੈਰਾਜ ਬਣਾਉਣ ਲਈ ਗੈਰਾਜ ਡੋਰ ਓਪਨਰ, ਨਵੀਂ ਗੈਰਾਜ ਡੋਰ, ਪੁਰਾਣੀ ਗੈਰਾਜ ਡੋਰ ਰਿਪੇਅਰ, ਰੂਫਿੰਗ, ਫੈਂਸ, ਡੈੱਕ, ਨਵੇਂ ਘਰਾਂ ਦੀ ਫਰੇਮਿੰਗ, ਪੁਰਾਣੇ ਘਰ ਦੀ ਐਕਸਟੈਂਸ਼ਨ ਅਤੇ ਹੋਰ ਕੋਈ ਵੀ ਕੰਸਟਰਕਸ਼ਨ ਦਾ ਕੰਮ ਕਰਾਉਣ ਲਈ ਫੋਨ ਕਰੋ।

Free Estimate Paul Sekhon: 403-701-4947

HMP CUSTOM CABINETS LTD.
Specialist in : Custom Kitchen, Bars, Washroom Vanity, Closet & All Commercial Mill Work



Paul Sekhon: 403-829-5000
Bay 11 2316 27 Ave. NE, Calgary Ph. : 403-701-4947

# "ਕਿਸਾਨ ਸੰਘਰਸ਼ ਦੀ ਕਹਾਣੀ, ਕੈਮਰੇ ਦੀ ਜ਼ੁਬਾਨੀ"




AK Kitchen Cabinet Ltd.
We build your imaginations
Office : (403) 234-9233 | Fax : (403) 234-9220
We are hiring workers
Ahmad 403-615-7086
Umar 403-629-4824
Anwar 403-463-0786
#2, 3530 32 Street NE, T1Y 6G7
Akkitchencabinet@hotmail.com

GOOD EARTH BUILDERS
MANI BASHIR
Project Manager (Director)
• Custom build home
• Home renovation
• Basement & Garage
mani@goodearthbuilders.ca
www.GoodEarthbuilders.ca
1-403-992-8476 | 1-800-448-4565

SAVANNA
Market Dental
Dr. Amerjot Kler | Dr. Kam Sahota | Dr. Aman Cheema
202/204 9036 St NE
Calgary, Alberta T3J 2E3
403-590-4888
www.savannamarketdental.com

PUNJABI SWEETS
House & Restaurant
All Kinds of Sweets
Non-Veg & Vegi Food
Take out
We do catering also
Fast & Best Friendly Service
ਤਾਜ਼ਾ ਅਤੇ ਸਵਾਦੀ ਖਾਣਾ ਜਿਵੇਂ ਸਮੋਸੇ, ਗੋਲਗੱਪੇ, ਚਾਟ, ਤਾਜ਼ਾ ਮਠਿਆਈ ਬਰਫ਼ੀ, ਗੁਲਾਬ ਜਾਮਣ, ਰਸਗੁੱਲੇ, ਲੱਡੂ ਅਤੇ ਜਲੇਬੀਆਂ ਖਾਣ ਜਾਂ ਲਿਜਾਣ ਲਈ ਅੱਜ ਹੀ ਸਾਡੇ ਰੈਸਟੋਰੈਂਟ 'ਤੇ ਪਹੁੰਚੋ ਜਾਂ ਫੋਨ ਕਰੋ।
Open 7 Days a Week
403-293-5252
Bay 113 216 Saddle Towne Cir, N.E. T3J 0C9

# PERFECT




## Furnace & Duct Cleaning Ltd.

Install new Furnace air Conditioning garage heater Furnace repair water tank

**Truck mounted unit with High Power Vacuum & 200 Psi**





**We Clean :**

- Ducts Cleaning
- Furnaces
- Hot Water Tanks
- Dryer Vents
- Carpet Cleaning
- Humidifiers Installation
- Hot water Tank Installation
- Gas Fire Place & Air Conditions

**We Install New Furnace, Hot water Tank & Air Condition**

ਅਸੀਂ ਡਕਟ ਕਲੀਨਿੰਗ, ਫਰਨੇਸ, ਹੌਟ ਵਾਟਰ ਟੈਂਕ, ਗੈਸ ਫਾਇਰ ਪਲੇਸ ਅਤੇ ਏਅਰ ਕੰਡੀਸ਼ਨ, ਹਿਊਮਡੀਫਾਇਰ, ਡਰਾਇਰ ਦੇ ਵੈਂਟ ਅਤੇ ਕਾਰਪੈੱਟ ਕਲੀਨ ਕਰਦੇ ਹਾਂ।

For service call :

**Piara Dhillon : 403-401-0710**

**Gurwinder Dhillon : 403-771-2748**

---

ESTATEVIEW®
(Real Estater & Property Management)

## Baljinder Bath
Real Estate Associate


Baljinder Bath

Our Brokerage provides Following Services :
All Kind of Real Estate Services

**REAL ESTATE**
- Help Buyer / Seller
- Free Home Evaluations
- Commercial Buy / Sell / Lease
- Builders / Developers / Investors

**PROPERTY MANAGEMENT**
- Find Tenants, Collect Rents
- Take Care of Service Calls
- Manage Condo Corporation / Boards
- Non Resident Canadians' NR4 Tax Handling

**403-402-6700**
E: baljinderbath@yahoo.com

Brokerage Office : 403-400-0000
# 601 - 4656 Westwinds Dr NE
Calgary, AB T3J 3Z5

All our Realtors / Property Managers are Professionally Trained & Licensed
Not All Associates Provide all services. Please contact Associate to find out more.

---

For Honest and Best Results
Please Call :
Cell. (403)-680-1895
Fax. (403)-457-1216
Email : taranmand@shaw.ca



MLS MULTIPLE LISTING SERVICE® REALTOR® REAL ESTATE BOARD

Taranjit "T. J." Mand
Real Estate Associate

## Max Value Reality Ltd.

---

## Amandeep Gill
Financial Security Advisor
offering Life, Health,
Group Insurance and Investments



Desjardins
Financial Security®
Independent Network

**FINANCIAL SERVICES**

- Life Insurance (WL, UL, Term)
- Critical Illness Insurance
- Disability Insurance
- Registered Education Savings Plan (RESP)
- Registered Retirement Savings Plan (RRSP)
- Tax Free Savings Account (TFSA)
- Drug & Dental Plan
- Super Visa Insurance
- Mortgage & Loans

209-5401 Temple Drive N.E.
Calgary, AB T1Y 3R7

Office : 403-455-1720
Cell : 403-919-6962
amandeep.gill@dfsin.ca

---

Trust Your Memories to the Professionals

## Dream Productions inc.

Wedding, Birthday, Engagement, Slide Show, Music Video, T.V. Program, Modeling Picture, Concert, Community Event Etc.



*We can Also Arrange*
*Decoration*
*Party Rentals*

Customer satisfaction is our pride!

| VIDEO | PHOTOGRAPHY | MUSIC |
| --- | --- | --- |
| Video film with single, double & multiple camera system (Broadcast Quality) | Digital Photography (Coloured, black and white) digital enhancement | DJ, Lighting, screen Projector live sound etc. |

403-835-2762
or
29 DREAM

*Special Packages Available For All Occasions*

(37326)

# "ਦੋ ਬੂੰਦ ਜ਼ਿੰਦਗੀ ਦੀ" - ਵੈਕਸੀਨ ਦਾ ਹੋਕਾ

**ਡਾ. ਬਲਜਿੰਦਰ**

ਪਿੱਛਲੇ ਸਮਿਆਂ ਤੋਂ ਖਾਸ ਕਰਕੇ 50 ਸਾਲਾਂ ਤੋਂ ਅਜਿਹੇ ਹੀ ਹੋਕੇ/ਪ੍ਰਚਾਰ ਸੁਣਦੇ ਆ ਰਹੇ ਹਾਂ। ਲਾਇਨਜ਼ ਕਲੱਬਾਂ/ਰੋਟਰੀ ਕਲੱਬਾਂ ਆਦਿ ਅਮੀਰਾਂ ਦੀਆਂ ਸ਼ੋਸ਼ੇਬਾਜ਼ ਗੈਰ-ਸਰਕਾਰੀ ਸੰਸਥਾਵਾਂ (ਐਨਜੀਓਜ਼) ਰਾਹੀਂ ਵਿਆਪਕ ਪੱਧਰ 'ਤੇ ਪ੍ਰਚਾਰੀ-ਪਸਾਰੀ ਅਤੇ ਅਮਲ 'ਚ ਲਿਆਂਦੀ ਵੈਕਸੀਨੇਸ਼ਨ ਦੀ ਮੁਹਿੰਮ ਘਰ-ਘਰ ਅੱਪੜੀ ਕਿਉਂਕਿ 70-72 'ਚ ਵੀ ਅਖਬਾਰ ਆਦਿ ਮਧਿਅਮ ਨਾ ਮਾਤਰ ਹੀ ਸਨ। ਪਹਿਲੇ ਪਹਿਲ ਇਹ ਮੁਹਿੰਮ ਵੱਡੇ ਸ਼ਹਿਰਾਂ ਅੰਦਰ ਚਲਾਈ ਗਈ ਜੋ ਵਧਦੀ-ਵਧਦੀ ਹਰ ਪਿੰਡ-ਕਸਬੇ ਸ਼ਹਿਰ ਤੱਕ ਆ ਗਈ। ਬਾਅਦ 'ਚ ਯੂਨੈਸਕੋ ਅਤੇ ਵਿਸ਼ਵ ਸਿਹਤ ਸੰਸਥਾ ਦੀ ਇਮਦਾਦ ਨਾਲ ਇਸ ਨੂੰ ਸਰਕਾਰੀ ਹਸਪਤਾਲਾਂ ਅੰਦਰ ਕੌਮੀ ਟੀਕਾਕਰਨ ਮੁਹਿੰਮ ਦੇ ਰੂਪ 'ਚ ਲਾਗੂ ਰੱਖਿਆ ਹੋਇਆ ਹੈ।

ਵੈਕਸੀਨੇਸ਼ਨ ਦੇ ਮਸਲੇ ਬਾਰੇ ਲਿਖੇ ਇੱਕ ਹੋਰ ਲੇਖ ਅੰਦਰ ਵੈਕਸੀਨ ਦੀ ਪ੍ਰੀਭਾਸ਼ਾ, ਇਹਦਾ ਸਰੀਰ ਦੀ ਕੁਦਰਤੀ ਕਾਰਜ ਪ੍ਰਣਾਲੀ ਨਾਲ ਮੇਲ, ਇਸ ਦੀਆਂ ਬਿਮਾਰੀ ਰੋਧਕ ਸਮਰੱਥਾ ਵਿਕਸਤ ਕਰਨ 'ਚ ਅਸਫਲਤਾ ਆਦਿ ਬਾਰੇ ਚਾਣਨਾ ਪਾਇਆ ਗਿਆ ਹੈ। ਇਸ ਲਿਖਤ 'ਚ ਵੈਕਸੀਨ ਅਤੇ ਇਸਦੇ ਦੁਰ ਪ੍ਰਭਾਵ ਬਾਰੇ ਅਤੇ ਵੈਕਸੀਨ ਵਿਰੋਧੀਆਂ 'ਤੇ ਹਮਲਿਆਂ ਬਾਰੇ ਚਰਚਾ ਕਰਦੇ ਹਾਂ।



ਕਨੇਡਾ ਅੰਦਰ 2013 'ਚ ਕੀਤੇ ਗਏ ਇੱਕ ਸਰਵੇ ਅੰਦਰ ਇਹ ਗੱਲ ਸਾਹਮਣੇ ਆਈ ਸੀ ਕਿ 70 ਪ੍ਰਤੀਸ਼ਤ ਮਾਪੇ ਆਪਣੇ ਬੱਚਿਆਂ ਅੰਦਰ ਪੈਣ ਵਾਲੇ ਵੈਕਸੀਨਾਂ ਦੇ ਮਾਰੂ ਅਸਰਾਂ ਨੂੰ ਲੈ ਕੇ ਫਿਕਰਮੰਦ ਸਨ।
















ਅੰਕੜੇ ਸੁਝਾਉਂਦੇ ਹਨ ਕਿ ਅਮਰੀਕਾ ਅੰਦਰ ਵੀ ਅਜਿਹੇ ਮਾਪਿਆਂ ਦੀ ਗਿਣਤੀ ਵਧ ਰਹੀ ਹੈ ਜਿਹੜੇ ਆਪਣੇ ਬੱਚਿਆਂ ਨੂੰ ਵੈਕਸੀਨ ਦੀ ਖੁਰਾਕ ਨਹੀਂ ਦੁਆਉਣਾ ਚਾਹੁੰਦੇ। ਬੱਚਿਆਂ ਦੇ ਡਾਕਟਰਾਂ ਨੂੰ ਅਕਸਰ ਹੀ ਅਜਿਹੇ ਮਾਪਿਆਂ ਨਾਲ ਬਾਵਾਸਤਾ ਹੋਣਾ ਪੈਂਦਾ ਹੈ ਜਿਹੜੇ ਕਿਸੇ ਨਾ ਕਿਸੇ ਜਾਂ ਸਾਰੀਆਂ ਵੈਕਸੀਨਾਂ 'ਤੇ ਹੀ ਇਤਰਾਜ਼ ਕਰਦੇ ਹੋਣ ਅਤੇ ਟੀਕੇ ਲਗਾਉਣ ਤੋਂ ਇਨਕਾਰੀ ਹੋਣ। ਡਾਕਟਰ ਅਜਿਹੇ ਮਾਪਿਆਂ ਨੂੰ ਵੈਕਸੀਨਾਂ ਦੇ ਸੁਰੱਖਿਅਤ ਹੋਣ, ਇਹਨਾਂ ਦੇ ਕਾਰਗਰ ਹੋਣ ਅਤੇ ਬੱਚੇ 'ਤੇ ਲੰਮੇ ਸਮੇਂ 'ਚ ਪੈਣ ਵਾਲੇ ਕੋਈ ਮਾੜੇ ਅਸਰ ਨਾ ਹੋਣ ਦੇ ਦਿਲਾਸੇ ਦਿੰਦੇ ਦੇਖੇ ਜਾ ਸਕਦੇ ਹਨ। ਵੈਕਸੀਨ ਦੀ ਪ੍ਰੋੜਤਾ ਕਰਨ ਵਾਲੇ ਕਹਿੰਦੇ ਹਨ ਕਿ ਇਹ ਵਿਗਿਆਨਕ ਤੌਰ 'ਤੇ ਸੁਰੱਖਿਅਤ ਪਾਈਆਂ ਗਈਆਂ ਹਨ। ਉਹ ਆਪਣੇ ਹੱਕ 'ਚ ਅਨੇਕਾਂ ਖੋਜ ਪੱਤਰ ਪੇਸ਼ ਕਰਦੇ ਹਨ। ਵੈਕਸੀਨ ਵਿਰੋਧੀਆਂ ਨੂੰ ਉਹ ਅਗਿਆਨੀ, ਸਿੱਧੜ, ਖੌਰੂ-ਪਾਉਣ ਵਾਲੇ ਅਤੇ ਸਾਜਸ਼ੀ ਤੱਕ ਬਿਆਨ ਕਰਨ ਤੱਕ ਚਲੇ ਜਾਂਦੇ ਹਨ। ਆਓ ਦੇਖੀਏ ਤੱਥ ਕੀ ਬਿਆਨਦੇ ਹਨ-

**ਵੈਕਸੀਨ ਦੇ ਅਸਰ ਤੇਜ਼ ਕਰਨ ਵਾਲੇ (Adjuvents) ਅਤੇ ਇਸ ਵਿੱਚ ਸ਼ਾਮਲ ਹੋਰ ਅੰਸ਼** : ਪਿਛਲੇ ਕੁੱਝ ਅਰਸੇ ਦੀ ਖੋਜ 'ਚੋਂ ਲਗਾਤਾਰ ਇਹ ਗੱਲ ਸਾਹਮਣੇ ਆ ਰਹੀ ਹੈ ਕਿ ਵੈਕਸੀਨ ਅੰਦਰ ਮੌਜੂਦ ਉਸਦਾ ਅਸਰ ਵਧਾਉਣ ਵਾਲੇ ਪਦਾਰਥਾਂ ਅਤੇ ਵੈਕਸੀਨ ਦੀ ਲੰਮੇ ਸਮੇਂ ਤੱਕ ਮਿਆਦ ਬਣਾਈ ਰੱਖਣ ਲਈ ਮਿਲਾਏ ਜਾਣ ਵਾਲੇ ਪਦਾਰਥ (Preservatives) ਮਿਸਾਲ ਵਜੋਂ ਥਾਈਮੀਰੋਸਲ (Thimerosal) ਇੱਕ ਪਾਰੇ ਦਾ ਯੋਗਿਕ ਹੈ ਜਿਸ ਨੂੰ ਬੱਚਿਆਂ ਅੰਦਰ ਪੈਦਾ ਹੋਣ ਵਾਲੀਆਂ ਅਨੇਕਾਂ ਕਿਸਮ ਦੀਆਂ ਤੰਤੂ-ਪ੍ਰਣਾਲੀ (ਨਿਊਰੋਲੋਜੀ) ਦੀਆਂ ਬਿਮਾਰੀਆਂ ਦਾ ਕਾਰਨ ਟਿੱਕਿਆ ਗਿਆ ਹੈ। ਇਹਦੇ 'ਚ ਭਾਵਨਾਤਮਕ ਗੜਬੜਾਂ, ਬੇਪਛਾਣ ਕਿਸਮ ਦੀ ਮਨੋਦਸ਼ਾ (ਔਟਿਜ਼ਮ-Autism) ਜਿਸ 'ਚ ਬੱਚਾ ਆਪਣੇ ਆਪ 'ਚ ਹੀ ਮਗਨ ਰਹਿੰਦਾ ਅਤੇ ਵਿਕਾਸ ਦੇ ਚਾਲੇ ਪਏ ਹੋਏ ਦਿਮਾਗ ਅੰਦਰ ਨਿਊਰੋਲੋਜੀਕਲ ਗੜਬੜਾਂ ਪੈਦਾ ਕਰਨੀਆਂ ਸ਼ਾਮਲ ਹਨ। ਐਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਥਾਈਮੀਰੋਸੋਲ ਨੂੰ ਪਿਛਲੇ ਕੁੱਝ ਸਾਲਾਂ ਤੋਂ ਹੀ ਵਰਤਿਆ ਜਾਣ ਲੱਗਿਆ ਹੈ ਅਤੇ ਇਹਨੂੰ ਵੈਕਸੀਨ ਦੀ ਕੀਮਤ ਘਟਾਉਣ ਲਈ ਵਰਤੋਂ 'ਚ ਲਿਆਂਦਾ ਜਾਂਦਾ ਹੈ ਤਾਂ ਜੋ ਵਿਸ਼ਾਲ ਵਸੋਂ ਵਾਲੇ ਤੀਜੀ ਦੁਨੀਆਂ ਦੇ ਗਰੀਬ ਮੁਲਕਾਂ ਦੇ ਲੋਕਾਂ ਅੰਦਰ ਇਹ ਧੱਕਿਆ ਜਾ ਸਕੇ। ਇਹੀ ਗੱਲ ਹੀ ਵੈਕਸੀਨੇਸ਼ਨ ਦੇ ਮਾਮਲੇ 'ਚ ਹਾਕਮ ਜਮਾਤਾਂ ਦੀ ਪਾੜਾ ਪਾਊ ਸੋਚ ਦਾ ਮੁਜ਼ਾਹਰਾ ਕਰਦੀ ਹੈ।

ਥਾਈਮੀਰੋਸੋਲ ਡੀਪੀਟੀ (ਗਲਘੋਟੂ-ਕਾਲੀ ਖਾਂਸੀ-ਟੈਨਸ) ਅਤੇ ਹੈਪੇਟਾਈਟਸ-ਬੀ 'ਚ ਪਰਿਜਰਵੇਟਿਵ ਦੇ ਰੂਪ 'ਚ ਵਰਤਿਆ ਜਾਂਦਾ ਹੈ। ਸਨ 1930 'ਚ ਇਸ ਨੂੰ ਐਲੀ ਲੀਲੀ ਕੰਪਨੀ ਵੱਲੋਂ ਤਿਆਰ ਕੀਤਾ ਗਿਆ ਸੀ। ਉਲਟ ਚਰਚਾ 'ਚ ਆਉਣ ਤੋਂ ਬਾਦ ਇਸ ਨੂੰ ਵਾਪਸ ਲੈ ਲਿਆ ਗਿਆ ਅਤੇ ਇਹਦੀ ਆਖਰੀ ਖੁਰਾਕ 2004 ਵਿੱਚ ਲਗਾਈ ਗਈ। ਇਸ ਦੇ ਵਾਪਸ ਲਏ ਜਾਣ ਤੋਂ ਬਾਦ ਵੀ ਖੁਰਾਕ ਅਤੇ ਦੁਆਈਆਂ ਦੇ ਮਿਆਰ ਮਿੱਥਣ ਵਾਲੀ ਅਮਰੀਕੀ ਐਫਡੀਏ ਦਾ ਕਹਿਣਾ ਹੈ ਕਿ ਇਸਨੂੰ ਵਿਗਿਆਨਕ ਖੋਜ ਪਰਚਿਆਂ ਵਿਚਲੀ ਸਚਾਈ ਕਰਕੇ ਨਹੀਂ ਬਲਕਿ ਅਹਿਤਿਹਾਦੀ ਤੌਰ 'ਤੇ ਹੀ ਵਾਪਸ ਲਿਆ ਗਿਆ ਹੈ। ਪਰ ਐਨੇ ਅਰਸੇ ਤੱਕ ਚਲਣ 'ਚ ਹੋਣ ਦੇ ਨਤੀਜੇ ਵਜੋਂ ਇਸ ਨਿਊਰੋ ਜ਼ਹਿਰ ਦਾ ਅਸਰ ਬੱਚਿਆਂ ਦੀ ਇੱਕ ਪੂਰੀ ਪੀੜ੍ਹੀ ਨੂੰ ਭੁਗਤਣਾ ਪੈ ਰਿਹਾ ਹੈ। ਤੰਤੂ ਪ੍ਰਣਾਲੀ 'ਚ ਗੜਬੜਾਂ ਕਰਨ ਵਾਲਾ ਵੈਕਸੀਨ 'ਚ ਮਿਲਾਇਆ ਜਾਣ ਵਾਲਾ ਇੱਕ ਹੋਰ ਅੰਸ਼ ਐਲੂਮੀਨੀਅਮ ਹੈ। ਮਨੁੱਖ ਅਤੇ ਜਾਨਵਰਾਂ 'ਤੇ ਕੀਤੀ ਖੋਜ 'ਚ ਪਾਇਆ ਗਿਆ ਹੈ ਕਿ ਐਲੂਮੀਨੀਅਮ ਤੰਤੂ ਪ੍ਰਣਾਲੀ ਅੰਦਰ ਸੋਜਸ਼ ਪੈਦਾ ਕਰਕੇ ਅਪਾਹਜ ਕਰਨ ਵਾਲੀਆਂ ਹਾਲਤਾਂ ਨੂੰ ਪੈਦਾ ਕਰਨ ਦੇ ਅਮਲ 'ਚ ਭਾਗੀਦਾਰ ਹੈ। ਮਨੁੱਖੀ ਸਰੀਰ ਦੀ ਖੁਰਾਕ ਪ੍ਰਣਾਲੀ ਨਾਲ ਸਬੰਧਿਤ ਹੋਰ ਰੋਗਾਂ ਦਾ ਕਾਰਨ ਵੀ ਐਲੂਮੀਨੀਅਮ ਨਾਲ ਜੋੜਿਆ ਜਾਂਦਾ ਹੈ।

ਬੱਚਿਆਂ ਦੇ ਮਾਹਰ ਡਾਕਟਰਾਂ ਨੂੰ ਮਾਪਿਆਂ ਵੱਲੋਂ ਵੈਕਸੀਨਾਂ ਨੂੰ ਲੈ ਕੇ ਪ੍ਰਗਟ ਕੀਤੇ ਵੱਖ-ਵੱਖ ਖਦਸ਼ਿਆਂ ਦਾ ਲਗਾਤਾਰ ਸਾਹਮਣਾ ਕਰਨਾ ਪੈਂਦਾ ਹੈ। ਬਹੁਤ ਸਾਰੇ ਮਾਹਰ ਡਾਕਟਰਾਂ ਨੇ ਵੈਕਸੀਨ ਬਾਰੇ ਕਿੰਤੂ ਪ੍ਰੰਤੂ ਕਰਨ ਵਾਲੇ ਮਾਪਿਆਂ ਦੀਆਂ ਮੰਗਾਂ ਦਾ ਇਹ ਕਹਿਕੇ ਇਲਾਜ ਕਰਨ ਤੋਂ ਇਨਕਾਰ ਕਰ ਦਿੱਤਾ ਕਿ ਪਹਿਲਾਂ ਵੈਕਸੀਨ ਕਰਵਾਕੇ ਆਓ। ਇੱਕ ਸਰਵੇ ਮੁਤਾਬਕ 40 ਪ੍ਰਤੀਸ਼ਤ ਪੈਡੀਟਰੀਸ਼ੀਨਾਂ ਨੇ ਅਜਿਹਾ ਵਰਤਾਓ ਕੀਤਾ।

ਇੱਕ ਪਾਸੇ ਤਾਂ ਅਜਿਹਾ ਵਰਤਾਓ ਅਤੇ ਨਾਲ ਹੀ ਇੱਕ ਹੋਰ ਸਰਵੇਖਣ 'ਚ ਪਾਇਆ ਗਿਆ ਕਿ ਪੈਡੀਟਰੀਸ਼ਨਾਂ ਅਤੇ ਬੱਚਿਆਂ ਦੇ ਹੋਰ ਮਾਹਰਾਂ ਨੂੰ ਜਦੋਂ ਆਪਣੇ ਖੁਦ ਦੇ ਬੱਚਿਆਂ ਦੀ ਵੈਕਸੀਨ ਕਰਾਉਣ ਬਾਬਤ ਪੁਛਿਆ ਗਿਆ ਤਾਂ ਉਹਨਾਂ 'ਚੋਂ 21 ਫੀਸਦੀ ਦਾ ਕਹਿਣਾ ਸੀ ਉਹ ਸੀਡੀਸੀ (ਬਿਮਾਰੀਆਂ ਨੂੰ ਕੰਟਰੋਲ ਤੇ ਇਹਨਾਂ ਤੋਂ ਬਚਾਓ ਕਰਨ ਵਾਲੀ ਅਮਰੀਕੀ ਸੰਸਥਾ) ਦੇ ਦਿਸ਼ਾ ਨਿਰਦੇਸ਼ਾਂ ਨੂੰ ਉਲੰਘਕੇ ਆਪਣੇ ਪਰਿਵਾਰਕ ਮੈਂਬਰਾਂ ਦੀ ਵੈਕਸੀਨੇਸ਼ਨ ਨਹੀਂ ਕਰਵਾਉਣਗੇ ਪਰ ਉਹਨਾਂ ਨੇ ਐਮਐਮਆਰ ਵਰਗੀਆਂ ਵੈਕਸੀਨਾ ਲਗਵਾਉਣ ਤੋਂ ਕੋਰਾ ਜਵਾਬ ਦੇ ਦਿੱਤਾ। ਅਜਿਹੇ ਇਨਕਾਰ ਦਾ ਕਾਰਨ ਅਤੇ ਆਪਣੇ ਹਿਸਾਬ ਨਾਲ ਵੈਕਸੀਨ ਦੀ ਤਰਤੀਬ ਬਦਲਣ ਦਾ ਕਾਰਨ ਉਹਨਾਂ ਨੇ ਵੈਕਸੀਨਾਂ ਦੇ ਮਾੜੇ ਅਸਰਾਂ ਤੋਂ ਸੁਰੱਖਿਆ ਕਰਨਾ ਦੱਸਿਆ। ਮੋਟੇ ਰੂਪ 'ਚ ਅਜਿਹੇ ਸਰਵੇ ਇੱਕ ਅਜਿਹੀ ਪਹੁੰਚ ਵੱਲ ਇਸ਼ਾਰਾ ਕਰਦੇ ਹਨ ਕਿ ਇਸ ਕਿੱਤੇ ਅਤੇ ਪ੍ਰਣਾਲੀ 'ਚ ਸਥਾਪਤ ਵਿਅਕਤੀਆਂ ਅੰਦਰ ਇਹਨਾਂ ਵੈਕਸੀਨਾਂ ਅਤੇ ਇਹਨਾਂ ਅੰਦਰ ਮੌਜੂਦ ਹੋਰ ਅੰਸ਼ਾਂ ਦੀ ਮੌਜੂਦਗੀ ਦੇ ਮਨੁੱਖੀ ਸਰੀਰਾਂ ਅਤੇ ਖਾਸ ਕਰਕੇ ਬੱਚਿਆਂ ਉੱਤੇ ਪੈਣ ਵਾਲੇ ਮਾਰੂ ਅਸਰਾਂ ਦੀ ਜਾਣਕਾਰੀ ਹੋਣ ਦੇ ਮੱਦੇਨਜ਼ਰ ਅਨੇਕਾਂ ਝਿਜਕਾਂ ਹਨ। 50 ਫੀਸਦੀ ਦਾ ਅੰਕੜਾ ਕੋਈ ਘੱਟ ਨਹੀਂ ਹੁੰਦਾ ਜਦੋਂ ਉਹ ਖੁਦ ਆਪਣੇ ਪਰਿਵਾਰਾਂ ਜਾਂ ਬੱਚਿਆਂ ਨੂੰ ਉਸ ਸਾਹਮਣੇ ਦਿਸਦੇ ਦੋਜ਼ਖ 'ਚ ਪਾਉਣਾ ਨਹੀਂ ਚਾਹੁੰਦੇ।



**ਦਵਾ ਸਨਅਤ ਬਨਾਮ ਇਖਲਾਕ**

ਇਹ ਗੱਲ ਜੱਗ ਜਾਹਰ ਹੈ ਕਿ ਦਵਾ ਕੰਪਨੀਆਂ ਆਪਣੀਆਂ ਦਵਾਈਆਂ ਨੂੰ ਹਰ ਹੀਲੇ ਸਹੀ ਕਾਰਗਰ ਅਤੇ ਸੁਰੱਖਿਅਤ ਸਿੱਧ ਕਰਨ ਦੇ ਯਤਨ ਕਰਦੀਆਂ ਹਨ ਚਾਹੇ ਇਹਦੇ ਲਈ ਉਹਨਾਂ ਨੂੰ ਝੂਠ -ਤੂਫਾਨ ਹੀ ਕਿਓਂ ਨਾ ਬੋਲਣਾ ਪਵੇ। ਦਵਾ ਕੰਪਨੀਆਂ ਵੱਲੋਂ ਆਪਣੇ ਪੱਧਰ 'ਤੇ ਕੀਤੇ ਅਤੇ ਡਾਕਟਰਾਂ ਦੀ ਨਿਗਰਾਨੀ ਹੇਠ ਕੀਤੇ ਕਲਿਨੀਕਲ ਮਨੁੱਖੀ ਤਜਰਬਿਆਂ ਦੌਰਾਨ ਆਪਣੇ ਦਾਅਵਿਆਂ ਦੇ ਉਲਟ ਸਾਹਮਣੇ ਆਏ ਤੱਥਾਂ ਨੂੰ ਗੈਰ-ਇਖਲਾਕੀ ਤੌਰ 'ਤੇ ਛੁਪਾਉਂਦੇ ਹਨ ਅਤੇ ਸਾਹਮਣੇ ਆਏ ਸਿਹਤ ਉਪਰ ਮਾੜੇ ਅਸਰਾਂ ਨੂੰ ਵੀ ਘਟਾਕੇ ਪੇਸ਼ ਕਰਕੇ ਛੁਪਾਉਂਦੇ ਹਨ। ਕਈ ਦਵਾ ਉਤਪਾਦਕ ਤਾਂ ਦਵਾਈਆਂ ਦੇ ਸੁਰੱਖਿਅਤ ਉਤਪਾਦਨ ਪ੍ਰਕਿਰਿਆ ਨਿਯਮਾਂ ਨੂੰ ਵੀ ਟਿੱਚ ਸਮਝਦੇ ਹਨ। ਐਥੋਂ ਤੱਥ ਹੈ ਕਿ ਇੱਕ ਵੱਡੀ ਦਵਾ ਕੰਪਨੀ ਨੇ ਆਪਣੇ ਸੇਲਜ਼ ਪਰਸਨਜ਼ ਦੀ ਮੀਟਿੰਗ ਵਿੱਚ ਇਹ ਸਿਖਾਇਆ ਕਿ ਬੀਮਾ ਕੰਪਨੀ ਸਾਹਮਣੇ ਨੰਗਾ ਚਿੱਟਾ ਝੂਠ ਕਿਵੇਂ ਬੋਲਣਾ ਹੈ ਕਿ ਉਹਨਾਂ ਨੂੰ ਤਾਂ ਇਹ ਪਤਾ ਨਹੀਂ ਸੀ ਇਹ ਮਰੀਜ਼ ਕੈਂਸਰ ਤੋਂ ਪੀੜਤ ਸੀ ਨਹੀਂ ਤਾ ਉਹਨਾਂ ਨੇ ਆਪਣੀ ਦਵਾਈ ਸਿਫਾਰਸ਼ ਕਰਨ ਦੀ ਇਜਾਜ਼ਤ ਹੀ ਨਹੀਂ ਦੇਣੀ ਸੀ, ਉਹਨਾਂ ਨੂੰ ਵੀ ਇਸੇ ਮਰੀਜ਼ ਦਾ ਅਜਿਹੇ ਕੈਂਸਰ ਦੀ ਬਿਮਾਰੀ ਤੋਂ ਪੀੜਤ ਹੋਣ ਦਾ ਹੁਣੇ ਪਤਾ ਚੱਲਿਆ ਹੈ।

ਵੈਕਸੀਨ ਦੇ ਵਕੀਲ ਕਹਿੰਦੇ ਹਨ ਕਿ ਉਹ ਪ੍ਰਕਾਸ਼ਤ ਕੀਤੇ ਗਏ ਖੋਜ ਅੰਕੜਿਆਂ ਦੇ ਅਧਾਰ 'ਤੇ ਗੱਲ ਕਰ ਰਹੇ ਹਨ ਜਦੋ ਕਿ ਵੈਕਸੀਨ-ਵਿਰੋਧੀ ਕਬਾੜਾ ਸਾਇੰਸ 'ਤੇ ਟੇਕ ਰੱਖਕੇ ਚੱਲ ਰਹੇ ਹਨ -ਭਾਵ ਉਹ ਗੈਰ-ਵਿਗਿਆਨਕ ਪਹੁੰਚ ਆਪਣਾਕੇ ਚੱਲ ਰਹੇ ਹਨ। ਡਾ ਜੋਹਨ ਲਿਓਨਿਡਜ਼ ਦਾ ਕਹਿਣਾ ਹੈ ਕਿ ਡਾਕਟਰਾਂ ਵੱਲੋਂ ਸਹੀ ਮੰਨ ਕੇ ਆਪਣੀ ਪ੍ਰੈਕਟਿਸ ਅੰਦਰ ਵਰਤੇ ਜਾਂਦੇ ਅੰਕੜਿਆਂ ਦਾ 90 ਫੀਸਦੀ ਡਾਟਾ ਝੂਠ ਤੂਫਾਨ ਹੈ।

**ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੀ ਵੈਕਸੀਨ** : ਆਪਣੇ ਮੁਨਾਫ਼ਿਆਂ ਖਾਤਰ ਹਾਕਮ ਢਾਣੀ ਕਿਸ ਕਦਰ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਰ ਸਕਦੀ ਹੈ-ਇਹਦੀ ਵਾਰਤਾ ਬੱਚੇਦਾਨੀ ਦੇ ਕੈਂਸਰ ਦੀ ਵੈਕਸੀਨ 'ਚੋਂ ਸਾਫ਼ ਸਪੱਸ਼ਟਤਾ ਨਾਲ ਸਮਝਾਇਆ ਜਾ ਸਕਦਾ ਹੈ। ਇਹ ਵੈਕਸੀਨ ਇਸ ਸਮਝ 'ਤੇ ਅਧਾਰਤ ਹੈ ਕਿ ਲੜਕੀਆਂ ਦੀ ਬੱਚੇਦਾਨੀ ਦੇ ਮੂੰਹ 'ਚ ਇੱਕ ਖਾਸ ਕਿਸਮ ਦਾ ਵਾਇਰਸ (ਪੈਪੀਲੋਮਿਆ) ਦੀ ਲਾਗ ਲੱਗਣ ਦੇ ਨਤੀਜੇ ਵਜੋਂ ਉਹਨੂੰ ਉਹਦੀ ਵੱਡੀ ਉਮਰ ਵਿੱਚ ਜਾਕੇ ਉਸ ਜਗ੍ਹਾ ਦੇ ਕੈਂਸਰ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਵੈਕਸੀਨ ਉਸ ਲੜਕੀ ਦਾ ਉਸ ਕੈਂਸਰ ਤੋਂ ਬਚਾਅ ਕਰਦੀ ਹੈ।

ਜੂਨ 30, 2015 ਤੱਕ ਇਸ ਵੈਕਸੀਨ ਦੇ 247 ਮਿਲੀਅਨ ਟੀਕੇ ਲੱਗ ਚੁੱਕੇ ਹਨ ਜਿਹਨਾਂ ਦੀ ਕੀਮਤ 25 ਬਿਲੀਅਨ ਅਮਰੀਕੀ ਡਾਲਰ ਬਣਦੀ ਹੈ। ਐਨੀ ਵੱਡੀ ਤਾਦਾਦ 'ਚ ਇਸ ਵੈਕਸੀਨ ਦੀ ਵਿਕਰੀ ਦਾ ਸਬੱਬ ਇਸਦੀ ਕਾਰਕਰਦਗੀ ਨਹੀਂ ਸਗੋਂ ਸਰਕਾਰੀ ਸਰਪ੍ਰਸਤੀ ਹੈ। ਇਸ ਦੀ ਉਤਪਾਦਕ ਕੰਪਨੀ ਮਰਕ ਦੇ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਰਹੇ ਟੈਕਸਾਸ ਦੇ ਗਵਰਨਰ ਰਿੱਕ ਪੈਰੀ ਨਾਲ ਡੂੰਘੇ ਸਬੰਧਾਂ ਕਰਕੇ ਅਜਿਹਾ ਕਰਨਾ ਸੰਭਵ ਹੋ ਸਕਿਆ ਜਿਸ ਨੇ ਆਪਣੇ ਹੁਕਮ ਰਾਹੀਂ ਸਕੂਲਾਂ ਅੰਦਰ ਵਿਦਿਆਰਥਣਾਂ ਦੇ ਦਾਖਲੇ ਮੌਕੇ ਅਜਿਹੀ ਵੈਕਸੀਨ ਲਗਵਾਈ ਹੋਣ ਦੀ ਸ਼ਰਤ ਲਾਜ਼ਮੀ ਕੀਤੀ। ਇਸ ਮਾਮਲੇ ਨੂੰ ਲੈਕੇ ਅਮਰੀਕਾ ਅੰਦਰ ਹੋਈ ਚਰਚਾ ਦੇ ਸਨਮੁੱਖ ਭਾਵੇਂ ਮਰਕ ਕੰਪਨੀ ਨੇ ਸਿੱਧੇ ਤੌਰ 'ਤੇ ਸੰਸਦ ਮੈਂਬਰਾਂ, ਗਵਰਨਰਾਂ ਆਦਿ ਨੂੰ ਵਰਤਣ ਤੋਂ ਗੁਰੇਜ਼ ਕੀਤਾ ਪਰ ਇਸ ਵੈਕਸੀਨ ਦੇ ਪ੍ਰਚਾਰ ਲਈ ਇੱਕ ਹੋਰ ਟੇਢੇ ਢੰਗ ਨਾਲ ਔਰਤ ਸੰਸਦ ਮੈਂਬਰਾਂ ਦੀ ਐਨਜੀਓ ਵਿਮੈਨ ਇਨ ਗਵਰਨਮੈਂਟ ਨਾਮੀ ਸੰਸਥਾ ਰਾਹੀਂ ਜਾਰੀ ਰੱਖਿਆ। ਵਿਮੈਨ ਇਨ ਗਵਰਨਮੈਂਟ ਨੇ ਵੀ ਆਪਣੀ ਸੰਸਥਾ ਦਾ ਮੁੱਖ ਨਿਸ਼ਾਨਾ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਨੂੰ ਮਿਥਿਆ ਅਤੇ ਮਰਕ ਕੰਪਨੀ ਨੇ ਵੀ ਇਸ ਐਨਜੀਓ ਨੂੰ ਮਨਚਾਹੀ ਇਮਦਾਦ ਦੇਣੀ ਜਾਰੀ ਰੱਖੀ ਕਿਉਂਕਿ ਅਜਿਹੀ ਕਿਸਮ ਦੀ ਇਮਦਾਦ ਦੇ ਉਪਰ ਕੋਈ ਪਾਬੰਦੀ ਨਹੀਂ ਸੀ। ਇਸ ਲਈ ਅਜਿਹੀ ਇਮਦਾਦ ਮਰਕ ਕੰਪਨੀ ਦੇ ਨੁਮਾਇੰਦਿਆਂ ਦੀਆਂ ਰਾਜ ਅੰਦਰਲੀਆਂ ਸੈਰ ਸਪਾਟੇ ਵਾਲੀਆਂ ਮਨਮੋਹਕ ਥਾਵਾਂ 'ਤੇ ਕੀਤੀਆਂ ਜਾਣ ਵਾਲੀਆਂ ਸਰਵਾਈਕਲ ਕੈਂਸਰ (ਬੱਚੇਦਾਨੀ ਦੇ ਮੂੰਹ ਦਾ ਕੈਂਸਰ) ਦੇ ਵਿਸ਼ੇ 'ਤੇ ਹੋਣ ਵਾਲੀਆਂ ਕਾਨਫਰੰਸਾਂ 'ਚ ਉਹਨਾਂ ਔਰਤ ਸੰਸਦ ਮੈਂਬਰ ਨੁਮਾਇੰਦਿਆਂ ਨੂੰ ਹਾਜਰ ਹੋਣ ਲਈ ਪ੍ਰਦਾਨ ਕੀਤੀ ਗਈ।

ਐਥੇ ਚੇਤੇ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਹੀ ਵੈਕਸੀਨ ਦੀ ਭਾਰਤ ਅੰਦਰ ਅਜ਼ਮਾਇਸ਼ ਲਈ ਮੁਲਕ ਦੇ ਕੁੱਝ ਜ਼ਿਲਿਆਂ ਦੀ ਚੋਣ ਕੀਤੀ ਗਈ ਸੀ। ਪੰਜਾਬ ਅੰਦਰ ਮਾਨਸਾ ਜ਼ਿਲ੍ਹੇ ਦੀਆਂ 15 ਤੋਂ 17 ਸਾਲ ਦੀ ਉਮਰ ਦੀਆਂ ਸਕੂਲੀ ਵਿਦਿਆਰਥਣਾ ਨੂੰ ਇਹ ਟੀਕਾ ਲਗਾਇਆ ਗਿਆ ਸੀ। ਇਸ ਜਬਰੀ ਵੈਕਸੀਨੇਸ਼ਨ ਦੇ ਵਿਰੋਧ 'ਚ ਤਿੱਖੀ ਬਹਿਸ ਵੀ ਛਿੜੀ ਸੀ ਅਤੇ ਲੋਕਾਂ ਦੀ ਸਿਹਤ ਦੇ ਪੈਰਕਾਰਾਂ ਨਾਲ ਜੁੜੇ ਲੋਕ ਪੱਖੀ ਡਾਕਟਰ ਅਮਰ ਆਜ਼ਾਦ 'ਤੇ ਪੁਲਸ ਕੇਸ ਵੀ ਥੋਪਿਆ ਗਿਆ ਸੀ ਹੈ। ਗਾਰਡਾਸਿਲ ਵੈਕਸੀਨ ਦੇ ਸਿਹਤ 'ਤੇ ਪੈਣ ਵਾਲੇ ਮਾੜੇ ਅਸਰਾਂ 'ਚ ਮਰੀਜ਼ ਦੇ ਖੜੇ ਹੋਣ ਦੀ ਹਾਲਤ 'ਚ ਦਿਲ ਦੀ ਧੜਕਣ ਦਾ ਮਾਰੂ ਹੱਦ ਤੱਕ ਵਧ ਜਾਣਾ (Tachycardia) ਸ਼ਾਮਲ ਹੈ। ਇਹਦੇ ਨਾਲ ਹੀ ਇਹ ਵੈਕਸੀਨ ਬੱਚੀਆਂ ਦੇ ਅੰਡਕੋਸ਼ਾਂ (Overies) 'ਤੇ ਅਸਰ ਪਾਕੇ ਉਹਨਾਂ ਨੂੰ ਨਕਾਰਾ ਕਰ ਦਿੰਦੀ ਹੈ ਅਤੇ ਨਤੀਜਾਜਨ ਕੱਚੀ ਉਮਰ 'ਚ ਹੀ ਮਾਹਵਾਰੀ ਬੰਦ ਹੋ ਜਾਂਦੀ ਹੈ, ਮੀਨੋਪਾਜ਼ ਵਾਲੀ ਹਾਲਤ ਆ ਜਾਂਦੀ ਹੈ ਜਿਹੜੀ ਉਹਨਾ ਦੇ ਭਵਿੱਖ 'ਚ ਮਾਂ ਬਣਨ 'ਤੇ ਬੁਰੀ ਤਰ੍ਹਾਂ ਅਸਰ ਅੰਦਾਜ਼ ਹੁੰਦੀ ਹੈ।

ਅਮਰੀਕਾ ਅੰਦਰ ਵੈਕਸੀਨ ਦੇ ਮਾੜੇ ਪ੍ਰਭਾਵਾਂ ਬਾਰੇ ਰਿਪੋਰਟਿੰਗ ਸਿਸਟਮ (VAERS) ਚਲਣ 'ਚ ਹੈ। ਇਸ ਸੰਸਥਾ ਸਾਹਮਣੇ 2006 'ਚ ਗਾਰਡਾਸਿਲ ਟੀਕਾਕਰਣ ਉਪਰੰਤ ਮਾਹਵਾਰੀ ਰੁਕਣ ਜਾਂ ਉਮਰੋਂ ਪਹਿਲਾਂ ਅੰਡਕੋਸ਼ਾਂ ਦੇ ਨਕਾਰਾ ਹੋਣ ਦੇ 213 ਮਾਮਲੇ ਸਾਹਮਣੇ ਆਏ ਜਿਹਨਾਂ 'ਚੋਂ 88 ਫੀਸਦੀ ਇਸ ਵੈਕਸੀਨ ਦੇ ਟੀਕਾਕਰਨ ਹੋਣ ਉਪਰੰਤ ਪਾਏ ਗਏ ਸਨ। ਪਰ ਇਹ ਅੰਕੜਾ ਬਹੁਤ ਘੱਟ ਹੈ ਕਿਉਂਕਿ ਆਮ ਡਾਕਟਰ ਜਾਂ ਤਾਂ ਔਰਤਾਂ ਦੀਆਂ ਇਹਨਾ ਦੋਵਾਂ ਹਾਲਤਾਂ ਦਰਮਿਆਨ ਰਿਸ਼ਤੇ ਤੋਂ ਨਾਵਾਕਫ ਜਾਂ ਅਣਜਾਣ ਹਨ ਜਾਂ ਇਹ ਇਸ ਕਰਕੇ ਕਿ ਅਦਾਰੇ ਨੂੰ ਰਿਪੋਰਟ ਕਰਨਾ ਜਾ ਨਾ ਕਰਨਾ ਡਾਕਟਰ ਦੀ ਆਪਣੀ ਆਪ ਦੀ ਮਰਜ਼ੀ 'ਤੇ ਮਨੱਸਰ ਹੈ। ਕਈ ਵਾਰੀ ਅਜਿਹੇ ਮਾਮਲਿਆਂ ਦੀ ਰਿਪੋਰਟਿੰਗ ਕਰਨ 'ਚ ਝਿਜਕ ਇਸ ਵਜ੍ਹਾ ਕਾਰਨ ਵੀ ਪਈ ਹੁੰਦੀ ਹੈ ਕਿ ਜੇਕਰ ਕਿਤੇ ਇਸ ਵੈਕਸੀਨ ਦੇ ਭੈੜੇ ਅਸਰਾਂ ਬਾਰੇ ਰਿਪੋਰਟਿੰਗ ਕਰ ਬੈਠੇ ਤਾਂ ਉਹਨਾਂ 'ਤੇ ਵੈਕਸੀਨ ਵਿਰੋਧੀ ਦਾ ਠੱਪਾ ਲੱਗ ਜਾਣਾ ਹੈ। ਇਸ ਤੋਂ ਇਸ ਟੀਕੇ ਦੇ ਭੈੜੇ ਅਸਰਾਂ ਦੀ ਘੱਟ ਰਿਪੋਰਟਿੰਗ ਕੀਤੇ ਹੋਣ ਦਾ ਅੰਦਾਜਾ ਲੱਗ ਜਾਂਦਾ ਹੈ। ਇੱਕ ਹੋਰ ਗੱਲ ਇਹ ਹੈ ਕਿ ਐਚਪੀਵੀ ਤੋਂ ਬੱਚੇਦਾਨੀ ਦੇ ਮੂੰਹ ਦੇ ਕੈਂਸਰ ਦੇ ਪੈਦਾ ਹੋਣ 'ਚ 20-40 ਸਾਲ ਤੱਕ ਦਾ ਲੰਮਾ ਅਰਸਾ ਲੱਗ ਜਾਂਦਾ ਹੈ ਅਤੇ ਕੋਈ ਵੀ ਖੋਜ ਕਾਰਜ ਇਸ ਕਿਸਮ ਦੇ ਕੈਂਸਰ ਦੇ ਪੈਦਾ ਹੋਣ ਦੀ ਗਿਣਤੀ ਘਟਾਉਣ 'ਚ ਕਾਮਯਾਬ ਹੋਣ 'ਚ ਆਪਣੀ ਸਮਰੱਥਾ ਦਰਸਾ ਸਕਣ 'ਚ ਨਾਕਾਮ ਰਿਹਾ ਹੈ। ਇਸ ਮਾਮਲੇ 'ਚ ਆਪਣੇ ਵਿਰੋਧੀਆਂ ਦੀ ਜ਼ੁਬਾਨਬੰਦੀ ਕਰਨ ਲਈ ਤਰ੍ਹਾਂ-ਤਰ੍ਹਾਂ ਦੀ ਲਫਾਜ਼ੀ ਵਰਤੀ ਜਾਂਦੀ ਹੈ, ਇਲਜ਼ਾਮ ਤਰਾਸ਼ੀ ਕੀਤੀ ਜਾਂਦੀ ਹੈ। ਅਸਟਰੇਲੀਆ ਦੀ ਡਾਕਟਰ ਡੀਡਰੇ ਲਿਟਲ ਵੱਲੋਂ ਗਾਰਡਾਸਿਲ ਤੇ ਪੀਓਐਫ (ਪ੍ਰੀਮੈਚੋਰ ਓਵੇਰੀਅਨ ਫੇਲੀਅਰ) ਵਿਚਕਾਰ ਰਿਸ਼ਤਾ ਦਰਸਾਉਂਦਾ ਪੇਪਰ ਛਪਣ ਤੋਂ ਬਾਅਦ ਉਹਦੇ 'ਤੇ ਇਲਜ਼ਾਮ ਤਰਾਸ਼ੀ ਕੀਤੀ ਗਈ ਕਿ ਉਹ ਅਬਾਰਸ਼ਨ ਵਿਰੋਧੀ ਇੱਕ ਵੱਡੇ ਅਸਟਰੇਲੀਆਈ ਕੈਥੋਲਿਕ ਗਰੁੱਪ ਨਾਲ ਜੁੜੀ ਹੋਈ ਹੈ, ਉਹ ਅਜਿਹਾ ਇਸ ਕਰਕੇ ਕਰ ਰਹੀ ਹੈ। ਪਰ ਉਹਨੇ ਆਪਣਾ ਵਿਗਿਆਨਕ ਪੱਖ ਰੱਖਣਾ ਜਾਰੀ ਰੱਖਿਆ ਅਤੇ ਇਸ ਹਮਲੇ ਦਾ ਤਕੜਾਈ ਨਾਲ ਜੁਆਬ ਦਿੱਤਾ।

**ਮੌਨਸੈਂਟੋ ਅਤੇ ਵੈਕਸੀਨ ਦਰਮਿਆਨ ਰਿਸ਼ਤਾ** : ਜੀਨ ਸੋਧੇ (ਜੀਐਮ) ਬੀਜ ਤਿਆਰ ਕਰਨ 'ਚ ਆਲਮੀ ਪੱਧਰ 'ਤੇ ਮੋਹਰੀ ਕੰਪਨੀ ਮੌਨਸੈਂਟੋ ਅਤੇ ਵੈਕਸੀਨ ਦਰਮਿਆਨ ਰਿਸ਼ਤਾ ਮੈਸਚੁਅਟਸ ਇਨਸਟੀਚੂਟ ਆਫ ਟੈਕਨਾਲੋਜੀ (ਐਮਆਈਟੀ) ਦੀ ਡਾ ਸਟੈਫਨੀ ਸੇਨੇਫ ਨੇ ਆਪਣੇ ਪੇਪਰ ਅੰਦਰ ਉਜਾਗਰ ਕੀਤਾ। ਉਸਨੇ ਆਪਣੀ ਖੋਜ ਅੰਦਰ ਮੌਨਸੈਂਟੋ ਦੀ ਨਦੀਨਨਾਸ਼ਕ ਦਵਾਈ ਰਾਊਂਡਅੱਪ ਦੇ ਮੁੱਖ ਘਟਕ ਅਤੇ ਵੈਕਸੀਨ ਦਰਮਿਆਨ ਰਿਸ਼ਤੇ ਨੂੰ ਉਜਾਗਰ ਕੀਤਾ। ਉਸਦਾ ਕਹਿਣਾ ਸੀ, 'ਗਲਾਈਫੋਸੇਟ ਨੂੰ ਖਸਰੇ (ਐਮ ਐਮ ਆਰ) ਅਤੇ ਫਲੂ ਦੀਆਂ ਵੈਕਸੀਨਾਂ 'ਚ ਲੱਭਿਆ ਜਾ ਸਕਦਾ ਹੈ ਕਿਉਂਕਿ ਖਸਰੇ ਅਤੇ ਫਲੂ ਪੈਦਾ ਕਰਨ ਵਾਲੇ ਵਾਇਰਸ ਗਲਾਈਫੋਸੇਟ ਦੀ ਚੋਖੀ ਮਿਕਦਾਰ ਵਾਲੀ ਜੀਐਮ ਫੀਡ 'ਤੇ ਪਲੇ ਸੂਰਾਂ ਦੇ ਲਿਗਾਮੈਂਟਸ ਤੋਂ ਤਿਆਰ ਕੀਤੀ ਜਿਲੇਟਨ 'ਤੇ ਪਾਲੇ ਜਾਂਦੇ ਹਨ, ਇਹ ਲਿਗਾਮੈਂਟਸ ਸਰੀਰ ਦੀਆਂ ਵੱਖ ਵੱਖ ਹੱਡੀਆਂ ਨੂੰ ਆਪਸ 'ਚ ਜੋੜਣ ਵਾਲੇ ਮਾਸ ਦੇ ਸਖਤ ਜਾਲ ਹਿੱਸੇ ਹੁੰਦੇ ਹਨ। ਸੂਰਾਂ ਦੀ ਫੀਡ 'ਚ 400 ਪੀਪੀਐਮ ਦੀ ਮਾਤਰਾ 'ਚ ਗਲਾਈਫੋਸੇਟ ਹੋ ਸਕਦਾ ਹੈ ਜਿਹੜਾ ਕਿ ਵਾਤਾਵਰਣ ਰਾਖੀ ਏਜੰਸੀ (ਈਪੀਏ-Envirement ProtectioN Agency) ਨਿਯਮਾਂ ਮੁਤਾਬਕ ਆਮ ਪ੍ਰਵਾਨਤ ਮਾਤਰਾ ਤੋਂ ਹਜ਼ਾਰਾਂ ਗੁਣਾ ਵਧੇਰੇ ਹਨ। ਇਸ ਕਿਸਮ ਦੀ ਇੱਕ ਹੋਰ ਆਜਾਦਾਨਾ ਖੋਜ ਅੰਦਰ ਪਾਇਆ ਗਿਆ ਕਿ ਵੱਖ-ਵੱਖ ਕਿਸਮ ਦੀਆਂ ਪੰਜ ਵੈਕਸੀਨਾ ਅੰਦਰ ਵੀ ਗਲਾਈਫੋਸੇਟ ਦੀ ਮਾਤਰ ਮਿਲੀ ਹੁੰਦੀ ਹੈ। ਇਹਨਾਂ ਖੋਜਾਂ ਦੇ ਦਾਅਵਿਆਂ 'ਤੇ ਕੰਮ ਕਰਨ ਜਾਂ ਇਹਨਾਂ ਦੀ ਪੁਸ਼ਟੀ ਜਾ ਖਾਰਜ ਕਰਨ ਦੀ ਥਾਂ ਉਲਟਾ ਆਨੀ-ਬਹਾਨੀ ਉਹਨਾਂ ਵਿਗਿਆਨੀਆਂ 'ਤੇ ਹੋਰ ਇਲਜ਼ਾਮ ਲਗਾਕੇ ਉਹਨਾਂ ਨੂੰ ਚੁੱਪ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ।

**ਬੇਸ਼ਰਮ ਤਰੀਕੇ ਵਾਲਾ ਮੀਡੀਆ ਦਾ ਰੋਲ** : ਅਗਸਤ 2016 'ਚ ਵਾਸ਼ਿੰਗਟਨ ਪੋਸਟ ਵਿੱਚ ਇਹ ਤਿੱਖੀ ਚਰਚਾ ਦਾ ਵਿਸ਼ਾ ਬਣਿਆ ਕਿ ਕੀ ਦਿਓ ਕੱਦ ਬਹੁਦੇਸ਼ੀ ਦਵਾ ਕੰਪਨੀ ਮਰਕ ਆਪਣੀ ਵੈਕਸੀਨ ਦੇ ਪ੍ਰਚਾਰ ਰਾਹੀਂ ਮਾਪਿਆਂ ਨੂੰ ਸ਼ਰਮਸਾਰ ਕਰ ਰਹੀ ਹੈ ਕਿ ਇਸ ਅੱਲੜ ਉਮਰ ਦੇ ਬੱਚਿਆਂ ਅੰਦਰ ਸੈਕਸ ਰਾਹੀਂ ਆਮ ਰੂਪ 'ਚ ਫੈਲਣ ਵਾਲੀ ਲਾਗ ਦੀ ਬਿਮਾਰੀ ਤੋਂ ਬਚਾਅ ਲਈ ਟੀਕੇ ਲਗਵਾਉਣ। ਮਿਸਾਲ ਦੇ ਤੌਰ 'ਤੇ ਇੱਕ ਟੀਵੀ 'ਤੇ ਮਸ਼ਹੂਰੀ 'ਚ ਇੱਕ ਔਰਤ ਇਹ ਕਹਿੰਦੀ ਦਿਖਾਈ ਗਈ ਕਿ, "ਮੈਂ ਐਚਪੀਵੀ ਦੀ ਲਾਗ ਨਾਲ ਹੋਏ ਬੱਚੇ ਦਾਨੀ ਦੇ ਮੂੰਹ ਦੇ ਕੈਂਸਰ ਦੀ ਬਿਮਾਰੀ ਨਾਲ ਜੂਝ ਰਹੀ ਹਾਂ,"। ਇਸ ਦੇ ਨਾਲ ਹੀ ਸਕਰੀਨ 'ਤੇ ਉਸਦੀਆਂ ਅੱਲੜਪੁਣੇ ਦੀਆਂ ਤਸਵੀਰਾਂ ਦਿਖਾਈ ਦਿੰਦੀਆਂ ਹਨ। ਕਹਿਦੀ ਹੈ "ਕੀ ਪਤਾ ਸੀ ਐਚਪੀਵੀ ਦੀ ਲਾਗ ਕਿਸੇ ਕੈਂਸਰ ਨੂੰ ਵੀ ਪੈਦਾ ਕਰ ਸਕਦੀ ਹੈ? ਕੀ ਪਤਾ ਸੀ ਕਿ ਅਜਿਹੀ ਕੋਈ ਵੈਕਸੀਨ ਹੈ ਜਿਹੜੀ ਅਗਰ ਮੈਂ 11-12 ਸਾਲ ਦੀ ਉਮਰ 'ਚ ਲੈ ਲੈਂਦੀ ਤਾਂ ਇਸ ਪੰਗੇਗ਼ ਤੋਂ ਬਚ ਜਾਂਦੀ, ਚਾਹੇ ਮੈਂ ਇਸ ਵਾਇਰਸ ਨਾਲ ਖੇਡਦੀ ਰਹਿੰਦੀ। ਆਪਣੇ ਜਨਮ ਦਿਨ ਦੇ ਕੇਕ ਵੱਲ ਲਲਚਾਈਆਂ ਨਜ਼ਰਾਂ ਨਾਲ ਵੇਂਹਦੀ ਉਹ ਅਣਭੋਲ ਜਿਹੀ ਕਹਿਦੀ ਹੈ ਕਿ "ਮੰਮੀ ਡੈਡੀ ਕੀ ਥੋਨੂੰ ਇਹ ਗੱਲ ਪਤਾ ਸੀ?" ਅਜਿਹੀਆਂ ਮਸ਼ਹੂਰੀਆਂ ਰਾਹੀਂ ਕੀਤੇ ਜਾਂਦੇ ਅਜਿਹੇ ਬੇਬੁਨਿਆਦ ਦਾਅਵੇ ਸਪੱਸ਼ਟ ਕਰਦੇ ਹਨ ਕਿ ਮਨੁੱਖ ਜ਼ਿੰਦਗੀ ਦੀ ਕੀ ਕੀਮਤ ਹੈ ਇਹਨਾ ਸਾਮਰਾਜੀਆਂ ਲਈ।

ਇੱਕ ਪਾਸੇ ਤਾਂ ਇਹ ਕੰਪਨੀਆਂ ਆਪਣੇ ਪ੍ਰਚਾਰ ਲਈ ਜੋ ਮਰਜ਼ੀ ਝੂਠ ਬੋਲੀ ਜਾਣ, ਉਹਨਾਂ 'ਤੇ ਕੋਈ ਰੋਕ ਟੋਕ ਨਹੀਂ ਹੈ, ਉਹ ਗੈਰ-ਵਿਗਿਆਨਕ ਤੱਥ ਰਹਿਤ ਪ੍ਰਚਾਰ ਧੂਆਂ-ਧਾਰ ਕਰਦੀਆਂ ਆ ਰਹੀਆਂ ਹਨ ਜਦ ਕਿ ਦੂਜੇ ਪਾਸੇ ਵੈਕਸੀਨ ਵਿਰੋਧੀਆਂ 'ਤੇ ਗੈਰ-ਵਿਗਿਆਨਕ ਪਹੁੰਚ ਦੇ ਢੰਗ ਤਰੀਕੇ ਵਰਤਣ ਅਤੇ ਉਹਨਾਂ ਦੇ ਖੜ-ਦਿਮਾਗ ਅਤੇ ਕਲੱਕੜ, ਸਿਰਫਿਰੇ, ਮਾਨਵਤਾ ਦੇ ਦੁਸ਼ਮਣ ਆਦਿ ਦੇ ਬੇਸਿਰ ਪੈਰ ਦੂਸ਼ਣਬਾਜੀ ਨਾਲ ਨਿਵਾਜੇ ਜਾਦੇ ਹਨ, ਉਹਨਾਂ ਦੀ ਜ਼ੁਬਾਨਬੰਦੀ ਕੀਤੀ ਜਾਂਦੀ ਹੈ। ਉਹਨਾਂ ਦੇ ਦਾਅਵਿਆਂ ਨੂੰ ਗੈਰ-ਵਿਗਿਆਨਕ ਅਤੇ ਝੂਠੀਆਂ ਅਫਵਾਹਾਂ ਦੱਸਕੇ ਭੰਡਿਆ ਜਾਂਦਾ ਹੈ। ਮਾਨਵਤਾ ਵਿਰੋਧੀ ਦੇ ਨਾਲ ਨਾਲ ਉਹਨਾਂ ਨੂੰ ਦੇਸ਼ ਵਿਰੋਧੀ ਵੀ ਕਰਾਰ ਦਿੱਤਾ ਜਾਂਦਾ ਹੈ ਜਿਹਨਾਂ ਨੂੰ ਕਿ ਮਨੁੱਖੀ ਸਿਹਤ ਨਾਲ ਕੋਈ ਲਾਗਾ ਦੇਗਾ ਨਹੀਂ। ਅਜਿਹਾ ਕਰਕੇ ਉਹ ਲੋਕਾਂ ਦੀਆਂ ਜ਼ਿੰਦਗੀਆਂ ਦਾਅ 'ਤੇ ਲਾਅ ਰਹੇ ਹਨ।

ਸ਼ੋਸ਼ਲ ਮੀਡੀਆ ਵੀ ਲੋਕ ਸਰੋਕਾਰਾਂ ਦੇ ਮੁੱਦਿਆਂ 'ਤੇ ਹਾਕਮਾਂ ਦੀਆ ਹਦਾਇਤਾਂ 'ਤੇ ਲੋਕ ਮੁਦਿਆਂ ਨਾਲ ਜੁੜੇ ਵਿਚਾਰਾਂ ਨੂੰ ਦਬਾਉਣ ਲਈ ਉਹਨਾਂ ਨੂੰ ਜਾਅਲੀ ਕਹਿੰਦਾ ਹੈ , ਕਈ ਵਾਰੀ ਉਹਨਾਂ ਨੂੰ ਸਪੱਸ਼ਟ ਕਹਿੰਦਾ ਹੈ ਅਤੇ ਉਹਨਾਂ ਪੋਸਟਾਂ ਨੂੰ ਦਬਾ ਦਿੰਦਾ ਹੈ। ਪਰ ਹਾਕਮਾਂ ਦੀਆਂ ਗੈਰ-ਵਿਗਿਆਨਕ ਅਤੇ ਤੱਥ ਰਹਿਤ ਪ੍ਰਚਾਰ ਨੂੰ ਪ੍ਰਮੁਖਤਾ ਨਾਲ ਧੂੰਮ-ਧੜੱਕੇ ਨਾਲ ਇਓਂ ਪ੍ਰਚਾਰਿਆ ਜਾਂਦਾ ਹੈ ਜਿਵੇਂ ਉਹਨਾਂ ਨਾਲ ਤਾਂ ਕਿਸੇ ਹੋਰ ਦੀਆਂ ਭਾਵਨਾਵਾਂ ਆਹਤ ਹੀ ਨਾ ਹੁੰਦੀਆਂ ਹੋਣ।

ਮਨੋਰੰਜ਼ਨ, ਸਿਹਤ ਆਦਿ, ਪਰ ਸਿੱਖ ਵਿਰਸਾ ਪੰਜਾਬੀ ਦਾ ਸ਼ਾਇਦ ਪਹਿਲਾ ਦੋ ਭਾਸ਼ੀ ਅਜਿਹਾ ਮੈਗਜ਼ੀਨ ਸੀ, ਜੋ ਅਖ਼ਬਾਰ ਵਾਂਗ ਸਭ ਕੁਝ ਕਵਰ ਕਰਦਾ ਸੀ ਤੇ ਇਹੀ ਇਸਦੀ ਵਿਲੱਖਣਤਾ ਸੀ। ਇਨ੍ਹਾਂ 25 ਸਾਲਾਂ ਵਿੱਚ ਕੈਲਗਰੀ ਸਮੇਤ ਬਾਕੀ ਸ਼ਹਿਰਾਂ ਵਿੱਚ ਅਨੇਕਾਂ ਅਖ਼ਬਾਰਾਂ, ਮੈਗਜ਼ੀਨ, ਇਲੈਕਟਰੌਨਿਕ ਮੀਡੀਆ ਆਦਿ ਆਏ ਤੇ ਗਏ, ਪਰ ਸਿੱਖ ਵਿਰਸਾ ਆਪਣੇ ਪਾਠਕਾਂ ਤੇ ਸਪੌਂਸਰਾਂ ਦੇ ਸਹਿਯੋਗ ਨਾਲ਼ ਲਗਾਤਾਰ ਚੱਲਦਾ ਰਿਹਾ ਤੇ ਚੱਲ ਰਿਹਾ ਹੈ। ਸਾਲ 1999 ਤੱਕ ਸਭ ਕੁਝ ਠੀਕ-ਠਾਕ ਚੱਲ ਰਿਹਾ ਸੀ, ਉਸ ਵਕਤ ਕੈਲਗਰੀ ਵਿੱਚ ਜਿਥੇ ਆਮ ਪੰਜਾਬੀਆਂ ਦੀ ਵਸੋਂ ਕਾਫੀ ਘੱਟ ਸੀ, ਉਥੇ ਪੰਜਾਬੀ ਜਾਂ ਇੰਡੀਅਨ ਬਿਜਨੈਸ ਵੀ ਬਹੁਤ ਥੋੜੇ ਸਨ। ਇਸ ਲਈ ਮੈਗਜ਼ੀਨ ਅਸੀਂ ਮਾਰਟਿਨਡੇਲ ਵਾਲੇ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਦੇ ਮੁੱਖ ਦਰਵਾਜੇ ਤੇ ਹੀ ਰੱਖਦੇ ਸੀ, ਬਹੁਤੇ ਲੋਕ ਉਥੋਂ ਹੀ ਲਿਜਾਂਦੇ ਸਨ। ਧਾਰਮਿਕ ਸ਼ਰਧਾਵਾਨ ਜਾਂ ਕੱਟੜ ਲੋਕ ਇਸਨੂੰ ਸ਼ੁਰੂ ਤੋਂ ਬਹੁਤਾ ਪਸੰਦ ਨਹੀਂ ਕਰਦੇ ਸਨ, ਕਿਉਂਕਿ ਅਸੀਂ ਧਾਰਮਿਕ ਅੰਧ ਵਿਸ਼ਵਾਸ਼ਾਂ ਖਿਲਾਫ ਅਕਸਰ ਆਰਟੀਕਲ ਛਾਪਦੇ ਸੀ।ਬੇਸ਼ਕ ਅਸੀਂ ਕਦੇ ਕਿਸੇ ਵਿਅਕਤੀ ਜਾਂ ਕਿਸੇ ਗੁਰਦੁਆਰੇ ਨੂੰ ਸਿੱਧਾ ਟਾਰਗੈਟ ਨਾ ਕਰਕੇ ਸਿਧਾਂਤਕ ਗੱਲ ਕਰਦੇ ਸੀ।ਮੇਰਾ ਤਜ਼ੁਰਬਾ ਇਹੀ ਹੈ ਕਿ ਕਾਬਿਜ ਜਮਾਤਾਂ ਚਾਹੇ ਧਾਰਮਿਕ ਹੋਣ, ਰਾਜਨੀਤਕ ਹੋਣ, ਸਮਾਜਿਕ ਹੋਣ, ਕੋਈ ਸੱਚ ਨੀ ਸੁਣਨਾ ਚਾਹੁੰਦਾ, ਸਭ ਚਾਪਲੂਸੀਆਂ ਭਾਲ਼ਦੇ ਹਨ। ਜੇ ਉਨ੍ਹਾਂ ਨਾਲ਼ ਰਲ਼-ਮਿਲ਼ ਕੇ ਚੱਲੋਗੇ ਤਾਂ ਸਭ ਠੀਕ ਹੈ, ਨਹੀਂ ਤਾਂ ਫਿਰ ਤੁਸੀਂ ਇਕੱਲੇ ਰਹਿ ਜਾਉਗੇ। ਪਰ ਜੇ ਤੁਸੀਂ ਲੋਕ ਪੱਖੀ ਵਿਚਾਰਧਾਰਾ ਲੈ ਕੇ ਸੱਚ ਦੇ ਰਾਹੇ ਤੁਰਨਾ ਹੈ ਤਾਂ ਫਿਰ ਅਜਿਹੇ ਸਭ ਲਈ ਤਿਆਰ ਰਹਿਣਾ ਚਾਹੀਦਾ ਹੈ।

1998 ਤੱਕ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਵਿੱਚ ਖਾਲਿਸਤਾਨੀ ਧਿਰਾਂ ਦਾ ਕੰਟਰੋਲ ਸੀ ਤੇ 1999 ਵਿੱਚ ਉਹ ਧਿਰ ਹਾਰ ਗਈ ਤੇ ਨਵੀਂ ਬਣੀ ਕਮੇਟੀ ਵਲੋਂ ਸਾਡੇ ਪੁਰਾਣੀਆਂ ਕਮੇਟੀਆਂ ਦੇ ਸਹਿਯੋਗੀ ਹੋਣ ਦੀ ਖੁਣਸ ਵਿੱਚ ਗੁਰਦੁਆਰੇ ਵਿੱਚ ਸਿੱਖ

# ਸਿੱਖ ਵਿਰਸਾ ਦਾ 25 ਸਾਲਾਂ ਦਾ ਸਫਰ... (ਸਫ਼ਾ 3 ਦੀ ਬਾਕੀ)

ਵਿਰਸਾ ਰੱਖਣ ਤੇ ਪਾਬੰਦੀ ਲਗਾ ਦਿੱਤੀ ਤੇ ਅਸੀਂ ਉਨ੍ਹਾਂ ਨਾਲ ਉਲਝਣ ਦੀ ਥਾਂ ਮੈਗਜ਼ੀਨ ਸਟੋਰਾਂ ਵਿੱਚ ਰੱਖਣਾ ਸ਼ੁਰੂ ਕਰ ਦਿੱਤਾ। ਉਹ ਕਮੇਟੀ ਸਾਲ ਕੁ ਹੀ ਟਿਕ ਸਕੀ ਤਾਂ 2000 ਵਿੱਚ ਖਾਲਿਸਤਾਨੀਆਂ ਦੇ ਸਹਿਯੋਗ ਨਾਲ ਕੱਟੜਵਾਦੀ ਧਾਰਮਿਕ ਧਿਰਾਂ ਦੀ ਦੁਬਾਰਾ ਨਵੀਂ ਕਮੇਟੀ ਬਣ ਗਈ। ਅਸੀਂ ਲੋਕਾਂ ਦੀ ਮੰਗ ਤੇ ਦੁਬਾਰਾ ਮੈਗਜੀਨ ਗੁਰਦੁਆਰੇ ਰੱਖਣਾ ਸ਼ੁਰੂ ਕਰ ਦਿੱਤਾ। ਅਜੇ ਕੁਝ ਮਹੀਨੇ ਹੀ ਲੰਘੇ ਸਨ ਕਿ ਨਵੀਂ ਕਮੇਟੀ ਨੇ ਸਿੱਖ ਵਿਰਸਾ ਵਿੱਚ ਛਪੀਆਂ ਕੁਝ ਵਹਿਮਾਂ-ਭਰਮਾਂ-ਕਰਮਕਾਂਡਾਂ ਖਿਲਾਫ ਲੋਕਾਂ ਨੂੰ ਜਾਗਰੂਕ ਕਰਨ ਵਾਲੀਆਂ ਲਿਖਤਾਂ ਨੂੰ ਅਧਾਰ ਬਣਾ ਕੇ ਸਿੱਖ ਵਿਰਸਾ ਖਿਲਾਫ ਭੰਡੀ ਪ੍ਰਚਾਰ ਸ਼ੁਰੂ ਕਰ ਦਿੱਤਾ ਤੇ ਅਖੀਰ ਇੱਕ ਵਾਰ ਫਿਰ ਗੁਰਦੁਆਰੇ ਵਿੱਚ ਸਿੱਖ ਵਿਰਸਾ ਤੇ ਦੁਬਾਰਾ ਪਾਬੰਦੀ ਲਗਾ ਦਿੱਤੀ ਗਈ। ਕੁਝ ਮਹੀਨੇ ਬਾਅਦ ਬਹੁਤ ਸਾਰੇ ਪਾਠਕਾਂ ਤੇ ਕੁਝ ਬਜ਼ੁਰਗਾਂ ਦੇ ਸਹਿਯੋਗ ਨਾਲ ਸੁਲਾਹ-ਸਫਾਈ ਹੋ ਗਈ ਤਾਂ ਮੈਗਜ਼ੀਨ ਦੁਬਾਰਾ ਰੱਖਣਾ ਸ਼ੁਰੂ ਹੋ ਗਿਆ।ਅਜੇ ਕੁਝ ਮਹੀਨੇ ਹੀ ਲੰਘੇ ਸਨ ਕਿ 2001 ਵਿੱਚ ਇੱਕ ਵਾਰ ਫਿਰ ਉਸੇ ਤਰ੍ਹਾਂ ਦੇ ਕੁਝ ਅਰਟੀਕਲਾਂ ਕਰਕੇ ਸਿੱਖ ਵਿਰਸਾ ਤੇ ਹੀ ਨਹੀਂ, ਸਗੋਂ ਸਿੱਖ ਵਿਰਸਾ ਦੇ ਸੰਪਾਦਕ ਤੇ ਵੀ ਪਾਬੰਦੀ ਲਗਾ ਦਿੱਤੀ ਗਈ।ਉਸ ਵਕਤ ਤੱਕ ਕੁਝ ਹੋਰ ਮੀਡੀਆ ਵੀ ਮੈਦਾਨ ਵਿੱਚ ਆ ਗਿਆ ਸੀ।ਸਭ ਨੇ ਸਾਡਾ ਪੂਰਾ ਸਹਿਯੋਗ ਦਿੱਤਾ ਤੇ ਸਭ ਨੇ ਰਲ਼ ਕੇ ਗੁਰਦੁਆਰੇ ਦੀ ਕਮੇਟੀ ਦਾ ਬਾਈਕਾਟ ਕਰ ਦਿੱਤਾ। ਫਿਰ ਸਾਲ 2002 ਵਿੱਚ ਸਾਰੇ ਮੀਡੀਏ ਤੇ ਕਮੇਟੀ ਨਾਲ ਸੁਲਾਹ ਹੋ ਗਈ, ਪਰ ਅਸੀਂ ਉਸ ਵਕਤ ਪੱਕਾ ਫੈਸਲਾ ਕਰ ਲਿਆ ਕਿ ਕੋਈ ਕਮੇਟੀ ਆਵੇ, ਅਸੀਂ ਸਿੱਖ ਵਿਰਸਾ ਕਿਸੇ ਗੁਰਦੁਆਰੇ ਨਹੀਂ ਰੱਖਣਾ ਤੇ ਅਸੀਂ ਪਿਛਲੇ ਤਕਰੀਬਨ 20 ਸਾਲ ਤੋਂ ਉਸ ਗੱਲ ਤੇ ਪਹਿਰਾ ਦੇ ਰਹੇ ਹਾਂ। ਬੇਸ਼ਕ ਗੁਰਦੁਆਰਾ ਦਸ਼ਮੇਸ਼ ਕਲਚਰ ਸੈਂਟਰ ਦੀ ਕਮੇਟੀ ਤੇ ਉਸ ਦੀਆਂ ਸਹਿਯੋਗੀ ਕੱਟੜ ਧਾਰਮਿਕ ਤੇ ਖਾਲਸਤਾਨੀ ਧਿਰਾਂ ਨਾਲ ਥੋੜੀ ਜਿਹੀ ਰਸਮੀ ਸੁਲਾਹ ਹੋ ਗਈ ਸੀ, ਪਰ ਉਨ੍ਹਾਂ ਨੇ ਆਪਣੇ ਗੁਪਤ ਏਜੰਡੇ ਤਹਿਤ ਇਹ ਫੈਸਲਾ ਕਰ ਲਿਆ ਸੀ ਕਿ ਜੋ ਮਰਜ਼ੀ ਹੋਵੇ, ਸਿੱਖ ਵਿਰਸਾ ਬੰਦ ਕਰਾ ਕੇ ਹਟਣਾ ਹੈ। ਇੱਕ ਵਾਰ ਤਾਂ ਉਨ੍ਹਾਂ ਸਿੱਖ ਵਿਰਸਾ ਦਾ ਨਾਮ ਬਦਲਣ ਜਾਂ ਮੈਗਜ਼ੀਨ ਗੁਰਦੁਆਰੇ ਨੂੰ ਵੇਚਣ ਦਾ ਵਿਚਾਰ ਵੀ ਪੇਸ਼ ਕੀਤਾ, ਪਰ ਅਸੀਂ ਇਹ ਨਾ ਮੰਨਿਆ। ਬੇਸ਼ਕ ਉਨ੍ਹਾਂ ਦੇ ਕੈਲਗਰੀ ਵਿੱਚ ਹਰ ਤਰ੍ਹਾਂ ਦੇ ਯਤਨ ਤੇ ਸਫਲ ਨਾ ਹੋ ਸਕੇ ਕਿਉਂਕਿ 2000 ਤੋਂ ਬਾਅਦ ਕੈਲਗਰੀ ਵਿੱਚ ਬੂਮ ਆਉਣ ਨਾਲ ਵੱਡੀ ਗਿਣਤੀ ਵਿੱਚ ਲੋਕ ਨਾ ਸਿਰਫ ਕਨੇਡਾ ਦੇ ਬਾਕੀ ਭਾਗਾਂ ਵਿੱਚੋਂ ਕੈਲਗਰੀ ਆਉਣ ਲੱਗੇ, ਸਗੋਂ ਨਵੇਂ ਇਮੀਗਰੈਂਟਸ ਵੀ ਇਥੇ ਵਸਣ ਲੱਗੇ, ਜਿਸ ਨਾਲ ਕਾਫੀ ਨਵੇਂ ਬਿਜਨੈਸ ਖੁੱਲ੍ਹ ਗਏ, ਜੋ ਕਿ ਸਿੱਖ ਵਿਰਸਾ ਦੇ ਕੈਲਗਰੀ ਵਿੱਚ ਵਿੱਚ ਕਾਮਯਾਬ ਹੋਣ ਦਾ ਵੱਡਾ ਕਾਰਨ ਬਣੇ।ਪਰ ਦਸ਼ਮੇਸ਼ ਕਲਚਰ ਸੈਂਟਰ ਤੇ ਕਾਬਿਜ਼ ਧਿਰਾਂ ਨੇ ਸਿੱਖ ਵਿਰਸਾ ਬੰਦ ਕਰਾਉਣ ਦੇ ਆਪਣੇ ਯਤਨ ਜਾਰੀ ਰੱਖੇ, ਜਿਸਦੇ ਨਤੀਜੇ ਵਜੋਂ ਉਹ ਨਾਰਥ ਅਮਰੀਕਾ ਤੇ ਵੱਖ-ਵੱਖ ਸ਼ਹਿਰਾਂ ਅਤੇ ਗੁਰਦੁਆਰਿਆਂ ਵਿੱਚ ਭੇਜੇ ਜਾਂਦੇ ਅੰਤਰ ਰਾਸ਼ਟਰੀ ਐਡੀਸ਼ਨ ਨੂੰ ਆਪਣੇ ਪ੍ਰਭਾਵ ਨਾਲ ਬੰਦ ਕਰਾਉਣ ਵਿੱਚ ਸਫਲ ਹੋ ਗਏ। ਪਿਛਲੇ 20 ਸਾਲਾਂ ਤੋਂ ਉਹ ਹਰ ਤਰ੍ਹਾਂ ਦੇ ਹੱਥਕੰਡੇ ਵਰਤ ਕੇ, ਨਿੱਜ਼ੀ ਤੌਰ ਬਦਨਾਮ ਕਰਕੇ, ਮੇਰਾ ਤੇ ਸਿੱਖ ਵਿਰਸਾ ਦਾ ਬਾਈਕਾਟ ਕਰਕੇ ਸਿੱਖ ਵਿਰਸਾ ਨੂੰ ਬੰਦ ਕਰਾਉਣ ਦਾ ਹਰ ਹੀਲਾ ਵਰਤਦੇ ਰਹਿੰਦੇ ਹਨ। ਪਰ ਅਸੀਂ ਕਦੇ ਵੀ ਕਿਸੇ ਪ੍ਰਤੀ ਕੋਈ ਮੰਦ ਭਾਵਨਾ ਨਹੀਂ ਰੱਖੀ ਤੇ ਇਮਾਨਦਾਰੀ ਨਾਲ਼ ਆਪਣੀ ਸਮਝ ਅਨੁਸਾਰ ਮੈਗਜ਼ੀਨ ਚਲਾ ਰਹੇ ਹਾਂ।

ਇਨ੍ਹਾਂ 25 ਸਾਲਾਂ ਵਿੱਚ ਜਿਥੇ ਦੁਨੀਆਂ ਭਰ ਵਿੱਚ ਵਸਦੇ ਪੰਜਾਬੀਆਂ, ਸਿੱਖਾਂ ਤੇ ਭਾਰਤੀਆਂ ਦੇ ਵੱਖ-ਵੱਖ ਖੇਤਰਾਂ ਦੇ ਉਘੇ ਵਿਅਕਤੀਆਂ, ਲੀਡਰਾਂ, ਲੇਖਕਾਂ, ਪੱਤਰਕਾਰਾਂ, ਸਮਾਜਿਕ ਕਾਰਕੁੰਨਾਂ ਨਾਲ ਵਾਹ ਪੈਂਦਾ ਰਿਹਾ। ਜਿਥੇ ਇਸ ਵਿੱਚੋਂ ਬਹੁਤ ਕੁਝ ਸਿੱਖਣ ਸਮਝਣ ਨੂੰ ਮਿਲਿਆ, ਉਥੇ ਬਾਹਰੋਂ ਕੁਝ ਹੋਰ ਤੇ ਅੰਦਰੋਂ ਕੁਝ ਹੋਰ ਦਿਸਦੇ ਸਮਾਜਿਕ, ਧਾਰਮਿਕ, ਰਾਜਨੀਤਕ ਲੀਡਰਾਂ ਦੇ ਕਰੂਪ ਚਿਹਰੇ ਵੀ ਦੇਖਣ ਨੂੰ ਮਿਲੇ।ਅਸੀਂ ਸਿੱਖ ਵਿਰਸਾ ਵਿੱਚ ਹਮੇਸ਼ਾਂ ਨਿਰਪੱਖ ਤੇ ਸਿਧਾਂਤਕ ਪੱਤਰਕਾਰੀ ਨੂੰ ਮੁੱਖ ਰੱਖ ਕੇ 'ਦੇਖ ਕੇ ਬਹੁਤ ਕੁਝ ਅਣਦਿੱਖ' ਕਰਨ ਦਾ ਯਤਨ ਕੀਤਾ ਤਾਂ ਕਿ ਸਾਡਾ ਪੱਤਰਕਾਰੀ ਦਾ ਮਿਆਰ ਨਾ ਡਿੱਗੇ।ਇਨ੍ਹਾਂ 25 ਸਾਲਾਂ ਵਿੱਚ ਆਮ ਲੋਕਾਂ ਤੇ ਆਮ ਬਿਜਨੈਸਮੈਨਾਂ ਨੇ ਹਮੇਸ਼ਾਂ ਭਰਵਾਂ ਸਹਿਯੋਗ ਤੇ ਪਿਆਰ ਦਿੱਤਾ, ਜਿਸ ਕਰਕੇ ਅਸੀਂ ਇਹ 25 ਸਾਲਾਂ ਦਾ ਸਫਰ ਅਨੇਕਾਂ ਮੁਸੀਬਤਾਂ ਦੇ ਬਾਵਜੂਦ ਜਾਰੀ ਰੱਖ ਸਕੇ। ਮੀਡੀਆ ਵਿੱਚ ਕੰਮ ਕਰਦਿਆਂ, ਆਪਣਾ ਬਿਜਨੈਸ ਕਰਦਿਆਂ, ਅਸੀਂ ਆਪਣੇ ਵਲੋਂ ਵੱਧ ਤੋਂ ਵੱਧ ਕੋਸ਼ਿਸ਼ ਕੀਤੀ ਕਿ ਜਿਥੇ ਮੈਗਜ਼ੀਨ ਵਿੱਚ ਹਰ ਇੱਕ ਨੂੰ ਬਿਨਾਂ ਕਿਸੇ ਵਿਤਕਰੇ ਦੇ ਬਣਦਾ ਸਥਾਨ ਦਿੱਤਾ ਜਾਵੇ, ਉਥੇ ਸਮਾਜ ਦੇ ਲੋਕ ਪੱਖੀ ਕੰਮਾਂ ਵਿੱਚ ਜਿਤਨਾ ਹੋ ਸਕੇ, ਯੋਗਦਾਨ ਪਾ ਸਕੀਏ।ਬੇਸ਼ਕ ਸਹਿਯੋਗੀਆਂ ਤੇ ਵਿਰੋਧੀਆਂ ਦੀ ਗਿਣਤੀ ਬੜੀ ਲੰਬੀ ਹੈ, ਪਰ ਮੈਨੂੰ ਲਗਦਾ, ਮਾਸਟਰ ਭਜਨ ਸਿੰਘ ਦਾ ਜ਼ਿਕਰ ਕੀਤੇ ਬਿਨਾਂ ਇਹ ਲਿਖਤ ਅਧੂਰੀ ਹੋਵੇਗੀ, ਉਨ੍ਹਾਂ ਪਿਛਲੇ 10-12 ਸਾਲਾਂ ਤੋਂ ਸਾਡਾ ਹਰ ਪੱਖ ਤੋਂ ਦਿਲੋਂ ਸਹਿਯੋਗ ਕੀਤਾ ਤੇ ਪਿਛਲੇ ਕੁਝ ਸਾਲਾਂ ਤੋਂ ਅਸੀਂ ਰਲ਼ ਕੇ ਅਨੇਕਾਂ ਸਮਾਜਿਕ ਤੇ ਲੋਕ ਪੱਖੀ ਪ੍ਰੋਗਰਾਮ ਕੀਤੇ ਹਨ। ਜਿਸ ਤਰ੍ਹਾਂ ਕਹਾਵਤ ਪ੍ਰਚਲਤ ਹੈ ਕਿ ਹਰ ਕਾਮਯਾਬ ਵਿਅਕਤੀ ਪਿਛੇ, ਕਿਸੇ ਔਰਤ ਦਾ ਹੱਥ ਹੁੰਦਾ ਹੈ, ਮੇਰੇ ਵਿਚਾਰ ਅਨੁਸਾਰ, ਆਪਣੀ ਜੀਵਨਸਾਥੀ ਗੁਰਦੀਪ ਕੌਰ ਪ੍ਰਹਾਰ ਦੇ ਜ਼ਿਕਰ ਬਿਨਾਂ ਨਾ ਸਿਰਫ ਮੇਰਾ ਨਿੱਜ਼ੀ ਜੀਵਨ ਸਗੋਂ ਸਿੱਖ ਵਿਰਸਾ ਦਾ ਸਫਰ ਵੀ ਅਧੂਰਾ ਹੈ।ਪਹਿਲੇ ਦਿਨ ਤੋਂ ਸਿੱਖ ਵਿਰਸਾ ਦੀ ਕਾਮਯਾਬੀ ਤੇ ਉਸਨੂੰ ਚਲਾਉਣ ਵਿੱਚ ਉਸਦਾ ਮੇਰੇ ਨਾਲੋਂ ਵੱਧ ਯੋਗਦਾਨ ਹੈ।ਬੇਸ਼ਕ ਬਹੁਤ ਸਾਰੇ ਵਿਅਕਤੀਆਂ ਤੇ ਸੰਸਥਾਵਾਂ ਦੇ ਨਾਮ ਲਿਖਣੇ ਚਾਹੁੰਦਾ ਸੀ, ਪਰ ਲਿਖਤ ਲੰਬੀ ਨਾ ਹੋਵੇ, ਇਸ ਲਈ ਸਮੁੱਚੇ ਤੌਰ ਤੇ ਸਭ ਦਾ ਧੰਨਵਾਦ ਕਰਦਾ ਹਾਂ, ਜਿਨ੍ਹਾਂ ਨੇ ਕਿਸੇ ਨਾ ਕਿਸੇ ਢੰਗ ਨਾਲ ਸਹਿਯੋਗ ਕੀਤਾ। ਇਸ ਸਫਰ ਵਿੱਚ ਮੇਰਾ ਇਹ ਤਜ਼ੁਰਬਾ ਵੀ ਹੋਇਆ ਹੈ ਕਿ ਵਿਰੋਧੀ ਵੀ ਤੁਹਾਡੇ ਵਿਕਾਸ ਤੇ ਤਰੱਕੀ ਵਿੱਚ ਉਤਨਾ ਹੀ ਯੋਗਦਾਨ ਪਾਉਂਦੇ ਹਨ, ਜਿਤਨਾ ਤੁਹਾਡੇ ਸਾਥੀ। ਵਿਰੋਧੀ ਜਿਥੇ ਤੁਹਾਨੂੰ ਸੰਭਲ ਕੇ ਚੱਲਣਾ ਸਿਖਾਉਂਦੇ ਹਨ, ਉਥੇ ਉਹ ਤੁਹਾਡੀ ਸੋਚ ਵਿੱਚ ਵੀ ਨਿਖਾਰ ਲਿਆਉਂਦੇ ਹਨ। ਇਸ ਲਈ ਉਨ੍ਹਾਂ ਸਭ ਦਾ ਵੀ ਧੰਨਵਾਦ, ਜਿਨ੍ਹਾਂ ਨੇ ਵਿਰੋਧ ਕਰਕੇ ਇਸ ਸਫਰ ਨੂੰ ਹੋਰ ਸੁਆਦਲਾ ਬਣਾਇਆ ਤੇ ਸਾਡੀ ਸਖਸ਼ੀਅਤ ਨੂੰ ਨਿਖਾਰਨ ਤੇ ਸਪੱਸ਼ਟ ਕਰਨ ਵਿੱਚ ਯੋਗਦਾਨ ਪਾਇਆ। ਪਰ ਅਸੀਂ ਸਿੱਖ ਵਿਰਸਾ ਨੂੰ ਸਿੱਖ ਜਾਂ ਪੰਜਾਬੀ ਕਮਿਉਨਿਟੀ ਦਾ ਵਿਦੇਸ਼ਾਂ ਵਿੱਚ ਇੱਕ ਕੋਮਾਂਤਰੀ ਪੱਧਰ ਦਾ ਪੰਜਾਬੀ ਤੇ ਅੰਗਰੇਜੀ ਮੈਗਜੀਨ ਬਣਾਉਣਾ ਚਾਹੁੰਦੇ ਸੀ, ਉਹ ਇਨ੍ਹਾਂ ਧਾਰਮਿਕ ਜਨੂੰਨੀਆਂ ਤੇ ਖਾਲਿਸਤਾਨੀਆਂ ਦੀ ਸੌੜੀ ਸੋਚ ਤੇ ਵਿਰੋਧ ਕਾਰਨ ਪੂਰਾ ਨਹੀਂ ਹੋ ਸਕਿਆ। ਮੈਨੂੰ ਲਗਦਾ, ਇਸ ਨਾਲ ਵਿਦੇਸ਼ੀਂ ਵਸਦੇ ਪੰਜਾਬੀਆਂ ਦਾ ਵੱਡਾ ਨੁਕਸਾਨ ਹੋਇਆ।25 ਸਾਲ ਦਾ ਸਫਰ ਤਹਿ ਕਰਨ ਤੋਂ ਬਾਅਦ, ਹੋਰ ਕਿਤਨਾ ਸਫਰ ਹੋਵੇਗਾ, ਕਹਿ ਨਹੀਂ ਸਕਦੇ, ਪਰ ਜਦ ਤੱਕ ਪਾਠਕਾਂ, ਬਿਜਨਸਮੈਨਾਂ ਦਾ ਸਹਿਯੋਗ ਮਿਲਦਾ ਰਹੇਗਾ, ਅਸੀਂ ਸਿੱਖ ਵਿਰਸਾ ਰਾਹੀਂ ਤੁਹਾਡੇ ਨਾਲ ਸਫਰ ਜਾਰੀ ਰੱਖਾਂਗੇ ਤੇ ਹਰ ਮਹੀਨੇ ਤੁਹਾਡੇ ਨਾਲ ਵਿਚਾਰਾਂ ਦੀ ਸਾਂਝ ਪਾਉਂਦੇ ਰਹਾਂਗੇ।ਅਸੀਂ ਹਮੇਸ਼ਾਂ ਹਰ ਤਰ੍ਹਾਂ ਦੇ ਸੁਝਾਵਾਂ ਤੇ ਵਿਚਾਰਾਂ ਨੂੰ ਜੀ ਆਇਆਂ ਆਖਦੇ ਰਹੇ ਹਾਂ, ਜੋ ਲੋਕ ਪੱਖੀ ਤੇ ਸਮਾਜ ਦੇ ਵਿਕਾਸ ਵਿੱਚ ਸਹਾਈ ਹੋਣ। ਇੱਕ ਵਾਰ ਫਿਰ ਇਹ ਪ੍ਰਣ ਦੁਹਰਾਉਂਦੇ ਹਾਂ ਕਿ ਅਸੀਂ ਨਿਰਪੱਖ, ਲੋਕ ਪੱਖੀ, ਸਮਾਜ ਦੇ ਵਿਕਾਸ ਤੇ ਸਮਾਜ ਦੇ ਭਲੇ ਦੀ ਪੱਤਰਕਾਰੀ, ਬਿਨਾਂ ਕਿਸੇ ਡਰ ਜਾਂ ਲਾਲਚ ਦੇ ਕਰਦੇ ਰਹਾਂਗੇ, ਬੇਸ਼ਕ ਕਿਤਨੀਆਂ ਵੀ ਮੁਸੀਬਤਾਂ ਆਉਂਦੀਆਂ ਰਹਿਣ।

# ਮੀਡੀਆ ਵਿੱਚ ਕਮਾਲ ਦੀ ਤਾਕਤ ਹੈ ਉਹ ਕੋਈ ਵੀ ਮੁੱਦਾ ਤੁਹਾਡੇ ਦਿਮਾਗ ਵਿੱਚ ਤੁੰਨ ਦਿੰਦਾ ਹੈ!

- ਗੀਰੀਸ਼ ਮਾਲਵੀਆ

ਮੀਡੀਆ ਵਿੱਚ ਕਮਾਲ ਦੀ ਤਾਕਤ ਹੈ ਉਹ ਕੋਈ ਵੀ ਮੁੱਦਾ ਤੁਹਾਡੇ ਦਿਮਾਗ ਵਿੱਚ ਤੁੰਨ ਦਿੰਦਾ ਹੈ! ... ਤੁਸੀਂ ਕੁੱਝ ਦਿਨ ਪਹਿਲਾਂ ਬਿਹਾਰ ਚੋਣਾਂ ਦੇ ਦਿਨਾਂ ਨੂੰ ਯਾਦ ਕਰੋ! ... ਕਿਤੇ ਤੁਹਾਨੂੰ ਦੇਸ਼ ਵਿੱਚ ਕਰੋਨਾ ਦਿਖਾਈ ਦੇ ਰਿਹਾ ਸੀ? ਪਰ ਅੱਜ ਤੁਸੀ ਵੇਖੋ ਮੀਡਿਆ 'ਤੇ ਕਰੋਨਾ-ਕਰੋਨਾ ਹੋਈ ਪਈ ਹੈ।

ਸਤੰਬਰ ਦੇ ਅਖੀਰ ਵਿੱਚ ਦੇਸ਼ ਵਿੱਚ ਰੋਜ਼ ਲਗਭਗ 90 ਹਜ਼ਾਰ ਮਰੀਜ਼ ਆ ਰਹੇ ਸਨ ਓਦੋਂ ਕਰੋਨਾ ਦੀਆਂ ਇੱਕ ਦੋ ਖ਼ਬਰਾਂ ਆਉਂਦੀਆਂ ਸਨ ਪਰ ਪਿਛਲੇ 4-5 ਦਿਨਾਂ ਤੋਂ ਦੇਖੋ ਜਿਵੇਂ ਹੀ ਯੂਰਪ ਅਮਰੀਕਾ ਵਿੱਚ ਮਰੀਜ਼ ਵਧਣੇ ਸ਼ੁਰੂ ਹੋਏ ਕਰੋਨਾ ਦੀ ਦੂਜੀ ਲਹਿਰ ਦਾ ਰੌਲ਼ਾ ਪੈਣਾ ਸ਼ੁਰੂ ਹੋ ਗਿਆ। ਅਚਾਨਕ ਮੀਡੀਆ ਵਿੱਚ ਕਰੋਨਾ ਪ੍ਰਾਈਮ ਟਾਇਮ ਵਿੱਚ ਸ਼ਾਮਿਲ ਹੋ ਗਿਆ, ਜਿਵੇਂ ਕਰੋਨਾ ਮੁੜ ਆਇਆ ਹੋਵੇ! ... ਉਂਝ ਅੱਜ-ਕੱਲ੍ਹ ਤਾਂ ਸੋਸ਼ਲ ਮੀਡੀਆ ਦੇ ਵੱਡੇ-ਵੱਡੇ ਮਹਾਂਰਥੀ ਵੀ ਕਰੋਨਾ ਨੂੰ ਯਾਦ ਕਰ ਰਹੇ ਹਨ, ਰੋਜ਼ ਕਰੋਨਾ ਦੀ ਪੋਸਟ ਪਾਉਂਦੇ ਹਨ।

ਅੱਛਾ! ਤੁਹਾਨੂੰ ਲੱਗ ਰਿਹਾ ਹੋਵੇਗਾ ਕਿ ਮੈਂ ਝੂਠ ਕਹਿ ਰਿਹਾ ਹਾਂ ਤਾਂ ਤੁਹਾਨੂੰ ਇੱਕ ਗੱਲ ਹੋਰ ਯਾਦ ਦਵਾਉਂਦਾ ਹਾਂ ਜਦੋਂ ਸ਼ੁਰੂਆਤ ਵਿੱਚ ਕਰੋਨਾ ਦੇ ਮਾਮਲੇ ਵਧਣੇ ਸ਼ੁਰੂ ਹੋਏ ਤਾਂ ਮੀਡੀਆ ਵਿੱਚ ਖਬਰਾਂ ਆਉਂਦੀਆਂ ਸਨ ਕਿ ਇੱਕ ਬਿਮਾਰ ਨਾਈ ਨੇ ਦਾੜੀ ਕੱਟੀ ਤਾਂ ਦੁਕਾਨ ਤੋਂ ਸੈਂਕੜੇ ਲੋਕਾਂ ਨੂੰ ਲਾਗ ਲੱਗ ਗਈ, ਜਾਂ ਹਲਵਾਈ ਨੂੰ ਕਰੋਨਾ ਸੀ ਤਾਂ ਭੋਜ ਵਿੱਚ ਸ਼ਾਮਿਲ ਲੋਕਾਂ ਨੂੰ ਵੀ ਕਰੋਨਾ ਹੋ ਗਿਆ, ਜਮਾਤੀ ਤਾਂ ਖੈਰ ਕਰੋਨਾ ਵਿੱਚ ਹੀ ਬਦਨਾਮ ਹੋਏ ਸਨ। ਪਰ ਜਦੋਂ ਪੂਰਨਬੰਦ ਖਤਮ ਹੋਇਆ ਅਤੇ ਭਾਰਤ ਵਿੱਚ ਕਰੋਨਾ ਦੇ ਮਾਮਲੇ 80-90 ਹਜ਼ਾਰ ਨਿੱਤ ਆਉਣ ਲੱਗੇ ਤਾਂ ਅਜਿਹੀਆਂ ਖਬਰਾਂ ਬਿਲਕੁੱਲ ਬੰਦ ਹੋ ਗਈਆਂ ਸਨ।

ਕੀ ਓਦੋਂ ਅਜਿਹੀ ਲਾਗ ਲੱਗਣੀ ਬੰਦ ਹੋ ਗਈ ਸੀ?

ਅਜਿਹੀਆਂ ਖਬਰਾਂ ਦਾ ਦੂਜਾ ਦੌਰ ਮੁੜ ਤੋਂ ਸ਼ੁਰੂ ਹੋ ਗਿਆ ਹੈ ਹੁਣ ਇੱਕ ਵਾਰ ਫਿਰ ਅਜਿਹੀਆਂ ਖਬਰਾਂ ਫੈਲਾਈਆਂ ਜਾ ਰਹੀਆਂ ਹਨ, ਜਿਵੇਂ, ਹਰਿਆਣੇ ਦੇ ਸਕੂਲ ਵਿੱਚ 31 ਬੱਚਿਆਂ ਨੂੰ ਕਰੋਨਾ ਹੋਇਆ, ਇੰਦੌਰ ਵਿੱਚ ਗਹਿਣਿਆਂ ਦੀ ਦੁਕਾਨ ਦੇ 31 ਮੁਲਾਜ਼ਮਾਂ ਨੂੰ ਕਰੋਨਾ ਹੋਇਆ ਅਤੇ ਉਨ੍ਹਾਂ ਦੇ ਸੰਪਰਕ ਵਿੱਚ ਆਉਣ ਵਾਲ਼ੇ ਗਾਹਕਾਂ ਦੀ ਜਾਂਚ ਕੀਤੀ ਜਾਵੇਗੀ।

ਅੱਛਾ ਇੱਕ ਗੱਲ ਦੱਸੋ! ਕਿਤੇ ਤੁਸੀਂ ਅਜਿਹੀ ਖਬਰ ਪੜ੍ਹੀ ਹੈ ਕਿ ਮੋਦੀ ਦੀ ਚੋਣ ਰੈਲੀ ਵਿੱਚ ਕਰੋਨਾ ਮਰੀਜ਼ਾਂ ਦੇ ਸ਼ਾਮਿਲ ਹੋਣ ਨਾਲ਼ ਸੈਂਕੜੇ ਲੋਕਾਂ ਨੂੰ ਕਰੋਨਾ ਹੋ ਗਿਆ ਹੋਵੇ? ਜਾਂ ਕਿਸੇ ਹੋਰ ਮੰਤਰੀ ਦੀ ਰੈਲੀ ਬਾਰੇ ਇਹੋ ਜਿਹੀ ਖਬਰ ਆਈ ਹੋਵੇ?

ਸਾਡੇ ਇੰਦੌਰ ਵਿੱਚ ਜਿਸ ਸਮੇਂ ਵਿਧਾਨ ਸਭਾ ਉਪ-ਚੋਣਾਂ ਦੀ ਸਰਗਰਮੀ ਚੱਲ ਰਹੀ ਸੀ ਮਰੀਜ਼ ਕਾਫ਼ੀ ਘੱਟ ਸਨ, ਜਦ ਕਿ ਰੋਜ਼ ਹਜ਼ਾਰਾਂ ਲੋਕਾਂ ਦੀ ਭੀੜ ਇਕੱਠੀ ਹੋ ਰਹੀ ਸੀ, ਮੰਤਰੀਆਂ ਦੀਆਂ ਰੈਲੀਆਂ ਉਸੇ ਤਰ੍ਹਾਂ ਚੱਲ ਰਹੀਆਂ ਸਨ। ਜਿਸ ਦਿਨ 3 ਨਵੰਬਰ ਨੂੰ ਇੱਥੇ ਵੋਟਾਂ ਸਨ ਉਸ ਦਿਨ ਇੰਦੌਰ ਵਿੱਚ ਸਿਰਫ਼ 52 ਮਰੀਜ਼ ਸਨ, ਦੋ ਦਿਨ ਪਹਿਲਾਂ ਮੰਗਲਵਾਰ ਨੂੰ ਇੰਦੌਰ ਵਿੱਚ 194 ਨਵੇਂ ਮਰੀਜ਼ ਮਿਲ਼ੇ ਤੇ ਬੁੱਧਵਾਰ ਨੂੰ 293 ਅਤੇ ਵੀਰਵਾਰ ਨੂੰ ਮਰੀਜ਼ਾਂ ਦੀ ਗਿਣਤੀ 313 ਹੋ ਗਈ ਮਤਲਬ ਵੋਟਾਂ ਖਤਮ ਮਰੀਜ਼ਾ ਵਧਾ ਦਵੋ?

ਕੀ ਮਹਾਂਮਾਰੀ ਚੋਣ ਦੀ ਤਰੀਕ ਵੇਖਕੇ ਆਉਂਦੀ ਹੈ?

ਇਹ ਕੇਹੀ ਮਹਾਂਮਾਰੀ ਹੈ ਜੋ ਪ੍ਰਸ਼ਾਸਨ ਦੀ ਇੱਛਾ ਉੱਤੇ ਨਿਰਭਰ ਹੈ! ... ਉਹ ਜਦੋਂ ਚਾਹੁੰਣ ਮਰੀਜ਼ ਨਿਕਲਦਾ ਹੈ ਜਦ ਚਾਹੁੰਦਾ ਹੈ ਮਰੀਜ਼ ਨਿਕਲਣਾ ਬੰਦ ਕਰਵਾ ਦਿੰਦਾ ਹੈ!...

ਇਹ ਕੇਹੀ ਮਹਾਂਮਾਰੀ ਹੈ ਜੋ ਮੀਡੀਆ ਦੀ ਇੱਛਾ ਉੱਤੇ ਨਿਰਭਰ ਹੈ? ਉਹ ਜਦੋਂ ਖਬਰ ਸੁਣਾਉਂਦਾ ਹੈ ਤਣਾਅ ਫੈਲਦਾ ਹੈ ਓਦੋਂ ਹੀ ਲੋਕਾਂ ਨੂੰ ਯਾਦ ਆਉਂਦਾ ਹੈ ਕਿ ਇਸਤੋਂ ਡਰਨਾ ਹੈ, ਜਦੋਂ ਦੇਸ਼ ਵਿੱਚ 95 ਹਜ਼ਾਰ ਮਰੀਜ਼ ਰੋਜ਼ ਆਉਂਦੇ ਹਨ ਓਦੋਂ ਕੋਈ ਖਬਰ ਨਹੀਂ ਆਉਂਦੀ, ਪਰ ਜਿਵੇਂ ਹੀ 40-45 ਹਜ਼ਾਰ ਮਰੀਜ਼ ਰੋਜ਼ ਆਉਂਦੇ ਹਨ ਓਦੋਂ ਹੀ ਰੌਲ਼ਾ ਸ਼ੁਰੂ ਕਰ ਦਿੰਦਾ ਹੈ!...

ਲਲਕਾਰ 'ਚੋਂ ਧੰਨਵਾਦ ਸਹਿਤ



# ਸੰਘਰਸ਼ਸ਼ੀਲ ਕਿਸਾਨਾਂ ਵਿਰੁੱਧ ਸੰਗੀਨ ਧਾਰਾਵਾਂ ਤਹਿਤ ਦਰਜ ਪਰਚਿਆਂ ਵਿਰੁੱਧ ਆਵਾਜ਼ ਉਠਾਉਣ ਦੀ ਅਪੀਲ

**ਬਲਜਿੰਦਰ ਸਿੰਘ**

ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਏ.ਕੇ.ਮਲੇਰੀ, ਸੂਬਾ ਜਨਰਲ ਸਕੱਤਰ ਪ੍ਰੋਫੈਸਰ ਜਗਮੋਹਣ ਸਿੰਘ ਅਤੇ ਪ੍ਰੈੱਸ ਸਕੱਤਰ ਬੂਟਾ ਸਿੰਘ ਨੇ ਹਰਿਆਣਾ ਪੁਲਿਸ ਵੱਲੋਂ ਨਾਕੇ ਤੋੜ ਕੇ ਦਿੱਲੀ ਵੱਲ ਵਧਣ ਵਾਲੇ ਕਿਸਾਨ ਕਾਫ਼ਲਿਆਂ ਵਿਰੁੱਧ ਇਰਾਦਾ ਕਤਲ ਵਰਗੀਆਂ ਸੰਗੀਨ ਧਾਰਾਵਾਂ ਲਗਾ ਕੇ ਕੇਸ ਦਰਜ ਕਰਨ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਹ ਪਰਚੇ ਤੁਰੰਤ ਰੱਦ ਕਰਨ ਦੀ ਮੰਗ ਕੀਤੀ ਹੈ। ਤਾਜ਼ਾ ਮੀਡੀਆ ਰਿਪੋਰਟਾਂ ਅਨੁਸਾਰ ਡੱਬਵਾਲੀ ਵਿਖੇ 1000 ਤੋਂ ਵਧੇਰੇ ਲੋਕਾਂ ਉੱਪਰ 147/149/186/188/269/270/307/332-353ਆਈਪੀਸੀ ਆਦਿ ਸੰਗੀਨ ਧਾਰਾਵਾਂ ਲਾ ਕੇ ਅਤੇ 3 ਪੀਡੀਪੀਪੀ ਐਕਟ ਅਤੇ 8ਬੀ ਐੱਨਐੱਚ ਐਕਟ ਤਹਿਤ ਪਰਚੇ ਦਰਜ ਕੀਤੇ ਗਏ ਹਨ। ਇਸੇ ਤਰ੍ਹਾਂ ਸ਼ੰਭੂ ਬਾਰਡਰ ਵਾਲੇ ਘਟਨਾਕ੍ਰਮ ਨੂੰ ਲੈ ਕੇ ਪਰਚੇ ਦਰਜ ਕੀਤੇ ਗਏ ਹਨ। ਜੀਟੀ ਰੋਡ ਅੰਬਾਲਾ ਕੈਂਟ ਨੇੜੇ ਇਕੱਠੇ ਹੋਣ ਵਾਲੇ ਕਿਸਾਨਾਂ ਉੱਪਰ ਵੀ ਧਾਰਾ 307 (ਇਰਾਦਾ ਕਤਲ), ਧਾਰਾ 147 (ਦੰਗਾ ਕਰਨ),ਧਾਰਾ 149 (ਗ਼ੈਰਕਾਨੂੰਨੀ ਇਕੱਠ ਕਰਨ), ਧਾਰਾ 186 (ਸਰਕਾਰੀ ਕ੍ਰਮਚਾਰੀਆਂ ਦੀ ਡਿਊਟੀ ਵਿਚ ਵਿਘਨ ਪਾਉਣ) ਅਤੇ ਧਾਰਾ 269 (ਜਾਨਲੇਵਾ ਬੀਮਾਰੀ ਦੀ ਲਾਗ ਫ਼ੈਲਣ ਪ੍ਰਤੀ ਕੋਤਾਹੀ ਵਰਤਣ) ਆਦਿ ਧਾਰਾਵਾਂ ਲਗਾਈਆਂ ਗਈਆਂ ਹਨ। ਪਾਨੀਪਤ ਥਾਣੇ ਵਿਚ ਵੀ ਧਾਰਾ 188 (ਸਰਕਾਰੀ ਅਧਿਕਾਰੀਆਂ ਦੇ ਹੁਕਮਾਂ ਦੀ ਉਲੰਘਣਾ ਕਰਨ), ਡਿਜ਼ਾਸਟਰ ਮੈਨੇਜਮੈਂਟ ਐਕਟ ਅਤੇ ਆਈਪੀਸੀ ਦੀਆਂ ਹੋਰ ਧਾਰਾਵਾਂ ਤਹਿਤ ਕਿਸਾਨਾਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ। ਦਿੱਲੀ ਵਿਚ ਵੀ ਪਰਚੇ ਦਰਜ ਕੀਤੇ ਜਾ ਰਹੇ ਹਨ। ਬੈਰੀਕੇਡ ਉੱਪਰ ਜਲ ਤੋਪ ਨੂੰ ਬੰਦ ਕਰਕੇ ਕਿਸਾਨਾਂ ਦਾ ਬਚਾਓ ਕਰਨ ਵਾਲੇ ਹਿੰਮਤੀ ਨੌਜਵਾਨ ਅਤੇ ਉਸ ਦੇ ਪਿਤਾ ਵਿਰੁੱਧ ਇਰਾਦਾ ਕਤਲ ਦਾ ਪਰਚਾ ਦਰਜ ਕੀਤਾ ਗਿਆ। ਇਹ ਹਾਸੋਹੀਣੇ ਅਤੇ ਬੇਬੁਨਿਆਦ ਦੋਸ਼ ਲਗਾਏ ਗਏ ਹਨ ਕਿ ਅਣਪਛਾਤੇ ਕਿਸਾਨਾਂ ਨੇ ਸਰਕਾਰੀ ਡਿਊਟੀ ਵਿਚ ਵਿਘਨ ਪਾਇਆ, ਪੁਲਿਸ ਦੀਆਂ ਗੱਡੀਆਂ ਉੱਪਰ ਪਥਰਾਓ ਕੀਤੇ, ਬੈਰੀਕੇਡ ਤੋੜੇ ਅਤੇ ਪੁਲਿਸ ਉੱਪਰ ਹਮਲੇ ਕੀਤੇ। ਇਹ ਪਰਚੇ ਹਰਿਆਣਾ ਅਤੇ ਦਿੱਲੀ ਪੁਲਿਸ ਵੱਲੋਂ ਦਰਜ ਕੀਤੇ ਗਏ ਹਨ ਜਿਹਨਾਂ ਨੇ ਖ਼ੁਦ ਸੱਤਾਧਾਰੀ ਆਰ.ਐੱਸ.ਐੱਸ.-ਭਾਜਪਾ ਦੇ ਇਸ਼ਾਰੇ 'ਤੇ ਜਾਨਲੇਵਾ ਤਾਰ, ਜਿਸ ਦੀ ਵਰਤੋਂ ਗ਼ੈਰਕਾਨੂੰਨੀ ਹੈ, ਅਤੇ ਮਨੁੱਖੀ ਜਾਨਾਂ ਲਈ ਖਤਰਾ ਬਣਨ ਵਾਲੀਆਂ ਰੋਕਾਂ ਲਗਾ ਕੇ ਅਤੇ ਠੰਡ ਵਿਚ ਖਤਰਨਾਕ ਅੱਥਰੂ ਗੈਸ ਅਤੇ ਜਲ ਤੋਪਾਂ ਨਾਲ ਪਾਣੀ ਦੀਆਂ ਬੌਛਾੜਾਂ ਕਰਕੇ ਕਿਸਾਨਾਂ ਦਾ ਆਪਣੇ ਹਿਤਾਂ ਲਈ ਸੰਘਰਸ਼ ਕਰਨ ਦਾ ਜਮਹੂਰੀ ਹੱਕ ਕੁਚਲਿਆ। ਜਿਸ ਪੁਲਿਸ ਨੇ ਨਹਾਇਤ ਅਣਮਨੁੱਖੀ ਵਤੀਰਾ ਅਪਣਾ ਕੇ ਆਪਣੇ ਭਵਿੱਖ ਨੂੰ ਲੈ ਕੇ ਡੂੰਘੀ ਫ਼ਿਕਰਮੰਦੀ ਵਿੱਚੋਂ ਸੜਕਾਂ ਉੱਪਰ ਆਏ ਕਿਸਾਨਾਂ, ਜਿਹਨਾਂ ਵਿਚ ਦਹਿ ਹਜ਼ਾਰਾਂ ਦੀ ਤਾਦਾਦ 'ਚ ਔਰਤਾਂ ਅਤੇ ਬਜ਼ੁਰਗ ਵੀ ਹਨ, ਲਈ ਮੁਸ਼ਕਲਾਂ ਖੜ੍ਹੀਆਂ ਕੀਤੀਆਂ। ਇਕ ਪਾਸੇ ਕੇਂਦਰ ਸਰਕਾਰ ਅਤੇ ਖ਼ੁਦ ਕੇਂਦਰੀ ਗ੍ਰਹਿ ਮੰਤਰੀ ਤੇ ਖੇਤੀ ਮੰਤਰੀ ਕਿਸਾਨਾਂ ਨੂੰ ਅੰਦੋਲਨ ਛੱਡ ਕੇ ਗੱਲਬਾਤ ਕਰਨ ਲਈ ਕਹਿ ਰਹੇ ਹਨ ਦੂਜੇ ਪਾਸੇ ਖ਼ੁਦ ਹੀ ਕਾਨੂੰਨ ਦੀਆਂ ਧੱਜੀਆਂ ਉਡਾਉਣ ਵਾਲੀ ਪੁਲਿਸ ਸੱਤਾ ਦੇ ਇਸ਼ਾਰੇ 'ਤੇ ਕਿਸਾਨਾਂ ਵਿਰੁੱਧ ਸੰਗੀਨ ਪਰਚੇ ਦਰਜ ਕਰ ਰਹੀ ਹੈ। ਜਦਕਿ ਪਰਚੇ ਤਾਂ ਹਰਿਆਣਾ ਅਤੇ ਦਿੱਲੀ ਪੁਲਿਸ ਵਿਰੁੱਧ ਦਰਜ ਹੋਣੇ ਚਾਹੀਦੇ ਹਨ ਜਿਹਨਾਂ ਨੇ ਕਿਸਾਨਾਂ ਦਾ ਸੰਘਰਸ਼ ਦਾ ਜਮਹੂਰੀ ਹੱਕ ਯਕੀਨੀਂ ਬਣਾਉਣ ਦਾ ਸੰਵਿਧਾਨਕ ਫਰਜ਼ ਨਿਭਾਉਣ ਦੀ ਬਜਾਏ ਸੱਤਾਧਾਰੀ ਭਾਜਪਾ ਦੀ ਸ਼ਾਖਾ ਵਜੋਂ ਕੰਮ ਕਰਦਿਆਂ ਘਿਣਾਉਣੀ ਭੂਮਿਕਾ ਨਿਭਾਈ। ਉਹਨਾਂ ਅਧਿਕਾਰੀਆਂ ਅਤੇ ਜਿਹਨਾਂ ਸੱਤਾਧਾਰੀ ਆਗੂਆਂ ਉੱਪਰ ਪਰਚੇ ਦਰਜ ਹੋਣੇ ਚਾਹੀਦੇ ਹਨ ਜਿਹਨਾਂ ਦੇ ਹੁਕਮਾਂ ਅਨੁਸਾਰ ਪੁਲਿਸ ਅਧਿਕਾਰੀਆਂ ਨੇ ਸੜਕਾਂ ਉੱਪਰ ਟੋਏ ਪੁੱਟਵਾ ਕੇ ਅਤੇ ਜਾਨਲੇਵਾ ਤਾਰ ਲਗਾ ਕੇ ਨਾਗਰਿਕਾਂ ਦੇ ਜਾਨ-ਮਾਲ ਅਤੇ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਇਆ, ਉਹਨਾਂ ਨੂੰ ਜਵਾਬਦੇਹ ਬਣਾਉਂਦੇ ਹੋਏ ਉਹਨਾਂ ਵਿਰੁੱਧ ਸਰਕਾਰੀ ਜਾਇਦਾਦ ਨੂੰ ਨੁਕਸਾਨ ਪਹੁੰਚਾਉਣ ਦੇ ਪਰਚੇ ਦਰਜ ਹੋਣੇ ਚਾਹੀਦੇ ਹਨ ਅਤੇ ਉਹਨਾਂ ਤੋਂ ਨੁਕਸਾਨ ਪੂਰਤੀ ਕਰਵਾਈ ਜਾਣੀ ਚਾਹੀਦੀ ਹੈ। ਪੁਲਿਸ ਵੱਲੋਂ ਲਗਾਏ ਬੈਰੀਕੇਡ ਹਟਾਉਣ ਸਮੇਂ ਇਕ ਕਿਸਾਨ ਧੰਨਾ ਸਿੰਘ ਦੀ ਜਾਨ ਚਲੀ ਗਈ। ਕਿਸਾਨ ਕਾਫ਼ਲਿਆਂ ਦੀ ਨਿਰਸਵਾਰਥ ਸਹਾਇਤਾ ਲਈ ਨਾਲ ਗਏ ਟਰੈਕਟਰ ਮਕੈਨਿਕ ਜਨਕ ਰਾਜ ਧਨੌਲਾ ਦੀ ਕਾਰ ਦੇ ਅੰਦਰ ਹੀ ਅੱਗ ਨਾਲ ਸੜ ਕੇ ਮਰ ਜਾਣ ਦੀ ਦੁਖਦਾਈ ਖਬਰ ਵੀ ਹੈ।

ਸੰਬੰਧਤ ਲੋਕਾਂ ਦੀ ਕੋਈ ਰਾਇ ਲਏ ਬਗੈਰ ਅਤੇ ਉਹਨਾਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਕੋਈ ਮੌਕਾ ਦਿੱਤੇ ਬਗ਼ੈਰ ਹੀ ਉਹਨਾਂ ਦੀ ਕਥਿਤ ਤਰੱਕੀ ਤੇ ਬਿਹਤਰੀ ਲਈ ਨਾਗਰਿਕਾਂ ਉੱਪਰ ਕਾਲੇ ਕਾਨੂੰਨ ਥੋਪਣ ਵਾਲੀ ਸਰਕਾਰ ਨੂੰ ਕੰਧ 'ਤੇ ਲਿਖਿਆ ਪੜ੍ਹ ਲੈਣਾ ਚਾਹੀਦਾ ਹੈ ਕਿ ਫਾਸ਼ੀਵਾਦੀ ਜਬਰ ਦੇ ਜ਼ੋਰ ਲੋਕ ਆਵਾਜ਼ ਨੂੰ ਦਬਾਇਆ ਨਹੀਂ ਜਾ ਸਕਦਾ। ਸਰਕਾਰ ਨੂੰ ਜਬਰ ਅਤੇ ਭਰਮਾਊ ਚਾਲਾਂ ਦਾ ਤਾਨਾਸ਼ਾਹ ਵਤੀਰਾ ਬੰਦ ਕਰਕੇ ਕਿਸਾਨ ਜਥੇਬੰਦੀਆਂ ਨੂੰ ਤੁਰੰਤ ਗੱਲਬਾਤ ਸ਼ੁਰੂ ਕਰਨੀ ਚਾਹੀਦੀ ਹੈ ਅਤੇ ਖੇਤੀ ਕਾਨੂੰਨ ਵਾਪਸ ਲੈਂਦੇ ਹੋਏ ਉਹਨਾਂ ਦੇ ਤੌਖਲਿਆਂ ਅਤੇ ਮੰਗਾਂ ਨੂੰ ਮੁਖ਼ਾਤਿਬ ਹੋਣਾ ਚਾਹੀਦਾ ਹੈ। ਕਿਸਾਨ ਜਨਸਮੂਹ ਪੂਰੀ ਤਰ੍ਹਾਂ ਪੁਰਅਮਨ ਤਰੀਕੇ ਨਾਲ ਆਪਣਾ ਸੰਘਰਸ਼ ਲੜ ਰਹੇ ਹਨ। ਇਸ ਦੌਰਾਨ ਜੇ ਕੋਈ ਵੀ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਦੀ ਇਕੋਇਕ ਜ਼ਿੰਮੇਵਾਰ ਕੇਂਦਰ ਸਰਕਾਰ ਅਤੇ ਸੱਤਾਧਾਰੀ ਧਿਰ ਦੇ ਇਸ਼ਾਰੇ 'ਤੇ ਲਾਕਾਨੂੰਨੀਆਂ ਕਰ ਰਹੀ ਦਿੱਲੀ ਪੁਲਿਸ ਹੋਵੇਗੀ। ਜਮਹੂਰੀ ਅਧਿਕਾਰ ਸਭਾ ਹਰਿਆਣਾ, ਦਿੱਲੀ ਅਤੇ ਹੋਰ ਸੂਬਿਆਂ ਦੇ ਆਮ ਲੋਕਾਂ ਵੱਲੋਂ ਧਾਰਮਿਕ, ਜਾਤੀ ਅਤੇ ਭਾਸ਼ਾਈ ਵੰਡੀਆਂ ਤੋਂ ਉੱਪਰ ਉੱਠ ਕੇ ਸੰਘਰਸ਼ਸ਼ੀਲ ਕਿਸਾਨ ਕਾਫ਼ਲਿਆਂ ਨੂੰ ਆਪਣੇ ਸਮਝ ਕੇ ਤਹਿ ਦਿਲੋਂ ਸਵਾਗਤ ਕਰਨ, ਉਹਨਾਂ ਲਈ ਲੰਗਰ ਅਤੇ ਹੋਰ ਜ਼ਰੂਰਤਾਂ ਦਾ ਇੰਤਜ਼ਾਮ ਕਰਨ ਅਤੇ ਹਰਿਆਣਾ ਵਿਚ ਕਿਸਾਨ ਕਾਫ਼ਲਿਆਂ ਦਾ ਰਾਹ ਰੋਕਣ ਲਈ ਲਗਾਏ ਬੈਰੀਕੇਡਾਂ ਅਤੇ ਹੋਰ ਅੜਿੱਕਿਆਂ ਨੂੰ ਦੂਰ ਕਰਨ 'ਚ ਨਿਭਾਈ ਸ਼ਾਨਦਾਰ ਭੂਮਿਕਾ ਲਈ ਉਹਨਾਂ ਨੂੰ ਵਧਾਈ ਦਿੰਦੀ ਹੈ। ਭਾਈਚਾਰਕ ਇਕਮੁੱਠਤਾ ਅਤੇ ਕਿਸਾਨ ਸੰਘਰਸ਼ ਨਾਲ ਹਮਦਰਦੀ ਦਰਸਾਉਂਦੀ ਹੈ ਕਿ ਆਮ ਲੋਕ ਕਿਸਾਨ ਸੰਘਰਸ਼ ਦੇ ਹੱਕ ਵਿਚ ਹਨ ਅਤੇ ਆਮ ਲੋਕ ਰਾਇ ਸੱਤਾਧਾਰੀ ਧਿਰ ਦੀਆਂ ਕਾਰਪੋਰੇਟ ਸੇਵਾ ਲਈ ਥੋਪੀਆਂ ਜਾ ਰਹੀਆਂ ਤਾਨਾਸ਼ਾਹ ਨੀਤੀਆਂ ਦੇ ਖਿਲਾਫ਼ ਹੈ। ਭਾਈਚਾਰਕ ਸਾਂਝ ਅਤੇ ਲੋਕ ਹਿਤਾਂ ਲਈ ਇਕਜੁੱਟਤਾ ਦਾ ਇਹ ਸੁਲੱਖਣਾ ਸੰਦੇਸ਼ ਆਰ. ਐੱਸ. ਐੱਸ.-ਭਾਜਪਾ ਦੀ ਦੇਸ਼ ਵਿਰੋਧੀ, ਫਿਰਕੂ ਫੁੱਟਪਾਊ ਸਾਜ਼ਿਸ਼ੀ ਸਿਆਸਤ ਨੂੰ ਇਨਸਾਫ਼ਪਸੰਦ ਜਮਹੂਰੀ ਮੁੱਲਾਂ ਵਿਚ ਵਿਸ਼ਵਾਸ ਰੱਖਣ ਵਾਲੇ ਭਾਰਤੀ ਲੋਕਾਂ ਦਾ ਜ਼ਬਰਦਸਤ ਜਵਾਬ ਹੈ। ਜਿਹੜੇ ਕਿਸਾਨ ਅਤੇ ਹੋਰ ਲੋਕ ਸੰਘਰਸ਼ ਦੇ ਮੋਰਚੇ ਉੱਪਰ ਗਏ ਹੋਏ ਹਨ, ਉਹਨਾਂ ਦੀਆਂ ਫ਼ਸਲਾਂ, ਪਸ਼ੂਆਂ ਦਾ ਧਿਆਨ ਰੱਖਣ ਅਤੇ ਉਹਨਾਂ ਦੀਆਂ ਹੋਰ ਪਰਿਵਾਰਕ ਲੋੜਾਂ ਦੀ ਦੇਖਭਾਲ ਕਰਨ ਅਤੇ ਉਹਨਾਂ ਦੀ ਮਦਦ ਕਰਨ ਦੀ ਜ਼ਿੰਮੇਵਾਰੀ ਪਿੱਛੇ ਪਿੰਡਾਂ ਵਿਚ ਮੌਜੂਦ ਲੋਕਾਂ ਦੀ ਹੈ। ਸਾਨੂੰ ਉਹਨਾਂ ਦੀਆਂ ਸਮੱਸਿਆਵਾਂ ਵੱਲ ਫੌਰੀ ਧਿਆਨ ਦੇਣਾ ਚਾਹੀਦਾ ਹੈ।

ਸਭਾ ਸਮੂਹ ਇਨਸਾਫ਼ਪਸੰਦ ਜਮਹੂਰੀ ਤਾਕਤਾਂ ਨੂੰ ਸੱਤਾ ਦੀ ਇਸ ਤਾਨਾਸ਼ਾਹੀ ਵਿਰੁੱਧ ਵਿਸ਼ਾਲ ਲੋਕ ਰਾਇ ਲਾਮਬੰਦ ਕਰਨ, ਕਿਸਾਨਾਂ ਉੱਪਰ ਦਰਜ ਕੀਤੇ ਬੇਬੁਨਿਆਦ ਨਜਾਇਜ਼ ਕੇਸ ਵਾਪਸ ਲੈਣ ਦੀ ਮੰਗ ਕਰਨ ਅਤੇ ਕਿਸਾਨਾਂ ਦੇ ਹੱਕੀ ਸੰਘਰਸ਼ ਨਾਲ ਇਕਮੁੱਠਤਾ ਪ੍ਰਗਟਾਉਂਦੇ ਹੋਏ ਪੰਜਾਬ ਵਿਚ ਚੱਲ ਰਹੇ 100 ਤੋਂ ਉੱਪਰ ਪੱਕੇ ਮੋਰਚਿਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣ ਅਤੇ ਕੇਂਦਰ ਦੇ ਫ਼ਾਸ਼ੀਵਾਦੀ ਰਾਜ ਵਿਰੁੱਧ ਲੋਕ ਆਵਾਜ਼ ਨੂੰ ਹੋਰ ਵਿਸ਼ਾਲ ਅਤੇ ਮਜ਼ਬੂਤ ਬਣਾਉਣ ਦੀ ਪੁਰਜ਼ੋਰ ਅਪੀਲ ਕਰਦੀ ਹੈ।

# ਕੇਂਦਰ ਤੇ ਪੰਜਾਬ ਸਰਕਾਰ, ਕਿਸਾਨ ਸੰਘਰਸ਼ ਦੀ ਆੜ 'ਚ ਜਨਤਕ ਜਥੇਬੰਦੀਆਂ ਦੇ ਆਗੂਆਂ ਅਤੇ ਜਮਹੂਰੀ ਹੱਕਾਂ ਦੇ ਰਾਖਿਆਂ ਦੀਆਂ ਪੈੜਾਂ ਸੁੰਘ ਰਹੀਆਂ ਹਨ

**ਬਲਜਿੰਦਰ ਸਿੰਘ**

ਪਿਛਲੇ ਕੁਝ ਦਿਨਾਂ ਤੋਂ ਬਠਿੰਡਾ ਪੁਲਸ ਜਮਹੂਰੀ ਅਧਿਕਾਰ ਸਭਾ ਅਤੇ ਲੋਕ ਮੋਰਚਾ ਪੰਜਾਬ ਦੇ ਆਗੂਆਂ ਅਤੇ ਲੋਕ ਪੱਖੀ ਲੇਖਕਾਂ ਦੇ ਘਰੀਂ ਜਾ ਕੇ ਉਹਨਾਂ ਦੇ ਪਰਵਾਰ ਮੈਂਬਰਾਂ, ਰਿਸ਼ਤੇਦਾਰਾਂ, ਦੋਸਤਾਂ ਦੇ ਪਤੇ ਟਿਕਾਣੇ ਨੋਟ ਕਰ ਰਹੀ ਹੈ, ਉਹਨਾਂ ਦੇ ਰੁਝੇਵੇਂ, ਸਰਗਰਮੀਆਂ ਅਤੇ ਸੰਪਰਕਾਂ ਬਾਰੇ ਜਾਣਕਾਰੀ ਲੈ ਰਹੀ ਹੈ, ਰਿਹਾਇਸ਼ੀ ਘਰਾਂ ਦੀ ਬਣਤਰ ਨੂੰ ਨੋਟ ਕਰ ਰਹੀ ਹੈ? ਇਹ ਸਾਰਾ ਕੁਝ ਲੁਕ ਛੁਪ ਕੇ ਨਹੀਂ ਸਗੋਂ ਗੱਜ ਵੱਜ ਕੇ ਕੀਤਾ ਜਾ ਰਿਹਾ ਹੈ ? ਹੁਣ ਤੱਕ ਵੱਖ ਵੱਖ ਥਾਣਿਆਂ ਤੋਂ ਪੁਲਸ, ਸਭਾ ਦੇ ਸਕੱਤਰ ਅਤੇ ਸੂਬਾ ਆਗੂ ਪ੍ਰਿਤਪਾਲ ਸਿੰਘ, ਪ੍ਰਧਾਨ ਪ੍ਰਿੰਸੀਪਲ ਬੱਗਾ ਸਿੰਘ, ਕਮੇਟੀ ਮੈਂਬਰ ਭੈਣ ਪੁਸ਼ਪ ਲਤਾ, ਪ੍ਰੈੱਸ ਸਕੱਤਰ ਡਾਕਟਰ ਅਜੀਤ ਪਾਲ ਦੇ ਘਰ ਜਾ ਚੁੱਕੀ ਹੈ? ਇਹਨਾਂ ਤੋਂ ਇਲਾਵਾ ਪੰਜਾਬ ਦੇ ਜਾਣੇ ਪਛਾਣੇ ਲੇਖਕ, ਸ਼ਿਰੀ ਅਤਰਜੀਤ ਕਹਾਣੀਕਾਰ ਦੇ ਘਰ ਵੀ ਗੇੜਾ ਮਾਰ ਚੁੱਕੀ ਹੈ ਅਤੇ ਲੋਕ ਮੋਰਚਾ ਪੰਜਾਬ ਦੇ ਆਗੂ ਸੁਖਵਿੰਦਰ ਸਿੰਘ ਨੂੰ ਵਰਧਮਾਨ ਚੌਕੀ ਦੀ ਪੁਲਸ ਨੇਂ ਚੌਕੀ ਚ ਆ ਕੇ ਪੇਸ਼ ਹੋਣ ਅਤੇ ਬਿਆਨ ਲਿਖਾਉਣ ਲਈ ਕਈ ਫੋਨ ਕੀਤੇ ਹਨ? ਮਿਲੀ ਜਾਣਕਾਰੀ ਅਨੁਸਾਰ ਪੁਲਸ ਕੋਲ ਇਸ ਮੰਤਵ ਲਈ ਵੱਖ ਵੱਖ ਜਥੇਬੰਦੀਆਂ ਦੇ ਮੈਂਬਰਾਂ ਦੀਆਂ ਸੂਚੀਆਂ ਹਨ ਅਤੇ ਸਬੰਧਤ ਥਾਣਿਆਂ ਨੂੰ ਉਹਨਾਂ ਕੋਲੋਂ ਜਾਣਕਾਰੀ ਹਾਸਲ ਕਰ ਕੇ ਲਿਖਤੀ ਰੂਪ ਵਿਚ ਭੇਜਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ?

**ਪੁਲਸ ਦੀ ਇਹ ਕਾਰਵਾਈ ਬਿਲਕੁਲ ਗੈਰ ਕਾਨੂੰਨੀ** : ਫੌਜਦਾਰੀ ਕਾਨੂੰਨ ਦੀ ਕੋਈ ਵੀ ਧਾਰਾ ਪੁਲਸ ਨੂੰ ਕਿਸੇ ਨਾਗਰਿੱਕ ਬਾਰੇ ਅਜੇਹੀ ਜਾਣਕਾਰੀ ਹਾਸਲ ਕਰਨ ਦਾ ਹੱਕ ਨਹੀਂ ਦਿੰਦੀ। ਵੱਖ ਵੱਖ ਕਾਨੂੰਨਾਂ ਤਹਿਤ ਪੁਲਸ ਸਿਰਫ ਸਜ਼ਾ ਭੁਗਤ ਰਹੇ ਜਾਂ ਭੁਗਤ ਚੁੱਕੇ ਕੈਦੀਆਂ ਅਤੇ ਦੱਸ ਨੰਬਰੀ ਬਦਮਾਸ਼ ਐਲਾਨੇ ਵਿਅਕਤੀਆਂ ਤੋਂ ਹੀ ਅਜੇਹੀ ਜਾਣਕਾਰੀ ਮੰਗ ਸਕਦੀ ਹੈ। ਪਰ ਜਮਹੂਰੀ ਕਾਰਕੁਨਾਂ ਅਤੇ ਜਨਤਕ ਜਥੇਬੰਦੀਆਂ ਦੇ ਆਗੂ ਨਾਂ ਤਾਂ ਕਿਸੇ ਮੁਕਦਮੇ ਵਿਚ ਸਜ਼ਾ ਯਾਫਤਾ ਸਨ ਅਤੇ ਅਤੇ ਨਾਂ ਹੀ ਉਹਨਾਂ ਨੂੰ ਕਿਸੇ ਸਮਰਥ ਅਧਿਕਾਰੀ ਵੱਲੋਂ ਦੱਸ ਨੰਬਰੀ ਬਦਮਾਸ਼ ਐਲਾਨਿਆ ਗਿਆ ਹੈ। ਇਸ ਤਰਾਂ ਇਹ ਕਾਰਵਾਈ ਲੋਕਾਂ ਦੀ ਨਿੱਜਤਾ ਉੱਤੇ ਹਮਲਾ ਹੈ।

**ਜ਼ਿੰਮੇਦਾਰੀ ਤੋਂ ਟਾਲਾ ਵੱਟ ਰਿਹਾ ਹੈ ਹਰ ਪੁਲਸ ਅਧਿਕਾਰੀ** : ਕੋਈ ਵੀ ਪੁਲਸ ਅਧਿਕਾਰੀ ਇਸ ਕਾਰਵਾਈ ਬਾਰੇ ਆਪਣੇ ਸਿਰ ਜ਼ਿੰਮੇਵਾਰੀ ਲੈਣ ਨੂੰ ਤਿਆਰ ਨਹੀਂ। ਜਦੋਂ ਪੁੱਛ ਗਿੱਛ ਕਰਨ ਆਏ ਪੁਲਸ ਅਧਿਕਾਰੀਆਂ ਨੂੰ ਇਹ ਪੁੱਛਿਆ ਗਿਆ ਕਿ ਇਸ ਬਾਰੇ ਕਿਸੇ ਅਧਿਕਾਰੀ ਵੱਲੋਂ ਜਾਰੀ ਹੁਕਮ ਦੀ ਨਕਲ ਦਿੱਤੀ ਜਾਵੇ ਤਾਂ ਉਹ ਕਹਿੰਦੇ ਹਨ, ਅਸੀਂ ਤਾਂ ਸਰਸਰੀ ਜਿਹੀ ਜਾਣਕਾਰੀ ਲੈਣੀ ਹੈ। ਉਹ ਇਹ ਦੱਸਣ ਨੂੰ ਵੀ ਤਿਆਰ ਨਹੀਂ ਕਿ ਇਹ ਕਾਰਵਾਈ ਕਿਸ ਅਧਿਕਾਰੀ ਦੇ ਹੁਕਮਾਂ ਤੇ ਅਤੇ ਕਿਸ ਮਕਸਦ ਲਈ ਕੀਤੀ ਜਾ ਰਹੀ ਹੈ। ਜਦੋਂ ਇੱਕ ਪਤਰਕਾਰ ਨੇਂ ਬਠਿੰਡੇ ਦੇ ਜ਼ਿਲਾ ਪੁਲਸ ਮੁਖੀ ਨੂੰ ਇਸ ਬਾਰੇ ਪੁੱਛਿਆ ਤਾਂ ਉਸਨੇਂ ਅਜਿਹਾ ਕੋਈ ਹੁਕਮ ਜਾਰੀ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ। ਇਸ ਤਰ੍ਹਾਂ ਇਹ ਸਾਰਾ ਕੁਝ ਸ਼ਾਜਸ਼ੀ ਅਤੇ ਗੁਪਤ ਢੰਗ ਨਾਲ ਕੀਤਾ ਜਾ ਰਿਹਾ ਹੈ ਜਿਸ ਤੋਂ ਪੁਲਸ ਅਧਿਕਾਰੀਆਂ ਦੇ ਮਨਸ਼ੇ ਸ਼ੱਕ ਦੇ ਘੇਰੇ ਵਿਚ ਆਉਂਦੇ ਹਨ।

**ਨਾਗਰਿਕਾਂ ਦੀ ਜਾਸੂਸੀ ਮੁਖ ਏਜੰਡਾ** :- ਮੋਦੀ ਸਰਕਾਰ ਜਦੋਂ ਤੋਂ ਹੋਂਦ ਵਿਚ ਆਈ ਹੈ ਇਸ ਦਾ ਪੂਰਾ ਜ਼ੋਰ ਭਾਰਤੀ ਨਾਗਰਿਕਾਂ, ਵਿਸ਼ੇਸ਼ ਤੌਰ 'ਤੇ ਜਮਹੂਰੀ ਹੱਕਾਂ ਦੇ ਰਾਖਿਆਂ ਅਤੇ ਜਨਤਕ ਜਥੇਬੰਦੀਆਂ ਦੇ ਆਗੂਆਂ, ਦੀ ਜਾਸੂਸੀ ਕਰਨ ਅਤੇ ਉਹਨਾਂ ਨੂੰ ਝੂਠੇ ਕੇਸਾਂ ਵਿਚ ਉਲਝਾਉਣ ਤੇ ਲੱਗਾ ਹੋਇਆ ਹੈ। ਇਸ ਮਕਸਦ ਲਈ ਆਧਾਰ ਕਾਰਡ ਇਸ ਕੋਲ ਸਭ ਤੋਂ ਕਾਰਗਰ ਹਥਿਆਰ ਹੈ। ਟੈਲੀਫੋਨ ਅਤੇ ਇੰਟਰਨੈਟ ਰਾਹੀਂ ਜਾਸੂਸੀ ਕਰਨ ਦੇ ਅਧਿਕਾਰ ਸਰਕਾਰ ਦੇ ਮੁਖ ਸਕੱਤਰ ਦੀ ਥਾਂ ਪੁਲਸ ਅਧਿਕਾਰੀਆਂ ਨੂੰ ਦੇ ਦਿੱਤੇ ਗਏ ਹਨ, ਜਿਸ ਕਾਰਨ ਸਰਕਾਰ ਲਈ ਕਿਸੇ ਵਿਅਕਤੀ ਦੀ ਡਾਕ ਪੜਨੀ, ਮੋਬਾਈਲ ਫੋਨ ਤੇ ਕਾਲਾਂ ਨੂੰ ਸੁਣਨਾ, ਕਾਲਾਂ ਦੇ ਆਧਾਰ ਤੇ ਕਿਸੇ ਵੀ ਵਿਅਕਤੀ ਦੀ ਲੋਕੇਸ਼ਨ ਚੈਕ ਕਰਨੀ, ਸੋਸ਼ਲ ਮੀਡੀਆ ਜਿਵੇਂ ਈ ਮੇਲ, ਵਟਸਐਪ, ਫੇਸਬੁੱਕ, ਟਵਿੱਟਰ ਤੇ ਹੋ ਰਹੀਆਂ ਗਤੀ ਵਿਧੀਆਂ ਤੇ ਨਿਗਾਹ ਰੱਖਣੀ ਆਦਿ ਲਈ ਰਾਹ ਖੁੱਲ ਗਿਆ ਹੈ। ਇਸ ਜਾਸੂਸੀ ਦਾ ਸ਼ਿਕਾਰ ਹਾਕਮ ਆਵਦੇ ਪਾਰਲੀਮਾਨੀ ਸ਼ਰੀਕਾਂ ਨੂੰ ਵੀ ਬਣਾਉਂਦੇ ਹਨ। ਲੋਕਾਂ ਦੀ ਜਾਸੂਸੀ ਦਾ ਜਨੂੰਨ ਭਗਵੇਂ ਹਾਕਮਾਂ ਤੇ ਇਸ ਹੱਦ ਤੱਕ ਛਾਇਆ ਹੋਇਆ ਹੈ ਕਿ ਕੋਵਿਡ-19 ਬੀਮਾਰੀ ਤੇ ਨਿਗਾਹ ਰੱਖਣ ਦੇ ਬਹਾਨੇ ਲੋਕਾਂ ਦੇ ਫੋਨਾਂ ਤੇ ਲਾਏ ਐਪ ਅਰੋਗਿਆ ਸੇਤੂ ਦਾ ਮੁਖ ਕੰਮ ਵੀ ਜਾਸੂਸੀ ਹੀ ਹੈ।

**ਆਓ ਲੋਕਾਂ ਦੀ ਨਿੱਜਤਾ ਤੇ ਹੋ ਰਹੇ ਇਸ ਹਮਲੇ ਦਾ ਡਟਵਾਂ ਵਿਰੋਧ ਕਰੀਏ** : ਪੁਲਸ ਵੱਲੋਂ ਗੈਰ ਕਾਨੂੰਨੀ ਢੰਗ ਨਾਲ ਨਿੱਜੀ ਜਾਣਕਾਰੀ ਲੈਣ ਦੀ ਹਰ ਕੋਸ਼ਿਸ਼ ਦਾ ਸੰਗਠਿਤ ਸੰਘਰਸ਼ ਰਾਹੀਂ ਅਤੇ ਕਾਨੂੰਨੀ ਅਦਾਰਿਆਂ ਚ ਚੁਣੌਤੀ ਰਾਹੀ ਡਟਵਾਂ ਵਿਰੋਧ ਕਰੀਏ;

- ਲੋਕਾਂ ਦੀ ਨਿੱਜਤਾ ਦੇ ਅਧਿਕਾਰ ਤੇ ਹਰ ਤਰ੍ਹਾਂ ਦੇ ਹਮਲਿਆਂ ਦੇ ਖਿਲਾਫ ਆਵਾਜ਼ ਉਠਾਈਏ
- ਕਿਸੇ ਵੀ ਪੁਲਸ ਜਾਂ ਪ੍ਰਬੰਧਕੀ ਅਧਿਕਾਰੀ ਵੱਲੋਂ ਨਿੱਜੀ ਜਾਣਕਾਰੀ ਦੀ ਮੰਗ, ਪੂਰੇ ਜ਼ੋਰ ਨਾਲ ਠੁਕਰਾ ਦੇਈਏ। ਜਮਹੂਰੀ ਅਧਿਕਾਰ ਸਭਾ ਦੀ ਬਠਿੰਡਾ ਜ਼ਿਲਾ ਇਕਾਈ ਇਸ ਮਸਲੇ ਨੂੰ ਲੈਕੇ, ਹੋਰਾਂ ਸੰਘਰਸ਼ ਸ਼ੀਲ ਜਨਤਕ ਅਤੇ ਜਮਹੂਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਲੋਕਾਂ ਨੂੰ ਲਾਮਬੰਦ ਕਰਕੇ ਰੋਸ ਪ੍ਰਦਰਸ਼ਨ ਕਰਨ ਅਤੇ ਹਾਕਮਾਂ ਦੇ ਚੰਦਰੇ ਮਨਸੂਬਿਆਂ ਨੂੰ ਨੰਗਾ ਕਰਨ ਦੀ ਮੁਹਿੰਮ ਚਲਾਉਣ ਦੀ ਵਿਓਂਤ ਬਣਾ ਰਹੀ ਹੈ।

# ਇਨਕਲਾਬੀ ਨਾਹਰਿਆਂ ਦੀ ਗੂੰਜ 'ਚ ਹੋਇਆ ਸੀਟੀਯੂ ਪੰਜਾਬ ਦਾ ਡੈਲੀਗੇਟ ਇਜਲਾਸ ਸੰਪੰਨ

## *ਪਰਮਜੀਤ ਸਿੰਘ ਪ੍ਰਧਾਨ ਤੇ ਜਗਦੀਸ਼ ਚੰਦ ਸਕੱਤਰ, ਗੁਰਦੀਪ ਸਿੰਘ ਕਲਸੀ ਵਿੱਤ ਸਕੱਤਰ ਬਣੇ*



ਲੁਧਿਆਣਾ (ਬਲਜਿੰਦਰ ਸਿੰਘ): ਪੰਜਾਬ ਦੀ ਲੜਾਕੂ, ਇਨਕਲਾਬੀ ਤੇ ਸਿਰਮੌਰ ਜਥੇਬੰਦੀ ਸੈਂਟਰ ਆਫ ਟਰੇਡ ਯੂਨੀਅਨ ਪੰਜਾਬ (ਸੀ ਟੀ ਯੂ ਪੰਜਾਬ) ਜਿਲ੍ਹਾ ਲੁਧਿਆਣਾ ਦਾ ਡੈਲੀਗੇਟ ਇਜਲਾਸ ਅੱਜ ਲੁਧਿਆਣਾ ਵਿਖੇ ਪਰਮਜੀਤ ਸਿੰਘ, ਬਲਰਾਮ ਸਿੰਘ, ਪਵਨ ਕੁਮਾਰ ਅਤੇ ਗੁਰਦੀਪ ਸਿੰਘ ਕਲਸੀ ਦੀ ਪ੍ਰਧਾਨਗੀ ਹੇਠ ਹੋਇਆ। ਅੱਜ ਦੇ ਇਜਲਾਸ ਨੂੰ ਸੂਬਾਈ ਪ੍ਰਧਾਨ ਸਾਥੀ ਵਿਜੇ ਮਿਸ਼ਰਾ, ਜ: ਸਕੱਤਰ ਨੱਥਾ ਸਿੰਘ ਅਤੇ ਦੇਵ ਰਾਜ ਵਰਮਾ ਨੇ ਸੰਬੋਧਨ ਕਰਦਿਆਂ ਆਖਿਆ ਕਿ ਕੇਂਦਰ ਦੀ ਮੋਦੀ ਸਰਕਾਰ ਤੇ ਸੂਬੇ ਦੀ ਕੈਪਟਨ ਸਰਕਾਰ ਸਾਮਰਾਜੀ ਨੀਤੀਆਂ ਤੇ ਚੱਲਦਿਆਂ ਮਜ਼ਦੂਰਾਂ ਵੱਲੋਂ ਲੱੜਕੇ ਬਣਵਾਏ ਕਿਰਤ ਕਾਨੂੰਨ ਖਤਮ ਕਰਕੇ ਮਜ਼ਦੂਰਾਂ ਦੀ ਹੋਰ ਲੁੱਟ ਨੂੰ ਤੇਜ਼ ਕਰ ਰਹੇ ਹਨ। ਉਹਨਾ ਆਖਿਆ ਕਿ ਸੀ ਟੀ ਯੂ ਪੰਜਾਬ ਮਜ਼ਦੂਰਾਂ ਨੂੰ ਜਥੇਬੰਦ ਕਰਕੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਤੇਜ ਕਰਨਗੇ। ਸਾਥੀ ਜਗਦੀਸ਼ ਚੰਦ ਵੱਲੋਂ ਪੇਸ਼ ਕੀਤੀ ਰਿਪੋਰਟ 'ਤੇ ਸਾਥੀਆਂ ਨੇ ਬਹਿਸ ਕੀਤੀ। ਇਸ ਇਜਲਾਸ ਨੂੰ ਭਰਾਤਰੀ ਜਥੇਬੰਦੀਆਂ ਜਮਹੂਰੀ ਕਿਸਾਨ ਸਭਾ ਪੰਜਾਬ ਦੇ ਜਿਲ੍ਹਾ ਸਕੱਤਰ ਰਘਵੀਰ ਸਿੰਘ ਬੈਨੀਪਾਲ, ਜਗਤਾਰ ਸਿੰਘ ਚਕੌਹੀ, ਦਿਹਾਤੀ ਮਜ਼ਦੂਰ ਸਭਾ ਪੰਜਾਬ ਦੇ ਅਮਰਜੀਤ ਮੱਟੂ, ਦਰਸ਼ਣ ਸਿੰਘ ਸਾਇਆ, ਸ਼ਹੀਦ ਭਗਤ ਸਿੰਘ ਨੌਜਵਾਨ ਸਭਾ ਪੰਜਾਬ ਦੇ ਜਿਲ੍ਹਾ ਸਕੱਤਰ ਹਰਨੇਕ ਸਿੰਘ ਗੁੱਜਰਵਾਲ ਨੇ ਭਰਾਤਰੀ ਸੰਦੇਸ਼ ਦਿੰਦਿਆਂ ਸੀ ਟੀ ਯੂ ਪੰਜਾਬ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕੀਤਾ। ਡੈਲੀਗੇਟ ਇਜਲਾਸ ਨੇ 33 ਮੈਂਬਰੀ ਜਿਲ੍ਹਾ ਕਮੇਟੀ ਦੀ ਚੋਣ ਕੀਤੀ। ਜਿਸ ਵਿੱਚ ਪਰਮਜੀਤ ਸਿੰਘ ਲੁਧਿਆਣਾ ਪ੍ਰਧਾਨ, ਜਗਦੀਸ਼ ਚੰਦ ਸਕੱਤਰ ਤੇ ਗੁਰਦੀਪ ਸਿੰਘ ਕਲਸੀ ਵਿੱਤ ਸਕੱਤਰ ਚੁਣੇ ਗਏ। ਇਜਲਾਸ ਸ਼ੁਰੂ ਕਰਨ ਤੋਂ ਪਹਿਲਾ ਜਥੇਬੰਦੀ ਦਾ ਝੰਡਾ ਇਨਕਲਾਬੀ ਨਾਹਰਿਆਂ ਦੀ ਗੂੰਜ ਵਿੱਚ ਲਹਿਰਾਇਆ ਗਿਆ ਅਤੇ ਝੰਡੇ ਨੂੰ ਸਲਾਮੀ ਭੇਟ ਕੀਤੀ।



ਗੁਰਚਰਨ ਕੌਰ ਥਿੰਦ
403-402-9635
403-293-2625

# (ਕਹਾਣੀ) ਪੰਜਾਬ

'ਪੰਜਾਬ ਕਰਾਂ ਕੀ ਸਿਫ਼ਤ ਤੇਰੀ,
ਸ਼ਾਨਾਂ ਦੇ ਸਭ ਸਮਾਨ ਤੇਰੇ।
ਜਲ ਪੌਣ ਤੇਰਾ ਹਰਿਔਲ ਤੇਰੀ,
ਦਰਯਾ ਮੈਦਾਨ ਤੇਰੇ।'

ਲਿਵਿੰਗ ਰੂਮ ਵਿੱਚ ਸੋਫ਼ੇ 'ਤੇ ਬੈਠਾ ਬੂਟਾ ਸਿੰਘ ਉਪਰਲਾ ਗੀਤ ਗੁਣਗੁਣਾਉਂਦਾ ਬੜੇ ਵਜਦ ਨਾਲ ਸਿਰ ਹਿਲਾ ਰਿਹਾ ਸੀ। ਪੌੜੀਆਂ ਉਤਰਦੇ ਹਿੰਮਤ ਦੇ ਕੰਨੀਂ ਬੋਲ ਪਏ ਤਾਂ ਉਹ ਰਤਾ ਕੁ ਵਿਅੰਗ ਨਾਲ ਬੋਲਿਆ, ਉਡੈਡ, ਕਿਹੜੇ ਪੰਜਾਬ ਦੀ ਗੱਲ ਕਰਦੇ ਪਏ ਓ! ਸੱਤਾਂ ਦਰਿਆਵਾਂ ਵਾਲੇ ਪੰਜਾਬ ਦੀ ਜਿਹਨੂੰ 'ਸਪਤ ਸਿੰਧੂ' ਕਹਿੰਦੇ ਸਨ ਜਾਂ ਫਿਰ ਪੰਜਾਂ ਦਰਿਆਵਾਂ ਵਾਲੇ ਪੰਜਾਬ ਦੀ ਜਿਹੜਾ ਦਰ੍ਹਾ ਖ਼ੈਬਰ ਤੋਂ ਲੈ ਸਤਲੁਜ ਦੇ ਪਾਰ ਤੱਕ ਵਿਛਿਆ ਸੀ ਜਾਂ ਫਿਰ ਆਪਣਿਆਂ ਦੀ ਗ਼ਦਾਰੀ ਕਾਰਨ ਵਿਦੇਸ਼ੀ ਸਾਸ਼ਕਾਂ ਦੇ ਕਬਜ਼ੇ ਹੇਠ ਆਏ ਉਸ ਪੰਜਾਬ ਦੀ ਜਿਹਨੇ ਦੇਸ਼ ਦੀ ਅਜ਼ਾਦੀ ਦੀ ਲੜਾਈ ਵਿੱਚ ਕੁੱਲ ਕੁਰਬਾਨੀਆਂ ਦਾ ਨੱਬੇ ਪ੍ਰਤੀਸ਼ਤ ਹਿੱਸਾ ਪਾਇਆ ਤੇ ਜਾਂ ਅੱਜ ਦੇ ਢਾਈ ਦਰਿਆਵਾਂ ਵਾਲੇ ਪੰਜਾਬ ਦੀ ਜਿਹਦੇ ਜਾਏ ਆਪਣੀ ਜ਼ਰ-ਜ਼ਮੀਨ ਤੇ ਪੱਗ ਬਚਾਉਣ ਖ਼ਾਤਰ ਧਰਨੇ ਮੁਜ਼ਾਰਿਆਂ ਦਾ ਰਾਹ ਫੜੀ ਬੈਠੇ ਨੇ।"

"ਓ ਦਮ ਲੈ ਪੁੱਤਰਾ ਦਮ! ਤੂੰ ਤਾਂ ਲੰਮੀ ਲੜੀ ਛੋਹ ਬੈਠਾਂ। ਮੈਂ ਤਾਂ ਉਸ ਪੰਜਾਬ ਦੀ ਗੱਲ ਕਰਦਾਂ ਜਿਹਨੂੰ ਮੈਂ ਪੰਜਾਹ ਕੁ ਵਰ੍ਹੇ ਪਹਿਲਾਂ ਛੱਡ ਕੇ ਆਇਆ ਸੀ।" ਬੂਟਾ ਸਿੰਘ ਆਪਣੀ ਲੰਮੀ ਚਿੱਟੀ ਦਾਹੜੀ ਨੂੰ ਪਲੋਸਦਾ ਮੁਸਕਰਾਇਆ।

"ਹੱਛਾ, ਉਹ ਢਾਈ ਦਰਿਆਵਾਂ ਵਾਲਾ ਪੰਜਾਬ! ਜਿਹਨੂੰ ਅਜ਼ਾਦੀ ਦੇ ਤੋਹਫ਼ੇ ਵਜੋਂ ਮਿਲੀ ਲੁੱਟ-ਘਸੁੱਟ ਅਤੇ ਉਜਾੜਾ। ਪਰ ਫਿਰ ਵੀ ਜਿਹੜਾ ਸਿਰੜ ਤੇ ਸਿਦਕ ਦਾ ਪੱਲਾ ਫੜ ਆਪਣੀ ਸਖ਼ਤ ਮਿਹਨਤ ਤੇ ਮੁਸ਼ੱਕਤ ਸਦਕਾ ਪੂਰੇ ਦੇਸ਼ ਦਾ ਅੰਨਦਾਤਾ ਬਣ ਉੱਭਰ ਖਲੋਤਾ ਸੀ।"

"ਹਾਂ...ਹਾਂ....ਮੈਂ ਤਾਂ ਉਸੇ ਪੰਜਾਬ ਨੂੰ ਜਾਣਦਾ। ਉੱਥੇ ਮੈਂ ਜੰਮਿਆ, ਪਲਿਆ, ਉਹਦੀਆਂ ਖੁੱਲੀਆਂ ਡੁੱਲੀਆਂ ਹਵਾਵਾਂ 'ਚ ਚੁੰਗੀਆਂ ਭਰਦਾ ਜੁਆਨ ਹੋਇਆ ਤੇ ਵਿਆਹਿਆ ਗਿਆ। ਫਿਰ ਉੱਥੇ ਹੀ ਤੂੰ ਜੰਮਿਆ।" ਅਤੀਤ ਵਿੱਚ ਝਾਤੀ ਮਾਰਦਾ ਬੂਟਾ ਸਿੰਘ ਵਿਰਾਗਿਆ ਗਿਆ ਲਗਦਾ ਸੀ।

"ਤੇ ਫਿਰ ਸਭ ਕੁੱਝ ਛੱਡ ਛਡਾ ਕੇ ਬਾਹਰਲੇ ਮੁਲਕ ਵਿੱਚ ਆ ਡੇਰਾ ਲਾਇਆ। ਹੈ ਨਾ!" ਹਿੰਮਤ ਨੇ ਚੋਟ ਲਾਈ।

"ਪੁੱਤਰਾ, ਸਭ ਮੱਥੇ ਦੀਆਂ ਲਿਖੀਆਂ ਦੀਆਂ ਖੇਡਾਂ ਨੇ! ਐਂ ਤਾਂ ਕੋਈ ਘਾਟ ਨੀ ਸੀ ਉੱਥੇ ਕਾਸੇ ਦੀ ਉਸ ਵੇਲੇ!...ਉਦੋਂ ਇੰਗਲੈਂਡ ਜਾਣ ਦੀਆਂ ਰਾਹਦਾਰੀਆਂ ਖੁੱਲ੍ਹੀਆਂ ਸਨ। ਆਸ ਪਾਸ ਜਾਣਕਾਰਾਂ ਨੂੰ ਜਾਂਦਾ ਵੇਖ ਮੇਰੇ ਪੈਰਾਂ ਨੂੰ ਵੀ ਖੁਰਕ ਹੋਣ ਲਗ ਪਈ। ਤੈਨੂੰ ਤੇਰੀ ਮਾਂ ਦੀ ਕੁੱਖ ਵਿੱਚ ਛੱਡ ਮੈਂ ਵੀ ਇੰਗਲੈਂਡ ਨੂੰ ਚਾਲੇ ਪਾ ਦਿੱਤੇ।" ਬੂਟਾ ਸਿੰਘ ਨੇ ਲੰਘਿਆ ਵੇਲਾ ਚਿਤਾਰਿਆ।

"ਹਾਂ ਜੀ, ਬਾਬੇ ਨਾਨਕ ਦੇ ਚੰਗੇ ਬੰਦਿਆਂ ਲਈ 'ਉਜੜ ਜਾਓ' ਵਾਲੇ ਆਖੇ ਬੋਲ ਵੀ ਤਾਂ ਪੁਗਾਉਣੇ ਹੋਏ ਨਾ ਪੰਜਾਬ ਦੇ ਜਾਇਆਂ ਨੇ! ਆਹ ਵੇਖ ਲਓ ਲੋੜਾਂ-ਥੋੜਾਂ ਕਾਰਨ ਜਾਂ ਚੰਗੇ ਭਵਿੱਖ ਖ਼ਾਤਰ ਇੱਕ ਜਾਂ ਦੋ ਮੁਲਕਾਂ 'ਚ ਨਹੀਂ ਬਲਕਿ ਵੀਹ ਤੋਂ ਵੀ ਵੱਧ ਦੇਸ਼ਾਂ ਵਿੱਚ ਵੱਸ ਗਿਆ ਪੰਜਾਬ!" ਹੱਥ ਵਿੱਚ ਫੜੇ ਮੱਗ ਵਿਚੋਂ ਚਾਹ ਦੀ ਚੁਸਕੀ ਭਰਦਾ ਹਿੰਮਤ ਸੋਫ਼ੇ ਤੇ ਸਵਾਹਰਾ ਹੋ ਬੈਠਦਾ ਬੋਲਿਆ, ਉਸਾਰੀ ਦੁਨੀਆਂ 'ਚ ਬੱਲੇ ਬੱਲੇ ਕਰਾਈ ਪਈ ਆ ਪੰਜਾਬੀਆਂ ਨੇ!"

"ਆਹੋ!.....ਮਿਹਨਤ ਵੀ ਬਥੇਰੀ ਕੀਤੀ ਤੇ ਸੁੱਖ-ਅਰਾਮ ਵੀ ਬਥੇਰਾ ਵੇਖ ਲਿਆ ਇੱਥੇ। ਪਰ ਹਿੰਮਤ ਪੁੱਤਰ! ਆਪਣੀ ਜੰਮਣ-ਭੋਂਅ ਨੀ ਭੁੱਲਦੀ। ਸੁੱਤਿਆਂ ਜਾਗਦਿਆਂ ਅੱਖਾਂ ਅੱਗੇ ਓਹੋ ਘੁੰਮਦੀ ਰੈਂਦੀ ਆ।"

"ਤਾਹੀਓਂ ਜਦੋਂ ਜੀਅ ਕਰਦਾ ਆਹ ਗੀਤ ਗੌਣ ਲਗ ਪੈਂਦੇ ਓ। ਤੁਹਾਨੂੰ ਹੁਣ ਤੱਕ ਯਾਦ ਆ। 'ਪੰਜਾਬ ਕਰਾਂ ਕੀ ਸਿਫ਼ਤ ਤੇਰੀ...' ਹਿੰਮਤ ਨੇ ਰੀਸ ਲਾਉਂਦਿਆ ਆਖਿਆ।

"ਓ ਕਾਕਾ, ਭੁੱਲ ਕਿਵੇਂ ਸਕਦਾਂ! ਅਠਵੀਂ ਜਮਾਤ ਦੀ ਪੰਜਾਬੀ ਦੀ ਕਿਤਾਬ ਵਿੱਚ ਸੀ, ਧਨੀ ਰਾਮ ਚਾਤ੍ਰਿਕ ਦਾ ਲਿਖਿਆ ਇਹ ਗੀਤ। ਸਾਡੇ ਗਿਆਨੀ ਜੀ ਨੇ ਪੜ੍ਹਾਇਆ ਵੀ ਬੜੀ ਰੀਝ ਨਾਲ ਸੀ ਤੇ ਜ਼ੁਬਾਨੀ ਯਾਦ ਵੀ ਕਰਾਇਆ ਸੀ। ਮੈਂ ਇਹ ਸਕੂਲ ਦੀ ਬਾਲ-ਸਭਾ ਵਿੱਚ ਗਾਇਆ ਸੀ। ਬੜੀਆਂ ਤਾੜੀਆਂ ਵੱਜੀਆਂ। ਇਹ ਤਾਂ ਮੇਰੇ ਹੱਡਾਂ ਵਿੱਚ ਰਚਿਆ ਹੋਇਆ। ਇਹਦੇ ਵਿੱਚ ਧਨੀ ਰਾਮ ਚਾਤ੍ਰਿਕ ਨੇ ਪੰਜਾਬ ਦੀ ਬਣਤਰ, ਬਰਕਤ, ਸਖਾਵਤ, ਇਤਿਹਾਸਕ ਸ਼ਾਨ, ਸਾਹਸ, ਸੁਭਾਅ ਤੇ ਸੱਧਰਾਂ ਦਾ ਵਰਨਣ ਦਿਲ ਖੋਲ੍ਹ ਕੇ ਕੀਤਾ ਏ।" ਬੂਟਾ ਸਿੰਘੁ ਬਚਪਨ ਦੀਆਂ ਗਲੀਆਂ ਵਿੱਚ ਦੁੜੰਗੇ ਮਾਰਨ ਚਲਾ ਗਿਆ ਅਤੇ ਹਿੰਮਤ ਪਿਛਲੇ ਵਿਹੜੇ ਵਿੱਚ ਘਾਹ ਨੂੰ ਪਾਣੀ ਲਾਉਣ ਲਗ ਪਿਆ।

ਬੂਟਾ ਸਿੰਘ ਦਾ ਸ਼ਹਿਰ ਦੇ ਬਾਹਰਵਾਰ ਨਵੀਂ ਉੱਸਰੀ ਅਬਾਦੀ ਵਿੱਚ ਚੰਗਾ ਲੰਮਾ-ਚੌੜਾ ਤੇ ਖੁੱਲ੍ਹਾ-ਡੁੱਲ੍ਹਾ ਘਰ ਹੈ। ਸੱਤ ਅੱਠ ਬੈੱਡ-ਰੂਮ, ਵੱਡਾ ਹਾਲ ਕਮਰਾ, ਦੋ ਲਿਵਿੰਗ-ਰੂਮ, ਤਿੰਨ ਤਿੰਨ ਗੱਡੀਆਂ ਵਾਲੇ ਦੋ ਗਰਾਜ, ਬੱਚਿਆਂ ਦੇ ਵਖਰੇ ਕਮਰੇ। ਕੋਠੀ ਦੇ ਅੰਦਰ ਵੜ ਜਾਓ ਪਤਾ ਨਹੀਂ ਲਗਦਾ ਵੜੇ ਕਿਧਰ ਦੀ ਤੇ ਬਾਹਰ ਕਿਧਰ ਦੀ ਜਾਣਾ। ਕੋਠੀ ਦੇ ਚੁਫ਼ੇਰੇ ਹਰੇ ਕਚੂਚ ਘਾਹ ਦੇ ਲਾਅਨ। ਇੱਕ ਪਾਸੇ ਥੋੜ੍ਹੀ ਜ਼ਮੀਨ ਕਿਚਨ ਗਾਰਡਨ ਲਈ ਹੈ। ਜਿਹਦੇ ਵਿੱਚ ਸੱਤਰਾਂ ਨੂੰ ਟੱਪਿਆ ਬੂਟਾ ਸਿੰਘ ਆਪਣੇ ਹੱਥੀਂ ਆਪਣੇ ਟੱਬਰ ਲਈ ਸਬਜ਼ੀ ਭਾਜੀ ਬੀਜਦਾ, ਸੰਭਾਲਦਾ ਤੇ ਤੋੜ ਕੇ ਲਿਆਉਂਦਾ। ਕੋਠੀ ਦੇ ਆਲੇ ਦੁਆਲੇ ਫ਼ਲਦਾਰ ਬੂਟਿਆਂ ਨੇ ਵੀ ਚੰਗਾ ਰੰਗ ਬੰਨ੍ਹਿਆ।

ਬੂਟਾ ਸਿੰਘ ਸੱਤਰ੍ਹਵਿਆਂ ਦੇ ਗੇੜ ਵਿੱਚ ਕਾਲਜ ਦੀ ਪੜ੍ਹਾਈ ਵਿਚਾਲੇ ਛੱਡ ਇੰਗਲੈਂਡ ਚਲੇ ਗਿਆ ਸੀ। ਜੁਆਨੀ ਵੇਲਾ ਸੀ। ਫੈਕਟਰੀਆਂ ਵਿੱਚ ਹੱਢ-ਭੰਨਵੀਂ ਮਿਹਨਤ ਕੀਤੀ। ਚੰਗੇ ਪੌਂਡ ਕਮਾਏ। ਪੰਜਾਬ ਵਿੱਚ ਘਰ ਦਾ ਮੂੰਹ ਮੱਥਾ ਸੁਆਰਿਆ। ਆਪਣੇ ਪਰਿਵਾਰ ਦੀ ਤਕੜੀ ਠੁੱਕ ਬਣਾਈ। ਫਿਰ ਕਿਸੇ ਤਰ੍ਹਾਂ ਕਨੇਡਾ ਆਉਣ ਦਾ ਸਬੱਬ ਬਣ ਗਿਆ। ਇੱਥੇ ਪਹੁੰਚ ਪੱਕਾ ਹੋ ਘਰਵਾਲੀ ਨੂੰ ਬੁਲਾਇਆ ਜਿਹਨੂੰ ਸੱਜ-ਵਿਆਹੀ ਨੂੰ ਛੱਡ ਵਿਦੇਸ਼ਾਂ ਦੇ ਕੰਡਿਆਲੇ ਰਾਹਾਂ ਦਾ ਪਾਂਧੀ ਬਣ ਗਿਆ ਸੀ। ਉਹ ਅੱਠ ਕੁ ਸਾਲ ਦੇ ਹਿੰਮਤ ਨੂੰ ਉਂਗਲੀ ਲਾਈ ਕਨੇਡਾ ਪਹੁੰਚੀ ਤਾਂ ਬੂਟਾ ਸਿੰਘ ਦਾ ਘਰ ਵਸਦਾ ਹੋ ਗਿਆ। ਦੋ ਧੀਆਂ ਰੂਪ ਤੇ ਅਮਨ ਤੋਂ ਬਾਦ ਫ਼ਤਿਹ ਦੇ ਜਨਮ ਨਾਲ ਟੱਬਰ ਬਾਗੋ ਬਾਗ ਹੋ ਗਿਆ। ਬੂਟਾ ਸਿੰਘੁ ਟਰੱਕ ਦੀ ਡਰਾਈਵਰੀ ਕਰਦਾ, ਬਸੰਤ ਕੌਰ ਘਰ ਸੰਭਾਲਦੀ।

ਹੁਣ 'ਬੂਟਾ ਸਿੰਘ ਐਂਡ ਸਨਜ਼ ਟਰਕਿੰਗ ਕੰਪਨੀ' ਦੇ ਮਾਲਕ ਬੂਟਾ ਸਿੰਘ ਦੇ ਘਰ ਲਹਿਰਾਂ ਬਹਿਰਾਂ ਲਗੀਆਂ ਨੇ। ਕੋਠੀ ਦੇ ਨਾਲ ਟਰੱਕਾਂ ਲਈ ਵੱਡਾ ਯਾਰਡ ਹੈ। ਜਿਹਦੇ ਵਿੱਚ ਟਰੱਕਾਂ ਦੀ ਵਰਕਸ਼ਾਪ ਅਤੇ ਵਿਹਲੇ ਟਰੱਕ ਖੜ੍ਹਾਉਣ ਲਈ ਸ਼ੈੱਡ ਬਣੇ ਹੋਏ ਹਨ। ਹਿੰਮਤ ਅਤੇ ਫ਼ਤਿਹ ਦੋਵੇਂ ਟਰੱਕਿੰਗ ਦੇ ਬਿਜ਼ਨੈੱਸ ਨੂੰ ਬੁਲੰਦੀਆਂ ਤੇ ਲੈ ਗਏ ਹਨ। ਹੁਣ ਕੰਪਨੀ ਦਾ ਬਹੁਤਾ ਕੰਮ ਫ਼ਤਿਹ ਅਤੇ ਉਹਦੀ ਪਤਨੀ ਅਨਮੋਲ ਹੀ ਸੰਭਾਲ ਲੈਂਦੇ ਹਨ। ਅਨਮੋਲ ਕੰਪਿਊਟਰ ਦੀ ਗ੍ਰੈਜੂਏਟ ਹੈ ਅਤੇ ਅੱਜ ਦੇ ਟੈਕਨੌਲੋਜੀ ਦੇ ਯੁੱਗ ਵਿੱਚ ਕੰਮਪਿਊਟਰ ਹਰ ਬਿਜ਼ਨੈੱਸ ਦਾ ਧੁਰਾ ਬਣ ਗਿਆ ਹੈ। ਹਿੰਮਤ ਅਜੇ ਵੀ ਬਾਕੀ ਡਰਾਈਵਰਾਂ ਨਾਲ ਬਹੁਤਾ ਚਿਰ ਟਰੱਕ ਨਾਲ ਸੜਕ ਤੇ ਹੁੰਦਾ ਹੈ। ਹਿੰਮਤ ਤੇ ਬੂਟਾ ਸਿੰਘ ਜਦੋਂ ਇਕੱਠੇ ਹੋਣ ਤਾਂ ਪੰਜਾਬ ਬਾਰੇ ਗੱਲ ਕਰਨ ਦਾ ਬਹਾਨਾ ਲੱਭ ਹੀ ਲੈਂਦੇ ਹਨ। ਤੇ ਫਿਰ ਇਸ ਤਰ੍ਹਾਂ ਦੀ ਨੋਕ ਝੋਕ ਆਮ ਜਿਹੀ ਗੱਲ ਹੈ।

ਬੂਟਾ ਸਿੰਘ ਕਿਚਨ ਗਾਰਡਨ ਵਿਚੋਂ ਘਾਹ-ਬੂਟ ਸਾਫ਼ ਕਰ ਰਿਹਾ ਸੀ ਜਦੋਂ ਫ਼ਤਿਹ ਸਿੰਘ ਦਾ ਛੋਟਾ ਮੁੰਡਾ ਅੰਗਦ ਕੋਲ ਆਉਂਦਾ ਬੋਲਿਆ, ਉਦਾਦੂ ਜੀ, ਤੁਸੀਂ ਐਥੇ ਐਂ! ਮੈਂ ਤੁਆਨੂੰ ਲੱਭੀ ਜਾਨਾਂ।"

"ਕੀ ਗੱਲ ਸ਼ੇਰਾ! ਮੇਰੀ ਕੀ ਲੋੜ ਪੈਗੀ?" ਬੂਟਾ ਸਿੰਘੁ ਨੇ ਪੁੱਛਿਆ।

"ਉਹ ਜਿਹੜੇ ਚੀਮਾ ਦਾਦੂ ਜੀ ਔਂਦੇ ਹੋਂਦੇ ਆ ਨਾ ਉਹ ਆਏ ਆ। ਤੁਹਾਨੂੰ ਬਲੌਂਦੇ ਆ," ਅੰਗਦ ਗੋਲ ਜਿਹਾ ਮੂੰਹ ਬਣਾ ਕੇ ਔਖਾ ਹੋ ਕੇ ਪੰਜਾਬੀ ਵਿੱਚ ਦੱਸਣ ਲਗਾ।

"ਹੱਛਾ...ਹੱਛਾ! ਤੂੰ ਚੱਲ ਮੈਂ ਆਇਆ।" ਅਤੇ ਬੂਟਾ ਸਿੰਘੁ ਦਸਤਾਨੇ ਲਾਹ ਇੱਕ ਪਾਸੇ ਰੱਖ ਕੋਠੀ ਦੇ ਅੰਦਰ ਵੱਲ ਨੂੰ ਤੁਰ ਪਿਆ।

"ਸਤਿ ਸ੍ਰੀ ਅਕਾਲ ਚੀਮਾ ਜੀ! ਕੀ ਹਾਲ ਚਾਲ ਜੇ?" ਲਿਵਿੰਗ-ਰੂਮ ਵਿੱਚ ਪਹੁੰਚ ਚੀਮਾ ਸਾਹਿਬ ਨੂੰ ਮੁਖ਼ਾਤਿਬ ਹੋ ਹੱਥ ਮਿਲਾ ਬੂਟਾ ਸਿੰਘ ਉਸ ਦੇ ਕੋਲ ਸੋਫ਼ੇ ਤੇ ਬੈਠ ਗਿਆ।

"ਕਦੋਂ ਆਏ ਵਾਪਸ? ਐਤਕੀਂ ਤਾਂ ਲੰਮਾ ਗੇੜਾ ਲਾ ਆਏ ਲਗਦੇ ਜੇ।"

"ਹਾਂਜੀ, ਤਿੰਨ ਕੁ ਮਹੀਨੇ ਲਗ ਹੀ




ਗਏ ਨੇ।" ਉਸ ਜੁਆਬ ਦਿੱਤਾ। ਉਨੇ ਚਿਰ ਨੂੰ ਘਾਹ ਦੀ ਕਟਾਈ ਖ਼ਤਮ ਕਰ ਵਿਹਲਾ ਹੋਇਆ ਹਿੰਮਤ ਵੀ ਅੰਦਰ ਆ ਬੈਠਾ ਸੀ।

"ਅੰਕਲ ਜੀ, ਕਿਵੇਂ ਰਿਹਾ ਤੁਹਾਡਾ ਪੰਜਾਬ ਦਾ ਗੇੜਾ? ਪੰਜਾਬ ਦੇ ਕੀ ਹਾਲ ਚਾਲ ਨੇ ਅੱਜ ਕੱਲ੍ਹ?"

"ਸਭ ਠੀਕ ਠਾਕ ਈ ਰਿਹਾ ਬੇਟਾ। ਹੋਰ...ਪੰਜਾਬ ਜਿਹੋ ਜਿਹਾ ਪਿਛਲੇ ਸਾਲ ਸੀ ਓਹੋ ਜਿਹਾ ਈ ਐਤਕੀਂ ਵੇਖਿਆ। ਭੀੜ-ਭੜੱਕਾ, ਮਿੱਟੀ-ਘੱਟਾ। ਬੰਦੇ ਤੇ ਬੰਦਾ ਚੜ੍ਹਿਆ ਪਿਆ ਉੱਥੇ ਤਾਂ।" ਚੀਮੇ ਨੇ ਅੰਦਰਲਾ ਉਬਾਲ ਵਗਾਹ ਮਾਰਿਆ।

"ਹਾਂ ਭਾਈ, ਤੂੰ ਤਾਂ ਵਾਹਵਾ ਹਰ ਸਾਲ ਗੇੜਾ ਮਾਰ ਆਉਂਦਾਂ। ਕਰਮਾਂ ਵਾਲਾ ਏਂ ਭਾਈ ਤੂੰ!" ਬੂਟਾ ਸਿੰਘੁ ਦਾ ਹਾਉਕਾ ਨਿਕਲ ਗਿਆ।

"ਵੀਰ ਜੀ, ਕਿਹੜਾ ਸੁੱਖ ਨੂੰ ਜਾਈਦਾ। ਪਿਛਲੀ ਜ਼ਮੀਨ ਜਾਇਦਾਦ ਖ਼ਾਤਰ ਜਾਈਦਾ। ਨਹੀਂ ਤਾਂ ਨਜਾਇਜ਼ ਕਬਜ਼ਾ ਕਰਨ ਵਾਲੇ ਤਾਂ ਮੌਕਾ ਈ ਭਾਲਦੇ ਹੁੰਦੇ ਨੇ। ਇੱਕ ਤਾਂ ਯੂ. ਪੀ. ਬਿਹਾਰ ਦੇ ਭਈਆਂ ਨੇ ਗੰਦ ਪਾਇਆ ਪੰਜਾਬ ਵਿੱਚ। ਕੋਠੀ ਵਿੱਚ ਰਾਖੀ ਲਈ ਬਠਾ ਕੇ ਆਓ ਤਾਂ ਮਾਲਕ ਹੀ ਬਣ ਬਹਿੰਦੇ ਨੇ।"

"ਅੰਕਲ ਜੀ, ਹੁਣ ਜੇ ਪੰਜਾਬੀ ਪੰਜਾਬ ਤੋਂ ਬਾਹਰ ਆ ਵੱਸੇ ਨੇ ਤਾਂ ਕਿਸੇ ਨੇ ਤਾਂ ਖੱਪਾ ਪੂਰਾ ਕਰਨਾ ਹੀ ਸੀ ਨਾ। ਯੂ.ਪੀ. ਬਿਹਾਰ ਤੋਂ ਬੇਰੁਜ਼ਗਾਰ ਮਜ਼ਦੂਰ ਰੁਜ਼ਗਾਰ ਲੱਭਦੇ ਪੰਜਾਬ ਆ ਗਏ। ਆਪਾਂ ਵੀ ਤਾਂ ਇੱਥੇ ਗੋਰਿਆਂ ਦਰਮਿਆਨ ਆ ਬੈਠੇ ਆਂ। ਉਹ ਆਪਾਂ ਨੂੰ ਵੀ ਗੰਦ ਹੀ ਆਖਦੇ ਹੋਣੇ ਨੇ।" ਹਿੰਮਤ ਨੇ ਗੱਲ ਮੋੜੀ।

"ਲੈ, ਕਿੱਥੇ ਆਪਾਂ ਐਥੇ ਕਨੇਡਾ ਵਿੱਚ ਤੇ ਕਿੱਥੇ ਪੰਜਾਬ ਦੇ ਭਈਏ! ਕੀ ਗੱਲ ਕਰਦਾਂ ਤੂੰ ਕਾਕਾ ਹਿੰਮਤ? ਪੰਜਾਬੀਆਂ ਜਿੰਨੀ ਮਿਹਨਤ ਕੀਹਨੇ ਕਰਨੀ ਆ। ਆਹ ਮਹਿਲ ਤੇ ਜਾਇਦਾਦਾਂ ਐਵੇਂ ਨੀ ਬਨਦੀਆਂ। ਨਾਲੇ ਜੇ ਕਨੇਡਾ ਵਿੱਚ ਪ੍ਰਵਾਸੀ ਨਾ ਆਉਣ ਤਾਂ ਐਥੇ ਤਾਂ ਕੰਮ ਈ ਨਾ ਚਲੇ। ਟਾਵਾਂ ਟਾਵਾਂ ਤਾਂ ਬੰਦਾ ਆ ਐਥੇ।" ਚੀਮਾ ਸਾਹਿਬ ਹੱਥਾਂ ਨਾਲ ਚਾਰ ਚੁਫ਼ੇਰੇ ਇਸ਼ਾਰਾ ਕਰਦੇ ਮੁੱਛਾਂ ਨੂੰ ਤਾਅ ਦੇਂਦੇ ਬੋਲੇ।

"ਅੰਕਲ ਜੀ, ਜੇ ਪੰਜਾਬ ਵਿੱਚ ਭਈਏ ਨਾ ਆਉਣ ਤਾਂ ਕੰਮ ਉੱਥੇ ਵੀ ਨਹੀਂ ਜੇ ਚਲਣਾ। ਉਹੋ ਹੀ ਫ਼ਸਲਾਂ ਬੀਜਦੇ, ਪਾਲਦੇ ਤੇ ਵੱਢਦੇ ਆ। ਭੱਠਿਆਂ 'ਤੇ ਇੱਟਾਂ ਥੱਪਦੇ ਉਹ ਉਥੋਂ ਦੀ ਉਸਾਰੀ ਦੇ ਜ਼ਾਮਨ ਨੇ। ਉਹਨਾਂ ਬਿਨਾ ਸ਼ਾਇਦ ਕਾਰਖਾਨਿਆਂ ਦੀ ਘੂੰ ਘੂੰ ਬੰਦ ਹੋ ਜਾਵੇ ਪੰਜਾਬ ਵਿੱਚ। ਹਰ ਨਿੱਕੇ ਤੋਂ ਲੈ ਕੇ ਹਰ ਵੱਡੇ ਕੰਮ ਉਹੋ ਹੀ ਤਾਂ ਕਰਦੇ ਨੇ। ਉਹ ਤਾਂ ਹੁਣ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਬਣ ਗਏ ਨੇ। ਉਸੇ ਤਰ੍ਹਾਂ ਹੀ ਜਿਵੇਂ ਕਨੇਡਾ ਵਿੱਚ ਬਾਹਰਲੇ ਮੁਲਕਾਂ ਤੋਂ ਆਏ ਪ੍ਰਵਾਸੀ ਇਥੋਂ ਦੀ ਆਰਥਿਕਤਾ ਦਾ ਥੰਮ ਨੇ।" ਹਿੰਮਤ ਅਖ਼ਬਾਰਾਂ ਰਸਾਲਿਆਂ ਤੇ ਕਿਤਾਬਾਂ ਤੋਂ ਇਕੱਠੇ ਕੀਤੇ ਗਿਆਨ ਤੇ ਜਾਣਕਾਰੀ ਦੇ ਅਧਾਰ ਤੇ ਦਲੀਲ ਦੇ ਰਿਹਾ ਸੀ ਉਨੇ ਚਿਰ ਨੂੰ ਫ਼ਤਿਹ ਦੀ ਘਰਵਾਲੀ ਅਨਮੋਲ ਚਾਹ ਲੈ ਕੇ ਆਈ ਸੋਫ਼ੇ ਤੇ ਬੈਠ ਚਲਦੀ ਗਲਬਾਤ ਦਾ ਹਿੱਸਾ ਬਣ ਗਈ ਸੀ।

"ਵੀਰ ਜੀ, ਤੁਸੀਂ ਠੀਕ ਆਖ ਰਹੇ ਜੇ। ਜਿਸ ਤਰ੍ਹਾਂ ਆਪਾਂ ਇੱਥੇ ਕਨੇਡਾ ਦੇ ਵਾਸੀ ਕਨੇਡੀਅਨ ਹਾਂ, ਮੈਨੂੰ ਤਾਂ ਲਗਦਾ ਯੂ.ਪੀ. ਤੇ ਬਿਹਾਰ ਦੇ ਇਹ ਭਈਏ, ਹੁਣ ਪੰਜਾਬ ਦੇ ਇਹ ਵਾਸੀ ਹੀ ਅਸਲੀ ਪੰਜਾਬੀ ਹਨ। ਪਿਛਲੇ ਸਾਲ ਜਦੋਂ ਮੈਂ ਆਪਣੀ ਭਣੇਵੀਂ ਦੇ ਵਿਆਹ ਤੇ ਗਈ ਸਾਂ ਤਾਂ ਮੈਂ ਤਾਂ ਵੇਖ ਕੇ ਹੈਰਾਨ ਹੀ ਰਹਿ ਗਈ। ਸਾਡੇ ਘਰ ਕੰਮ ਕਰਦੀ ਭਈਆਣੀ ਦੀ ਨਿੱਕੀ ਜਿਹੀ ਕੁੜੀ ਫਰਨ ਫਰਨ ਪੰਜਾਬੀ ਬੋਲੇ। ਆਹ ਆਪਣੇ ਜੁਆਕਾਂ ਦੇ ਸੰਗ 'ਚ ਤਾਂ ਪੰਜਾਬੀ ਅੜ ਅੜ ਜਾਂਦੀ ਆ। ਉਹ ਕੁੜੀ ਪੰਜਾਬੀ ਦੀ ਖੁਸ਼ਖ਼ਤ ਲਿਖਾਈ ਤੇ ਸ਼ੁਧ ਉਚਾਰਣ ਦੇ ਮੁਕਾਬਲੇ ਵਿੱਚ ਜ਼ਿਲੇ ਭਰ ਵਿਚੋਂ ਪਹਿਲੇ ਨੰਬਰ ਤੇ ਆਈ ਸੀ। ਪੰਜਾਬੀ ਲਿਖਦੀ ਜਿਵੇਂ ਮੋਤੀ ਪ੍ਰੋਤੇ ਹੋਣ। ਮੈਨੂੰ ਉਹਨੇ ਆਪਣੀਆਂ ਕਾਪੀਆਂ ਲਿਆ ਕੇ ਵਿਖਾਈਆਂ ਤੇ ਅਖ਼ਬਾਰ ਵੀ ਜੀਹਦੇ ਵਿੱਚ ਇਨਾਮ ਲੈਂਦੀ ਦੀ ਉਹਦੀ ਫੋਟੋ ਛਪੀ ਸੀ।" ਜਿਉਂ ਜਿਉਂ ਅਨਮੋਲ ਦੱਸ ਰਹੀ ਸੀ ਹਰੇਕ ਇਸ ਸੱਚ ਨੂੰ ਕੌੜੇ ਥੁੱਕ ਵਾਂਗ ਨਿਗਲ ਰਿਹਾ ਸੀ।

ਚੀਮਾ ਸਾਹਿਬ ਨੇ ਅਨਮੋਲ ਦੀ ਗੱਲ ਦੀ ਪ੍ਰੋੜਤਾ ਕਰਦਿਆਂ ਔਖੀ ਵੇਖਿਆ ਸੱਚ ਬਿਆਨਿਆ, ਉਬੀਬਾ ਜੀ, ਗੱਲਾਂ ਤੇ ਤੁਹਾਡੀਆਂ ਬਿਲਕੁਲ ਸੱਚੋ ਸੱਚ ਨੇ। ਉਹਨਾਂ ਬਗੈਰ ਪੰਜਾਬ ਵਿੱਚ ਸਰਦਾ ਵੀ ਨਹੀਂ। ਜ਼ਿਮੀਦਾਰਾਂ ਦੇ ਜੁਆਕਾਂ ਦੀ ਤਾਂ ਗੱਲ ਛੱਡੋ ਹੁਣ ਤਾਂ ਆਹ ਠੱਠੀਆਂ ਤੇ ਵਿਹੜਿਆਂ ਵਾਲੇ ਵੀ ਭਾਰਾ ਕੰਮ ਕਰਕੇ ਰਾਜ਼ੀ ਨਹੀਂ। ਸਰਕਾਰੀ ਸਕੂਲਾਂ ਵਿੱਚ ਵੀ ਬਹੁਤੇ ਇਨ੍ਹਾਂ ਦੇ ਹੀ ਬੱਚੇ ਪੜ੍ਹਦੇ ਨੇ। ਬਾਕੀ ਤਾਂ ਅੰਗਰੇਜ਼ੀ ਪੜ੍ਹਨ ਦੇ ਨਾਂ ਤੇ ਸੜਕ-ਛਾਪ ਅੰਗਰੇਜ਼ੀ ਸਕੂਲਾਂ ਵਿੱਚ ਰਿਖ ਗਏ ਨਾ ਅੰਗਰੇਜ਼ੀ ਸਿੱਖਦੇ ਤੇ ਨਾ ਹੀ ਪੰਜਾਬੀ ਜੋਗੇ ਰਹਿੰਦੇ। ਆਹ ਹਿੰਦੀ 'ਚ ਗਿਟਮਿਟ ਕਰਨੀ ਜ਼ਰੂਰ ਸਿੱਖ ਲੈਂਦੇ ਨੇ।" ਚੀਮਾ ਸਾਹਿਬ ਨੂੰ ਵੀ ਮੋੜਾ ਖਾ ਗਏ ਵੇਖ ਹਿੰਮਤ ਨੇ ਤਰਕ ਦੀ ਗੱਲ ਛੋਹੀ।

"ਵੇਖੋ ਭਈ, ਜਿਹੜਾ ਜਿੱਥੇ ਰਹਿੰਦਾ ਉਹਦੀ ਉੱਥੇ ਜੰਮੀ ਔਲਾਦ ਨੇ ਉਥੋਂ ਦੀ ਬੋਲੀ ਹੀ ਸਿੱਖਣੀ ਜੇ। ਕਿਉਂਕਿ ਬੋਲੀ ਤਾਂ ਖਿੱਤੇ ਦੀ ਹੁੰਦੀ ਆ ਜੋ ਖ਼ੁਦ-ਬਖ਼ੁਦ ਹਵਾ ਤੇ ਪਾਣੀ ਰਾਹੀਂ ਸਾਹਾਂ ਵਿੱਚ ਰਲ ਜਾਂਦੀ ਆ। ਆਪਾਂ ਕਿਤੇ ਅੰਗਰੇਜ਼ੀ ਬੋਲਣੀ ਸਖੌਣੇ ਆਂ ਆਪਣੇ ਜੁਆਕਾਂ ਨੂੰ। ਵੇਖਿਆ ਨੀ ਕਿੰਵੇਂ ਵੱਢਦੇ ਆ ਅੰਗਰੇਜ਼ੀ ਆਪਸ ਵਿੱਚ। ਪਰ ਆਹ ਆਪਣੇ ਖਿੱਤੇ ਦੀ ਭਾਸ਼ਾ ਨੂੰ ਬਿਲਕੁਲ ਹੀ ਠਿੱਬੀ ਲਾ ਦੂਜੀਆਂ ਭਾਸ਼ਾ ਦੇ ਪਿੱਛੇ ਭੱਜਣਾ ਵੀ ਕਈ ਬਹੁਤੀ ਦਨਾਈ ਨਹੀਂ ਜੇ ਹੈਗੀ ਅਤੇ ਭਾਸ਼ਾ ਦੇ ਅਧਾਰ ਤੇ ਵੰਡੀਆਂ ਪਾ ਦੇਣੀਆਂ ਵੀ ਸਿਆਣਪ ਨਹੀਂ। ਪੰਜਾਬੀ ਦੇ ਰੌਲੇ ਨੇ ਪੰਜਾਬ ਦਾ ਬੇੜਾ ਗ਼ਰਕ ਕਰ ਕੇ ਰਖ ਦਿੱਤਾ। ਭਾਸ਼ਾ ਤਾਂ ਗਲਬਾਤ ਕਰਨ ਦਾ ਮਾਧਿਅਮ ਆ ਤੇ ਪੰਜਾਬ ਵਿੱਚ ਬਣ ਗਈ ਧਾਰਮਿਕ ਵੰਡ ਦਾ ਅਧਾਰ। ਵੇਖੋ, ਲਗਪਗ ਸਾਰੇ ਪੰਜਾਬੀ, ਪੰਜਾਬੀ ਬੋਲਦੇ ਹਨ। ਪੰਜਾਬੀ ਵਿੱਚ ਦੁੱਖ ਸੁੱਖ ਸਾਂਝੇ ਕਰਦੇ ਨੇ। ਇਕੋ ਜਿਹੇ ਰੀਤੀ ਰਿਵਾਜ ਨਿਭਾਉਂਦੇ ਨੇ। ਪਰ ਜੀ ਸਾਡੀ ਗੀਤਾ ਤੇ ਰਮਾਇਣ ਹਿੰਦੀ ਵਿੱਚ ਹਨ। ਅਸੀਂ ਸੰਸਕ੍ਰਿਤ ਦੇ ਸ਼ਲੋਕਾਂ ਨਾਲ ਗ਼ਮੀ ਖ਼ੁਸ਼ੀ ਦੀਆਂ ਰੀਤਾਂ ਕਰਦੇ ਹਾਂ, ਸੋ ਸਾਡੀ ਮਾਤ-ਭਾਸ਼ਾ ਹਿੰਦੀ ਹੈ। ਜਿਹਨਾਂ ਦਾ ਗ੍ਰੰਥ ਪੰਜਾਬੀ ਵਿੱਚ ਹੈ, ਉਹਨਾਂ ਦੀ ਮਾਤ ਭਾਸ਼ਾ ਪੰਜਾਬੀ ਹਊ। ਤੇ ਆਹ ਭਾਸ਼ਾ ਦੇ ਅਧਾਰ ਤੇ ਬਣਾ ਲਿਆ ਚਿੜੀ ਦੇ ਪੌਂਚੇ ਜਿਨਾਂ ਪੰਜਾਬੀ ਸੂਬਾ!" ਹਿੰਮਤ ਦੇ ਅੰਦਰਲਾ ਰੋਹ ਲਾਵਾ ਬਣ ਫੁੱਟ ਰਿਹਾ ਸੀ। ਬਾਕੀ ਸਾਰੇ ਮੂਕ ਦਰਸ਼ਕ ਬਣੇ ਸੁਣ ਰਹੇ ਸਨ। ਗੱਲ ਕਿਥੋਂ ਤੁਰੀ ਕਿੱਥੇ ਪਹੁੰਚ ਗਈ ਸੀ। ਹਿੰਮਤ ਚਾਹੇ ਇੱਥੇ ਆ ਕੇ ਹੀ ਪੜ੍ਹਿਆ ਲਿਖਿਆ ਤੇ ਜੁਆਨ ਹੋਇਆ ਸੀ ਪਰ ਪੰਜਾਬ ਵਿੱਚ ਪਹਿਲਿਆਂ ਦੋ ਜਮਾਤਾਂ ਪੜ੍ਹੀਆਂ ਹੋਣ ਕਰਕੇ ਪੰਜਾਬ ਤੇ ਪੰਜਾਬੀ ਨਾਲ ਉਹਦਾ ਮੋਹ ਜਿਉਂ ਦਾ ਤਿਉਂ ਸੀ।

ਬੈੱਲ ਵੱਜਣ ਦੀ ਅਵਾਜ਼ ਆਈ। ਅੰਗਦ ਭੱਜ ਕੇ ਦਰਵਾਜ਼ਾ ਖੋਲ੍ਹਣ ਚਲੇ ਗਿਆ। ਅੰਗਦ ਨੂੰ ਨਵੀਂ ਜਾਣਕਾਰੀ ਵਾਲੀਆਂ ਗੱਲਾਂ ਸੁਣਨ ਦਾ ਬੜਾ ਚਸਕਾ ਹੈ। ਉਹ ਵੀ ਉਦੋਂ ਦਾ ਇੱਕ ਪਾਸੇ ਚੁੱਪਚਾਪ ਬੈਠਾ ਸਭ ਕੁਝ ਸੁਣ ਰਿਹਾ ਸੀ।

"ਪੁੱਤਰਾ, ਇਹ ਸਭ ਗੰਦੀ ਹਾਸਲ ਕਰਨ ਦੀਆਂ ਚਾਲਾਂ ਸਨ ਪੌਲੀਟੀਸ਼ਨਾਂ ਦੀਆਂ। ਪੰਜਾਬੀ ਸੂਬਾ ਬਣਨ ਦੀ ਖੇਡ ਮੈਂ ਅੱਖੀਂ ਵੇਖੀ ਆ। ਉਦੋਂ ਮੈਂ ਅਜੇ ਉੱਥੇ ਹੀ ਸੀ। ਮੈਨੂੰ ਇੰਗਲੈਂਡ ਆਏ ਨੂੰ ਚਾਰ ਕੁ ਸਾਲ ਹੋਏ ਸੀ ਜਦੋਂ ਸੁਣਿਆ ਕਿ ਜਗਜੀਤ ਸਿੰਘ ਚੌਹਾਨ ਇੰਗਲੈਂਡ ਤੋਂ ਪੰਜਾਬ ਗਿਆ ਅਤੇ ਖਾਲਿਸਤਾਨ ਦਾ ਝੰਡਾ ਚੁੱਕ ਵਿਦੇਸ਼ਾਂ ਵਿੱਚ ਵੀ ਨਾਮ-ਨਿਹਾਦ ਖਾਲਿਸਤਾਨੀ ਸਰਕਾਰਾਂ ਐਲਾਨ ਦਿੱਤੀਆਂ। ਫਿਰ ਇਹੋ ਮੰਗ 1978 ਤੋਂ ਬਾਅਦ ਖਾੜਕੂ ਅੰਦਾਜ਼ ਵਿੱਚ ਸ਼ੁਰੂ ਹੋ ਗਈ ਜੋ ਕਦੇ ਵੀ ਪੰਜਾਬ ਦੇ ਹਿੱਤਾਂ ਲਈ ਲੜੀ ਜਾਂਦੀ ਲੜਾਈ ਨਾ ਬਣ ਸਕੀ ਬਲਕਿ ਵੱਖ ਵੱਖ ਧਿਰਾਂ ਵਲੋਂ ਪੰਜਾਬ ਦੀ ਸੱਤ੍ਹਾ ਹਾਸਲ ਕਰਨ ਦੀ ਖ਼ਾਤਰ ਜਦੋਜਹਿਦ ਹੋ ਨਿਬੜੀ।" ਕਿੰਨ੍ਹੇ ਚਿਰ ਤੋਂ ਚੁੱਪ ਬੈਠਾ ਸੁਣ ਰਿਹਾ ਬੂਟਾ ਸਿੰਘ ਅੱਖੀ ਡਿੱਠੇ ਸੱਚ ਨੂੰ ਬਿਆਨਣੋਂ ਨਾ ਰਹਿ ਸਕਿਆ।

"ਭਈ ਕਿਹੜੀ ਸਤ੍ਹਾ ਹਾਸਲ ਕਰਨ ਦੀ ਗੱਲ ਹੋ ਰਹੀ ਆ ਐਨੀ ਗਰਮਜੋਸ਼ੀ ਨਾਲ!" ਅੰਦਰ ਆਉਂਦਾ ਗੱਜਣ ਸਿੰਘ ਵਾਰੀ ਵਾਰੀ ਸਾਰਿਆਂ ਨਾਲ ਹੱਥ ਮਿਲਾਉਂਦਾ ਚਲਦੀ ਗੱਲਬਾਤ ਦਾ ਹਿੱਸਾ ਬਣਨ ਨੂੰ ਅਹੁਲਿਆ।

ਗੱਜਣ ਸਿੰਘ ਉਹਨਾਂ ਦੇ ਘਰ ਤੋਂ ਦੋ ਕੁ ਘਰਾਂ ਦੀ ਦੂਰੀ ਤੇ ਰਹਿੰਦਾ ਉਹਨਾਂ ਦਾ ਨੇੜੇ ਦਾ ਗੁਆਂਢੀ ਹੈ। ਉਹ ਅਕਸਰ ਹੀ ਬਿਨਾ ਦੱਸਿਆਂ ਇੱਕ ਦੂਜੇ ਦੇ ਘਰ ਆਉਣ ਜਾਣ ਦੀ ਸਾਂਝ ਰਖਦੇ ਹਨ। ਪਿੱਛੇ ਪੰਜਾਬ ਵਿੱਚ ਗੱਜਣ ਸਿੰਘ ਬੂਟਾ ਸਿੰਘ ਹੁਰਾਂ ਦੇ ਨੇੜਲੇ ਪਿੰਡ ਦਾ ਰਹਿਣ ਵਾਲਾ ਇੱਕ ਸਕੂਲ ਅਧਿਆਪਕ ਹੈ ਜੋ ਕਾਮਰੇਡੀ ਸੁਭਾਅ ਦਾ ਬੰਦਾ ਹੈ ਅਤੇ ਆਪਣੇ ਵੇਲੇ ਅਧਿਆਪਕ ਯੂਨੀਅਨ ਦਾ ਸਿਰਕੱਢ ਕਾਰਕੁੰਨ ਰਿਹਾ ਹੈ। ਉਸਦਾ ਵੱਡਾ ਮੁੰਡਾ ਕਨੇਡਾ ਵਿੱਚ ਵਿਆਹਿਆ ਗਿਆ ਸੀ। ਉਹਦੇ ਕਰਕੇ ਆਹਿਸਤਾ ਆਹਿਸਤਾ ਸਾਰਾ ਟੱਬਰ ਕਨੇਡਾ ਪਹੁੰਚ ਗਿਆ। ਗੱਜਣ ਸਿੰਘ ਨੂੰ ਆਇਆਂ ਦਸ ਕੁ ਸਾਲ ਹੋ ਗਏ ਹਨ। ਰੂਪ ਚੰਦ ਉਹਨਾਂ ਦਾ ਕੁਲੀਗ ਹੈ ਜੋ ਆਪਣੀ ਬੇਟੀ ਕੋਲ ਸੁਪਰ ਵੀਜ਼ੇ ਤੇ ਆਇਆ ਹੋਇਆ ਹੈ ਅਤੇ ਹੁਣ ਆਪਣੇ ਪੁਰਾਣੇ ਸਾਥੀ ਨੂੰ ਮਿਲਣ ਉਸ ਦੇ ਕੋਲ ਆਇਆ ਹੋਇਆ ਸੀ। ਗੱਜਣ ਸਿੰਘ ਉਸ ਨੂੰ ਵੀ ਨਾਲ ਲੈ ਕੇ ਆਇਆ ਹੈ। ਸਾਰਿਆਂ ਨਾਲ ਉਸ ਦੀ ਜਾਣ-ਪਛਾਣ ਕਰਾਉਣ ਉਪਰੰਤ ਗੱਜਣ ਸਿੰਘ ਨੇ ਰੂਪ ਚੰਦ ਹੁਰਾਂ ਨਾਲ ਬੂਟਾ ਸਿੰਘ ਦੇ ਨਾਲ ਦੇ ਸੋਫ਼ੇ ਤੇ ਬੈਠ ਥੰਮ ਗਈ ਗੱਲਬਾਤ ਨੂੰ ਚਲਦਾ ਕੀਤਾ, ਉਲਗਦਾ ਕੋਈ ਡੂੰਘੀ ਵਿਚਾਰ-ਚਰਚਾ ਚਲ ਰਹੀ ਏ।"

"ਆਹ ਚੀਮਾ ਸਾਹਿਬ ਨੇ। ਇਹ ਪੰਜਾਬ ਤੋਂ ਹੋ ਕੇ ਆਏ ਹਨ। ਉਥੋਂ ਦਾ ਹਾਲ ਚਾਲ ਪੁੱਛ ਦੱਸ ਹੋ ਰਿਹਾ ਸੀ।" ਬੂਟਾ ਸਿੰਘ ਨੇ ਚੀਮਾ ਸਾਹਿਬ ਦਾ ਤੁਆਰਫ਼ ਕਰਵਾਉਂਦਿਆ ਗੱਲਬਾਤ ਦਾ ਸਿਰਾ ਵੀ ਫੜਾ ਦਿੱਤਾ ਜਿਸਨੂੰ ਬੋਚਦਿਆਂ ਹੀ ਗੱਜਣ ਸਿੰਘ ਦਾ ਅੰਦਰਲਾ ਕਾਮਰੇਡ ਸਜੱਗ ਹੋ ਉੱਠਿਆ।

"ਪੰਜਾਬ ਦਾ ਤਾਂ ਨੰਦੂ ਕੱਢ ਕੇ ਰੱਖ ਦਿੱਤਾ ਇਨ੍ਹਾਂ ਲੀਡਰਾਂ ਨੇ। ਪਿੱਛੇ ਤੋਂ ਝਾਤੀ ਮਾਰ ਕੇ ਵੇਖੋ ਖਾਂ ਕੀ ਸਵਾਰਿਆ ਇਨ੍ਹਾਂ ਨੇਤਾ ਲੋਕਾਂ ਨੇ? ਪੰਜਾਬੀਆਂ ਦੇ ਸਾਂਝੇ ਹਿੱਤਾਂ ਦੀ ਗੱਲ ਤਾਂ ਕੀ ਕਰਨੀ ਉਲਟਾ ਪੰਜਾਬੀਆਂ ਨੂੰ ਲੜਾ ਲੜਾ ਕੇ ਹਲਕਾਨ ਕੀਤਾ ਸਮੇਂ ਦੇ ਉੱਚੜ-ਪੈੜੇ ਨੇਤਾਵਾਂ ਨੇ।

ਪਹਿਲਾਂ ਤਾਂ ਰੰਗੀਂ ਵਸਦੇ ਹਿੰਦੂ-ਸਿੱਖ ਤੇ ਮੁਸਲਮਾਨ ਪੰਜਾਬੀਆਂ ਨੂੰ ਸੰਤਾਲੀ ਦੀ ਲੀਕ ਮਰਵਾ ਕੇ ਕੱਟਿਆ ਵੱਢਿਆ ਤੇ ਫਿਰ ਰਹਿੰਦੀ ਕਸਰ ਚੁਰਾਸੀ ਦੇ ਦੰਗੇ ਕਰਵਾ ਕੇ ਪੂਰੀ ਕਰ ਦਿੱਤੀ।"

"ਗੱਜਣ ਸਿੰਘ ਜੀ, ਚੁਰਾਸੀ ਤਾਂ ਅੰਜਾਮ ਸੀ ਇਹਦਾ ਅਗਾਜ਼ ਤਾਂ ਅਠੱਤਰ ਵਿੱਚ ਹੀ ਹੋ ਗਿਆ ਸੀ ਜਦੋਂ ਅੰਮ੍ਰਿਤਸਰ ਵਿੱਚ ਨਿਰੰਕਾਰੀਆਂ ਦੇ ਇੱਕ ਸਮਾਗਮ ਵਿੱਚ ਗੋਲੀ ਚਲੀ ਸੀ ਅਤੇ ਕਈ ਅਣਮੁਲੀਆਂ ਜਾਨਾਂ ਗਈਆਂ ਸਨ।" ਰੂਪ ਚੰਦ ਨੇ ਇਸ ਖ਼ੂਨੀ ਇਤਿਹਾਸ ਦੇ ਅਤੀਤ ਨੂੰ ਯਾਦ ਕਰਵਾਇਆ ਤਾਂ ਗੱਜਣ ਸਿੰਘ ਨੇ ਰਤਾ ਕੁ ਪਾਸਾ ਪਰਤਦਿਆਂ ਉਸ ਦੇ ਕਹੇ ਦੀ ਪ੍ਰੋੜਤਾ ਕਰਦੇ ਗੱਲ ਅਗਾਂਹ ਤੁਰਦੀ ਕੀਤੀ।

"ਸਹੀ ਆਖਿਆ ਤੁਸੀਂ ਰੂਪ ਚੰਦ ਜੀ! ਇਸ ਤੋਂ ਬਾਦ ਤਾਂ ਵੰਡ ਪਾਉਣ ਦਾ ਸਿਲਸਲਾ ਚੱਲ ਸੁ ਚੱਲ ਹੀ ਰਿਹਾ। ਹਿੰਦੂ ਸਿੱਖਾਂ ਦਰਮਿਆਨ ਵੰਡ, ਡੇਰਿਆਂ ਦੇ ਨਾਂ ਤੇ ਸਿੱਖਾਂ ਵਿੱਚ ਆਪਸ ਵਿੱਚ ਪਾਟੋਧਾੜ। ਅੱਜ ਤੱਕ ਕੰਮ ਸੂਤ ਨਹੀਂ ਆਇਆ। ਮੰਦਰਾਂ ਵਿੱਚ ਗਾਂ ਦੀਆਂ ਪੂਛਾਂ ਤੇ ਸਿਰ ਸੁਟਵਾ ਕੇ ਅਤੇ ਗੁਰਦੁਆਰਿਆਂ ਵਿੱਚ ਸਿਗਰਟਾਂ ਤੇ ਬੀੜੀਆਂ ਸੁਟਵਾ ਕੇ ਪੰਜਾਬੀਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਐਸਾ ਪਲੀਤਾ ਲਾਇਆ ਕਿ ਪੰਜਾਬ ਪੰਜਾਬੀ ਤੇ ਪੰਜਾਬੀਅਤ ਕਈ ਦਹਾਕੇ ਭਮੰਤਰੀ ਹੋਈ ਇਹਨਾਂ ਲੀਡਰਾਂ ਦੇ ਮੂੰਹਾਂ ਵੱਲ ਵਿੰਹਦੀ ਲਹੂ-ਲੂਹਾਣ ਹੁੰਦੀ ਰਹੀ। ਤੇ ਇਹ ਬੇਗੈਰਤ ਨੇਤਾ ਲੋਕ ਸਿੱਖਾਂ ਹੱਥ ਖਾਲਿਸਤਾਨ ਦਾ ਛੁਣਛੁਣਾ ਫੜਾ ਉੱਤਰ ਕਾਟੋ ਮੈਂ ਚੜ੍ਹਾਂ ਦੀ ਖੇਡ ਖੇਡਦੇ ਸੱਤ੍ਹਾ ਦਾ ਆਨੰਦ ਮਾਣਦੇ ਲੋਕਤੰਤਰ ਦਾ ਚੀਰਹਰਨ ਕਰਦੇ ਰਹੇ।" ਗੱਜਣ ਸਿੰਘ ਦਾ ਕਾਮਰੇਡੀ ਸੁਭਾਅ ਬੀਤੇ ਦੇ ਸੱਚ ਨੂੰ ਬਿਆਨਦਾ ਭੱਖ਼ ਉੱਠਿਆ ਸੀ।

"ਅੰਕਲ ਜੀ, ਉਦੋਂ ਤੁਹਾਡੇ ਵਰਗੇ ਕਾਮਰੇਡ ਵੀ ਦੰਦਾਂ ਹੇਠਾਂ ਜੀਭ ਦੇ ਚੁੱਪ ਬੈਠੇ ਰਹੇ ਸੀ।" ਹਿੰਮਤ ਨੇ ਹਿੰਮਤ ਕਰ ਕਹਿ ਹੀ ਦਿੱਤਾ।

"ਕਾਕਾ ਜੀ, ਉਦੋਂ ਜੰਗਲ ਵਿੱਚ ਤੂਤੀ ਦੀ ਕੌਣ ਸੁਣਦਾ ਸੀ? ਕਾਮਰੇਡਾਂ ਨੂੰ ਤਾਂ ਆਹ ਧਰਮ-ਯੁੱਧਾਂ ਅਤੇ ਧਰਮਾਂ ਦਾ ਪਾਟੋਧਾੜ ਕਰਦੀ ਧਰਮਾਂ ਦੇ ਰਾਖਿਆਂ ਦੀ ਸਿਆਸਤ ਨੇ ਜਮਾਂ ਈ ਗੁੱਠੇ ਲਾ ਦਿੱਤਾ ਸੀ। ਨਾਲੇ ਲੋਕ ਤਾਕਤ ਵੀ ਧਰਮ ਨਾਲ ਐਸਾ ਨਿੱਠ ਕੇ ਜੁੜੀ ਹੁੰਦੀ ਹੈ ਕਿ ਉਹ ਡੁੱਬਦੀ ਹੋਈ ਵੀ ਧਰਮ ਦਾ ਪੱਲਾ ਨਹੀਂ ਛੱਡਦੀ। ਆਹ ਤੇ ਹੁਣ ਕਈ ਦਹਾਕਿਆਂ ਬਾਦ ਜਦੋਂ ਪੰਜਾਬ ਦੀ ਆਪਣਿਆਂ ਵਲੋਂ ਕੀਤੀ ਬੇਹੁਰਮਤੀ ਦਾ ਸੱਚ ਕਿਤਾਬਾਂ ਦੇ ਰੂਪ ਵਿੱਚ ਸਾਹਮਣੇ ਆਉਣ ਲਗਾ ਤਾਂ ਜਾ ਕੇ ਲੋਕਾਂ ਦੀਆਂ ਅੱਖਾਂ ਅਗੇ ਥੋੜ੍ਹਾ ਬਹੁਤ ਚਾਨਣ ਹੋਣ ਲਗਾ, ਭਈ ਇਹ ਤਾਂ ਵੱਡੀਆਂ ਚਾਲਾਂ ਸੀ ਉਪਰਲੀ ਸਿਆਸਤ ਦੀਆਂ। ਖੇਤਰੀ ਪਾਰਟੀਆਂ ਦੇ ਉਭਾਰ ਨੂੰ ਰੋਕਣ ਲਈ ਜਿੱਥੇ ਕਿਤੇ ਵੀ ਲੋੜੀਦੀ ਸੀ ਵੰਡ-ਪਾਊ ਸਿਆਸਤ ਦੀ ਖੇਡ ਸੈਂਟਰ ਵਲੋਂ ਖੇਡੀ ਗਈ। ਪੰਜਾਬੀ ਜ਼ਰਾ ਵੱਧ ਈ ਤੱਤੇ ਸੁਭਾਅ ਦੇ ਨੇ ਇਨ੍ਹਾਂ ਨੂੰ ਹੋਰ ਵੀ ਤਖੇਰੇ ਧਾਰਮਿਕ ਹਥਿਆਰਾਂ ਨਾਲ ਜ਼ਿਬ੍ਹਾ ਕੀਤਾ ਗਿਆ। ਪਹਿਲਾਂ ਤਾਂ ਫ਼ਿਰਕਾ ਪ੍ਰਸਤੀ ਦਾ ਜ਼ਹਿਰ ਫੈਲਾਇਆ ਤੇ ਫਿਰ ਸ਼ਾਂਤੀ ਸਥਾਪਤੀ ਦੇ ਨਾਂ ਤੇ ਸਰਕਾਰੀ ਤੰਤਰ ਦੀ ਕੁਵਰਤੋਂ ਕਰ ਆਪਣਿਆਂ ਨੂੰ ਆਪਣਿਆਂ ਹੱਥੋਂ ਮਰਵਾਇਆ।" ਗੱਜਣ ਸਿੰਘ ਭਾਰੀ ਭਰਕਮ ਲਫ਼ਜ਼ਾਂ ਨਾਲ ਤਕਰੀਰ ਕਰਨ ਵਾਂਗ ਵਰਨਣ ਕਰ ਰਿਹਾ ਸੀ ਅਤੇ ਬਾਕੀ ਸਭ ਮੂਕ ਦਰਸ਼ਕ ਬਣ ਵੇਖ ਸੁਣ ਰਹੇ ਸਨ। ਅੰਗਦ ਜਿਹਨੂੰ ਬਹੁਤੀਆਂ ਗੱਲਾਂ ਦੀ ਸਮਝ ਨਹੀਂ ਪੈ ਰਹੀ ਸੀ ਆਖਰ ਪੋਲੇ ਜਿਹੇ ਬੋਲ ਪਿਆ।

"ਦਾਦੂ ਜੀ, ਆਹ ਤੁਸੀਂ ਆਕਿਆਤ੍ਰਪਿਰਕਾਪ੍ਰਸਤੀ ਤ੍ਰਤ੍ਰਆਈ ਡੋਂਟ ਅੰਡਰਸਟੈਂਡ ਦੈਟ,"

"ਵਾਹ ਮੇਰਿਆ ਲਾਟੂਆ! ਫਿਰਕਾਪ੍ਰਸਤੀ ਹੁੰਦੀ ਆ ਪੁੱਤ!..... ਫਿਰਕਾਪ੍ਰਸਤੀ ਨਹੀਂ। ਬੇਟਾ, ਪੰਜਾਬ ਵਿੱਚ ਹਿੰਦੂ ਤੇ ਸਿੱਖਾਂ ਵਿੱਚ ਆਪੋ ਆਪਣੇ ਧਰਮ ਲਈ ਪਿਆਰ ਤੇ ਸ਼ਰਧਾ ਅਤੇ ਦੂਜੇ ਲਈ ਨਫ਼ਰਤ ਦਾ ਜ਼ਹਿਰ ਭਰ ਦਿੱਤਾ ਗਿਆ।"

"ਉਹ ਕਿੰਵੇਂ?....ਹਾਓ ਦੇ ਡਿਡ ਇਟ?"

"ਅੰਗਦ ਗੱਲ ਇੰਵੇਂ ਹੋਈ। ਬਸਾਂ ਵਿਚੋਂ ਹਿੰਦੂਆਂ ਨੂੰ ਬਾਹਰ ਕੱਢ ਕੇ ਸਿੱਖ ਸਰੂਪ ਵਾਲੇ ਬੰਦਿਆਂ ਤੋਂ ਕਤਲ ਕਰਵਾ ਕੇ ਅਤੇ ਸਿੱਖ ਸਰੂਪ ਵਾਲੇ ਖਾੜਕੂਆਂ ਨੂੰ ਹਿੰਦੂ ਪੁਲਿਸ ਅਫ਼ਸਰਾਂ ਤੋਂ ਠਾਣਿਆਂ ਵਿੱਚ ਬੇਤਹਾਸ਼ਾ ਤਸ਼ੱਦਦ ਕਰਵਾ ਕੇ ਇਹ ਨਫ਼ਰਤ ਤੇ ਪਾੜਾ ਐਨਾ ਵਧਾ ਦਿੱਤਾ ਕਿ ਹਿੰਦੂ ਤੇ ਸਿੱਖ ਪੰਜਾਬੀ ਇੱਕ ਦੂਜੇ ਤੋਂ ਦਿਲੋਂ ਦੂਰ ਹੋਣ ਲਗ ਪਏ।" ਗੱਜਣ ਸਿੰਘ ਨੇ ਸੰਖੇਪ ਜਿਹਾ ਵੇਰਵਾ ਦਿੱਤਾ ਤਾਂ ਰੂਪ ਚੰਦ ਵੀ ਬੱਲ੍ਹਾਂ ਤੇ ਜ਼ੁਬਾਨ ਫੇਰਦਾ ਅੰਗਦ ਨੂੰ ਮੁਖਾਤਬ ਹੋਇਆ।

"ਤੇ ਪੁੱਤਰਾ, ਸਾਡੇ ਵਰਗੇ ਹਿੰਦੂਆਂ ਨੂੰ ਕਦੇ ਕਿਸੇ ਨੇ ਪੁੱਛਿਆ ਹੀ ਨਹੀਂ ਕਿ ਅਸੀਂ ਕੀ ਚਾਹੁੰਦੇ ਹਾਂ? ਬੱਸ ਵਾਲ ਤੇ ਦਾੜ੍ਹੀ ਨਹੀਂ ਰੱਖੇ ਤਾਂ ਅਸੀਂ ਉਹਨਾਂ ਖਾੜਕੂਆਂ ਦੇ ਗੁੱਸੇ ਦੇ ਸ਼ਿਕਾਰ ਹੋ ਗਏ ਜਿਹੜੇ ਪੰਜਾਬ ਨੂੰ ਸਿੱਖ ਸਟੇਟ ਬਣਾ ਕੇ ਖਾਲਿਸਤਾਨ ਦਾ ਝੰਡਾ ਝੁਲਾਉਣਾ ਚਾਹੁੰਦੇ ਸਨ ਜਾਂ ਪਤਾ ਨਹੀਂ ਕੋਈ ਹੋਰ ਉਹਨਾਂ ਨੂੰ ਹਥਿਆਰ ਬਣਾ ਆਪਣਾ ਉੱਲੂ ਸਿੱਧਾ ਕਰਨਾ ਚਾਹੁੰਦੇ ਸਨ। ਅੰਗਦ, ਮੇਰੇ ਹਿਸਾਬ ਨਾਲ ਐਥੇ ਬੈਠਿਆਂ ਵਿੱਚ ਆਹ ਦਾੜ੍ਹੀ ਕੇਸਾਂ ਵਾਲੇ ਸਾਰੇ ਸਿੱਖ ਹਨ ਅਤੇ ਸਿਰਫ਼ ਤੂੰ ਤੇ ਮੈਂ ਹਿੰਦੂ ਹਾਂ। ਕਿਉਂਕਿ ਆਪਾਂ ਦੋਵਾਂ ਦੇ ਵਾਲ ਕੱਟੇ ਹਨ। ਤੂੰ ਮੰਨਦਾ ਨਾਂ ਇਸ ਗੱਲ ਨੂੰ!"

"ਨੋਅ ਅੰਕਲ ਜੀ, ਮੈਂ ਤਾਂ ਸਿੱਖ ਆਂ। ਮੇਰਾ ਨਾਂ ਅੰਗਦ ਸਿੰਘ ਆ, ਮੈਂ ਆਪਣੇ ਦਾਦੂ ਨਾਲ ਗੁਰਦੁਆਰੇ ਜਾਨਾਂ। ਸਿਰ ਢੱਕ ਕੇ ਮੱਥਾ ਟੇਕਦਾਂ, ਲੰਗਰ ਛਕਦਾਂ।" ਅੰਗਦ ਦੀ ਗੋਲ ਮੋਲ ਪੰਜਾਬੀ ਬੋਲੀ।

"ਤੇ ਫਿਰ ਮੈਂ ਹਿੰਦੂ ਕਿੰਵੇਂ ਹੋਇਆ? ਸਿਰਫ਼ ਇਸ ਲਈ ਕਿ ਮੇਰਾ ਨਾਂ ਰੂਪ ਚੰਦ ਆ। ਉਂਜ ਮੈਂ ਵੀ ਸਿਰ ਢੱਕ ਕੇ ਗੁਰਦੁਆਰੇ ਜਾਂਨਾਂ, ਮੱਥਾ ਟੇਕਦਾਂ, ਲੰਗਰ ਛੱਕਦਾਂ। ਪਰ ਮੈਂ ਮੰਦਰ ਵੀ ਜਾਂਦਾ ਆਂ। ਬੱਸ ਬੇਟੇ, ਇਸੇ ਫਿਰਕਾਪ੍ਰਸਤੀ ਨੇ ਬੜਾ ਘਾਣ ਕੀਤਾ ਸਾਡੇ ਪੰਜਾਬ ਦਾ ਸਾਡੇ ਆਪਣਿਆਂ ਦਾ। ਪੰਜਾਬ ਦੇ ਸਿੱਖਾਂ ਤੇ ਹਿੰਦੂਆਂ ਨੇ ਬੜਾ ਸੰਤਾਪ ਹੰਢਾਇਆ ਲੀਡਰਾਂ ਦੀਆਂ ਸਿਆਸਤੀ ਬੇਹੁਰਮਤੀਆਂ ਦਾ। ਬਹੁਤ ਸਾਰੇ ਹਿੰਦੂਆਂ ਨੂੰ ਤਾਂ ਪੰਜਾਬ ਛੱਡ ਦੂਜੇ ਰਾਜਾਂ ਵਿੱਚ ਜਾਣ ਲਈ ਮਜ਼ਬੂਰ ਕਰ ਦਿੱਤਾ ਸੀ।"

"ਅੱਛਾ ਦਾਦੂ ਅੰਕਲ, ਤੁਸੀਂ ਵੀ ਪੰਜਾਬ ਛੱਡ ਕੇ ਚਲੇ ਗਏ ਸੀ।" ਅੰਗਦ ਨੇ ਦਾਦੂ ਤੇ ਅੰਕਲ ਵਾਲਾ ਦੋਹਰਾ ਸੰਬੋਧਨ ਵਰਤ ਯਕਦਮ ਸੁਆਲ ਕੀਤਾ।

"ਅਸੀਂ ਕਿੰਵੇਂ ਜਾ ਸਕਦੇ ਸੀ? ਮੇਰਾ ਵੱਡਾ ਭਰਾ ਤੇ ਉਹਦਾ ਪ੍ਰਵਾਰ ਸਿੱਖ ਹਨ ਅਤੇ ਮੈਂ ਤੇ ਮੇਰਾ ਪ੍ਰਵਾਰ ਹਿੰਦੂ। ਨੌਂਹਾਂ ਨਾਲੋਂ ਮਾਸ ਕਿੱਤਰਾਂ ਵੱਖ ਹੁੰਦਾ ਪੁੱਤਰ!" ਰੂਪ ਚੰਦ ਗਿੱਲੀਆਂ ਅੱਖਾਂ ਪੂੰਝ ਰਿਹਾ ਸੀ।

"ਹੈਂਅ, ਹਾਓ ਇਟ ਕੁੱਡ ਬੀ!" ਅੰਗਦ ਦਾ ਮੂੰਹ ਹੈਰਾਨੀ ਨਾਲ ਟੱਡਿਆ ਰਹਿ ਗਿਆ।

ਬੂਟਾ ਸਿੰਘ ਨੇ ਵੇਰਵਾ ਦਿੱਤਾ, "ਅੰਗਦ ਪੁੱਤਰ, ਇਹ ਬੜੀ ਪੁਰਾਣੀ ਰੀਤ ਦੀ ਗੱਲ ਕਰ ਰਹੇ ਹਨ। ਜਦੋਂ ਖਾਲਸਾ ਪੰਥ ਦੀ ਸਾਜਨਾ ਹੋਈ ਤਾਂ ਉਸ ਵੇਲੇ ਪ੍ਰਵਾਰ ਦੇ ਵੱਡੇ ਪੁੱਤਰ ਨੂੰ ਸਿੰਘ ਸਜਾ ਕੇ ਸਿੱਖ ਬਣਾਉਣਾ ਫ਼ਖ਼ਰ ਵਾਲੀ ਗੱਲ ਹੁੰਦੀ ਸੀ। ਅਤੇ ਗੁਰੂ ਘਰ ਦੇ ਬਹੁਤੇ ਸ਼ਰਧਾਲੂ ਇੰਜ ਕਰਦੇ ਸਨ। ਇਸ ਤਰ੍ਹਾਂ ਸਿੰਘ ਸਜੇ ਬੰਦੇ ਦਾ ਪ੍ਰਵਾਰ ਸਿੱਖ ਰਹਿਤ-ਮਰਿਆਦਾ ਨੂੰ ਪਰਨਾਇਆ ਸਿੱਖ ਅਖਵਾਉਣ ਲਗ ਪਿਆ ਅਤੇ ਬਾਕੀ ਪ੍ਰਵਾਰ ਹਿੰਦੂ ਰਹਿ ਗਿਆ। ਇਸੇ ਕਰਕੇ ਬਹੁਤ ਸਾਰੇ ਹਿੰਦੂ ਸਿੱਖ ਪ੍ਰਵਾਰਾਂ ਵਿੱਚ ਆਪਸੀ ਸਾਂਝਾ ਦੀਆਂ ਪੀਚਵੀਆਂ ਗੰਢਾਂ ਹਨ।

"ਪਿਰ ਓ ਆਪਸ 'ਚ ਲਰਦੇ ਕਿਉਂ ਆ?.......ਦੈਂਨ ਹਾਓ ਕੁੱਡ ਦੇ ਫਾਈਟ?" ਅੰਗਦ ਦੇ ਅੰਦਰਲਾ ਉਲਝਾਅ ਸੁਲਝ ਨਹੀਂ ਸੀ ਰਿਹਾ।

"ਤੇ ਹੋਰ ਵੇਖ ਪੁੱਤਰ, ਹੁਣ ਆਹ ਖਾਲਿਸਤਾਨ ਨਾਂ ਦਾ ਕਾਰਗਾਰ ਹਥਿਆਰ ਵਿਦੇਸ਼ਾਂ ਵਿੱਚ ਰਹਿੰਦੇ ਜੁਆਨ ਧਰਮੀ ਪੁਰਸ਼ਾਂ ਦੇ ਹੱਥ ਫੜਾ ਦਿੱਤਾ ਜੇ। ਉਹਨਾਂ ਅੰਦਰਲਾ ਜੁਆਨ ਖ਼ੂਨ ਜਦੋਂ ਉਬਾਲੇ ਮਾਰਦਾ ਉਹ ਇਹ ਹਵਾ ਵਿੱਚ ਲਹਿਰਾ ਦੇਂਦੇ ਨੇ। ਤੂੰ ਆਪਣੇ ਨਾਲ ਦੇ ਸ਼ਹਿਰ ਵਿੱਚ ਵਾਪਰੀ ਘਟਨਾ ਦੀ ਖ਼ਬਰ ਤਾਂ ਪੜ੍ਹੀ ਹੋਣੀ ਹੈ।" ਅੰਗਦ ਦੇ ਤਾਏ ਹਿੰਮਤ ਨੇ ਪਿਛਲੇ ਦਿਨੀਂ ਵਾਪਰੀਆਂ ਘਟਨਾਵਾਂ ਨੂੰ ਚੇਤੇ ਕਰਦਿਆਂ ਅੰਗਦ ਨੂੰ ਸੰਬੋਧਤ ਹੋ ਇਥੋਂ ਦਾ ਉਹ ਸੱਚ ਬਿਆਨ ਕੀਤਾ ਜਿਸ ਅੰਗਦ ਦੇ ਵਰਤਮਾਨ ਦਾ ਹਿੱਸਾ ਬਣ ਉਸ ਦੇ ਭਵਿੱਖ ਤੇ ਪ੍ਰਭਾਵ ਪਾਉਣਾ ਸੀ।

"ਯਾਅ, ਤਾਇਆ ਜੀ! ਆਈ ਰੈੱਡ ਦਾ ਨਿਊਜ਼। ਕੁੱਝ ਬੰਦੇ ਖਾਸਿਲਤਾਨ ਦਾ ਚੰਡਾ ਲੈ ਰੈਲੀ ਕਰ ਰਹੇ ਸਨ। ਐਂਡ ਦੇ ਵਰ ਟਾਕਿੰਗ ਅਬਾਊਟ ਸਮ ਟਾਈਪ ਔਫ਼ ਰੈਫ਼ਰੈਂਡਮ, ਵੈੱਨ ਇੱਕ ਟਰੱਕ ਵਿੱਚ ਉਹਨਾਂ ਨੂੰ ਅਪੋਜ਼ ਕਰਦੇ ਕੁੱਝ ਬੰਦੇ ਵੈੱਪਨਜ਼ ਲੈ ਕੇ ਆਉਂਦੇ ਪੌਲਿਸ ਨੇ ਪਰ੍ਹ ਲਏ। ਯੂ ਆਰ ਟਾਕਿੰਗ ਅਬਾਊਟ ਦੈਟ ਨਿਊਜ਼ ਓਨਲੀ।" ਅੰਗਦ ਨੇ ਆਪਣੇ ਲਹਿਜ਼ੇ ਨਾਲ ਗੱਲ ਪੂਰੀ ਕੀਤੀ।

ਅਨਮੋਲ ਚਾਹ ਤੇ ਗਰਮ ਗਰਮ ਸਨੈਕਸ ਲੈ ਆਈ ਸੀ ਅਤੇ ਚਲਦੀ ਗਲਬਾਤ ਵਿੱਚ ਬਗੈਰ ਕਿਸੇ ਕਿਸਮ ਦਾ ਖ਼ਲਲ ਪਾਏ ਸਾਰਿਆਂ ਨੂੰ ਚਾਹ ਦਾ ਕੱਪ ਅਤੇ ਸਨੈਕਸ ਵਾਲੀ ਪਲੇਟ ਫੜਾ ਕੁਰਸੀ ਤੇ ਬੈਠ ਗਈ ਸੀ। ਬਾਹਰੋਂ ਦਫ਼ਤਰ ਦਾ ਕੰਮ ਮੁਕਾ ਕੇ ਆਇਆ ਫਤਿਹ ਵੀ ਸ਼ਾਮ ਦੀ ਚਾਹ ਦੀ ਇਸ ਮਹਿਫ਼ਲ ਵਿੱਚ ਆ ਸ਼ਾਮਲ ਹੋਇਆ ਸੀ। ਫਤਿਹ ਦਾ ਮੂੰਹ ਮੱਥਾ ਵੀ ਅੰਗਦ ਵਾਂਗ ਸਫ਼ਾਚੱਟ ਹੈ। ਪਰ ਉਹ ਬੜਾ ਜ਼ਹੀਨ ਅਤੇ ਆਲੇ ਦੁਆਲੇ ਦੀ ਸੂਝ ਰਖਣ ਵਾਲਾ ਸ਼ਖ਼ਸ ਹੈ।

ਅੰਗਦ ਦੇ ਗੱਲ ਖਤਮ ਕਰਦਿਆਂ ਹੀ ਅਨਮੋਲ ਬੋਲ ਪਈ, "ਰੱਬ ਰੱਬ ਕਰੋ ਜੀ ਹੁਣ ਤਾਂ। ਇੱਥੇ ਨਾ ਕੋਈ ਇਹੋ ਜਿਹਾ ਭਾਣਾ ਵਾਪਰੇ। ਅਜੇ ਤਾਂ ਪਿਛੋਂ ਜ਼ਖਮ ਲੈ ਕੇ ਆਇਆਂ ਨੂੰ ਪਿਛਲਾ ਸੰਤਾਪ ਨਹੀਂ ਭੁੱਲਿਆ। ਆਹ ਆਪਣੀ ਸਾਹਮਣੀ ਰੋਡ ਦੇ ਪਰਲੇ ਪਾਸੇ ਹੁਸ਼ਿਆਰਪੁਰ ਤੋਂ ਆਈ ਇੱਕ ਫੈਮਲੀ ਰਹਿੰਦੀ ਆ। ਉਸ ਘਰ ਵਿੱਚ ਰਹਿੰਦੀ ਆਂਟੀ ਜਦੋਂ ਕਦੇ ਵੀ ਮਿਲਦੀ ਅੱਖਾਂ ਪੂੰਝਦੀ ਹੀ ਮਿਲਦੀ। ਹੋਈ ਵੀ ਜਗੋਂ ਬਾਹਰੀ ਉਹਨਾਂ ਦੇ ਟੱਬਰ ਨਾਲ!" ਅਨਮੋਲ ਨੇ ਦੱਸਿਆ ਤਾਂ ਸਾਰੀਆਂ ਨਜ਼ਰਾਂ ਇਕਦਮ ਉਸ ਵੱਲ ਉੱਠੀਆਂ ਜਿੰਵੇਂ ਪੁੱਛ ਰਹੀਆਂ ਹੋਣ, ਉਕੀ ਵਾਪਰਿਆ ਸੀ ਉਹਨਾਂ ਨਾਲ?" ਅਨਮੋਲ ਨੇ ਸਭ ਭਾਂਪਦਿਆਂ ਆਪਣੀ ਗੱਲ ਜਾਰੀ ਰੱਖੀ।

"ਆਂਟੀ ਦੱਸਦੇ ਨੇ ਉਸ ਦਾ ਘਰ ਵਾਲਾ ਬਹੁਤ ਹੀ ਸਮਰਪਤ ਕਾਮਰੇਡ ਸੀ। ਆਪਣੀ ਜੁਆਨੀ ਵੇਲੇ ਉਹ ਆਪਣੀ ਇਸ ਸੋਚ ਕਰਕੇ ਪੁਲਿਸ ਦੇ ਤਸ਼ੱਦਦ ਦਾ ਸ਼ਿਕਾਰ ਹੁੰਦਾ ਰਿਹਾ ਜਾਂ ਬਹੁਤਾ ਰੂਪੋਸ਼ ਹੀ ਰਹਿੰਦਾ ਰਿਹਾ। ਆਂਟੀ ਵਿਚਾਰੀ ਨੇ ਪੁਲਿਸ ਦੀਆਂ ਪੁੱਛਾਂ ਦੇ ਜੁਆਬ ਦੇਂਦੀ ਤੇ ਘਰ ਦੇ ਭਾਂਡੇ ਟੀਂਡੇ ਨੂੰ ਠੁੱਢੇ ਵੱਜਦੇ ਵਿੰਹਦੀ ਨੇ ਕਿਸੇ ਤਰ੍ਹਾਂ ਬੱਚੇ ਪਾਲੇ। ਵੱਡਾ ਮੁੰਡਾ ਜਦੋਂ ਯੂਨੀਵਰਸਿਟੀ ਪੜ੍ਹਦਾ ਸੀ ਉਦੋਂ ਪੰਜਾਬ ਵਿੱਚ ਨਕਸਲਬਾੜੀਆਂ ਦੀ ਲਹਿਰ ਜ਼ੋਰਾਂ ਤੇ ਸੀ। ਗਰਮ ਖ਼ੂਨ ਅਤੇ ਕੁੱਝ ਬਾਪ ਦੇ ਅਤੀਤ ਦਾ ਅਸਰ ਉਹ ਇਸ ਘੋਲ ਵਿੱਚ ਕੁੱਦ ਪਿਆ। ਆਂਟੀ ਕਹਿੰਦੀ ਮੈਂ ਬਥੇਰਾ ਰੋਕਿਆ। ਪਰ ਕਿੱਥੇ ਰੁਕਦਾ ਜੁਆਨ ਖ਼ੂਨ! ਐਸਾ ਪੁਲਿਸ ਦੇ ਹੱਥੇ ਚੜ੍ਹਿਆ ਮੁੜ ਉੱਗ ਸੁੱਗ ਨਹੀਂ ਲਗੀ। ਛੋਟੇ ਪੁੱਤਰ ਦਾ ਟੱਬਰ ਰੰਗੀਂ ਵੱਸਦਾ ਸੀ ਕਿ ਆਹ ਬੱਸਾਂ 'ਚੋਂ ਕੱਢ ਕੱਢ ਕੇ ਮਾਰਨ ਦਾ ਕਹਿਰ ਢਹਿ ਪਿਆ ਪੰਜਾਬ 'ਤੇ। ਮਾੜੀ ਕਿਸਮਤ ਆਂਟੀ ਦੀ! ਉਹਦੇ ਪੋਤਰੇ ਦੇ ਕੇਸ ਤੇ ਦਾੜ੍ਹੀ ਕੱਟੇ ਹੋਏ ਸਨ ਅਗਲਿਆਂ ਬੱਸ ਵਿਚੋਂ ਕੱਢ ਲਾਈਨ ਵਿੱਚ ਖੜ੍ਹਾ ਕਰ ਗੋਲੀਆਂ ਨਾਲ ਭੁੰਨ ਸੁੱਟਿਆ। ਕਿਸੇ ਨੇ ਉਹਦੀਆਂ ਚੀਕਾਂ ਨਹੀਂ ਸੁਣੀਆਂ, ਭਈ ਮੈਂ ਤਾਂ ਚਰਨਜੀਤ ਸਿੰਘ ਆਂ।" ਸਾਰੇ ਗਮਗੀਨ ਚਿਹਰਿਆਂ ਨਾਲ ਦਿਲ ਦਹਿਲਾਉਣ ਵਾਲੀ ਦਾਸਤਾਨ ਸੁਣ ਰਹੇ ਸਨ।

"ਵੇਖੋ, ਜ਼ੁਲਮ ਤਸ਼ੱਦਦ ਤੇ ਕਹਿਰ ਢਾਹੁੰਦਾ ਮਰਦ ਆ ਮਰਦ 'ਤੇ, ਪਰ ਦੁੱਖ ਤੇ ਪੀੜ ਹੰਢਾਉਂਦੀ ਆ ਔਰਤ। ਮਰਨ ਵਾਲੇ ਤਾਂ ਮਰ ਜਾਂਦੇ ਨੇ ਪਰ ਪਿੱਛੇ ਰਹਿ ਗਈ ਮਾਂ ਭੈਣ ਧੀ ਜਾਂ ਘਰਵਾਲੀ, ਨਾ ਉਹ ਮਰਨ ਜੋਗੀ ਰਹਿੰਦੀ ਨਾ ਜਿਉਣ ਜੋਗੀ," ਅਨਮੋਲ ਨੇ ਔਰਤ ਦੀ ਹੋਣੀ ਦਾ ਸੱਚ ਬਿਆਨ ਕਰ ਗੱਲ ਅਗੇ ਤੋਰੀ, ਉਅਜੇ ਆਂਟੀ ਦੀ ਸਹਿਣ ਸ਼ਕਤੀ ਦਾ ਇਮਤਿਹਾਨ ਹੋਰ ਲੈਣਾ ਸੀ ਜ਼ਾਲਮਾਂ ਨੇ। ਗੱਲ ਇੰਜ ਹੋਈ ਕਿ ਅੰਮ੍ਰਿਤਸਰ ਵਿੱਚ ਪਿੰਡ ਤੋਂ ਬਾਹਰ ਖੇਤਾਂ ਵਿੱਚ ਰਹਿੰਦੇ ਉਹਦੇ ਭਰਾ ਦੇ ਘਰ ਇੱਕ ਦਿਨ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ' ਗਜਾਉਂਦੇ ਪਸਤੌਲਾਂ ਮਸ਼ੀਨ ਗੰਨਾਂ ਨਾਲ ਲੈਸ ਖਾੜਕੂ ਆ ਗੱਜੇ। ਰੋਟੀ ਪਾਣੀ ਛਕਾਉਣ ਅਤੇ ਮੰਜੇ ਬਿਸਤਰੇ ਦੇਣ ਤੱਕ ਤਾਂ ਸਭ ਠਕਿ ਸੀ ਪਰ ਰਾਤ ਨੂੰ ਜੋ ਭਾਣਾ ਉਹਦੇ ਭਰਾ ਦੀ ਜੁਆਨ ਧੀ, ਆਂਟੀ ਦੀ ਭਤੀਜੀ, ਨਾਲ ਵਾਪਰਿਆ ਉਹ ਸੁਣ ਕੇ ਕਾਲਜਾ ਮੂੰਹ ਨੂੰ ਆਉਂਦਾ। ਇੱਕ ਸੋ-ਕਾਲਡ ਖਾਲਸੇ ਨੇ ਨਾਲੇ ਤਾਂ ਉਹਦੇ ਨਾਲ ਕੁਕਰਮ ਕੀਤਾ ਤੇ ਨਾਲੇ ਉਹਦੀ ਛਾਤੀ ਤੇ ਕ੍ਰਿਪਾਨ ਨਾਲ ਖੰਡਾ ਖੁਣ ਦਿੱਤਾ। ਉਹ ਤਾਂ ਚਲੇ ਗਏ ਪਰ ਜੁਆਨ ਕੁੜੀ ਨੇ ਅਗਲੇ ਦਿਨ ਫਾਹਾ ਲੈ ਲਿਆ।" ਅਨਮੋਲ ਦੀਆਂ ਅੱਖਾਂ ਵਿਚੋਂ ਪਰਲ ਅਥਰੂ ਵਹਿ ਤੁਰੇ। ਸਾਰਿਆਂ ਦੀਆਂ ਅੱਖਾਂ ਤਰਲ ਸਨ। ਅੱਖਾਂ 'ਚੋਂ ਨੱਕ ਵਿੱਚ ਖਾਰਜ ਹੋ ਆਏ ਪਾਣੀ ਨੂੰ ਸੂੰ ਸੂੰ ਦੀ ਅਵਾਜ਼ ਨਾਲ ਸਾਫ਼ ਕਰਨ ਦਾ ਯਤਨ ਕੀਤਾ ਜਾ ਰਿਹਾ ਸੀ। ਕਿੰਨੀ ਦੇਰ ਚੁੱਪ ਛਾਈ ਰਹੀ। ਕਿਸੇ ਕੋਲ ਵੀ ਕਹਿਣ ਲਈ ਕੁਝ ਨਹੀਂ ਸੀ। ਆਖਰ ਅੰਗਦ ਨੂੰ ਜਿਹੜੀ ਗੱਲ ਅਖ਼ਰੀ ਸੀ ਉਸ ਆਪਣੇ ਡੈਡ ਨਾਲ ਸਾਂਝੀ ਕਰਨੀ ਚਾਹੀ।

"ਡੈਡ ਮੈਂ ਇੱਕ ਗੱਲ ਕਰਨੀ ਮੰਗਦਾਂ," ਉਸ ਆਪਣੇ ਡੈਡ ਨੂੰ ਪੁੱਛਿਆ।

"ਦੱਸੋ ਬੇਟਾ"

"ਡੈਡ, ਆਪਣੇ ਘਰ ਵਿੱਚ ਤੁਸੀਂ ਤੇ ਮੈਂ ਹਿੰਦੂ ਆਂ ਅਤੇ ਏਕਮ ਤੇ ਸਾਹਿਲ ਵੀਰੇ ਸਮੇਤ ਬਾਕੀ ਸਾਰੇ ਸਿੱਖ ਨੇ?"

"ਤੈਨੂੰ ਕੀਹਨੇ ਆਖੀ ਇਹ ਗੱਲ?"

"ਕਿਉਂਕਿ ਉਹਨਾਂ ਸਾਰਿਆਂ ਦੇ ਸਿਰ ਤੇ ਹੇਅਰ ਨੇ ਤੇ ਉਹ ਟਰਬਨ ਬੰਨ੍ਹਦੇ ਨੇ। ਐਂਡ ਵੁਈ ਬੋਥ ਹੈਵ ਨੋ ਹੇਅਰ ਐਂਡ ਬੀਅਰਡ।" ਅੰਗਦ ਰੋਣਹਾਕਾ ਹੋਇਆ ਪਿਆ ਸੀ।

"ਡੌਂਟ ਬੀ ਸੋ ਇਮੋਸ਼ਨਲ ਡੀਅਰ! ਇਹ ਸਾਡੇ ਪਰਸਨਲ ਫੇਥ ਆ, ਭਈ ਸਾਡੀ ਆਸਥਾ ਕਿਸ ਸ਼ੈਅ ਵਿੱਚ ਹੈਗੀ। ਕਮ ਆਊਟ ਆਫ ਦਿਸ। ਆਪਾਂ ਇਹਦੇ ਬਾਰੇ ਬਾਦ ਵਿੱਚ ਗੱਲ ਕਰਾਂਗੇ।" ਉਸ ਅੰਗਦ ਨੂੰ ਸ਼ਾਂਤ ਕਰਨ ਹਿੱਤ ਕਿਹਾ ਤਾਂ ਗਲ਼ਾ ਖੰਘੂਰਦਾ ਗੱਜਣ ਸਿੰਘ ਬੋਲ ਪਿਆ।

"ਆਹ ਜੋ ਕੁੱਝ ਅਨਮੋਲ ਨੇ ਦੱਸਿਆ, ਸੁਣ ਕੇ ਕਲੇਜਾ ਪਾਟ ਗਿਆ। ਜਿਨ੍ਹਾਂ ਨਾਲ ਬੀਤੀਆਂ ਉਹਨਾਂ ਦੇ ਹਾਲ ਦਾ ਅੰਦਾਜ਼ਾ ਨਹੀਂ ਲਗਾਇਆ ਸਕਦਾ। ਇਤਿਹਾਸ ਇਹਨਾਂ ਗਲਤੀਆਂ ਨੂੰ ਕਦੇ ਮੁਆਫ਼ ਨਹੀਂ ਕਰੇਗਾ।" ਆਖ ਉਹ ਚੁੱਪ ਕਰ ਗਿਆ ਤਾਂ ਕਿੰਨੀ ਦੇਰ ਤੋਂ ਚੁੱਪ ਬੈਠੇ ਚੀਮਾ ਸਾਹਿਬ ਨੇ ਵੀ ਇਤਿਹਾਸ ਦੇ ਪੰਨੇ ਫਰੋਲਦਿਆਂ ਗੱਲ ਨੂੰ ਮੁੜ ਖ਼ਬਰ ਵਾਲੇ ਮੁੱਦੇ ਵੱਲ ਮੋੜਦਿਆਂ ਆਪਣੀ ਰਾਏ ਜ਼ਾਹਿਰ ਕੀਤੀ।

"ਆਹ ਜਿਹੜੀ ਨਿਊਜ਼ ਦੀ ਗੱਲ ਕਰਦੇ ਨੇ, ਇਹ ਐਨਾ ਸਹਿਲ ਮਸਲਾ ਨਹੀਂ ਜੇ। ਅਗਲੇ ਗ਼ਦਰੀ ਬਾਬਿਆਂ ਦਾ ਹਵਾਲਾ ਦੇਂਦੇ ਨੇ ਭਈ ਉਹ ਦੇਸ਼ ਦੀ ਅਜ਼ਾਦੀ ਲਈ ਵਹੀਰਾਂ ਘੱਤ ਤੁਰ ਪਏ ਸਨ ਅਤੇ ਹੁਣ ਖਾਲਿਸਤਾਨ ਬਣਾਉਣ ਲਈ ਵੀ ਇੰਜ ਦੀ ਲਹਿਰ ਹੀ ਕੰਮ ਨੇਪਰੇ ਚਾੜ੍ਹੇਗੀ।"

"ਚੀਮਾ ਸਾਹਿਬ, ਉਦੋਂ ਦੇ ਤੇ ਹੁਣ ਦੇ ਹਾਲਾਤਾਂ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਉਦੋਂ ਉਹ ਗੁਲਾਮ ਦੇਸ਼ ਦੇ ਬਾਸ਼ਿੰਦੇ ਸੀ। ਉਹਨਾਂ ਨਾਲ ਇੱਥੇ ਵੀ ਗੁਲਾਮਾਂ ਵਾਲਾ ਸਲੂਕ ਕੀਤਾ ਜਾਂਦਾ ਸੀ ਅਤੇ ਉਹ ਇਹ ਸ਼ਰਮਿੰਦਗੀ ਨਾ ਬਰਦਾਸ਼ਤ ਕਰਦੇ ਹੋਏ ਦੇਸ਼ ਦੀ ਅਜ਼ਾਦੀ ਦੀ ਜੰਗ ਵਿੱਚ ਕੁੱਦ ਪਏ ਸਨ। ਉਹਨਾਂ ਇੱਕ ਵਾਰ ਤਾਂ ਅਜ਼ਾਦੀ ਦਾ ਭਾਂਬੜ ਬਾਲ ਦਿੱਤਾ ਸੀ ਭਾਵੇਂ ਬਹੁਤ ਸਾਰੇ ਸ਼ਹੀਦੀਆਂ ਪਾ ਗਏ ਜਾਂ ਜ਼ਾਲਮ ਹਕੂਮਤ ਦੇ ਕਾਬੂ ਆ ਗਏ। ਪਰ ਹੁਣ...ਹੁਣ...ਕਾਹਦੇ ਲਈ...ਕੀ ਲੋੜ ਆ?" ਬੂਟਾ ਸਿੰਘ ਨੇ ਪਿਛੋਕੜ ਬਿਆਨਦੇ ਅੱਜ ਦੀ ਸਥਿਤੀ ਤੇ ਪ੍ਰਸ਼ਨ ਚਿੰਨ੍ਹ ਲਗਾ ਗੱਲ ਅਧੂਰੀ ਛੱਡ ਦਿੱਤੀ ਤਾਂ ਹਿੰਮਤ ਪ੍ਰੋੜਤਾ ਕਰਦਾ ਬੋਲਿਆ।

"ਸਹੀ ਗੱਲ ਏ ਡੈਡ! ਨਾਲੇ ਆਹ ਜਿਹੜੇ ਰੈਫਰੈਂਡਮ ਦੀ ਗੱਲ ਕਰਦੇ ਆ ਇਹਦੇ ਬਾਰੇ ਵਿੱਚ ਤਾਂ ਕਦੇ ਕਿਸੇ ਨੇ ਸਪਸ਼ਟ ਹੀ ਨਹੀਂ ਕੀਤਾ ਕਿ ਇਹ ਕਰਵਾਉਣਾ ਕੀਹਨੇ ਹੈ? ਇਸ ਵਿੱਚ ਸ਼ਾਮਲ ਕੀਹਨਾ ਲੋਕਾਂ ਨੂੰ ਕਰਨਾ ਹੈ? ਕੀ ਪੰਜਾਬੀਆਂ ਨੂੰ ਜਾਂ ਫਿਰ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬ ਦੇ ਹਿਤੈਸ਼ੀਆਂ ਨੂੰ ਵੀ। ਜੇ ਪੰਜਾਬੀਆਂ ਨੂੰ ਤਾਂ ਕੀ ਪੰਜਾਬ ਵਿੱਚ ਰਹਿੰਦੇ ਸਾਰੇ ਲੋਕਾਂ ਨੂੰ, ਭਾਵ ਹਿੰਦੂ, ਸਿੱਖਾਂ ਅਤੇ ਬਾਹਰਲੇ ਸੂਬਿਆਂ ਤੋਂ ਆ ਕੇ ਪੰਜਾਬ ਵਿੱਚ ਵੱਸੇ ਮਜ਼ਦੂਰਾਂ ਨੂੰ ਜਾਂ ਫਿਰ ਖਾਲਸ ਸਿੱਖਾਂ ਨੂੰ ਹੀ। ਇਸ ਕਹਾਣੀ ਦਾ ਤੰਦ ਸਿਰਾ ਨਾ ਕਦੇ ਕਿਸੇ ਨੇ ਬਿਆਨਿਆ ਅਤੇ ਨਾ ਹੀ ਲਗਦਾ ਕਿ ਕਿਸੇ ਨੂੰ ਪਤਾ ਹੀ ਹੈ। ਇਹ ਸਾਰਾ ਹਵਾ ਵਿੱਚ ਤੀਰ ਚਲਾਉਣ ਵਾਲਾ ਪ੍ਰਪੰਚ ਹੀ ਲਗਦਾ।" ਹਿੰਮਤ ਨੇ ਗੱਲ ਮੁਕਾਈ ਤਾਂ ਫਤਿਹ ਉਸ ਨੂੰ ਮੁਖਾਤਬ ਹੋ ਬੋਲਿਆ।



"ਹਿੰਮਤ ਵੀਰ ਜੀ ਦੀ ਦਲੀਲ ਸੁੱਟ ਪਾਉਣ ਵਾਲੀ ਨਹੀਂ ਹੈ। ਬਿਨਾਂ ਨੀਹਾਂ ਦੇ ਭਲਾ ਕਦੇ ਕੋਈ ਇਮਾਰਤ ਉਸਰੀ ਹੈ? ਪਰ ਚਲੋ ਮੰਨ ਲਓ ਵੀਰ ਜੀ, ਜੇ ਖਾਲਸਾ ਰਾਜ ਬਣਾਉਣਾ ਬਹੁਤ ਜ਼ਰੂਰੀ ਹੈ ਤਾਂ ਸੁਆਲ ਪੈਦਾ ਹੁੰਦਾ, ਭਈ ਇਹ ਬਣਾਉਣਾ ਕੀਹਦੇ ਲਈ ਇਹਨਾਂ ਲੋਕਾਂ ਨੇ? ਕੀ ਇਹਨਾਂ ਲੋਕਾਂ ਉੱਥੇ ਜਾ ਕੇ ਰਹਿਣਾ ਜਾਂ ਇਹਨਾਂ ਦੀ ਔਲਾਦ ਨੇ ਉੱਥੇ ਜਾ ਕੇ ਵਸਣਾ। ਤੁਸੀਂ ਮੈਂ, ਅੰਗਦ ਆਪਣੇ ਬਾਕੀ ਬੱਚੇ, ਸਾਰਿਆਂ ਵਿਚੋਂ ਕੋਈ ਇਥੋਂ ਦੇ ਘਰ ਬਾਹਰ ਛੱਡ ਕੇ ਉੱਥੇ ਜਾਣਾ ਪਸੰਦ ਕਰੇਗਾ? ਸ਼ਾਇਦ ਕੋਈ ਵੀ ਨਹੀਂ। ਇਸੇ ਤਰ੍ਹਾਂ ਹੀ ਹੋਰ ਪ੍ਰਵਾਰ ਵੀ ਸੋਚਣਗੇ ਜਾਂ ਸ਼ਾਇਦ ਕੋਈ ਵਿਰਲਾ ਟਾਵਾਂ ਮਨ ਬਣਾ ਲਵੇ। ਫਿਰ ਕਾਹਦੇ ਲਈ ਖ਼ਿਆਲੀ ਪੁਲਾਅ ਪਕਾਏ ਜਾ ਰਹੇ ਨੇ?" ਫਤਿਹ ਅਸਲੀਅਤ ਦਾ ਆਇਨਾ ਵਿਖਾ ਰਿਹਾ ਸੀ।

"ਰੱਬ ਰੱਬ ਕਰੋ ਜੀ! ਬਾਹਰਲੇ ਮੁਲਕਾਂ ਦੇ ਸੁੱਖ-ਸਾਧਨ ਤੇ ਵੱਸੇ ਵਸਾਏ ਘਰ ਬਾਹਰ ਛੱਡ ਕੇ ਕੌਣ ਜਾਊ ਉੱਥੇ ਧੱਕੇ ਖਾਣ! ਉੱਥੋਂ ਦੇ ਲੋਕ ਵੀ ਮੂੰਹ ਲਾ ਕੇ ਰਾਜ਼ੀ ਨਹੀਂ ਇਨ੍ਹਾਂ ਬਾਹਰਲੇ ਖਾਲਸਤਾਨੀਆਂ ਨੂੰ। ਉਹ ਤਾਂ ਕਹਿੰਦੇ ਬਈ ਸਾਨੂੰ ਚੈਨ ਨਾਲ ਜੀਉਣ ਦਿਓ। ਪਹਿਲਾਂ ਹੀ ਬਥੇਰਾ ਨੁਕਸਾਨ ਹੋ ਗਿਆ ਪੰਜਾਬ ਦਾ। ਪਹਿਲਾਂ ਤਾਂ ਇਸ ਖ਼ੌਫ਼ਨਾਕ ਖੇਡ ਨੇ ਪੰਜਾਬ ਦੀ ਜੁਆਨੀ ਦਾ ਨਾਸ ਮਾਰਿਆ। ਤੇ ਰਹਿੰਦਾ ਖੂੰਹਦਾ ਨਸ਼ਿਆਂ ਦੇ ਪਸਾਰ ਨੇ ਕਸਰ ਪੂਰੀ ਕਰ ਦਿੱਤੀ। ਘਰਾਂ ਦੇ ਘਰ ਖਾਲੀ ਕਰਤੇ ਇਸ ਨਸ਼ੇ ਦੀ ਬਿਮਾਰੀ ਨੇ, ਕਰਜ਼ਿਆਂ ਦੇ ਬੋਝ ਨੇ, ਝੂਠੇ ਵਿਖਾਵੇ ਦੇ ਰੀਤੀ ਰਿਵਾਜ਼ਾਂ ਤੇ ਕੀਤੇ ਖਰਚਿਆਂ ਨੇ।" ਗੱਜਣ ਸਿੰਘ ਨੇ ਵਕਤ ਦੀ ਸਚਾਈ ਬਿਆਨੀ। ਪੰਜਾਬ ਦੀ ਤ੍ਰਾਸਦੀ ਦਾ ਦਰਦ ਹਰੇਕ ਦੇ ਚਿਹਰੇ ਤੇ ਪ੍ਰਤੱਖ ਸੀ।

ਚਾਹ ਤੇ ਸਨੈਕਸ ਦਾ ਕੰਮ ਖਤਮ ਹੋ ਗਿਆ ਸੀ। ਖਾਲੀ ਕੱਪ ਪਲੇਟਾਂ ਟਰੇਅ ਵਿੱਚ ਸਮੇਟਦੀ ਅਨਮੋਲ ਕੋਲੋਂ ਰਹਿ ਨਾ ਹੋਇਆ। ਉਹ ਸਾਰਿਆਂ ਨੂੰ ਚੁੱਪ ਦੀ ਇਸ ਜਿਲ੍ਹਣ ਵਿਚੋਂ ਬਾਹਰ ਕੱਢਣ ਖਾਤਰ ਬੋਲੀ।

"ਜੇ ਤੁਸੀਂ ਮਾਈਂਡ ਨਾ ਕਰੋ ਤਾਂ ਮੇਰੇ ਮਨ ਵਿੱਚ ਇੱਕ ਗੱਲ ਆਈ ਆ ਤੇ ਮੈਂ ਸਾਂਝੀ ਕਰਨੀ ਚਾਹੁੰਦੀ ਆਂ," ਸਾਰੀਆਂ ਨਿਗਾਹਾਂ ਉਸ 'ਤੇ ਟਿਕ ਗਈਆਂ, ਭਈ ਵੇਖੋ 'ਬਿੱਲੀ ਥੈਲਿਓਂ ਬਾਹਰ ਆਉਣ ਲਗੀ ਜੇ'। ਅਨਮੋਲ ਨੇ ਬੜੀ ਸੰਜੀਦਗੀ ਨਾਲ ਕਹਿਣਾ ਸ਼ੁਰੂ ਕੀਤਾ।

"ਮੇਰੀ ਜਾਚੇ ਜੇ ਸਿੱਖ ਵਖਰਾ ਰਾਜ ਬਣਾਉਣਾ ਚਾਹੁੰਦੇ ਨੇ, ਜਿੱਥੇ ਇਹਨਾਂ ਦੀ ਅਜ਼ਾਦ ਹੋਂਦ ਕਾਇਮ ਰਹਿ ਸਕੇ ਤਾਂ ਇਹ ਰਾਜ ਪੰਜਾਬ ਤੋਂ ਬਾਹਰ ਕਿਤੇ ਹੋਰ ਬਣਾ ਲੈਣ। ਬਥੇਰੀ ਜ਼ਮੀਨ ਵਿਹਲੀ ਮਿਲ ਸਕਦੀ ਆ। ਬਥੇਰਾ ਪੈਸਾ ਵੀ ਹੈਗਾ ਬਾਹਰ ਰਹਿੰਦੇ ਲੋਕਾਂ ਕੋਲ। ਅਰਬਾਪਤੀ ਸਿੱਖ ਹੈਗੇ ਨੇ ਜੋ ਖਾਲਿਸਤਾਨ ਦੇ ਹਾਮੀ ਹੋਣਗੇ। ਉਹ ਜਗ੍ਹਾ ਖਰੀਦ ਲੈਣ। ਹੋਰਾਂ ਨੂੰ ਅਜਿਹਾ ਕਰਨ ਲਈ ਪ੍ਰੇਰਨ। ਜੋ ਵੀ ਚਾਹਵੇ ਉੱਥੇ ਆਪਣਾ ਕੰਮ ਧੰਦਾ ਸ਼ੁਰੂ ਕਰੇ। ਕਾਰਖਾਨੇ ਲਾਵੇ, ਖੇਤੀ ਕਰੇ, ਇਮਾਰਤਾਂ ਬਣਾਵੇ। ਗੱਲ ਕੀ ਨਵੇਂ ਸ਼ਹਿਰ ਨਵੇਂ ਪਿੰਡ ਉਸਾਰ ਕੇ ਮਨਮਰਜ਼ੀ ਦਾ ਦੇਸ਼ ਬਣਾ ਲੈਣ। ਆਹ ਅਮਰੀਕਾ ਕਨੇਡਾ ਵਰਗੇ ਦੇਸ਼ ਵੀ ਤਾਂ ਇਸੇ ਤਰ੍ਹਾਂ ਹੀ ਉਸਰੇ ਨੇ। ਫਤਿਹ, ਤੁਹਾਡਾ ਕੀ ਵਿਚਾਰ ਹੈ, ਇਹ ਪੌਸੀਬਲ ਨਹੀਂ?" ਅਨਮੋਲ ਨੇ ਆਪਣੀ ਗੱਲ ਮੁਕਾ ਗੇਂਦ ਆਪਣੇ ਪਤੀ ਦੇ ਪਾਲੇ ਵਿੱਚ ਸੁੱਟ ਦਿੱਤੀ।

"ਆਈ ਕੈਂਟ ਸੇ ਐਨੀਥਿੰਗ। ਮੈਂ ਨਹੀਂ ਕੁੱਝ ਕਹਿ ਸਕਦਾ। ਸਭ ਕੁੱਝ ਪੌਸੀਬਲ ਵੀ ਹੁੰਦਾ ਅਤੇ ਇਮਪੌਸੀਬਲ ਵੀ। ਇਹ ਤਾਂ ਕਰਨ ਵਾਲਿਆਂ ਦੀ ਇੱਛਾ ਸ਼ਕਤੀ ਉਪਰ ਡੀਪੈਂਡ ਕਰਦਾ।" ਫਤਿਹ ਨੇ ਨੇਤਾਵਾਂ ਵਰਗਾ ਗੋਲ ਮੋਲ ਜਿਹਾ ਜੁਆਬ ਦੇ ਇੱਕ ਅਮੁੱਕ ਵਾਦ-ਵਿਵਾਦ ਤੋਂ ਜਿੰਵੇਂ ਖਹਿੜਾ ਛੁਡਾਇਆ।

"ਤੇ ਡੈਡੀ ਜੀ ਵਾਲੇ 'ਪੰਜਾਬ ਕਰਾਂ ਕੀ ਸਿਫ਼ਤ ਤੇਰੀ' ਵਾਲੇ ਪੰਜਾਬ ਵਾਲਾ ਪਾਰ ਉਤਾਰਾ ਕਿੰਵੇਂ ਹੋਊ ਫਿਰ? ਉਹਦਾ ਵੀ ਹੱਲ ਕਿਸੇ ਕੋਲ ਹੈਗਾ ਕਿ ਨਹੀਂ?" ਹਿੰਮਤ ਨੇ ਅਸਲੀ ਵਿਸ਼ੇ ਵੱਲ ਇਸ਼ਾਰਾ ਕੀਤਾ ਤਾਂ ਬੂਟਾ ਸਿੰਘ ਨੇ ਹੀ ਸੁਆਲ ਬੋਚਦੇ ਜੁਆਬ ਦਿੱਤਾ।

"ਉਹ ਤਾਂ ਬਈ ਸਾਰੇ ਪੰਜਾਬੀਆਂ ਨੇ ਆਪਸ ਵਿੱਚ ਰਲ ਮਿਲ ਕੇ ਹੀ ਕਰਨਾ। ਸਾਰਿਆਂ ਸਿੱਖਾਂ ਨੇ ਤੇ ਹਿੰਦੂਆਂ ਨੇ ਅਤੇ ਇਥੋਂ ਤੱਕ ਕਿ ਯੂ.ਪੀ. ਬਿਹਾਰ ਮੱਧ ਪ੍ਰਦੇਸ਼ ਅਤੇ ਹੋਰ ਸੂਬਿਆਂ ਤੋਂ ਆ ਕੇ ਵੱਸੇ ਉਹਨਾਂ ਸਾਰੇ ਮਜ਼ਦੂਰਾਂ ਨੇ ਜੋ ਆਏ ਤਾਂ ਮਜ਼ਦੂਰੀ ਕਰ ਚੰਗੇਰਾ ਜੀਵਨ ਬਸਰ ਕਰਨ ਲਈ ਸਨ ਪਰ ਉਥੋਂ ਦੇ ਹੋ ਕੇ ਰਹਿ ਗਏ। ਉਹਨਾਂ ਅਤੇ ਉਹਨਾਂ ਦੀ ਅਗਲੀ ਪਨੀਰੀ ਭਾਵ ਉਹਨਾਂ ਦੇ ਬੱਚਿਆਂ ਵਿੱਚ ਪੰਜਾਬੀਅਤ ਭਰਨ ਦੀ ਲੋੜ ਆ। ਪਹਿਲਾਂ ਵੀ ਤਾਂ ਸਦੀਆਂ ਸਦੀਆਂ ਤੋਂ ਬਾਹਰੋਂ ਆ ਕੇ ਵੱਸੇ ਲੋਕ ਹੀ ਅਜੋਕੇ ਪੰਜਾਬ ਦੇ ਅਣਖੀਲੇ ਤੇ ਮਾਣ-ਮੱਤੇ ਪੰਜਾਬੀ ਬਣੇ ਹਨ। ਅਤੇ ਹੁਣ ਇਹ ਸਾਰੇ ਵੀ ਪੰਜਾਬ ਦੇ ਭਵਿੱਖੀ ਵਾਰਸ ਹਨ। ਜਿਨਾ ਚਿਰ ਇਹ ਸਾਰੇ ਬਾਹਾਂ ਵਿੱਚ ਬਾਹਾਂ ਪਾ ਕਰਿੰਗੜੀ ਨਹੀਂ ਪਾਉਂਦੇ, ਬਾਹਰ ਬੈਠਾ ਬਾਹਰਲਾ ਪੰਜਾਬ ਹਿਤੈਸ਼ੀ ਪੰਜਾਬ ਦਾ ਕੁੱਝ ਨਹੀਂ ਸੁਆਰ ਸਕਦਾ, ਸਿਰਫ਼ ਮੱਗਰਮੱਛ ਦੇ ਅਥਰੂ ਪੂੰਝਣ ਦਾ ਦਾਹਵਾ ਹੀ ਕਰ ਸਕਦਾ।" ਬੂਟਾ ਸਿੰਘ ਨੇ ਆਪਣੀ ਆਪਣੀ ਸੋਚ ਦਾ ਯਥਾਰਥ ਬਿਆਨ ਦਿੱਤਾ।

"ਬਿਲਕੁਲ ਠੀਕ ਆਖਿਆ ਬਾਈ ਜੀ ਤੁਸੀਂ। ਜਿੰਵੇਂ ਕਨੇਡਾ ਵੱਖ ਵੱਖ ਦੇਸ਼ਾਂ ਤੋਂ ਆ ਕੇ ਵੱਸੇ ਲੋਕਾਂ ਦਾ ਦੇਸ਼ ਹੈ। ਕੁੱਝ ਸਮਾ ਪਾ ਕੇ ਹਰ ਕੋਈ ਇਥੋਂ ਦਾ ਨਾਗਰਿਕ ਬਣ ਜਾਂਦਾ। ਫਿਰ ਉਹ ਬਰਾਬਰ ਦੇ ਹੱਕਾਂ ਤੇ ਫ਼ਰਜ਼ਾਂ ਵਾਲਾ ਬਰਾਬਰ ਦਾ ਸ਼ਹਿਰੀ ਹੁੰਦਾ ਜੋ ਕਨੇਡਾ ਦੀ ਤਰੱਕੀ ਲਈ ਉਤਨਾ ਜ਼ਿੰਮੇਵਾਰ ਹੁੰਦਾ ਜਿਨੇ ਉਸ ਤੋਂ ਪਹਿਲਾਂ ਆਏ। ਭਾਵੇਂ ਉਹ ਸੈਂਕੜੇ ਸਾਲ, ਕੁੱਝ ਸਾਲ ਜਾਂ ਕੁੱਝ ਮਹੀਨੇ ਪਹਿਲਾਂ ਆਏ ਹੋਣ। ਇੰਜ ਹੀ ਲਗਪਗ ਦੁਨੀਆਂ ਦੇ ਹੋਰ ਦੇਸ਼ਾਂ ਵਿੱਚ ਵੀ ਹੁੰਦਾ ਜਿੱਥੇ ਦੇਸ਼ ਦੀ ਤਰੱਕੀ ਲਈ ਬਾਹਰਲੇ ਹੱਥਾਂ ਦੀ ਲੋੜ ਹੁੰਦੀ ਹੈ। ਨਾਲੇ ਆਹ 'ਭਈਆ' ਤੇ 'ਭਈਰਾਣੀ' ਸੰਬੋਧਨ ਤਿਆਗਣਾ ਪੈਣਾ ਪੰਜਾਬੀਆਂ ਨੂੰ ਦੂਸਰੇ ਪ੍ਰਾਂਤਾਂ ਤੋਂ ਆਏ ਪ੍ਰਵਾਸੀਆਂ ਲਈ। ਉਹਨਾਂ ਨੂੰ ਵੀ 'ਭਾਊ' 'ਬਾਈ ਜੀ' ਜਾਂ 'ਭਰਾ' ਅਤੇ 'ਭੈਣ ਜੀ' ਜਾਂ 'ਦੀਦੀ' ਕਹਿਕੇ ਬੁਲਾਉਣਾ ਹੋਊ। ਤਾਂ ਹੀ ਤਾਂ ਉਹ ਪੰਜਾਬ, ਪੰਜਾਬੀ ਤੇ ਪੰਜਾਬੀਅਤ ਦਾ ਦਮ ਭਰਨਗੇ।" ਗੱਜਣ ਸਿੰਘ ਨੇ ਗੱਲ ਸਿਰੇ ਲਾ ਦਿੱਤੀ।

ਇਹ ਸੁਣ ਰੂਪ ਚੰਦ ਤੋਂ ਰਹਿ ਨਾ ਹੋਇਆ। ਉਸ ਆਪਣੀ ਰਾਏ ਦਿੱਤੀ, ਉਹਿੰਦੂ ਸਿੱਖਾਂ ਨੂੰ ਵੀ ਗਲਵਕੜੀਆਂ ਪਾਉਣ ਦੀ ਲੋੜ ਹੈ। ਨਾਲੇ ਸਿਆਸਦਾਨਾਂ ਦੀ ਕੋਹਝੀ ਰਾਜਨੀਤੀ ਅਣਗੌਲਣ ਦੀ ਭੈੜੀ ਆਦਤ ਛੱਡਣ ਦੀ ਜ਼ਰੂਰਤ ਵੀ ਹੈ। ਤਾਂ ਹੀ ਧਰਮਾਂ ਦੇ ਵਾਦ-ਵਿਵਾਦ ਤੋਂ ਉਪਰ ਉੱਠ ਆਹ ਮੌਕਾ-ਪ੍ਰਸਤ ਦੋ ਧਿਰਾਂ ਨੂੰ ਭਾਂਜ ਦੇ ਕਿਸੇ ਹੋਰ ਧਿਰ ਨੂੰ ਮੌਕਾ ਦੇ ਪੰਜਾਬ ਅਤੇ ਪੰਜਾਬੀਅਤ ਦਾ ਮੂੰਹ ਮੱਥਾ ਸੁਆਰਿਆ ਜਾ ਸਕਦਾ।"

"ਸੋਲਾਂ ਆਨੇ ਸੱਚੀ ਬਾਤ ਹੈ ਜੀ ਇਹ।" ਚੀਮਾ ਸਾਹਿਬ ਨੇ ਵੀ ਮੋਹਰ ਲਾ ਦਿੱਤੀ।

"ਹੱਛਾ ਡੈਡ, ਹੁਣ ਤੁਸੀਂ ਆਪਣਾ ਅਠਵੀਂ ਜਮਾਤ ਵਾਲਾ ਪੰਜਾਬ ਦੀਆਂ ਸਿਫ਼ਤਾਂ ਵਾਲਾ ਗੀਤ ਹੀ ਸੁਣਾ ਦਿਓ ਫਿਰ," ਹਿੰਮਤ ਨੇ ਫੈਸਲਾਕੁੰਨ ਬਣ ਰਹੀ ਗਲਬਾਤ ਦੇ ਮਾਹੌਲ ਨੂੰ ਨਰਮਾਉਂਦੇ ਮਿੱਠੀ ਜਿਹੀ ਟਿੱਚਰ ਦਾ ਮੌਕਾ ਨਹੀਂ ਖੁੰਝਾਇਆ। ਸਾਰਿਆਂ ਦੇ ਇਸਰਾਰ ਤੇ ਬੂਟਾ ਸਿੰਘ ਨੇ ਦੋ ਕੁ ਯਾਦ ਬੰਦ ਸੁਣਾਉਣ ਲਈ ਹਾਮੀ ਭਰ ਦਿੱਤੀ ਅਤੇ ਅੱਖਾਂ ਬੰਦ ਕਰ ਇੱਕ ਸੁਰ ਹੁੰਦਿਆਂ ਲੰਮੀ ਹੇਕ ਲਾ ਗੀਤ ਛੋਹ ਲਿਆ।

'ਪੰਜਾਬ ਕਰਾਂ ਕੀ ਸਿਫ਼ਤ ਤੇਰੀ,
ਸ਼ਾਨਾਂ ਦੇ ਸਭ ਸਮਾਨ ਤੇਰੇ
ਜਲ ਪੌਣ ਤੇਰਾ ਹਰਿਔਲ ਤੇਰੀ,
ਦਰਯਾ ਮੈਦਾਨ ਤੇਰੇ।
ਤੇਰੀ ਮਾਖਿਓਂ ਮਿੱਠੀ ਬੋਲੀ ਦੀ ਜੀ
ਕਰਦਿਆਂ ਸਿਫ਼ਤ ਨਾ ਰਜਦਾ ਏ,
ਉਰਦੂ ਹਿੰਦੀ ਦਿਆਂ ਸਾਜ਼ਾਂ ਵਿੱਚ
ਸੁਰਤਾਲ ਤੇਰਾ ਹੀ ਵਜਦਾ ਏ।
ਪੰਜਾਬ ਕਰਾਂ ਕੀ ਸਿਫ਼ਤ ਤੇਰੀ...ਪੰਜਾਬ ਕਰਾਂ ਕੀ ਸਿਫ਼ਤ ਤੇਰੀ।

ਕਰੇ ਦੀ ਫ਼ਿਜ਼ਾ ਵਿੱਚ ਗੂੰਜਦੇ ਬੋਲਾਂ ਨੂੰ ਸੁ ਦੇ ਵਜਦ ਵਿੱਚ ਆਏ ਸਾਰੇ ਕਿਧਰੇ ਦੂਰ ਪਹੁੰਚ ਗਏ ਲਗਦੇ ਸਨ।

*16 ਨਵੰਬਰ ਨੂੰ ਬਰਸੀ ਮੌਕੇ ਵਿਸ਼ੇਸ਼*

# ਮਹਾਨ ਗ਼ਦਰੀ ਬਾਬਾ ਸੱਜਣ ਸਿੰਘ ਨਾਰੰਗਵਾਲ (ਉਰਫ਼ ਦੂਜਾ ਸਰਾਭਾ)

ਜਸਦੇਵ ਸਿੰਘ ਲਲਤੋਂ
0161-2805677

ਸੱਜਣ ਸਿੰਘ ਦਾ ਜਨਮ 1898 ਚ ਪਿਤਾ ਮੀਹਾਂ ਸਿੰਘ ਦੇ ਘਰੇ ਪਿੰਡ ਨਾਰੰਗਵਾਲ ਜਿਲ੍ਹਾ ਲੁਧਿਆਣਾ ਵਿਖੇ ਹੋਇਆ। ਆਪ ਨੂੰ ਮੁੱਢਲੀ ਵਿਦਿਆ ਲਈ ਪਿੰਡ ਦੇ ਪ੍ਰਾਇਮਰੀ ਸਕੂਲ 'ਚ ਪੜ੍ਹਨ ਲਾਇਆ ਗਿਆ। ਵੱਡੇ ਭਰਾ ਹਰਦਿੱਤ ਸਿੰਘ ਨੇ ਆਪ ਨੂੰ ਬਹੁਤ ਪੜ੍ਹਾਇਆ, ਜੋ ਕਿ ਹਿਸਾਬ ਵਿਸ਼ੇ ਦੇ ਬੜੇ ਮਾਹਰ ਸਨ। ਜਮਾਤ ਚੋਂ ਹੁਸ਼ਿਆਰ ਹੋਣ ਕਰਕੇ ਆਪ ਮਨੀਟਰ ਬਣਦੇ ਰਹੇ। ਪੰਜਵੀਂ ਤੋਂ ਲਗਾਤਾਰ ਵਜੀਫਾ ਮਿਲਣ ਲਗਿਆ ਅਤੇ ਆਪ ਵਰਨੈਕੂਲਰ ਮਿਡਲ ਸਕੂਲ ਗੁੱਜਰਵਾਲ ਵਿਖੇ ਪੜ੍ਹਨ ਲਗੇ। 1912 ਤੋਂ ਆਪ ਲੁਧਿਆਣੇ ਮਾਲਵਾ ਖਾਲਸਾ ਹਾਈ ਸਕੂਲ ਚ ਪੜ੍ਹਨ ਲਗੇ। ਜੂਨੀਅਰ ਸੀਨੀਅਰ ਪਾਸ ਕਰਕੇ 1914 ਚ ਨੌਂਵੀ ਜਮਾਤ ਚ ਦਾਖਲ ਹੋ ਗਏ। ਏਸੇ ਸਮੇਂ ਦੌਰਾਨ ਪਹਿਲੀ ਸਾਮਰਾਜੀ ਸੰਸਾਰ ਜੰਗ ਛਿੜ ਪਈ। ਅਮਰੀਕਾ ਚ ਬਣੀ ਗ਼ਦਰ ਪਾਰਟੀ ਨੇ ਸਮਝ ਬਣਾਈ ਕਿ ਬਰਤਾਨਵੀ ਫੌਜਾਂ ਭਾਰੀ ਗਿਣਤੀ ਚ ਬਾਹਰ ਜੰਗੀ ਮੋਰਚੇ ਤੇ ਗਈਆ ਹੋਣ ਕਰਕੇ ਹਿੰਦ ਚੋਂ ਇਨ੍ਹਾਂ ਦਾ ਜੋਰ ਕਾਫੀ ਘਟ ਜਾਵੇਗਾ। ਸੋ ਫੈਸਲਾ ਕੀਤਾ ਕਿ ਹਿੰਦ ਜਾ ਕੇ ਦੇਸੀ ਫੌਜੀਆਂ ਤੇ ਆਮ ਲੋਕਾਂ ਨੂੰ ਨਾਲ ਜੋੜ ਕੇ ਹਥਿਆਰ ਬੰਦ ਗ਼ਦਰ ਰਾਹੀਂ ਫਰੰਗੀ ਰਾਜ ਦਾ ਤਖਤਾ ਪਲਟ ਜਾਵੇ। ਸਮੁੰਦਰੀ ਜਹਾਜ਼ਾ ਰਾਹੀਂ 8 ਹਜ਼ਾਰ ਦੇ ਕਰੀਬ ਗ਼ਦਰੀ ਜੋਧੇ ਭਾਰਤ ਪੁੱਜੇ। ਸਕੂਲ ਪੜ੍ਹਦੇ ਸੱਜਣ ਸਿੰਘ, ਬਾਹਰੋਂ ਆਏ ਗ਼ਦਰੀਆਂ-ਕਰਤਾਰ ਸਿੰਘ ਸਰਾਭਾ, ਜਗਤ ਸਿੰਘ ਸੁਰਸਿੰਘ, ਹਰਨਾਮ ਸਿੰਘ ਟੁੰਡੀਲਾਟ ਵਰਗਿਆ ਦੇ ਸੰਪਰਕ 'ਚ ਆ ਗਏ। 'ਗ਼ਦਰ' ਅਖਬਾਰ ਦੇ ਲੇਖਾਂ 'ਤੇ 'ਗ਼ਦਰ ਦੀ ਗੂੰਜ' ਦੀਆਂ ਕਵਿਤਾਵਾਂ ਨੇ ਆਪ ਦੇ ਸੁੱਚੇ ਹਿਰਦੇ ਅੰਦਰ ਗੋਰੀ ਹਕੂਮਤ ਵਿਰੁਧ ਨਫਰਤ ਦੇ ਭਾਂਬੜ ਬਾਲ੍ਹ ਦਿੱਤੇ ਤੇ ਦੇਸ਼ ਦੀ ਅਜ਼ਾਦੀ ਦੀ ਲਾਟ ਨੂੰ ਉਚਾ ਕਰ ਦਿੱਤਾ। ਸੋ ਆਪ ਪੜ੍ਹਾਈ ਵਿਚੇ ਛੱਡ ਕੇ ਗ਼ਦਰ ਪਾਰਟੀ ਦੀ ਲਹਿਰ 'ਚ ਦਿਨ ਰਾਤ ਕੁੱਲਵਕਤੀ ਕੰਮ ਕਰਨ ਲੱਗੇ। ਗ਼ਦਰ ਦੀ ਤਾਰੀਖ ਪਹਿਲਾ 21 ਫਰਵਰੀ ਫਿਰ 19 ਫਰਵਰੀ 1914 ਮਿਥੀ ਗਈ। ਆਪ ਦੀ ਡਿਊਟੀ ਗ਼ਦਰ ਦੀ ਤਿਆਰੀ ਲਈ ਮੀਆਂਮੀਰ ਛਾਉਣੀ (ਨੇੜੇ ਲਾਹੌਰ) ਲੱਗੀ। ਗ਼ਦਰ ਦੇ ਵੱਡੇ ਮੁਖਬਰ ਕ੍ਰਿਪਾਲ ਸਿੰਘ ਨੂੰ ਸਭ ਤੋਂ ਪਹਿਲਾਂ ਸੱਜਣ ਸਿੰਘ ਨੇ ਬੁਝਿਆ ਸੀ ਤੇ ਪਾਰਟੀ ਦੇ ਉਤਲੇ ਆਗੂਆਂ ਨੂੰ ਤੁਰੰਤ ਦੱਸ ਦਿੱਤਾ ਸੀ। ਆਗੂਆਂ ਨੇ ਸੱਜਣ ਸਿੰਘ ਦੀ ਡਿਊਟੀ ਲਗਾਈ ਕਿ ਉਹ ਕ੍ਰਿਪਾਲ ਸਿੰਘ ਨੂੰ ਸੁਰਸਿੰਘ ਪਿੰਡ ਲੈ ਜਾਵੇ, ਉਥੇ ਗ਼ਦਰ ਦੇ ਸਾਥੀਆਂ ਨਾਲ ਮਿਲ ਕੇ ਉਸ ਨੂੰ ਖਤਮ ਕਰ ਦੇਵੇ ਤੇ ਉਥੋਂ ਵੱਧ ਤੋਂ ਵੱਧ ਬੰਦੇ ਲੈ ਕੇ ਮੀਆਂਮੀਰ ਛਾਉਣੀ ਪੁੱਜੇ। ਦੂਜੇ ਪਾਸੇ ਕ੍ਰਿਪਾਲ ਸਿੰਘ ਨੂੰ ਵੀ ਗ਼ਦਰੀ ਵਿਉਂਤ ਦਾ ਸ਼ੰਕਾ ਹੋ ਗਿਆ ਸੀ ਉਸ ਨੇ 7 ਆਗੂ ਪੁਲਿਸ ਨੂੰ ਫੜਾ ਦਿੱਤੇ, ਪਰੰਤੂ ਸੱਜਣ ਸਿੰਘ ਹੁਸ਼ਿਆਰੀ ਨਾਲ ਬਚ ਨਿਕਲਿਆ। 19 ਫਰਵਰੀ ਦੀ ਤਰੀਕ ਦੀ ਸੂਚਨਾ ਵੀ ਦੁਸ਼ਮਣ ਨੂੰ ਮਿਲ ਗਈ ਤੇ ਸਿੱਟੇ ਵਜੋਂ ਗ਼ਦਰ ਵਕਤੀ ਤੌਰ ਤੇ ਅਸਫਲ ਹੋ ਗਿਆ। ਫੜੋ ਫੜੀ ਦੇ ਦੌਰ 'ਚ ਸੈਂਕੜੇ ਗਦਰੀ ਫੜੇ ਗਏ। ਸੱਜਣ ਸਿੰਘ ਸਿਰਮੌਰ ਇਨਕਲਾਬੀ ਆਗੂ ਰਾਸ ਬਿਹਾਰੀ ਬੋਸ ਦਾ ਵਿਸ਼ਵਾਸ਼ ਪਾਤਰ ਸੀ। ਉਸ ਨੇ ਉਨ੍ਹਾਂ ਨੂੰ ਗ੍ਰਿਫਤਾਰੀ ਤੋਂ ਬਚਾਉਣ ਲਈ ਤੇ ਲਾਹੌਰ 'ਚੋਂ ਬਾਹਰ ਨਿਕਲਣ ਲਈ ਬਣਦੀ ਸਹਾਇਤਾ ਕੀਤੀ। ਸੱਜਣ ਸਿੰਘ ਸ਼ਾਹਦਰੇ ਤੋਂ ਗੱਡੀ ਚੜਕੇ ਲਾਇਲਪੁਰ ਵੱਲ ਚਲਾ ਗਿਆ। ਪਹਿਲਾਂ ਸੱਜਣ ਸਿੰਘ ਨੂੰ ਅੰਗਰੇਜ ਭਗਤ 'ਸਰਦਾਰ ਬਹਾਦਰ' (ਗੱਜਣ ਸਿੰਘ ਨਾਰੰਗਵਾਲ) ਨੇ ਲੁਧਿਆਣੇ ਫੜੌਣ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ ਸੀ, ਲੇਕਿਨ ਸਫਲ ਨਾ ਹੋਇਆ। ਬਾਅਦ 'ਚ ਗੱਜਣ ਸਿੰਘ ਦੇ ਭਰਾ ਨੰਬਰਦਾਰ ਕਰਮ ਸਿੰਘ ਨੇ ਬਾਰ ਵਿਚ (ਚੱਕ ਨੰ: 530 ਨਾਰੰਗਵਾਲ ਤਹਿਸੀਲ ਸਮੁੰਦਰੀ ਜਿਲ੍ਹਾ ਲਾਇਲਪੁਰ) ਸੱਜਣ ਸਿੰਘ ਨੂੰ ਫੜੌਣ ਲਈ ਕਈ ਹੱਲੇ ਕੀਤੇ, ਪਰੰਤੂ ਫੇਲ ਰਹੇ। ਅੰਤ 'ਚ ਉਸ ਨੇ ਸੱਜਣ ਸਿੰਘ ਦੇ ਘਰਦਿਆਂ ਨੂੰ ਗੁੰਮਰਾਹ ਕਰਕੇ, 19 ਜੂਨ ਨੂੰ ਲਾਇਲਪੁਰ ਪੁਲਿਸ ਪਾਸ ਪੇਸ਼ ਕਰਵਾ ਦਿੱਤਾ। ਨੰਬਰਦਾਰ ਤੇ ਪੁਲਿਸ ਨੇ ਆਪ ਨੂੰ ਵਾਅਦਾ ਮੁਆਫ ਗਵਾਹ ਬਣਾਉਣ ਲਈ ਪੂਰਾ ਜ਼ੋਰ ਲਾਇਆ ਪਰੰਤੂ ਆਪ ਆਪਣੇ ਇਮਾਨ 'ਤੇ ਡਟੇ ਰਹੇ। ਲਾਹੌਰ ਸਪਲੀਮੈਂਟਰੀ ਸਾਜਿਸ਼ ਕੇਸ (ਦੂਜਾ ਕੇਸ) ਦੇ 100 ਦੇ ਕਰੀਬ ਬੰਦਿਆਂ 'ਚੋਂ ਕੇਵਲ ਸੱਜਣ ਸਿੰਘ ਦੇ ਕੱਲੇ ਦੇ ਬੇੜੀ ਲਗੀ ਹੋਣ ਕਰਕੇ ਵਾਅਦਾ ਮੁਆਫ ਵਸਾਵਾ ਸਿੰਘ ਲਹੁਕੇ ਨੇ ਆਸਾਨੀ ਨਾਲ ਪਛਾਣ ਕਰ ਲਈ। 3 ਜੱਜਾਂ ਨੇ ਕਿਹਾ, "ਇਹ



ਮੁਜਰਿਮ ਬੇਹੱਦ ਖਤਰਨਾਕ, ਪਛਤਾਵਾ ਰਹਿਤ, ਦੂਜਾ ਕਰਤਾਰ ਸਿੰਘ ਸਰਾਭਾ ਹੀ ਹੈ। ਰਾਸ ਬਿਹਾਰੀ ਬੋਸ ਦੇ ਕਰੀਬੀ ਹੋਣਾ ਇਸ ਦੀ ਪੁਸ਼ਟੀ ਹੈ। ਫਾਂਸੀ ਦਾ ਹੱਕਦਾਰ ਹੈ, ਲੇਕਿਨ ਨਾਬਲਿਗ ਹੋਣ ਕਰਕੇ ਉਮਰ ਕੈਦ, ਜਾਇਦਾਦ ਜਬਤੀ ਤੇ ਕਾਲੇ ਪਾਣੀ ਭੇਜਣ ਦੀ ਸਜਾ ਦਫਾ 121/131 ਅਧੀਨ ਕੀਤੀ ਜਾਂਦੀ ਹੈ"। ਪਹਿਲੇ ਲਾਹੌਰ ਸਾਜਿਸ਼ ਕੇਸ ਦੇ ਗ਼ਦਰੀ ਸੂਰਮਿਆਂ ਨੇ ਜਿਵੇਂ ਕਾਲੇ ਪਾਣੀ ਦੇ ਕੁੰਭੀ ਨਰਕ 'ਚ ਜਿੰਨੇ ਅਸਿਹ ਤੇ ਅਕਿਹ ਜ਼ੁਲਮਾ ਦਾ ਜਾਨਾਂ ਵਾਰ ਕੇ ਅਤੇ ਪਿੰਡਿਆਂ 'ਤੇ ਝੱਲ ਕੇ ਜਿਵੇਂ ਮਿਸਾਲੀ ਟਾਕਰਾ ਕੀਤਾ, ਉਸਦੇ ਸਿੱਟੇ ਵਜੋਂ ਕਾਲੇ ਪਾਣੀ ਦੇ ਕਮਿਸ਼ਨਰ ਨੇ ਹੋਰ ਰਾਜਸੀ ਕੈਦੀ ਲੈਣ ਤੋਂ ਹੱਥ ਖੜੇ ਕਰ ਦਿੱਤੇ। ਸੋ ਸੱਜਣ ਸਿੰਘ ਨੂੰ 30-03-1916 ਨੂੰ ਰਾਵਲਪਿੰਡੀ ਜੇਲ੍ਹ 'ਚ ਭੇਜਿਆ ਗਿਆ। ਚੱਕੀ ਪੀਸਣ, ਕਾਗਜ ਘੋਟਣ ਵਰਗੀਆ ਬਾਮੁਸ਼ੱਕਤ ਸਜਾਵਾਂ ਦਿੱਤੀਆਂ ਜਾਂਦੀਆਂ ਤੇ ਫਾਂਸੀ ਕੋਠੀ 'ਚ ਬੰਦ ਰਖਿਆ ਜਾਂਦਾ ਰਿਹਾ। ਕਰੀਬ 16 ਮਹੀਨੇ ਦੇ ਪਿਛੋਂ ਅਗਸਤ 1917 ਨੂੰ ਹਜ਼ਾਰੀ ਬਾਗ ਜੇਲ੍ਹ 'ਚ ਭੇਜਿਆ ਗਿਆ। ਭਾਈ ਰਣਧੀਰ ਸਿੰਘ ਦੀ ਸੰਗਤ ਹੋਣ ਕਰਕੇ, ਸੱਜਣ ਸਿੰਘ ਸਮੇਤ ਬਹੁਤੇ ਰਾਜਸੀ ਕੈਦੀ ਜਿਆਦਾ ਸਮਾਂ ਗੁਰਬਾਣੀ ਪੜ੍ਹਦੇ, ਕੀਰਤਨ ਕਰਦੇ ਤੇ ਧਾਰਮਿਕ ਵਿਚਾਰਾਂ ਕਰਦੇ। ਜੇਲ੍ਹ ਸਖਤੀਆਂ ਵਿਰੁਧ ਕਈ ਵਾਰ ਭੁੱਖ ਹੜਤਾਲਾਂ ਵੀ ਕੀਤੀਆਂ ਗਈਆਂ ਤੇ ਪ੍ਰਾਪਤੀਆਂ ਵੀ ਹੁੰਦੀਆਂ ਰਹੀਆਂ। 8-9 ਮਾਰਚ 1918 ਦੀ ਰਾਤ ਨੂੰ ਉਚੀ ਉਚੀ ਪਾਠ ਕਰਦੇ, ਜੇਲ੍ਹ ਕੰਧਾਂ 'ਚ ਪਾੜ ਲਾਉਣ ਲਈ ਚਲਦੀਆਂ ਸੱਬਲਾਂ ਦਾ ਸ਼ੋਰ ਦੱਬਦੇ ਹੋਏ, ਦੋ ਪਹਿਰੇਦਾਰਾ ਨੂੰ ਕਾਬੂ ਕਰਕੇ, ਚਾਬੀਆਂ ਨਾਲ ਬਾਰਕਾਂ ਖੋਲ੍ਹ ਕੇ ਕੈਦੀ ਬਾਹਰ ਕੱਢਦੇ ਹੋਏ, ਅੰਦਰਲੀਆਂ ਗਾਰਦਾਂ ਨੂੰ ਬੰਬ ਸੁੱਟ ਕੇ ਉਡਾਉਣ ਦੀਆਂ ਧਮਕੀਆਂ ਦੇ ਕੇ, ਜੇਲ੍ਹ ਅਲਾਰਮ ਵੱਜਣ ਦੇ ਬਾਵਜੂਦ 18-18 ਫੁੱਟ ਉਚੀਆਂ ਕੰਧਾਂ ਟੱਪ ਕੇ, ਬਾਹਰਲੀਆਂ ਗਾਰਦਾ ਦਾ ਡਾਂਗਾਂ ਖੋਹ ਕੇ ਮੁਕਾਬਲਾ ਕਰਦੇ ਹੋਏ, 18 ਸੂਰਮੇ ਜੇਲ੍ਹ 'ਚੋਂ ਫਰਾਰ ਹੋ ਗਏ। 7 ਜਣੇ ਜਿਆਦਾ ਜ਼ਖਮੀ ਹੋਣ ਕਰਕੇ ਰਾਹ 'ਚ ਛੱਡਣੇ ਪਏ, ਪਰੰਤੂ ਸੱਜਣ ਸਿੰਘ ਸਮੇਤ 11 ਗ਼ਦਰੀ ਕਈ ਦਿਨ ਜੰਗਲਾਂ 'ਚ ਭਾਰੀ ਮੁਸਬੀਤਾਂ ਕੱਟਦੇ ਹੋਏ, ਭੁੱਖ ਪਿਆਸ ਨੂੰ ਝਲਦੇ ਹੋਏ, ਸੱਪਾਂ ਸ਼ੇਰਾਂ ਤੋਂ ਬਚਦੇ ਹੋਏ, ਸੋਨ ਦਰਿਆ ਨੂੰ ਪਾਰ ਕਰਦੇ ਹੋਏ, ਬਾਹਰਲੇ ਗਲਤ ਬੰਦੇ ਸਮਝ ਕੇ ਸਥਾਨਕ ਲੋਕਾ ਦੀ ਵੱਡੀ ਵਾਹਰ ਦੇ ਹਮਲੇ 'ਚ ਬੁਰੀ ਤਰ੍ਹਾਂ ਜਖਮੀ ਹੋ ਕੇ ਸਾਸਾਰਾਮ ਹਸਪਤਾਲ ਪਹੁੰਚੇ। 4 ਅਪ੍ਰੈਲ 1918 ਨੂੰ ਗ੍ਰਿਫਤਾਰੀ ਪਾ ਕੇ ਮੁੜ ਹਜ਼ਾਰੀ ਬਾਗ 'ਚ ਡੱਕਿਆ ਗਿਆ ਤੇ ਕੋਠੀ ਬੰਦ ਕੀਤਾ ਗਿਆ। ਜੇਲ੍ਹ ਤੋੜਨ ਦਾ ਨਵਾਂ ਮੁਕਦਮਾ ਚਲਿਆ ਤੇ ਦੋ ਸਾਲ ਦੀ ਹੋਰ ਸਜਾ ਸੁਣਾਈ ਗਈ ਤੇ ਪੈਰੀਂ ਬੇੜੀ ਲਗਾਈ ਗਈ। ਏਥੇ ਸੱਜਣ ਸਿੰਘ ਦੀ ਉਂਗਲੀ ਕੱਟੇ ਜਾਣ ਕਰਕੇ, ਪਲਮ ਦੌੜ ਜਾਣ ਕਰਕੇ, ਪੂਰੀ ਬਾਂਹ ਕੱਟਣ ਲਈ ਡਾਕਟਰੀ ਟੀਮ ਪੁੱਜ ਚੁੱਕੀ ਸੀ। ਆਪ ਨੇ ਡਾਕਟਰਾਂ ਨੂੰ ਕਿਹਾ "ਕਲੋਰੋਫਾਰਮ ਸੁੰਘਾਉਣ ਦੀ ਕੋਈ ਲੋੜ ਨਹੀਂ। ਬਾਂਹ ਚੀਰ ਦਿਉ, ਜੇ ਭੋਰਾਭਰ ਵੀ ਜ਼ਿਮਕਿਆ ਤਾਂ ਦੱਸਣਾ"। ਇਹ ਉਨ੍ਹਾਂ ਦੇ ਸਿਦਕ ਦਾ ਸਿਖਰ ਸੀ। ਲੇਕਿਨ ਡਾਕਟਰਾਂ ਨੇ ਨਵਾਂ ਤਜਰਬਾ ਕਰਦਿਆਂ ਨਸ਼ਤਰ ਮਾਰ ਕੇ ਗੰਦੇ ਖ਼ੂਨ ਦਾ ਪਰਨਾਲਾ ਚਲਾ ਦਿੱਤਾ। ਜੋ ਸਫਲ ਹੋ ਨਿਬੜਿਆ ਤੇ ਬਾਂਹ ਹੌਲੀ ਹੌਲੀ ਠੀਕ ਹੋ ਗਈ।

ਕੁੱਝ ਦੇਰ ਬਾਅਦ ਆਪ ਨੂੰ ਏਥੋਂ ਤਰਚੀ (ਤਰਿਚਨਾਪਲੀ) ਜੇਲ੍ਹ ਮਦਰਾਸ ਵਿਖੇ ਭੇਜਿਆ ਗਿਆ। ਇਥੇ ਇੱਕ ਸਾਲ ਦੌਰਾਨ ਵੀ ਆਪ ਜੀ ਨੇ ਗੁਰਬਾਣੀ ਦੇ ਪਾਠ ਅਤੇ ਜੇਲ੍ਹੀ ਹਾਲਾਤ ਨੂੰ ਬਦਲਣ ਲਈ ਭੁੱਖ ਹੜਤਾਲੀ ਘੋਲ ਵੀ ਜਾਰੀ ਰਖੇ। ਇਸਤੋਂ ਪਿਛੋਂ ਆਪ ਦੀ ਬਦਲੀ ਅਕੋਲਾ (ਮੱਧਪ੍ਰਦੇਸ਼) ਜੇਲ੍ਹ ਦੀ ਕੀਤੀ ਗਈ। ਜਦੋਂ ਰੇਲ ਗੱਡੀ ਮਨਮਾਡ ਤੋਂ ਚਾਲੀਸ ਗਾਉਂ ਹੁੰਦੀ ਅਕੋਲਾ ਜਾ ਰਹੀ ਸੀ ਤਾਂ ਨਾਲ ਦੇ ਸਾਥੀ ਭਾਈ ਗੁਰਮੁੱਖ ਸਿੰਘ ਲਲਤੋਂ ਨੇ ਚਲਦੀ ਗੱਡੀ 'ਚੋਂ ਛਾਲਾ ਮਾਰ ਦਿੱਤੀਆਂ। ਭਾਈ ਸੱਜਣ ਸਿੰਘ ਅਕੋਲਾ ਪੁੱਜ ਗਏ, ਜਿਥੇ ਥੋੜੀ ਦੇਰ ਪਿਛੋਂ ਪਾਲਾ ਸਿੰਘ ਢੁਡੀਕੇ ਆਣ ਪਹੁੰਚੇ। ਜੂਨ 1923 'ਚ ਰਿਹਾਈ ਉਪਰੰਤ ਆਪ ਨਾਰੰਗਵਾਲ ਚਲੇ ਗਏ। ਆਪ ਦੇ ਮਾਤਾ ਪਿਤਾ ਪਿਛੋਂ ਵਿਛੋੜਾ ਦੇ ਚੁੱਕੇ ਸਨ। ਵਰਨਣਯੋਗ ਹੈ ਕਿ ਗੋਰੀ ਹਕੂਮਤ ਨੇ ਗ਼ਦਰ ਮੌਕੇ ਵੱਡੀ ਗ਼ਦਾਰੀ ਕਰਨ ਵਾਲੇ ਮੁਖਬਰ ਕ੍ਰਿਪਾਲ ਨੂੰ ਪੁਲਿਸ ਇੰਸਪੈਕਟਰ ਬਣਾ ਕੇ ਮੁਰੱਬਾ ਅਲਾਟ ਕਰ ਦਿੱਤਾ ਸੀ। ਦੂਜੇ ਪਾਸੇ ਸੱਜਣ ਸਿੰਘ ਦੀ ਰਿਹਾਈ ਉਪਰੰਤ, ਇੱਕ ਦਿਨ ਗ਼ਦਰ ਪਾਰਟੀ ਦੇ ਸੂਰਮਿਆਂ ਨੇ ਗ਼ਦਾਰ ਕ੍ਰਿਪਾਲੇ ਨੂੰ ਸਦਾ ਲਈ ਗੱਡੀ ਚਾੜ੍ਹ ਕੇ ਸਾਬਤ ਕਰ ਦਿੱਤਾ ਕਿ ਕਰਾਂਤੀਕਾਰੀ ਲੋਕ ਲਹਿਰਾ ਦੇ ਹੱਥ ਬੇਅੰਤ ਲੰਮੇ ਹੁੰਦੇ ਹਨ ਤੇ ਦੇਸ਼ ਦੇ ਗ਼ਦਾਰਾਂ ਨੂੰ ਆਖਰ ਕੀਤੀ ਦਾ ਫਲ ਲਾਜ਼ਮੀ ਭੁਗਤਣਾ ਪੈਂਦਾ ਹੈ। ਭਾਈ ਸੱਜਣ ਸਿੰਘ ਨੂੰ ਜਨਵਰੀ 1929 ਤੱਕ ਅੰਗਰੇਜ ਹਕੂਮਤ ਨੇ ਪਿੰਡ 'ਚ ਨਜ਼ਰਬੰਦ ਰੱਖਿਆ। 1934 ਦੀ ਆਈ.ਬੀ ਦੀ ਰਿਪੋਰਟ 'ਚ ਦਰਜ਼ ਸੀ ਕਿ ਆਪ ਖਤਰਨਾਕ ਵਿਅਕਤੀਆਂ ਨਾਲ ਸਬੰਧਤ ਹਨ। ਸਿੱਟੇ ਵਜੋਂ ਗੋਰੀ ਸਰਕਾਰ ਆਪ 'ਤੇ ਗੁਪਤ ਨਜ਼ਰਸਾਨੀ ਰੱਖਦੀ ਰਹੀ। 1942 ਤੱਕ ਆਪ ਨੇ ਮੈਟ੍ਰਿਕ, ਗਿਆਨੀ ਤੇ ਟੀਚਰ ਟਰੇਨਿੰਗ ਦੀ ਪੜ੍ਹਾਈ ਪੂਰੀ ਕੀਤੀ।

ਮਹਾਨ ਗ਼ਦਰੀ ਯੋਧੇ ਬਾਬਾ ਸੱਜਣ ਸਿੰਘ ਧਾਰਮਿਕ ਲੀਹ ਵਾਲਾ, ਚੜ੍ਹਦੀ ਕਲਾ ਵਾਲਾ, ਲੋਕ ਪੱਖੀ ਤੇ ਦੇਸ਼ ਭਗਤ ਜੀਵਨ ਜਿਉਂਦੇ ਹੋਏ, 16-11-1981 ਨੂੰ ਦੇਸ਼ ਵਾਸੀਆਂ ਨੂੰ ਸਦੀਵੀ ਵਿਛੋੜਾ ਦੇ ਗਏ। ਆਪ ਜੀ ਵਲੋਂ ਦੇਸ਼ ਦੀ ਕੀਤੇ ਭਾਰੀ ਤਿਆਗ, ਲਾਮਿਸਾਲ ਕੁਰਬਾਨੀਆਂ, ਗ਼ਦਰ ਪਾਰਟੀ ਦੇ ਅਧੂਰੇ ਮਿਸ਼ਨ ਨੂੰ ਪੂਰਾ ਕਰਨ ਵਾਸਤੇ, ਉਨ੍ਹਾਂ ਦੇ ਅਸਲੀ ਵਾਰਸਾਂ ਲਈ, ਵੱਡੇ ਉਤਸ਼ਾਹ, ਜੋਸ਼, ਪ੍ਰੇਰਨਾ ਤੇ ਸਿੱਖਿਆ ਦਾ ਸਰੋਤ ਬਣੀਆਂ ਰਹਿਣਗੀਆਂ।

ਨੋਟ:- ਪ੍ਰੋ: ਮਲਵਿੰਦਰਜੀਤ ਸਿੰਘ ਵੜੈਚ ਵਲੋਂ ਸੰਪਾਦਿਤ ਪੁਸਤਕ-ਬਾਬਾ ਜੀ ਦੀ ਸਵੈ ਜੀਵਨੀ 'ਤੇ ਆਧਾਰਿਤ, ਧੰਨਵਾਦ ਸਹਿਤ।

# ਭਾਰਤ ਦੇਸ਼ ਦੀ ਦਸ਼ਾ ਅਤੇ ਭਾਰਤੀ ਹਕੂਮਤ ਦੀ ਦਿਸ਼ਾ ਕਿਧਰ ਨੂੰ ?

ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070



ਅਡਾਨੀਆਂ, ਅੰਬਾਨੀਆਂ ਦੀ ਸਰਪ੍ਰਸਤੀ ਨਾਲ ਚਲ ਰਹੀ ਮੌਜੂਦਾ ਹਕੂਮਤ ਵੇਲੇ ਭਾਰਤ ਦੇਸ਼ ਦੀ ਦਸ਼ਾ ਲਗਾਤਾਰ ਵਿਗੜ ਰਹੀ ਹੈ। ਇਹ ਵਿਗਾੜ ਆਰਥਿਕ ਵੀ ਹੈ ਅਤੇ ਆਰਥਿਕ ਪਾੜੇ ਦਾ ਵੀ ਹੈ। ਇਹ ਵਿਗਾੜ ਸਮਾਜਿਕ ਵੀ ਹੈ ਅਤੇ ਸਮਾਜਿਕ ਪਾੜੇ ਦਾ ਵੀ ਹੈ। ਇਹ ਵਿਗਾੜ ਸਿਆਸੀ ਵੀ ਹੈ ਅਤੇ ਸਿਆਸੀ ਸੰਕਟ ਦਾ ਵੀ ਹੈ। ਉਪਰੋਂ-ਉਪਰੋਂ ਤਾਂ ਦੇਸ਼ ਦੀ ਦਸ਼ਾ, ਸੁਖੀਂ-ਸਾਂਦੀ, ਸੁਖਾਵੀਂ ਚਮਕਦਾਰ ਜਾਪਦੀ ਹੈ ਪਰ ਆਰਥਿਕ, ਸਮਾਜਿਕ ਅਤੇ ਸਿਆਸੀ ਤੌਰ 'ਤੇ ਖੋਖਲੀ ਹੋਈ ਪਈ ਹੈ।

ਪਹਿਲਾਂ ਗੱਲ ਅੰਕੜਿਆਂ ਨਾਲ ਕਰ ਲੈਂਦੇ ਹਾਂ। ਲੱਖ ਅਸੀਂ ਕਹਿੰਦੇ ਫਿਰੀਏ ਕਿ ਭਾਰਤ ਦੇਸ਼ ਦੇ ਜਾਨ-ਮਾਲ ਨੂੰ ਕੋਵਿਡ-19 ਨੇ ਓਨਾ ਨੁਕਸਾਨ ਨਹੀਂ ਪਹੁੰਚਾਇਆ, ਜਿੰਨਾ ਅਮਰੀਕਾ ਵਰਗੇ ਦੇਸ਼ ਦੇ ਜਾਨ-ਮਾਲ ਨੂੰ ਕੋਵਿਡ-19 ਨੇ ਪਹੁੰਚਾਇਆ ਹੈ, ਪਰ ਅਸਲ ਸੱਚਾਈ ਇਹ ਹੈ ਕਿ ਕੋਵਿਡ-19 ਕਾਰਨ ਸਿੱਧੇ ਤੌਰ 'ਤੇ ਭਾਵੇਂ ਭਾਰਤੀ ਘੱਟ ਮਰੇ ਹੋਣ ਪਰ ਕੋਵਿਡ-19 ਨੇ ਭਾਰਤ 'ਚ ਹੋਰ ਬਿਮਾਰੀਆਂ ਨਾਲ ਬੀਮਾਰ ਭਾਰਤੀਆਂ ਨੂੰ ਸਿਹਤ ਸਹੂਲਤਾਂ ਦੀ ਕਮੀ ਅਤੇ ਸਿਰਫ਼ ਤੇ ਸਿਰਫ਼ ਕੋਵਿਡ 'ਚ ਰੁਝੇ ਹੋਣ ਕਾਰਨ ਜ਼ਿਆਦਾ ਮਾਰਿਆ ਹੈ। ਇਸ ਸਬੰਧੀ ਅੰਕੜੇ ਮੂੰਹੋਂ ਬੋਲਦੇ ਹਨ।

ਦੇਸ਼ ਵਿਚ ਕੋਵਿਡ ਕਾਰਨ ਮਰਨ ਵਾਲਿਆਂ ਦੀ ਗਿਣਤੀ 30 ਜਨਵਰੀ 2020 ਤੋਂ ਹੁਣ ਤੱਕ 1,33,227 ਹੈ। ਜਦ ਕਿ ਸੜਕੀ ਦੁਰਘਟਨਾਵਾਂ ਕਾਰਨ ਹਰ ਰੋਜ਼ 500 ਵਿਅਕਤੀ ਮਰਦੇ ਹਨ, 12000 ਵਿਅਕਤੀ ਹਰ ਦਿਨ ਟੀ.ਬੀ. (ਤਪਦਿਕ) ਨਾਲ ਅਤੇ 2000 ਵਿਅਕਤੀ ਹਰ ਰੋਜ਼ ਦਿਲ ਦੇ ਦੌਰਿਆਂ ਅਤੇ ਸਾਹ ਦੇ ਰੋਗਾਂ ਨਾਲ ਮਰਦੇ ਹਨ, ਡਬਲਯੂ.ਐਚ.ਓ. ਦੀ ਰਿਪੋਰਟ ਕਹਿੰਦੀ ਹੈ ਕਿ ਹਰ ਸਾਲ 15.4 ਲੱਖ ਦਿਲ ਦੇ ਦੌਰਿਆਂ, 7.8 ਲੱਖ ਕੈਂਸਰ ਕਾਰਨ, 7.2 ਲੱਖ ਹੈਜਾ (ਟੱਟੀਆਂ-ਉਲਟੀਆਂ), 5.1 ਲੱਖ ਸਾਹ ਦੇ ਰੋਗਾਂ ਅਤੇ 4.5 ਲੱਖ ਟੀ.ਬੀ. ਨਾਲ ਭਾਰਤੀ ਨਾਗਰਿਕ ਮਰ ਜਾਂਦੇ ਹਨ। ਬਿਲਕੁਲ ਉਸੇ ਤਰ੍ਹਾਂ ਕਿ ਕੋਵਿਡ-19 ਕਾਰਨ ਸਿੱਧੇ ਤੌਰ 'ਤੇ ਦੇਸ਼ ਦੀ ਆਰਥਿਕਤਾ ਨੂੰ ਘੱਟ ਖੋਰਾ ਲੱਗਿਆ ਹੋਵੇ, ਪਰ ਉਸਦੇ ਛੱਡੇ ਅਸਰ ਕਾਰਨ 40 ਕਰੋੜ (400 ਮਿਲੀਅਨ) ਭਾਰਤ ਲੋਕ ਪਹਿਲਾਂ ਨਾਲੋਂ ਵੱਧ ਗਰੀਬ ਹੋਏ ਹਨ ਅਤੇ ਕਰੋੜਾਂ ਲੋਕ ਭੁੱਖਮਰੀ ਦਾ ਸ਼ਿਕਾਰ ਹੋਏ ਹਨ। ਭਾਵੇਂ ਕਿ ਭਾਰਤ ਸਰਕਾਰ ਇਸ ਕਿਸਮ ਦੇ ਅੰਕੜੇ ਲੋਕ ਸਭਾ ਵਿਚ ਪੇਸ਼ ਕਰਨ ਤੋਂ ਕੰਨੀਂ ਕਤਰਾਉਂਦੀ ਹੈ ਅਤੇ ਦੇਸ਼ 'ਚ ਭੁੱਖ-ਮਰਨ ਵਾਲਿਆਂ ਅਤੇ ਬੇਰੁਜ਼ਗਾਰਾਂ ਦੀ ਗਿਣਤੀ ਪੇਸ਼ ਕਰਨ ਤੋਂ ਪੱਲਾ ਝਾੜ ਲੈਂਦੀ ਹੈ। ਪਰ ਸਰਕਾਰ ਕੀ ਉਹਨਾਂ ਅੰਕੜਿਆਂ ਜਾਂ ਰਿਪੋਰਟਾਂ ਨੂੰ ਝੁਠਲਾ ਸਕਦੀ ਹੈ ਜੋ ਇਹ ਕਹਿੰਦੇ ਹਨ ਕਿ ਗਲੋਬਲ ਹੰਗਰ ਇਡੈਕਸ 2020 ਅਨੁਸਾਰ ਦੁਨੀਆਂ ਦੇ 107 ਗਰੀਬੀ ਦਾ ਟਾਕਰਾ ਕਰ ਰਹੇ ਦੇਸ਼ਾਂ ਵਿਚ ਭਾਰਤ ਥੱਲਿਉਂ 94 ਨੰਬਰ ਉੱਤੇ ਹੈ। ਗਰੀਬਾਂ ਦੇ ਮਾਮਲੇ 'ਚ ਸਾਡਾ ਦੇਸ਼ ਨੇਪਾਲ ਜਿਸਦਾ ਦਰਜਾ 73, ਪਾਕਿਸਤਾਨ ਜਿਸਦਾ ਦਰਜਾ 88, ਬੰਗਲਾ ਦੇਸ਼ ਜਿਸਦਾ ਦਰਜਾ 75, ਇੰਡੋਨੇਸ਼ੀਆ ਜਿਸਦਾ ਦਰਜਾ 70 ਹੈ ਨੂੰ ਵੀ ਪਿੱਛੇ ਛੱਡ ਗਿਆ ਹੈ ਅਤੇ ਉਹਨਾਂ ਦੇਸ਼ਾਂ, ਨਾਈਜੀਰੀਆ, ਰਿਵਾਡਾ, ਅਫਗਾਨਿਸਤਾਨ, ਲਾਇਬੀਰੀਆ, ਮੋਜ਼ਮਬੀਕ ਵਰਗੇ ਅਤਿ ਦੀ ਗਰੀਬੀ ਹੰਡਾ ਰਹੇ ਦੇਸ਼ਾਂ 'ਚ ਸ਼ਾਮਲ ਹੋ ਗਿਆ ਹੈ। ਇਸ ਤੋਂ ਵੀ ਵੱਡੀ ਨਿਰਾਸ਼ਤਾ ਵਾਲੀ ਗੱਲ ਇਹ ਹੈ ਕਿ ਦੇਸ਼ ਦੀ ਕੁੱਲ ਆਬਾਦੀ ਦਾ 14ਫੀਸਦੀ ਨੂੰ ਚੰਗੇਰੀ ਖ਼ੁਰਾਕ ਦੀ ਘਾਟ ਹੈ ਅਤੇ 37.4 ਫੀਸਦੀ ਬੱਚੇ ਖ਼ੁਰਾਕੀ ਤੱਤਾਂ ਦੀ ਘਾਟ ਕਾਰਨ ਘੱਟ ਭਾਰ, ਘੱਟ ਉਚਾਈ ਵਾਲੇ ਦੇਸ਼ 'ਚ ਪੈਦਾ ਹੋ ਰਹੇ ਹਨ।

ਦੇਸ਼ ਦੀ ਆਰਥਿਕ ਸਥਿਤੀ 'ਚ ਨਿਘਾਰ ਆ ਰਿਹਾ ਹੈ। ਗਰੀਬ ਹੋਰ ਗਰੀਬ ਹੋ ਰਿਹਾ ਹੈ ਅਤੇ ਅਮੀਰ ਹੋਰ ਅਮੀਰ ਹੋ ਰਿਹਾ ਹੈ। ਦੇਸ਼ ਸਿਰ ਦਿਨ ਪ੍ਰਤੀ ਕਰਜ਼ੇ ਦੀ ਪੰਡ ਭਾਰੀ ਹੋ ਰਹੀ ਹੈ। ਦੇਸ਼ ਦੇ ਸਿਰ ਕੁਲ ਮਿਲਾ ਕੇ 101.3 ਲੱਖ ਕਰੋੜ ਕਰਜ਼ਾ ਹੈ ਅਤੇ ਹਰ ਨਵਾਂ ਜਨਮ ਲੈਂਦਾ ਭਾਰਤੀ ਬੱਚਾ ਔਸਤਨ 82000 ਰੁਪਏ ਦਾ ਕਰਜ਼ਾ ਆਪਣੇ ਸਿਰ ਲੈ ਕੇ ਜੰਮਦਾ ਹੈ। ਦੂਜੇ ਪਾਸੇ ਦੇਸ਼ ਦੇ ਅਮੀਰਾਂ ਦੀ ਦੌਲਤ 'ਚ ਇੰਤਹਾਂ ਵਾਧਾ ਹੋ ਰਿਹਾ ਹੈ। ਪ੍ਰਧਾਨ ਮੰਤਰੀ ਦੇ ਸੂਬੇ ਗੁਜਰਾਤ ਦੇ ਕਾਰੋਬਾਰੀ ਅਰਬਪਤੀ ਗੌਤਮ ਅਡਾਨੀ ਦੀ ਇਸ ਵਰ੍ਹੇ ਕੁਲ ਆਮਦਨ ਵਿਚ 1.41 ਕਰੋੜ ਰੁਪਏ ਦਾ ਵਾਧਾ ਹੋਇਆ ਹੈ ਜਦਕਿ ਰਿਲਾਇੰਸ ਇੰਡਸਟਰੀਜ਼ ਦੇ ਚੇਅਰਮੈਨ ਮੁਕੇਸ਼ ਅੰਬਾਨੀ ਦੇ ਧੰਨ ਦੇ ਅੰਬਾਰਾਂ ਵਿਚ 1.21 ਲੱਖ ਕਰੋੜ ਦਾ ਇਸ ਸਾਲ ਵਾਧਾ ਹੋਇਆ। ਅਡਾਨੀ ਦੀ ਕੁਲ ਜਾਇਦਾਦ ਇਸ ਵੇਲੇ 2.25 ਲੱਖ ਕਰੋੜ ਹੈ ਅਤੇ ਮੁਕੇਸ਼ ਅੰਬਾਨੀ ਦੀ ਜਾਇਦਾਦ ਇਸ ਵੇਲੇ 5.55 ਲੱਖ ਕਰੋੜ ਹੈ। ਦੇਸ ਦੇ ਹਾਲਾਤ ਇਹ ਹਨ ਕਿ ਬੇਰੁਜ਼ਗਾਰੀ 'ਚ ਵਾਧੇ, ਨੌਕਰੀਆਂ ਛੁੱਟ ਜਾਣ ਕਾਰਨ ਲੋਕਾਂ ਦੇ ਪਹਿਲਾਂ ਹੀ ਛੋਟੇ ਪੇਟ ਹੋਰ ਛੋਟੇ ਹੋ ਗਏ ਹਨ ਅਤੇ ਉਹਨਾਂ ਨੂੰ ਦੋ ਡੰਗ ਦੀ ਰੋਟੀ ਦੇ ਜੁਗਾੜ ਲਈ ਦਰ ਦਰ ਧੱਕੇ ਖਾਣ 'ਤੇ ਮਜ਼ਬੂਰ ਹੋਣਾ ਪੈ ਰਿਹਾ ਹੈ ਜਦਕਿ ਸਰਕਾਰੀ ਨੀਤੀਆਂ ਨੇ ਵੱਡਿਆਂ ਦੇ ਘਰ 'ਸੋਨੇ' ਦੇ ਬਣਾ ਦਿੱਤੇ ਹਨ।

ਭਾਰਤ ਦੇਸ਼ ਦੇ ਸੰਘੀ ਢਾਂਚੇ ਦੀ ਸੰਘੀ ਘੁੱਟਣ ਵਾਲੀ ਸਰਕਾਰ ਨੇ ਸਿਰਫ਼ ਦੇਸ਼ ਦੀ ਆਰਥਿਕਤਾ ਨੂੰ ਹੀ ਕੰਗਾਲ ਨਹੀਂ ਕੀਤਾ, ਇਸ ਦੇ ਲੋਕਤੰਤਰੀ ਢਾਂਚੇ ਨੂੰ ਤਹਿਸ਼ ਨਹਿਸ਼ ਕਰਨ, ਸੂਬਿਆਂ ਦੇ ਸਾਰੇ ਅਧਿਕਾਰ ਆਪਣੇ ਹੱਥ ਕਰਕੇ ਉਹਨਾਂ ਨੂੰ ਸਿਰਫ਼ ਮਿਊਂਸਪਲ ਕਾਰਪੋਰੇਸ਼ਨਾਂ ਬਣਾ ਦਿੱਤਾ ਹੈ ਅਤੇ ਦੇਸ਼ 'ਚ ਇਕ ਧਿਰ, ਇਕ ਪੁਰਖੀ ਇੱਕ ਰੰਗੀ ਰਾਜ ਲਿਆਉਣ ਲਈ ਸ਼ਤਰੰਜ ਵਿਛੌਣੇ ਵਾਂਗਰ ਵਿਛਾ ਦਿੱਤੀ ਹੈ। ਇਕ ਬੋਲੀ-ਇਕ ਧਰਮ-ਇਕ ਰਾਸ਼ਟਰ-ਇਕ ਪਾਰਟੀ ਅਜੰਡਾ ਨੂੰ ਲਾਗੂ ਕਰਦਿਆਂ, ਦੇਸ਼ 'ਚ ਨਾਗਰਿਕਤਾ ਬਿੱਲ ਪਾਸ ਕਰਨਾ, ਜੰਮੂ-ਕਸ਼ਮੀਰ ਦਾ ਵੱਢਾਂਗਾ ਕਰਕੇ ਉਥੇ 370 ਧਾਰਾ ਖਤਮ ਕਰਨਾ, ਕਾਰਪੋਰੇਟੀ ਰੰਗੀ ਸਿੱਖਿਆ ਨੀਤੀ ਲਿਆਉਣਾ ਅਤੇ ਫਿਰ ਦੇਸ਼ ਦੇ ਕਿਸਾਨਾਂ ਤੋਂ ਜ਼ਮੀਨ ਹਥਿਆ ਕੇ ਸਭੋ ਕੁਝ ਕਾਰਪੋਰੇਟੀਆਂ ਹੱਥ ਫੜਾਉਣ ਲਈ ਤਿੰਨ ਖੇਤੀ ਕਾਨੂੰਨ ਪਾਸ ਕਰਨੇ ਇਹੋ ਜਿਹੀਆਂ ਕਾਰਵਾਈਆਂ ਹਨ, ਜੋ ਸੂਬਿਆਂ ਦੇ ਅਧਿਕਾਰਾਂ ਉੱਤੇ ਤਾਂ ਸੱਟ ਮਾਰਨ ਵਾਲੀਆਂ ਹੀ ਹਨ, ਪਰ ਨਾਲ-ਨਾਲ ਲੋਕਾਂ ਨੂੰ ਜਾਇਦਾਦ-ਵਿਹੂਣੇ, ਅਸਲੋਂ ਨੌਕਰ ਅਤੇ ਨਿਹੱਥੇ ਬਨਾਉਣ ਵਾਲੀਆਂ ਹਨ। ਦੇਸ਼ ਦੀਆਂ ਰਾਸ਼ਟਰੀ ਬੈਂਕਾਂ ਸਮੇਤ 23 ਸਰਕਾਰੀ ਅਦਾਰਿਆਂ (ਰੇਲਵੇ ਅਤੇ ਏਅਰ ਇੰਡੀਆ) ਦਾ ਨਿੱਜੀਕਰਨ, ਦੇਸ਼ ਦੇ ਲੋਕਾਂ ਨੂੰ ਗੁਲਾਮੀ ਦੇ ਦੌਰ ਵੱਲ ਧੱਕਣ ਦਾ ਸਾਧਨ ਬਨਣ ਵਾਲੇ ਕਾਰਜ ਹਨ, ਜੋ ਅਡਾਨੀਆਂ-ਅੰਬਾਨੀਆਂ ਵੱਲੋਂ ਸਿਰਜੀ ਦੇਸ਼ ਵਿਚਲੀ ਹਾਕਮ ਧਿਰ ਬਿਨਾਂ ਕਿਸੇ ਦੇ ਡਰ ਤੋਂ, ਪੂਰੀ ਹੈਂਕੜਬਾਜੀ ਅਤੇ ਜਿੱਦ ਨਾਲ ਨੇਪਰੇ ਚਾੜ੍ਹ ਰਹੀ ਹੈ। ਰਾਸ਼ਟਰੀ ਬੈਂਕ ਦੀ ਤੋੜ-ਭੰਨ ਤੱਕ ਹੀ ਗੱਲ ਜੇਕਰ ਸੀਮਤ ਰਹਿੰਦੀ ਤਾਂ ਸ਼ਾਇਦ ਸਰਕਾਰ ਦੀ ਨੀਤੀ ਕੁਝ ਲੁਕਵੀਂ ਰਹਿੰਦੀ, ਪਰ ਸਰਕਾਰ ਵੱਲੋਂ ਵੱਡੀਆਂ ਕੰਪਨੀਆਂ ਨੂੰ ਪ੍ਰਾਈਵੇਟ ਬੈਂਕਾਂ ਦੀਆਂ ਪ੍ਰੋਮੋਟਰ ਬਨਾਉਣ ਦੀ ਕਵਾਇਦ ਰਿਜ਼ਰਵ ਬੈਂਕ ਆਫ਼ ਇੰਡੀਆ ਨੇ ਸ਼ੁਰੂ ਕਰ ਦਿੱਤੀ ਹੈ। ਜਿਸ ਤੋਂ ਸਾਫ਼ ਹੈ ਕਿ ਇਹ ਕੰਪਨੀਆਂ ਲਾਇਸੈਂਸ ਪੂੰਜੀ ਦੀ 1000 ਕਰੋੜ ਦੀ ਰਾਸ਼ੀ ਰਿਜ਼ਰਵ ਕਰਕੇ ਆਪਣੀਆਂ ਪ੍ਰਾਈਵੇਟ ਬੈਂਕਾਂ ਖੋਲ ਸਕਣਗੀਆਂ। ਇਹ ਸਭ ਕੁਝ ਦੇਸ਼ ਦੀ ਤਰੱਕੀ ਅਤੇ ਅਰਥਚਾਰੇ ਨੂੰ ਮਜ਼ਬੂਤ ਕਰਨ ਦੇ ਨਾਮ ਉੱਤੇ ਹੋ ਰਿਹਾ ਹੈ। ਅਰਥਚਾਰੇ ਨੂੰ ਵਡੇਰੀ ਸੱਟ ਮਾਰਦਿਆਂ ਸਮਾਜਿਕ ਢਾਂਚੇ ਵਿਚ ਜਿਹੋ ਜਿਹਾ ਵਿਗਾੜ ਅੱਜ ਜਿਸ ਤਰਾਂ ਦੇਸ਼ ਵਿਚ ਦਿੱਖ ਰਿਹਾ ਹੈ, ਇਹ ਆਜ਼ਾਦੀ ਦੇ 70 ਸਾਲਾਂ ਵਿਚ ਕਦੇ ਵੀ ਵੇਖਣ ਲਈ ਨਹੀਂ ਸੀ ਮਿਲਿਆ। ਲਵ ਜਿਹਾਦ ਦੇ ਨਾਮ ਉੱਤੇ ਦੇਸ਼ ਦੇ ਲੋਕਾਂ ਨੂੰ ਵੰਡਣ ਦੀ ਸਾਜ਼ਿਸ਼ ਯੂ.ਪੀ. ਸਰਕਾਰ ਵੱਲੋਂ ਘੜੀ ਜਾ ਰਹੀ ਹੈ। ਇਹ ਜਾਣਦਿਆਂ ਹੋਇਆ ਵੀ ਕਿ ਵਿਆਹ ਨਿੱਜੀ ਮਾਮਲਾ ਹੈ, ਇਸ ਉੱਤੇ ਲਗਾਈ ਕੋਈ ਵੀ ਬੰਦਿਸ਼ ਲਈ ਕਾਨੂੰਨ ਬਨਾਉਣਾ ਅਸੰਵਿਧਾਨਿਕ ਹੈ, ਪਰ ਲਵਜਿਹਾਦ ਧਰਮ ਪਰਿਵਰਤਨ ਕਾਨੂੰਨ ਯੂ.ਪੀ. 'ਚ ਮਿੱਥ ਕੇ ਪਾਸ ਕਰਨ ਦੀ ਤਿਆਰੀ ਹੋ ਰਹੀ ਹੈ।

ਫਿਰਕੂ ਵੰਡ, ਜਾਤ-ਪਾਤ ਦੀ ਵੰਡ ਪਾ ਕੇ ਵੋਟਾਂ ਹਥਿਆਉਣ ਦੀ ਹੋੜ ਅੱਜ ਦੇ ਹਕੂਮਤੀ ਦੌਰ ਤੋਂ ਪਹਿਲਾਂ ਸ਼ਾਇਦ ਕਦੇ ਨਹੀਂ ਵੇਖਿਆ ਹੋਵੇਗਾ। ਵਿਰੋਧੀਆਂ ਦੀਆਂ ਸਰਕਾਰਾਂ ਦੀ ਤੋੜ-ਭੰਨ ਅਤੇ ਸਿਰਜਨਾ, ਸੀ.ਬੀ.ਆਈ., ਈ.ਡੀ., ਚੋਣ ਕਮਿਸ਼ਨ, ਇਥੋਂ ਤੱਕ ਕਿ ਉੱਚ ਅਦਾਲਤਾਂ ਦੇ ਦਬਾਅ ਦੇ ਰੂਪ ਵਿਚ ਵੇਖੀ ਜਾ ਸਕਦੀ ਹੈ। ਹਰ ਹੀਲੇ ਚੋਣ ਜਿੱਤਣ ਲਈ ਹਰ ਹਰਬਾ ਵਰਤਣ ਦੀ ਉਦਾਹਰਨ ਭਲਾ ਬਿਹਾਰ ਤੋਂ ਬਿਨਾਂ ਹੋਰ ਕਿਥੇ ਵੇਖੀ ਜਾ ਸਕੇਗੀ ? ਕਿਸਾਨਾਂ ਦਾ ਹੱਕੀ ਅੰਦੋਲਨ ਫੇਲ੍ਹ ਕਰਨ ਲਈ ਕਿਸੇ ਸੂਬੇ ਦੀ ਨਾਕਾਬੰਦੀ ਕਰਕੇ ਉਸ ਸੂਬੇ ਦੇ ਲੋਕਾਂ ਨੂੰ ਸਬਕ ਸਿਖਾਉਣ ਦੀ ਉਦਾਹਰਨ ਪੰਜਾਬ ਤੋਂ ਬਿਨਾਂ ਕੀ ਹੋਰ ਕਿਧਰੇ ਵੇਖਣ ਨੂੰ ਮਿਲੀ ਹੈ ? ਪਾਰਲੀਮੈਂਟ ਵਿਚ ਬਿਨ੍ਹਾਂ ਬਹਿਸ ਕੀਤਿਆਂ ਪਾਸ ਕੀਤੇ ਨਾਗਰਕਿਤਾ ਕਾਨੂੰਨ ਦੇ ਵਿਰੋਧ ਵਿਚ ਧਰਨਾ ਲਾ ਕੇ ਬੈਠੀਆਂ ਮੁਸਲਿਮ ਬੀਬੀਆਂ ਨੂੰ ਸਿਆਸੀ ਹੱਥ ਕੰਡੇ ਵਰਤ ਕੇ ਉਠਾ ਦਿੱਤਾ ਗਿਆ। 370 ਧਾਰਾ ਦਾ ਵਿਰੋਧ ਕਰਨ ਵਾਲੇ ਨੇਤਾਵਾਂ ਨੂੰ ਨਜ਼ਰਬੰਦ ਕਰਕੇ, ਕਸ਼ਮੀਰੀਆਂ ਨਾਲ ਦੇਸ਼ ਵਿਚ ਵਿਰੋਧ ਕਰਨ ਵਾਲੇ ਬੁਧੀਜੀਵੀਆਂ, ਚਿੰਤਕਾਂ, ਲੇਖਕਾਂ, ਵਿਦਿਆਰਥੀਆਂ ਉਤੇ ਦੇਸ਼ ਧ੍ਰੋਹ ਦੇ ਮੁਕੱਦਮੇ ਦਰਜ ਕਰਕੇ ਉਹਨਾਂ ਨੂੰ ਜੇਲੀਂ ਤੁੰਨ ਦਿੱਤਾ ਗਿਆ। ਉਹਨਾਂ ਨੂੰ ਟੁਕੜੇ-ਟੁਕੜੇ ਗੈਂਗ ਦਾ ਭਾਜਪਾ ਵੱਲੋਂ ਨਾਮ ਦਿੱਤਾ ਗਿਆ। ਅਸਲ ਵਿਚ ਤਾਂ ਭਾਜਪਾ ਆਪਣੇ ਸਾਰੇ ਸਿਆਸੀ ਵਿਰੋਧੀਆਂ ਨੂੰ ਗੈਂਗ ਦਾ ਦਰਜਾ ਦਿੰਦੀ ਹੈ ਭਾਵੇਂ ਉਹ ਸਿਆਸੀ ਵਿਰੋਧੀ ਹੋਣ, ਕੋਈ ਸੰਗਠਨ ਹੋਣ ਜਾਂ ਵਿਦਿਆਰਥੀ।

ਦੇਸ਼ ਦੇ ਸਿਆਸਤਦਾਨਾਂ ਦੀ ਦਸ਼ਾ ਦਾ ਇਕ ਝਲਕਾਰਾ ਬਿਹਾਰ ਚੋਣਾਂ 'ਚ ਵੇਖਣ ਨੂੰ ਮਿਲਿਆ ਹੈ। ਐਸੋਸੀਏਸ਼ਨ ਫਾਰ ਡੈਮੋਕਰੇਟਿਕ ਰਿਫਾਰਮਜ (ਏ.ਡੀ.ਆਰ.) ਦੀ ਇਕ ਰਿਪੋਰਟ ਮੁਤਾਬਿਕ ਬਿਹਾਰ ਵਿਧਾਨ ਸਭਾ ਲਈ ਚੁਣੇ ਗਏ 68 ਫੀਸਦੀ, ਵਿਧਾਨ ਸਭਾ ਮੈਂਬਰਾਂ ਦਾ ਰਿਕਾਰਡ ਮਾੜਾ ਹੈ, ਉਹਨਾਂ ਉੱਤੇ ਅਪਰਧਿਕ ਮਾਮਲਿਆਂ ਦੇ ਕੇਸ ਦਰਜ ਹਨ। ਇਹ ਅੰਕੜੇ 243 ਵਿਧਾਨ ਮੈਂਬਰਾਂ ਵੱਲੋਂ ਚੋਣ ਕਮਿਸ਼ਨ ਨੂੰ ਦਿੱਤੇ ਅਧਿਕਾਰਤ ਐਫੀਡੇਵਿਟਾਂ ਦੇ ਅਧਾਰ ਉੱਤੇ ਇਕੱਠੇ ਕੀਤੇ ਗਏ ਹਨ। ਪਿਛਲੇ ਸਾਲ 2019 'ਚ ਹੋਈਆਂ ਲੋਕ ਸਭਾ ਚੋਣਾਂ ਵਿਚ 43 ਫੀਸਦੀ ਕਾਨੂੰਨ ਘਾੜੇ ਇਹੋ ਜਿਹੇ ਚੁਣੇ ਗਏ ਹਨ, ਜਿਹਨਾਂ ਵਿਰੁੱਧ ਅਪਰਾਧਿਕ ਮਾਮਲੇ ਦਰਜ ਹਨ। ਭਾਜਪਾ ਦੇ ਐਮ.ਪੀਆਂ ਹੱਥ ਝੰਡੀ ਹੈ, ਉਹਨਾਂ ਦੇ 116 ਮੈਂਬਰ ਪਾਰਲੀਮੈਂਟ ਅਪਰਾਧਿਕ ਪਿਛੋਕੜ ਵਾਲੇ ਹਨ। ਇਸ ਸਬੰਧ ਵਿਚ ਸੁਪਰੀਮ ਕੋਰਟ ਦੀ ਬੇਵੱਸੀ ਹੀ ਕਹੀ ਜਾ ਸਕਦੀ ਹੈ ਕਿ ਉਸ ਵੱਲੋਂ ਕਹਿਣ ਦੇ ਬਾਵਜੂਦ ਵੀ ਪਾਰਲੀਮੈਂਟ ਵਿਚ ਕੋਈ ਕਾਨੂੰਨ ਇਸ ਸਬੰਧੀ ਪਾਸ ਨਹੀਂ ਕੀਤਾ ਜਾ ਰਿਹਾ ਜਿਹੜਾ ਅਪਰਾਧਿਕ ਮਾਮਲਿਆਂ ਵਾਲੇ ਲੱਠਮਾਰਾਂ ਨੂੰ ਦੇਸ਼ ਦੀ ਪਾਰਲੀਮੈਂਟ ਵਿਚ ਜਾਣ ਤੋਂ ਰੋਕੇ ਹਾਲਾਂਕਿ ਮੌਜੂਦਾ ਪ੍ਰਧਾਨ ਮੰਤਰੀ ਦੇਸ਼ 'ਚ ਭ੍ਰਿਸ਼ਟਾਚਾਰ ਮੁਕਤ ਸੁਸ਼ਾਸ਼ਨ ਅਤੇ ਹਰ ਇਕ ਨੂੰ ਇਨਸਾਫ਼ ਅਤੇ ਹਰ ਇਕ ਦਾ ਵਿਕਾਸ ਕਰਨ ਦੀ ਹਾਮੀ ਭਰਦੇ ਵੱਡੇ-ਵੱਡੇ ਭਾਸ਼ਨ ਦਿੰਦੇ ਹਨ।

ਨਰਿੰਦਰ ਮੋਦੀ ਸਰਕਾਰ ਦੀ ਗਾਲੜੀ ਕਾਰਗੁਜਾਰੀ ਕਾਰਨ ਅੱਜ ਦੇਸ਼ ਦਾ ਅਰਥਚਾਰਾ ਤਬਾਹ ਹੋ ਚੁੱਕਾ ਹੈ। ਬੇਰੁਜ਼ਗਾਰੀ, ਭੁੱਖਮਰੀ ਨੇ ਪੈਰ ਪਸਾਰ ਲਏ ਹਨ। ਦੇਸ਼ 'ਚ ਨਿਆਤੰਤਰ ਫੇਲ ਹੋ ਚੁੱਕਾ ਹੈ। ਬਾਬੂਸ਼ਾਹੀ, ਅਫ਼ਸਰਸ਼ਾਹੀ ਔਖੇ ਸਾਹ ਲੈ ਰਹੀ ਹੈ। ਪਰ ਇਸ ਸਭ ਕੁਝ ਦੇ ਬਾਵਜੂਦ ਦੇਸ਼ ਦੀਆਂ ਹੋਰ ਸਿਆਸੀ ਧਿਰਾਂ ਸਰਕਾਰ ਦੇ ਝੂਠ ਦਾ ਪਟਾਰਾ ਖੋਲਣ 'ਚ ਅਤੇ ਲੋਕਾਂ ਨੂੰ ਜਾਗਰੂਕ ਕਰਨ ਲਈ ਕਾਮਯਾਬ ਨਹੀਂ ਹੋ ਰਹੀਆਂ। ਸਰਕਾਰ ਝੂਠੇ ਅੰਕੜੇ ਪੇਸ਼ ਕਰਦੀ ਹੈ ਅਤੇ ਆਪ ਖਰੀਦੇ ਚੈਨਲਾਂ ਰਾਹੀਂ ਧੂੰਆਂਧਾਰ ਪ੍ਰਚਾਰ ਕਰਦੀ ਹੈ। ਨਿੱਤ ਦਿਹਾੜੇ ਪੁਰਾਣੀਆਂ ਸਕੀਮਾਂ ਨਵੀਂ ਬੋਤਲ 'ਚ ਪਾ ਕੇ ਸਰਕਾਰ ਵੱਲੋਂ ਇਵੇਂ ਪੇਸ਼ ਕੀਤੀਆਂ ਜਾ ਰਹੀਆਂ ਹਨ, ਜੋ ਦੱਸਦੀਆਂ ਹਨ ਕਿ ਸਿਰਫ਼ ਇਹਨਾਂ ਨਾਲ ਹੀ ਲੋਕਾਂ ਦਾ ਪਾਰ ਉਤਾਰਾ ਹੋ ਸਕਦਾ ਹੈ। ਮੋਦੀ ਸਰਕਾਰ ਨੇ ਦੇਸ਼ ਦੀ ਆਰਥਿਕਤਾ ਨੂੰ ਥਾਂ ਸਿਰ ਕਰਨ ਲਈ ਦੋ ਲੱਖ ਕਰੋੜ ਦਾ ਪੈਕੇਜ ਦੇਸ਼ ਨੂੰ ਦੇਣ ਦੀ ਗੱਲ ਕਹੀ ਪਰ ਇਸ ਵਿਚ ਨਵਾਂ ਸਿਰਫ ਮਾਮੂਲੀ ਧੰਨ ਹੀ ਨਵਾਂ ਸੀ, ਬਾਕੀ ਸਭ ਅੰਕੜਿਆਂ ਦੀ ਖੇਲ ਸੀ। ਮੋਦੀ ਸਰਕਾਰ ਨੇ ਆਪਣੇ ਘਰਾਂ ਨੂੰ ਜਾਣ ਵਾਲੀ ਪ੍ਰਵਾਸੀ ਲੇਬਰ ਨੂੰ ਰੇਲ ਕਿਰਾਇਆ ਮੁਆਫ਼ ਕਰਨ ਦੀ ਗੱਲ ਕੀਤੀ, ਪਰ ਅਸਲ ਵਿਚ ਇਹ ਵੀ ਇਕ ਅਡੰਬਰ ਨਿਕਲਿਆ। (ਪਰ ਕੀ ਅਸਲ ਸੱਚਾਈ ਜਾਨਣ ਲਈ ਅਸੀਂ ਆਰ.ਟੀ.ਆਈ. ਰਾਹੀਂ ਸੂਚਨਾ ਪ੍ਰਾਪਤ ਕਰਕੇ ਸਰਕਾਰ ਦਾ ਭਾਂਡਾ ਨਹੀਂ ਫੋੜ ਸਕਦੇ ?) ਬਿਨਾਂ ਸ਼ੱਕ ਦੇਸ਼ ਦੇ ਹਾਕਮ ਦਾ ਆਈ.ਟੀ.ਸੈਲ ਕਾਮਯਾਬੀ ਨਾਲ ਆਪਣੇ ਅਜੰਡੇ ਨੂੰ ਲਾਗੂ ਕਰਨ ਲਈ ਯਤਨਸ਼ੀਲ ਹੈ, ਪਰ ਕੀ ਲੋਕ ਹਿਤੈਸ਼ੀ ਧਿਰਾਂ ਸੋਸ਼ਲ ਮੀਡੀਆ ਰਾਹੀਂ ਇਸਦਾ ਮੁਕਾਬਲਾ ਨਹੀਂ ਕਰ ਸਕਦੀਆਂ ? ਭਾਵੇਂ ਕਿ ਹਾਕਮ ਧਿਰ ਨੇ ਚੱਲ ਰਹੇ ਈ ਚੈਨਲਾਂ ਅਤੇ ਨਿਊਜ਼ ਈ ਚੈਨਲਾਂ ਉੱਤੇ ਪਾਬੰਦੀਆਂ ਲਗਾਉਂਦਿਆਂ ਇਕ ਆਰਡੀਨੈਂਸ ਰਾਹੀਂ ਇਹਨਾਂ ਨੂੰ ਸੂਚਨਾ ਅਤੇ ਬਰਾਡਕਾਸਟਿੰਗ ਮੰਤਰਾਲੇ ਦੇ ਅਧੀਨ ਲੈ ਆਂਦਾ ਹੈ।

ਦੇਸ਼ ਦੇ ਹਾਲਾਤ ਸਾਜਗਾਰ ਨਹੀਂ ਹਨ। ਦੇਸ਼ ਰਸਾਤਲ ਵੱਲ ਜਾ ਰਿਹਾ ਹੈ। ਦੇਸ਼ ਦਾ ਹਾਕਮ ਆਪਣਾ ਹਿੰਦੂਤਵ ਅਜੰਡਾ ਲਾਗੂ ਕਰਕੇ, ਦੇਸ਼ ਨੂੰ ਕਾਰਪੋਰੇਟਾਂ ਦੀ ਗੁਲਾਮੀ ਵੱਲ ਅੱਗੇ ਵਧਾ ਰਿਹਾ ਹੈ। ਉਹ ਦੇਸ਼ ਜਿਹੜਾ ਆਪਣੇ ਸੱਭਿਆਚਾਰਕ ਵਿਰਸੇ ਦੀ ਚੰਗੇਰੀ ਪਛਾਣ ਕਾਰਨ ਦੁਨੀਆਂ ਭਰ ਵਿਚ ਮਸ਼ਹੂਰ ਸੀ, ਜਿਹੜਾ ਦੁਨੀਆਂ ਦੇ ਸਭ ਤੋਂ ਵੱਡਾ ਲੋਕਤੰਤਰ ਵਜੋਂ ਜਾਣਿਆ ਜਾਂਦਾ ਸੀ, ਅੱਜ ਹਾਕਮ ਸਿਰ ਦੀਆਂ ਸੌੜੀਆਂ ਨੀਤੀਆਂ ਕਾਰਨ ਆਪਣੀ ਪਹਿਚਾਣ ਗੁਆਉਂਦਾ ਜਾ ਰਿਹਾ ਹੈ। ਇਸ ਤੋਂ ਵੱਡੀ ਵਿਡੰਬਨਾ ਹੋਰ ਕੀ ਹੋ ਸਕਦੀ ਹੈ ?

Avon Accounting & Tax Services
ਆਪਣੇ ਕਮਿਊਨਿਟੀ ਦੇ ਜਾਣੇ-ਪਹਿਚਾਣੇ ਅਕਾਊਂਟੈਂਟ ਕੋਲੋਂ ਵਾਜਿਬ ਰੇਟ 'ਤੇ ਆਪਣੇ ਬਿਜਨਿਸ ਜਾਂ ਪਰਸਨਲ ਟੈਕਸ ਸਬੰਧੀ ਕੋਈ ਵੀ ਕੰਮ ਕਰਵਾਉਣ ਲਈ ਮਿਲੋ ਜਾਂ ਫੋਨ ਕਰੋ।
ਸੇਵਾਵਾਂ ਵੀਕ ਐਂਡ 'ਤੇ ਵੀ ਉਪਲਬਧ
Personal Tax Returns (TI)
Self Employed
Taxi Business
Corporate Tax Returns (T2)
GST/Payrolls/ROE
WCB Returns
Tax Planning & Advisory Services
Weekends/Evenings Services also available.
Tel. : 403-479-4220, 403-561-9011
pandher_2004@yahoo.com or singhh73@gmail.com

*28ਵੀਂ ਬਰਸੀ ਮੌਕੇ*

# ਜਮਾਤੀ ਯੁੱਧ ਦੇ ਯੋਧਾ ਸ਼ਹੀਦ ਕਾਮਰੇਡ ਗਿਆਨ ਸਿੰਘ ਸੰਘਾ

ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਾਬਰ ਹਕੂਮਤਾਂ ਦੇ ਜ਼ੁਲਮ ਅੱਗੇ ਬਹਾਦਰ ਹਿੱਕਾਂ ਤਾਣ ਕੇ ਖੜਦੇ ਆਏ ਹਨ। ਉਹਨਾਂ ਨੇ ਹਰ ਹੰਕਾਰੀ ਹਾਕਮ ਦਾ ਬੁਥਾੜ ਭੰਨਿਆ ਹੈ। ਰੰਗ-ਬਰੰਗੇ ਰੂਪ ਧਾਰਕੇ ਆਏ ਹਾਕਮਾਂ ਦੇ ਚਾਟੜਿਆਂ ਨੂੰ ਪਛਾਣ ਕੇ ਉਹਨਾਂ ਦੇ ਅਸਲ ਚਿਹਰੇ ਨੰਗੇ ਕੀਤੇ ਹਨ। ਨਿਧੜਕ ਯੋਧੇ ਮਾਸਟਰ ਗਿਆਨ ਸਿੰਘ ਸੰਘਾ ਇੱਕ ਅਜਿਹੇ ਲੋਕ ਆਗੂ ਸਨ ਜਿਹਨਾਂ ਨੇ ਨਾ ਸਿਰਫ ਹਾਕਮਾਂ ਵਿਰੁੱਧ ਬੇਕਿਰਕ ਲੜਾਈ ਲੜੀ ਸਗੋਂ ਹਾਕਮਾਂ ਦੇ ਹਿੱਤ ਪੂਰਕ ਖਾਲਿਸਤਾਨੀ ਦਹਿਸ਼ਤਗਰਦਾਂ ਦੇ ਲੋਕ ਵਿਰੋਧੀ ਕਾਰਿਆਂ ਵਿਰੁੱਧ ਦਲੇਰਾਨਾ ਆਵਾਜ਼ ਬੁਲੰਦ ਕੀਤੀ। ਉਹਨਾਂ ਨੇ ਜਿੱਥੇ ਸਰਕਾਰੀ ਜਬਰ ਵਿਰੁੱਧ ਲੋਕਾਂ ਨੂੰ ਲਾਮਬੰਦ ਕੀਤਾ ਉਥੇ ਸਿੱਖੀ ਦੇ ਭੇਖ ਵਿੱਚ ਔਰੰਗਜੇਬ ਦੇ ਪਦ ਚਿੰਨ੍ਹਾਂ ਉੱਤੇ ਚੱਲਣ ਵਾਲੇ ਖਾਲਿਸਤਾਨੀ ਦਹਿਸ਼ਤਗਰਦਾਂ ਨੂੰ ਵੀ ਵੰਗਾਰਿਆ। ਖਾਲਿਸਤਾਨੀ ਦਹਿਸ਼ਤਗਰਦਾਂ ਨੇ ਕਾਮਰੇਡ ਸੰਘਾ ਨੂੰ 20 ਨਵੰਬਰ 1992 ਨੂੰ ਗੋਲੀਆਂ ਮਾਰਕੇ ਸ਼ਹੀਦ ਕਰ ਦਿੱਤਾ। ਉਸ ਸਮੇਂ ਵੀ ਉਹ ਪਿੰਡ ਸੋਇਤਾ ਦੇ ਭੱਠਾ ਮਜ਼ਦੂਰਾਂ ਦੀ ਮੀਟਿੰਗ ਕਰਾਉਣ ਲਈ ਘਰੋਂ ਨਿਕਲੇ ਸਨ।

ਸੰਘਰਸ਼ਾਂ ਦੀ ਭੱਠੀ ਵਿੱਚ ਤਪਕੇ ਨਿਕਲੇ ਕਾਮਰੇਡ ਗਿਆਨ ਸਿੰਘ ਸੰਘਾ ਸੀ.ਪੀ.ਆਈ. (ਐਮ-ਐਲ) ਦੀ ਪੰਜਾਬ ਇਕਾਈ ਦੇ ਸੂਬਾਈ ਆਗੂ ਹੋਣ ਦੇ ਨਾਲ ਕਿਸਾਨਾਂ ਦੀ ਹਰਮਨਪਿਆਰੀ ਜੱਥੇਬੰਦੀ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਸਕੱਤਰ ਵੀ ਸਨ। ਉਹਨਾਂ ਦੀ ਅਗਵਾਈ ਵਿੱਚ ਕਿਸਾਨਾਂ ਨੇ ਕਈ ਘੋਲ ਲੜੇ ਅਤੇ ਜਿੱਤੇ। ਉਹ ਅਧਿਆਪਕਾਂ ਦੇ ਸੂਬਾਈ ਆਗੂ ਵੀ ਰਹੇ। ਉਹ 1978 ਵਿੱਚ ਬੇਰੁਜ਼ਗਾਰ ਅਧਿਆਪਕ ਯੂਨੀਅਨ ਦੀ ਅਗਵਾਈ ਕਰਦਿਆਂ ਜੇਲ੍ਹ ਵੀ ਗਏ। ਉਹਨਾਂ ਨੂੰ ਜ਼ਿਲ੍ਹਾ ਸਿੱਖਿਆ ਅਧਿਕਾਰੀ ਦੇ ਭ੍ਰਿਸ਼ਟਾਚਾਰ ਦੇ ਵਿਰੁੱਧ ਘੋਲ ਕਰਦਿਆਂ ਨੌਕਰੀ ਤੋਂ ਬਰਖਾਸਤ ਵੀ ਕਰ ਦਿੱਤਾ ਗਿਆ ਸੀ ਪਰ ਉਹਨਾਂ ਨੇ ਬਹਾਲ ਹੋਣ ਤੋਂ ਬਾਅਦ ਵੀ ਨੌਕਰੀ ਨਹੀਂ ਕੀਤੀ। ਉਹ ਇੱਕ ਤਜਰਬੇਕਾਰ ਆਗੂ ਅਤੇ ਵਧੀਆ ਬੁਲਾਰੇ, ਚੰਗੇ ਜੱਥੇਬੰਦਕਾਰ ਅਤੇ ਸੰਘਰਸ਼ੀ ਯੋਧੇ ਸਨ। ਕਿਸਾਨ ਆਗੂ ਹੁੰਦਿਆਂ ਉਹਨਾਂ ਨੇ ਮਜ਼ਦੂਰਾਂ ਵਿਸ਼ੇਸ਼ਕਰ ਭੱਠਾ ਮਜ਼ਦੂਰਾਂ ਨੂੰ ਵੀ ਜੱਥੇਬੰਦ ਕੀਤਾ। ਉਹਨਾਂ ਨੇ ਸੰਘਰਸ਼ ਕਰਕੇ ਜਲੰਧਰ ਜ਼ਿਲ੍ਹੇ ਦੇ ਭੱਠਾ ਮਜ਼ਦੂਰਾਂ ਨੂੰ ਪੰਜਾਬ ਭਰ 'ਚੋਂ ਸਭ ਤੋਂ ਵੱਧ ਉਜਰਤ ਦੁਆਈ। ਉਹਨਾਂ ਦੀ ਅਗਵਾਈ ਵਿੱਚ ਬਿਜਲੀ ਬਿੱਲ ਬਾਈਕਾਟ ਘੋਲ, ਹੜ੍ਹ ਪੀੜ੍ਹਤਾਂ ਲਈ ਮੁਆਵਜੇ ਦੇ ਘੋਲ, ਖੰਡ ਮਿੱਲ ਨਵਾਂਸ਼ਹਿਰ ਵਿਰੁੱਧ ਗੰਨਾ ਘੋਲ, ਖਾਦ ਦੀ ਕਿੱਲਤ ਵਿਰੁੱਧ ਘੋਲ ਆਦਿ ਕਈ ਘੋਲ ਲੜੇ ਗਏ।

ਅੱਜ ਜਦੋਂ ਦੇਸ਼ ਦੇ ਕਿਰਤੀ ਅਤੇ ਕਿਸਾਨ ਵਰਗਾਂ ਉੱਤੇ ਚਹੁੰਤਰਫਾ ਹਮਲੇ ਹੋ ਰਹੇ ਹਨ। ਲੋਕਾਂ ਦੀਆਂ ਜੀਵਨ ਹਾਲਤਾਂ ਬਦ ਤੋਂ ਵੀ ਬਦਤਰ ਹਨ। ਹਾਕਮ ਜਮਾਤਾਂ ਮਿਹਨਤਕਸ਼ਾਂ ਦੀ ਲੁੱਟ ਨੂੰ ਹੋਰ ਤੇਜ਼ ਕਰਨ ਲਈ ਫਰੇਬ ਦਾ ਸਹਾਰਾ ਲੈ ਰਹੀਆਂ ਹਨ। ਕੇਂਦਰ ਦੀ ਹਿੰਦੂਤਵੀ ਫਾਸ਼ੀਵਾਦੀ ਮੋਦੀ ਸਰਕਾਰ ਦੇਸੀ ਅਤੇ ਵਿਦੇਸ਼ੀ ਕਾਰਪੋਰੇਟਾਂ ਦੀਆਂ ਤਿਜੌਰੀਆਂ ਭਰਨ ਲਈ ਜਨਤਕ ਖੇਤਰ ਦੇ ਅਦਾਰੇ ਰੇਲਵੇ, ਏਅਰ ਇੰਡੀਆ, ਕੋਲਾ ਖਾਣਾਂ ਉਨ੍ਹਾਂ ਨੂੰ ਕੌਡੀਆਂ ਦੇ ਭਾਅ ਵੇਚ ਰਹੀ ਹੈ। ਉਹਨਾਂ ਦਾ ਲੱਖਾਂ ਕਰੋੜਾਂ ਰੁਪਏ ਕਰਜ਼ਾ ਮੁਆਫ਼ ਕਰ ਰਹੀ ਹੈ। ਸਿੱਖਿਆ, ਸਿਹਤ ਸੇਵਾਵਾਂ, ਰੇਲਵੇ, ਟਰਾਂਸਪੋਰਟ, ਬੈਂਕਾਂ, ਸਹਿਕਾਰੀ ਅਦਾਰਿਆਂ ਦਾ ਨਿੱਜੀਕਰਨ ਕੀਤਾ ਜਾ ਰਿਹਾ ਹੈ। ਕਿਰਤੀ ਜਮਾਤ ਵੱਲੋਂ ਤਿੱਖੇ ਸੰਘਰਸ਼ ਲੜਕੇ ਬਣਵਾਏ ਕਿਰਤ ਕਾਨੂੰਨਾਂ ਨੂੰ ਖਤਮ ਕਰਕੇ ਕਿਰਤੀਆਂ ਦੇ ਵਿਰੋਧੀ ਅਤੇ ਮਾਲਕਾਂ ਦੇ ਹਿੱਤ ਪੂਰਨ ਵਾਲੇ ਕਾਨੂੰਨ ਬਣਾ ਦਿੱਤੇ ਗਏ ਹਨ। ਠੇਕੇਦਾਰੀ ਪ੍ਰਬੰਧ ਤੇਜੀ ਨਾਲ ਲਾਗੂ ਕੀਤਾ ਜਾ ਰਿਹਾ ਹੈ। ਦੇਸ਼ ਦੀ ਵਿਕਾਸ ਦਰ ਉਲਟੇ ਪੈਰੀਂ ਚਲਦਿਆਂ ਡੂੰਘੇ ਗੋਤੇ ਲਾ ਰਹੀ ਹੈ। ਸਰਕਾਰੀ ਨੀਤੀਆਂ ਨੇ ਬੇਰੁਜ਼ਗਾਰਾਂ ਦੀ ਵੱਡੀ ਫੌਜ ਤਿਆਰ ਕਰ ਦਿੱਤੀ ਹੈ। ਮਹਿੰਗਾਈ, ਗਰੀਬੀ, ਭੁੱਖਮਰੀ, ਭ੍ਰਿਸ਼ਟਾਚਾਰ ਅਮਰਵੇਲ ਵਾਂਗੂੰ ਵਧ ਰਹੇ ਹਨ।

ਕੇਂਦਰੀ ਅਤੇ ਸੂਬਾਈ ਸਰਕਾਰਾਂ ਨੇ ਕਰੋਨਾ ਦਾ ਲਾਹਾ ਲੈ ਕੇ ਲੋਕ ਵਿਰੋਧੀ ਨੀਤੀਆਂ ਤੇਜ਼ੀ ਨਾਲ ਘੜੀਆਂ ਅਤੇ ਲਾਗੂ ਕੀਤੀਆਂ ਹਨ। ਇਸ ਸਮੇਂ ਵਿੱਚ ਪ੍ਰਵਾਸੀ ਮਜ਼ਦੂਰ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਕਰੋਨਾ ਦੇ ਸੰਕਟ ਨੇ ਸਰਕਾਰਾਂ ਦੇ ਹਰ ਤਰ੍ਹਾਂ ਦੇ ਪ੍ਰਬੰਧਾਂ ਦੀ ਪੋਲ ਖੋਹਲ ਕੇ ਰੱਖ ਦਿੱਤੀ ਹੈ। ਪੰਜਾਬ ਦੀ ਕਾਂਗਰਸ ਸਰਕਾਰ ਨੇ ਤਾਂ ਲਾਕਡਾਊਨ ਤੋਂ ਵੀ ਅੱਗੇ ਵਧਦਿਆਂ ਪੰਜਾਬ ਦੇ ਲੋਕਾਂ ਨੂੰ ਕਰਫਿਊ ਲਾ ਕੇ ਘਰਾਂ ਅੰਦਰ ਤਾੜੀ ਰੱਖਿਆ। ਪੁਲਸ ਦੇ ਡੰਡੇ ਰਾਹੀਂ ਕਰੋਨਾ ਭਜਾਉਣ ਦਾ ਅਨਾੜੀ ਅਮਲ ਕੀਤਾ। ਭਾਰੀ ਜੁਰਮਾਨਿਆਂ ਨਾਲ ਲੋਕਾਂ ਦੀਆਂ ਜੇਬਾਂ ਕੱਟੀਆਂ। ਅੱਜ ਪੰਜਾਬ ਅੰਦਰ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਅਤੇ ਹੋਰ ਕਾਰਵਾਈਆਂ ਕਰਕੇ, ਖਾਲਿਸਤਾਨੀ ਝੰਡੇ ਲਹਿਰਾ ਕੇ ਅਤੇ ਨਾਹਰੇ ਲਿਖਕੇ ਮਾਹੌਲ ਵਿਗਾੜਣ ਦੇ ਯਤਨ ਹੋ ਰਹੇ ਹਨ। ਦੂਜੇ ਪਾਸੇ ਪੰਜਾਬ ਸਰਕਾਰ ਵੱਲੋਂ ਕੇਂਦਰ ਸਰਕਾਰ ਦੀ ਤਰਜ 'ਤੇ ਚਲਦਿਆਂ ਨੌਜਵਾਨਾਂ ਉੱਤੇ ਯੂ.ਏ.ਪੀ.ਏ. ਦੀਆਂ ਧਾਰਾਵਾਂ ਰਾਹੀਂ ਦੇਸ਼ ਧ੍ਰੋਹ ਦੇ ਕੇਸ ਦਰਜ ਕੀਤੇ ਜਾ ਰਹੇ ਹਨ। ਪੰਜਾਬ ਦੇ ਲੋਕਾਂ ਨੂੰ ਇਸਤੋਂ ਸੁਚੇਤ ਰਹਿਣ ਦੀ ਲੋੜ ਹੈ।



ਖੇਤੀ ਖੇਤਰ ਨੂੰ ਅਡਾਨੀਆਂ, ਅੰਬਾਨੀਆਂ ਅਤੇ ਹੋਰ ਕਾਰਪੋਰੇਟਾਂ ਦੇ ਹਵਾਲੇ ਕਰਨ ਲਈ ਮੋਦੀ ਸਰਕਾਰ ਨੇ ਤਿੰਨ ਨਵੇਂ ਖੇਤੀ ਕਾਨੂੰਨ ਬਣਾਏ ਹਨ। ਖੇਤੀ 'ਚੋਂ ਵੱਡੇ ਮੁਨਾਫੇ ਕਮਾਉਣ ਦੀ ਕਾਰਪੋਰੇਟਾਂ ਦੀ ਲਾਲਸਾ ਨੂੰ ਪੂਰਾ ਕਰਨ ਲਈ ਅਤੇ ਕਿਸਾਨਾਂ ਦੀਆਂ ਜ਼ਮੀਨਾਂ ਇਹਨਾਂ ਦੇ ਹਵਾਲੇ ਕਰਨ ਲਈ ਮੋਦੀ ਸਰਕਾਰ ਨੰਗਾ ਚਿੱਟਾ ਧੱਕਾ ਵਰਤ ਰਹੀ ਹੈ। ਖੇਤੀ ਬਿੱਲ ਪਾਸ ਕਰਾਉਣ ਲਈ ਰਾਜ ਸਭਾ ਅੰਦਰ ਸੰਵਿਧਾਨਕ ਅਤੇ ਜਮਹੂਰੀ ਕਦਰਾਂ-ਕੀਮਤਾਂ ਦਾ ਜਨਾਜਾ ਨਿਕਲਦਾ ਸਾਰੇ ਦੇਸ਼ ਨੇ ਦੇਖਿਆ ਹੈ। ਦੇਸ਼ ਦੇ ਬਹੁਤੇ ਰਾਜਾਂ ਖਾਸ ਕਰ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਦਾ ਤਿੱਖਾ ਵਿਰੋਧ ਹੋਣ ਦੇ ਬਾਵਜੂਦ ਮੋਦੀ ਸਰਕਾਰ ਇਹਨਾਂ ਕਾਨੂੰਨਾਂ ਉਤੇ ਮੁੜ ਵਿਚਾਰ ਕਰਨ ਤੋਂ ਸਾਫ਼ ਇਨਕਾਰੀ ਹੈ। ਬਿਜਲੀ ਬਿੱਲ 2020 ਪਾਸ ਕਰਨ ਦਾ ਮਕਸਦ ਵੀ ਕਿਸਾਨੀ ਨੂੰ ਸੱਟ ਮਾਰਕੇ ਕਾਰਪੋਰੇਟਾਂ ਨੂੰ ਲਾਭ ਦੇਣਾ ਹੀ ਹੈ। ਇਹਨਾਂ ਕਾਨੂੰਨਾਂ ਦੇ ਵਿਰੋਧ ਵਿੱਚ ਪੰਜਾਬ ਦੀਆਂ ਬਹੁਤੀਆਂ ਕਿਸਾਨ ਜੱਥੇਬੰਦੀਆਂ ਇੱਕ ਮੰਚ ਉੱਤੇ ਸੰਘਰਸ਼ਸ਼ੀਲ ਹਨ, ਜਿਹਨਾਂ ਵਿੱਚ ਸਾਥੀ ਸੰਘਾ ਵਾਲੀ ਕਿਰਤੀ ਕਿਸਾਨ ਯੂਨੀਅਨ ਵੀ ਸਰਗਰਮ ਅਤੇ ਅਹਿਮ ਭੂਮਿਕਾ ਨਿਭਾ ਰਹੀ ਹੈ। ਇਹਨਾਂ ਕਾਨੂੰਨਾਂ ਵਿਰੁੱਧ ਕਿਸਾਨੀ ਲਹਿਰ ਜਿੱਥੇ ਨੌਜਵਾਨ ਕਿਸਾਨਾਂ ਨੂੰ ਆਪਣੇ ਵੱਲ ਖਿੱਚ ਰਹੀ ਹੈ, ਉਥੇ ਕਿਸਾਨੀ ਦੀ ਨਵੀਂ ਲੀਡਰਸ਼ਿਪ ਵੀ ਪੈਦਾ ਕਰ ਰਹੀ ਹੈ। ਸਾਥੀ ਸੰਘਾ ਦੀ ਜੱਥੇਬੰਦੀ ਨੇ ਸਮੇਂ ਦੀ ਇਸ ਲੋੜ ਨੂੰ ਭਾਂਪਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦਾ ਗਠਨ ਵੀ ਕੀਤਾ ਹੈ। ਭਾਜਪਾ ਇਹਨਾਂ ਖੇਤੀ ਕਾਨੂੰਨਾਂ ਨੂੰ ਕਿਸਾਨ ਹਿੱਤੂ ਪ੍ਰਚਾਰਦਿਆਂ ਆਪਣੀ ਹਠਧਰਮੀ ਉੱਤੇ ਕਾਇਮ ਹੈ। ਕਿਸਾਨੀ ਲਹਿਰ ਨੇ ਸਾਰੀਆਂ ਹਾਕਮ ਜਮਾਤ ਪਾਰਟੀਆਂ ਨੂੰ ਇਹਨਾਂ ਕਾਨੂੰਨਾਂ ਬਾਰੇ ਚੁੱਪ ਤੋੜਨ ਲਈ ਮਜਬੂਰ ਕਰ ਦਿੱਤਾ ਹੈ। ਸਾਥੀ ਸੰਘਾ ਵੱਲੋਂ ਕਿਰਤੀ ਕਿਸਾਨ ਯੂਨੀਅਨ ਲਈ ਸੇਧਤ ਲਾਈਨ ਪੰਜਾਬ ਦੀ ਕਿਸਾਨੀ ਲਈ ਇਸ ਸੰਕਟ ਦੀ ਘੜੀ ਵਿੱਚ ਕੰਮ ਆ ਰਹੀ ਹੈ।

ਆਰ.ਐਸ.ਐਸ. ਨੇ ਭਾਜਪਾ ਸਮੇਤ ਆਪਣੀਆਂ ਹੋਰ ਸ਼ਾਖਾਵਾਂ ਰਾਹੀਂ ਦੇਸ਼ ਦੀਆਂ ਅਦਾਲਤਾਂ, ਪ੍ਰਸ਼ਾਸਨਿਕ ਅਹੁਦਿਆਂ, ਪੁਲੀਸ ਅਤੇ ਫੌਜ ਦੇ ਅਹੁਦਿਆਂ, ਅਕਾਦਮਿਕ ਅਦਾਰਿਆਂ ਅਤੇ ਹੋਰ ਪ੍ਰਭਾਵਸ਼ਾਲੀ ਅਹੁਦਿਆਂ ਨੂੰ ਕਬਜਾ ਲਿਆ ਹੈ।

ਡੂੰਘੇ ਆਰਥਿਕ ਸੰਕਟ ਵਿੱਚ ਫਸੀ ਮੋਦੀ ਸਰਕਾਰ ਰਾਮਮੰਦਰ ਦੀ ਉਸਾਰੀ, ਗਵਾਂਢੀ ਦੇਸ਼ਾਂ ਪ੍ਰਤੀ ਨਫ਼ਰਤ ਫੈਲਾਉਣ, ਭਗਵੀਂ ਦੇਸ਼ਭਗਤੀ ਆਦਿ ਦੇ ਪੱਤੇ ਖੇਡਕੇ ਲੋਕਾਂ ਦਾ ਧਿਆਨ ਅਸਲ ਮੁੱਦਿਆਂ ਤੋਂ ਭਟਕਾ ਰਹੀ ਹੈ। ਮੋਦੀ ਸਰਕਾਰ ਨੇ ਸਾਫ਼ ਐਲਾਨ ਕਰ ਦਿੱਤਾ ਹੈ ਕਿ ਉਸਨੂੰ ਨਾਗਰਿਕਤਾ ਸੋਧ ਐਕਟ ਐਨ.ਆਰ.ਸੀ. ਅਤੇ ਐਨ.ਪੀ.ਆਰ. ਦਾ ਅਮਲ ਸਿਰਫ ਕਰੋਨਾ ਕਾਰਨ ਹੀ ਕੁੱਝ ਮੱਧਮ ਪਾਉਣਾ ਪਿਆ ਸੀ। ਉਂਝ ਮੁਸਲਿਮ ਭਾਈਚਾਰੇ ਉੱਤੇ ਹਮਲੇ ਕਰਨ ਦਾ ਉਹ ਕੋਈ ਮੌਕਾ ਹੱਥੋਂ ਨਹੀਂ ਜਾਣ ਦਿੰਦੀ। ਨਵੀਂ ਸਿੱਖਿਆ ਨੀਤੀ ਰਾਹੀਂ ਮੋਦੀ ਸਰਕਾਰ ਸਮੁੱਚੇ ਸਿੱਖਿਆ ਪ੍ਰਬੰਧ ਦਾ ਤੇਜ਼ੀ ਨਾਲ ਭਗਵਾਂਕਰਨ ਕਰ ਰਹੀ ਹੈ। ਮਿਥਿਹਾਸ ਨੂੰ ਇਤਿਹਾਸ ਬਣਾ ਰਹੀ ਹੈ। ਸਿੱਖਿਆ ਦਾ ਗੈਰ-ਵਿਗਿਆਨੀਕਰਨ ਕਰਨ ਦੇ ਨਾਲ-ਨਾਲ ਆਜ਼ਾਦੀ ਦੇ ਸੰਗਰਾਮ ਵਿੱਚ ਅੰਗਰੇਜ਼ੀ ਹਕੂਮਤ ਦੇ ਪਿੱਠੂਆਂ ਦਾ ਰੋਲ ਨਿਭਾਉਣ ਵਾਲਿਆਂ ਨੂੰ ਮਹਾਨ ਦੇਸ਼ ਭਗਤ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ।

ਆਰ.ਐਸ.ਐਸ. ਦੀਆਂ ਨੀਤੀਆਂ ਨੂੰ ਪੱਠੇ ਪਾਉਣ ਵਾਲੇ ਕਾਨੂੰਨ ਲਿਆਂਦੇ ਜਾ ਰਹੇ ਹਨ। ਦਲਿਤਾਂ, ਆਦਿਵਾਸੀਆਂ ਨੂੰ ਮਿਲਦੀਆਂ ਥੋੜੀਆਂ ਬਹੁਤੀਆਂ ਸਹੂਲਤਾਂ, ਮਿਲੇ ਅਧਿਕਾਰਾਂ ਨੂੰ ਛਾਂਗਿਆ ਜਾ ਰਿਹਾ ਹੈ। ਉਹਨਾਂ ਲੇਖਕਾਂ, ਪੱਤਰਕਾਰਾਂ, ਵਕੀਲਾਂ, ਕਵੀਆਂ, ਆਗੂਆਂ, ਕਾਰਕੁੰਨਾਂ, ਕਲਾਕਾਰਾਂ, ਧਾਰਮਿਕ ਘੱਟ ਗਿਣਤੀਆਂ ਦੇ ਆਗੂਆਂ, ਬੁੱਧੀਜੀਵੀਆਂ ਨੂੰ ਦੇਸ਼ਧ੍ਰੋਹੀ ਦੀਆਂ ਸੰਗੀਨ ਧਾਰਾਵਾਂ ਲਾ ਕੇ ਜੇਲ੍ਹਾਂ ਵਿੱਚ ਸੁੱਟ ਰਹੀ ਹੈ, ਜੋ ਮੋਦੀ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਦੀ ਅਲੋਚਨਾ ਕਰਦੇ ਹਨ। ਇਹਨਾਂ ਦੀ ਨਾ ਕੋਈ ਅਪੀਲ ਅਤੇ ਨਾ ਕੋਈ ਦਲੀਲ ਸੁਣੀ ਜਾ ਰਹੀ ਹੈ। ਪਰ ਜੇਲ੍ਹਾਂ ਵਿੱਚ ਬੰਦ ਇਹਨਾਂ ਸਖਸ਼ੀਅਤਾਂ ਦੇ ਹੌਸਲੇ ਬੁਲੰਦ ਹਨ। ਮੋਦੀ ਸਰਕਾਰ ਦਾ ਫਾਸ਼ੀਵਾਦੀ ਰੰਗ ਉਘੜਦਾ ਜਾ ਰਿਹਾ ਹੈ। ਅਜਿਹੇ ਵਿੱਚ ਇਸ ਸਰਕਾਰ ਦੇ ਨੰਗੇ ਅਤੇ ਛੁਪਵੇਂ ਕਾਰਨਾਮਿਆਂ ਨੂੰ ਸਮਝਣ ਦੀ ਲੋੜ ਹੈ।

ਅੱਜ ਜਦੋਂ ਅਸੀਂ ਸੀ.ਪੀ.ਆਈ. (ਐਮ-ਐਲ) ਨਿਊ ਡੈਮੋਕਰੇਸੀ ਵੱਲੋਂ 20 ਨਵੰਬਰ ਨੂੰ ਆਪਣੇ ਮਹਿਬੂਬ ਆਗੂ ਦੀ 28ਵੀਂ ਬਰਸੀ ਮੌਕੇ ਪਿੰਡ ਸ਼ਹਾਬਪੁਰ ਵਿਖੇ ਸਿਆਸੀ ਕਾਨਫਰੰਸ ਕਰ ਰਹੇ ਹਾਂ ਤਾਂ ਸਾਨੂੰ ਸ਼ਹੀਦ ਸਾਥੀ ਗਿਆਨ ਸਿੰਘ ਸੰਘਾ ਵੱਲੋਂ ਦਰਸਾਏ ਨਵ-ਜਮਹੂਰੀ ਇਨਕਲਾਬ ਦੇ ਰਾਹ ਉੱਤੇ ਅਡੋਲ ਚਲਦਿਆਂ ਜਮਾਤੀ ਯੁੱਧ ਨੂੰ ਤੇਜ਼ ਕਰਨਾ ਚਾਹੀਦਾ ਹੈ।

## ਸਦਕੇ ਸ਼ੇਰ ਬੱਚੀਏ...

ਮੇਰਠ ਯੂਪੀ ਤੋਂ ਦਿੱਲੀ ਪੜ੍ਹਨ ਆਏ ਭੈਣ ਭਰਾ ਕਿਸਾਨਾਂ ਦੀ ਸੇਵਾ ਨੂੰ ਸਮਰਪਿਤ ਹੋ ਕੇ ਚਾਹ ਵਰਤਾਰੇ ਸਨ। ਹਿੰਦੂ ਪਰਿਵਾਰ ਦੀ ਇਸ ਬੱਚੀ ਨੂੰ ਅਸੀਸ ਦਿੰਦਿਆਂ ਸਿੱਖ ਬਜ਼ੁਰਗ ਨੇ ਕਿਹਾ "ਬੇਟੀ ਆਹ ਕੁਝ ਮਾਇਆ ਲੈ ਲਵੋ", ਕਹਿਣ ਲੱਗੀ, "ਬਾਬਾ ਜੀ ਮੈਂ ਕਿਸਾਨ ਦੀ ਧੀ ਹਾਂ, ਬਸ ਅਸੀਸ ਦਿਉ !ਅਸੀਂ ਤੁਹਾਡੇ ਨਾਲ ਹਾਂ!!"

ਇਹ ਜਜ਼ਬਾ ਅਤੇ ਪਿਆਰ ਹੈ ! ਕਿਸਾਨ ਸੰਘਰਸ਼ ਨੇ ਸਾਰੇ ਫੱਟ ਮੇਟ ਦਿੱਤੇ। ਬਸ ਇੱਕੋ ਹੀ ਉਦੇਸ਼ : ਸੰਘਰਸ਼, ਇਨਸਾਫ਼, ਨਿਆਂ ਅਤੇ ਹੱਕਾਂ ਦੀ ਲੜਾਈ !!

(ਡਾ ਗੁਰਵਿੰਦਰ ਸਿੰਘ)

## ਹਰਵਿੰਦਰ ਸਿੰਘ ਸਿੱਧੂ ਦੀਆਂ ਦੋ ਕਵਿਤਾਵਾਂ

ਉੱਡਣ ਦਾ ਸ਼ੌਕ ਅਸਾਨੂੰ
ਡਿੱਗਣ ਦਾ ਖੌਫ਼ ਰਤਾ ਨਾ,
ਪਿੰਜਰੇ ਤੇਰੇ ਤੋੜ ਦੇਣੇ ਨੇ
ਐਸੀ ਕਰ ਖਤਾ ਨਾ।
ਕੀ ਜਾਣੇ ਕੋਈ ਸ਼ਿੱਦਤ ਮੇਰੀ
ਬੋਲੇ ਇਸ਼ਕ ਸ਼ਮ੍ਹਾ ਨੂੰ,
ਅੰਜਾਮ ਏ ਮੰਜ਼ਿਲ ਕੀ ਹੋਣੈ
ਪਰਵਾਨੇ ਨੂੰ ਪਤਾ ਨਾ।
ਚਿੜੀਆਂ ਤੇ ਨਿੱਤ ਹਮਲੇ ਕਰਕੇ
ਬਾਜ਼ ਉੱਡਦੇ ਨੇ ਅਸਮਾਨੀ,
ਚੁੱਪ ਤੇਰੀ ਸਾਨੂੰ ਸਾਜਿਸ਼ ਲਗਦੀ
ਇਹ ਪ੍ਰਬੰਧ ਪੁਖ਼ਤਾ ਨਾ।
ਰੰਗ ਬਿਰੰਗੇ ਫੁੱਲਾਂ ਸਦਕਾ
ਇਹ ਗੁਲਦਸਤਾ ਫੱਬੇ,
ਇਕੋ ਰੰਗ ਦੀ ਸੁੰਦਰਤਾ ਦੀ
ਐਵੇਂ ਧੌਂਸ ਜਮਾ ਨਾ।
ਅਨੇਕਤਾ ਦੇ ਵਿਚ ਤਾਕਤ ਮੇਰੀ
ਭਿੰਨਤਾ ਵਿਚ ਰੂਹ ਵੱਸੇ,
ਤਸਲੀਮ ਕਰਨ ਤੋਂ ਕਿਓਂ ਇਨਕਾਰੀ
ਦੇਸ਼ ਮੇਰੇ ਦੀ ਨੈਤਿਕਤਾ ਨਾ।
ਸ਼ਾਨਮਤਾ ਇਤਿਹਾਸ ਅਸਾਡਾ
ਫਿਰਕੂ ਦਾਗ਼ ਲੱਗਣ ਨਹੀਂ ਦੇਣਾ,
ਇਟ ਨਾਲ ਇਟ ਖੜਕਾ ਦਿਆਂਗੇ
ਬਹੁਤਾ ਹੋਰ ਸਤਾ ਨਾ।
ਅਬਦਾਲੀ ਹਿਟਲਰ ਚੰਗੇਜ਼ ਸਿਕੰਦਰ
ਕਿਹੜਾ ਕਿਹੜਾ ਨਾਂ ਲਵਾਂ,
ਜ਼ੁਲਮ ਕਰੇ ਤੇ ਖ਼ਾਕ ਨਾ ਹੋਵੇ
ਐਸਾ ਕੋਈ ਸਕਤਾ ਨਾ।

• • •

ਖੁਦਗਰਜ਼ੀ ਦਾ ਆਲਮ ਐਸਾ
ਕਦਰਾਂ ਕੀਮਤਾਂ ਢਾਅ ਗਿਆ,
ਰਿਸ਼ਤਿਆਂ ਦਾ ਤਾਣਾ ਬਾਣਾ
ਟੁੱਟਣ ਕੰਢੇ ਆ ਗਿਆ।
ਮੋਹ ਪਿਆਰ ਤਿਆਗ ਭਰੱਪਣ
ਬੀਤੇ ਜੁਗ ਦੀਆਂ ਗੱਲਾਂ,
ਛਲ ਫ਼ਰੇਬ ਠੱਗੀ ਚੋਰੀ
ਕਾਲਾ ਨੇਰ੍ਹ ਛਾ ਗਿਆ।
ਗੁੱਲੀ ਡੰਡਾ ਖਿੱਦੋ ਖੂੰਡੀ
ਨਾ ਕੋਈ ਖੇਲੇ ਬਾਲ ਕੱਬਡੀ,
ਭੋਲੇ ਭਾਲੇ ਹਿਰਦਿਆਂ ਦੇ ਵਿੱਚ
ਇੰਟਰਨੈੱਟ ਸਮਾ ਗਿਆ।
ਚਾਚੇ ਤਾਏ ਭਰਾ ਭਤੀਜੇ
ਕੱਠੇ ਰਹਿੰਦੇ ਮੌਜਾਂ ਕਰਦੇ,
ਦਾਦੇ ਪੋਤੇ ਦਾ ਨਿੱਘਾ ਰਿਸ਼ਤਾ
ਨਿੱਜਵਾਦ ਨੇ ਖਾ ਲਿਆ।
ਸਮਾਜਿਕ ਸਰੋਕਾਰਾਂ ਦਾ
ਵਿੱਚੇ ਹੀ ਦਮ ਘੁੱਟ ਗਿਆ ਹੈ ,
ਤੈਨੂੰ ਕੀ ਤੇ ਮੈਨੂੰ ਕੀ ਦਾ
ਨਵਾਂ ਸੰਸਕਾਰ ਬਣਾ ਲਿਆ।
ਨਵੇਂ ਯੁੱਗ ਦੇ ਨਵੇਂ ਖਿਆਲ
ਔਰਤ ਹੋ ਗਈ ਅਜ਼ਾਦ,
ਕਾਰਾਂ ਦੇ ਵਿਚ ਹੁੰਦਾ ਰੇਪ
ਸਾਡਾ ਮੂੰਹ ਚਿੜਾ ਗਿਆ।
ਨਾ ਮੇਲੇ ਨਾ ਸਥਾਂ ਯਾਰੀ
ਸਮੈਕ ਚਿੱਟੇ ਦੇ ਫਿਰਨ ਵਪਾਰੀ,
ਘੁੱਗ ਵਸਦਾ ਪੰਜਾਬ ਅਸਾਡਾ
ਕਿਸ ਮੰਜਰ ਤੇ ਆ ਗਿਆ।

98884-36370



ਸਰਬਜੀਤ ਸੋਹੀ, ਆਸਟਰੇਲੀਆ

# ਅਮਰ ਸ਼ਹੀਦ ਵੀਰਾਂਗਣਾ ਊਦਾ ਦੇਵੀ ਪਾਸੀਂ



ਭਾਰਤੀ ਇਤਿਹਾਸ ਰਾਜਿਆਂ-ਮਹਾਰਾਜਿਆਂ ਦੇ ਕੀਰਤੀ-ਕਾਰਨਾਮਿਆਂ ਨਾਲ ਭਰਿਆ ਹੋਇਆ ਹੈ। ਇਸ ਵਿੱਚੋਂ ਆਮ-ਆਦਮੀ ਦੁਆਰਾ ਸਿਰਜੇ ਗਏ ਵੀਰਤਾ ਦੇ ਨਕਸ਼ ਨਦਾਰਦ ਹਨ। ਇਸ ਅਖੌਤੀ ਇਤਿਹਾਸ ਵਿਚ ਖੱਤਰੀਆਂ/ਰਾਜਪੂਤਾਂ ਦੀਆਂ ਬਹਾਦਰੀ ਭਰੀਆਂ ਗਾਥਾਵਾਂ ਨੂੰ ਵਧਾ ਚੜ੍ਹਾ ਕੇ ਪੇਸ਼ ਕਰਦੇ ਹੋਏ ਕਲਮਕਾਰ ਉਹਨਾਂ ਦੀਆਂ ਕਮਜ਼ੋਰੀਆਂ ਅਤੇ ਹਾਰਾਂ ਨੂੰ ਵੀ ਗੌਰਵਤਾ ਦਾ ਮੁਲੰਮ੍ਹਾ ਚਾੜ ਦਿੰਦੇ ਹਨ। ਭਾਰਤੀ ਇਤਿਹਾਸ ਵਿੱਚ ਦਰਜ ਕਾਇਰਤਾ ਪੂਰਨ ਜੌਹਰ ਪ੍ਰਥਾ ਵੀ ਇਸ ਪ੍ਰਸੰਗ ਦੀ ਹੀ ਇਕ ਕੜੀ ਹੈ। ਪਤੀ ਦੀ ਮੌਤ ਮਗਰੋਂ ਸਤੀ ਪ੍ਰਥਾ ਵੀ ਸਨਾਤਨੀ ਰਹੁ-ਰੀਤਾਂ ਅਨੁਸਾਰ ਇਕ ਮਹਾਨ ਕਾਰਜ ਹੈ। ਪਰ ਅਸਲ ਵਿੱਚ ਇਹ ਦੋਵੇਂ ਹੀ ਪ੍ਰਥਾਵਾਂ ਮਾਨਸਿਕ ਗੁਲਾਮੀ, ਦੀਵਾਲੀਆਪਣ ਅਤੇ ਮਜਬੂਰੀ ਦਾ ਪ੍ਰਗਟਾਵਾ ਹਨ। ਸਾਡੇ ਨਿਕੰਮੇ ਇਤਿਹਾਸਕਾਰਾਂ ਨੇ ਖ਼ੁਦਕੁਸ਼ੀ ਕਰਦੀਆਂ ਔਰਤਾਂ ਵਿਚ ਪਤਾ ਨਹੀਂ ਬਹਾਦਰੀ ਦੀ ਕਿਹੜੀ ਭਾਵਨਾ ਵੇਖ ਲਈ? ਹਜ਼ਾਰਾਂ ਔਰਤਾਂ ਅਲਾਉਦੀਨ ਖਿਲਜੀ ਦੀ ਸੈਨਾ ਨਾਲ ਲੜਣ ਦੀ ਬਜਾਏ ਰਾਣੀ ਪਦਮਾਵਤੀ ਦੀ ਅਗਵਾਈ ਵਿੱਚ ਆਤਮਘਾਤ ਕਰ ਲੈਂਦੀਆਂ ਹਨ, ਜੇ ਉਹ ਚਿਤੌੜ ਦੇ ਕਿਲ੍ਹੇ ਦੀ ਦੀ ਫ਼ਸੀਲ ਤੇ ਖੜ ਕੇ ਮੁਗਲ ਸੈਨਿਕਾਂ ਉੱਪਰ ਦੋ-ਦੋ ਪੱਥਰ ਵੀ ਮਾਰਦੀਆਂ ਤਾਂ ਸ਼ਾਇਦ ਭਾਰਤ ਦਾ ਇਤਿਹਾਸ ਕੁੱਝ ਹੋਰ ਹੁੰਦਾ। ਪਰ ਹਿੰਦੂ ਧਰਮ ਨੇ ਮਰਦਾਵੇਂ ਗ਼ਲਬੇ ਦੀ ਸਥਾਪਤੀ ਲਈ ਔਰਤ ਨੂੰ ਅਬਲਾ ਤੋਂ ਜਲਵਾ ਬਣਨ ਹੀ ਨਹੀਂ ਦਿੱਤਾ। ਦੂਜੇ ਪਾਸੇ ਵੀਰਾਂਗਣਾ ਊਦਾ ਦੇਵੀ ਪਾਸੀ ਵਰਗੀਆਂ ਨਾਇਕਾਂਵਾਂ ਬਹਾਦਰ ਵਾਂਗ ਸ਼ਹੀਦ ਹੋ ਕੇ ਵੀ ਸਾਡੇ ਇਤਿਹਾਸਕਾਰਾਂ ਦੀ ਨਜ਼ਰੇ ਨਹੀਂ ਚੜ ਸਕੀਆਂ। ਆਖ਼ਰ ਊਦਾ ਦੇਵੀ ਪਾਸੀ ਵਰਗੀ ਮਹਾਨ ਨਾਇਕਾ ਦੀ ਗਾਥਾ ਨੂੰ ਸਾਡੇ ਬੱਚਿਆਂ ਤੋਂ ਦੂਰ ਕਿਉਂ ਰੱਖਿਆ ਗਿਆ ਹੈ? ਬ੍ਰਿਟਿਸ਼ ਹਕੂਮਤ ਤੋਂ ਮਾਫ਼ੀਆਂ ਮੰਗਣ ਵਾਲਾ ਸਾਵਰਕਰ ਵੀਰ ਹੈ, ਗਦਰੀਆਂ ਦਾ ਇਨਕਲਾਬ ਲਈ ਆਇਆ ਫੰਡ ਹੜੱਪਣ ਵਾਲਾ ਲਾਲਾ ਪੰਜਾਬ ਕੇਸਰੀ ਹੈ, ਦੇਸ-ਭਗਤਾਂ ਖਿਲਾਫ਼ ਗਵਾਹੀ ਦੇਣ ਵਾਲਾ ਅਟੱਲ ਬਿਹਾਰੀ ਵਾਜਪਾਈ ਭਾਰਤ ਰਤਨ ਹੈ, ਪਰ 32 ਬ੍ਰਿਟਿਸ਼ ਸੈਨਿਕ ਮਾਰ ਕੇ ਸ਼ਹਾਦਤ ਦਾ ਜਾਮ ਪੀਣ ਵਾਲੀ ਊਦਾ ਦੇਵੀ ਪਾਸੀ ਦਾ ਕਿਧਰੇ ਵੀ ਜ਼ਿਕਰ ਨਹੀਂ ? ਆਓ ਜਾਣਦੇ ਹਾਂ ਭਾਰਤ ਦੀ ਬਹਾਦਰ ਧੀ ਊਦਾ ਦੇਵੀ ਪਾਸੀ ਬਾਰੇ ਜੋ ਦਲਿਤ ਸਮਾਜ ਵਿੱਚੋਂ ਹੋਣ ਕਰਕੇ ਅਜੇ ਤੱਕ ਨਜ਼ਰ-ਅੰਦਾਜ਼ ਹੀ ਕੀਤੀ ਗਈ ਹੈ।

1857 ਦਾ ਵਿਦਰੋਹ ਬੇਸ਼ੱਕ ਭਾਰਤੀ ਰਜਵਾੜਿਆਂ ਅਤੇ ਰਿਆਸਤੀ ਆਗੂਆਂ ਦੀ ਅਗਵਾਈ ਹੇਠ ਉੱਠਿਆ ਸੀ, ਪਰ ਇਹ ਵਿਦੇਸ਼ੀ ਗੁਲਾਮੀ ਖਿਲਾਫ਼ ਆਜ਼ਾਦੀ ਦਾ ਪਹਿਲਾ ਬਿਗਲ ਸੀ। ਇਸ ਵਿਦਰੋਹ ਨੇ ਭਾਰਤੀਆਂ ਵਿੱਚ ਪਹਿਲੀ ਵਾਰ ਏਕਤਾ ਅਤੇ ਅਖੰਡਤਾ ਦੀ ਭਾਵਨਾ ਨੂੰ ਵੱਡੇ ਪੱਧਰ ਤੇ ਪ੍ਰਚੰਡ ਕੀਤਾ ਸੀ। ਈਸਟ ਇੰਡੀਆ ਕੰਪਨੀ ਦੀ ਹਕੂਮਤ ਦੇ ਪੈਰ ਉੱਖੜ ਹੀ ਗਏ ਸਨ, ਪਰ ਹਲਕੀ ਯੋਜਨਾਬੰਦੀ, ਸੀਮਤ ਸਾਧਨਾਂ ਅਤੇ ਪੰਜਾਬ ਦੇ ਸਿੱਖ ਰਾਜ ਘਰਾਣਿਆਂ ਦੀ ਗੋਰਿਆਂ ਪ੍ਰਤੀ ਵਫ਼ਾਦਾਰੀ ਨੇ ਭਾਰਤ ਨੂੰ ਗੁਲਾਮੀ ਦੇ ਦਾਗ਼ ਤੋਂ ਮੁਕਤ ਨਾ ਹੋਣ ਦਿੱਤਾ। ਇਸ ਵਿਦਰੋਹ ਵਿੱਚ ਹੋਰਨਾਂ ਰਾਜ ਘਰਾਣਿਆਂ ਵਾਂਗ ਲਖਨਊ ਦੀ ਬੇਗਮ ਹਜ਼ਰਤ ਮਹਿਲ ਨੇ ਵੀ ਬ੍ਰਿਟਿਸ਼ ਸਾਮਰਾਜ ਖਿਲਾਫ ਬਗ਼ਾਵਤ ਕੀਤੀ ਸੀ। ਉਸ ਦੀ ਸੈਨਾ ਦੇ ਸ਼ਾਹੀ ਦਸਤੇ ਵਿੱਚ ਇਕ ਦਲਿਤ ਸਿਪਾਹੀ ਮੱਕਾ ਪਾਸੀ ਵੀ ਸ਼ਾਮਿਲ ਸੀ। ਮੱਕਾ ਪਾਸੀ 10 ਜੂਨ 1857 ਨੂੰ ਲਖਨਊ ਰਿਆਸਤ ਦੇ ਚਿਨਓਟ ਕਸਬੇ ਨੇੜੇ ਇਸਮਾਈਲਗੰਜ ਵਿਖੇ ਹੈਨਰੀ ਲਾਰੈਂਸ ਦੀ ਅਗਵਾਈ ਵਾਲੀ ਈਸਟ ਇੰਡੀਆ ਕੰਪਨੀ ਦੀ ਫ਼ੌਜ ਨਾਲ ਹੋਈ ਇੱਕ ਇਤਿਹਾਸਕ ਲੜਾਈ ਵਿੱਚ ਸ਼ਹੀਦੀ ਪਾ ਗਿਆ। ਇਸ ਬਾਗ਼ੀ ਫ਼ੌਜ ਦੀ ਅਗਵਾਈ ਮੌਲਵੀ ਅਹਿਮਦ ਉਲਾ ਸ਼ਾਹ ਨੇ ਕੀਤੀ ਸੀ। ਉਸ ਦੀ ਪ੍ਰੇਰਣਾ ਸਦਕਾ ਹੀ ਮੱਕਾ ਪਾਸੀ ਦੀ ਵਿਧਵਾ ਪਤਨੀ ਊਦਾ ਦੇਵੀ ਪਾਸੀ ਨੇ ਅੰਗਰੇਜ਼ੀ ਸੈਨਿਕਾਂ ਤੋਂ ਬਦਲਾ ਲੈਣ ਲਈ ਹਥਿਆਰ ਚੁੱਕ ਲਏ। ਪਹਿਲੀਆਂ ਸਫਲਤਾਵਾਂ ਤੋਂ ਬਾਅਦ ਵਿਦਰੋਹੀ ਦਸਤੇ ਹੌਲੀ ਹੌਲੀ ਅੰਗਰੇਜ਼ਾਂ ਅੱਗੇ ਹਾਰਨ ਲੱਗ ਪਏ। ਲਖਨਊ ਨੂੰ ਜਨਰਲ ਕੈਲਵਿਨ ਕੈਂਬਲ ਦੀ ਅਗਵਾਈ ਹੇਠ ਘੇਰਾ ਪਾ ਲਿਆ ਗਿਆ। ਗੋਮਤੀ ਨਦੀ ਦੱਖਣੀ ਪਾਸੇ ਤੋਂ ਬ੍ਰਿਟਿਸ਼ ਸੈਨਿਕ ਰੱਖਿਆ ਪੰਕਤੀ ਤੋੜ ਦੇ ਹੋਏ ਸਿਕੰਦਰਬਾਗ਼ ਪਹੁੰਚ ਗਏ। 16 ਨਵੰਬਰ ਨੂੰ ਇਸ ਸਥਾਨ ਤੇ ਇਕ ਫੈਸਲਾਕੁੰਨ ਸੰਘਰਸ਼ ਹੋਇਆ। ਇਸ ਦਿਨ ਹੋਈ ਹੱਥੋ ਹੱਥੀ ਲੜਾਈ ਨੇ ਲੰਬਾ ਸਮਾਂ ਗੋਰਿਆਂ ਨੂੰ ਸ਼ਾਹੀ ਨਿਵਾਸ ਤੇ ਕਬਜ਼ਾ ਨਾ ਕਰਨ ਦਿੱਤਾ। ਇਸ ਬਾਗ਼ੀ ਦਸਤੇ ਵਿੱਚ ਸ਼ਾਮਿਲ ਊਦਾ ਦੇਵੀ ਪਾਸੀ ਸੈਨਿਕ ਵਰਦੀ ਵਿੱਚ ਇਕ ਰੁੱਖ ਤੇ ਮੋਰਚਾ ਬਣਾ ਕੇ ਬੈਠੀ ਸੀ। ਉਸ ਕੋਲ ਰਵਾਇਤੀ ਕਿਸਮ ਦੇ ਪਿਸਤੌਲ ਅਤੇ ਹੋਰ ਅਸਲਾ ਸੀ। ਉਸ ਨੇ ਬ੍ਰਿਟਿਸ਼ ਸੈਨਿਕਾਂ ਦੇ ਆਹੂ ਲਾਹੁੰਦਿਆਂ 32 ਫ਼ਰੰਗੀ ਸੈਨਿਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਆਖ਼ਰ ਜਨਰਲ ਕੈਂਬਲ ਨੂੰ ਪਤਾ ਲੱਗ ਗਿਆ ਕਿ ਕੋਈ ਸੈਨਿਕ ਰੁੱਖ ਤੋਂ ਗੋਲਾ-ਬਾਰੀ ਕਰ ਰਿਹਾ ਹੈ। ਉਸ ਨੇ ਸੈਨਿਕਾਂ ਨੂੰ ਰੁੱਖ ਤੇ ਅੰਧਾਧੁੰਦ ਫਾਇਰਿੰਗ ਕਰਨ ਦਾ ਹੁਕਮ ਦੇ ਦਿੱਤਾ। ਇਸ ਪ੍ਰਕਾਰ ਇਕ ਵੀਰਗਾਂਣਾ ਦੀ ਸੈਂਕੜੇ ਗੋਲ਼ੀਆਂ ਨਾਲ ਛਲਣੀ ਹੋਈ ਲਾਸ਼ ਧਰਤੀ ਤੇ ਆ ਡਿੱਗੀ। ਧਰਤੀ ਤੇ ਡਿੱਗੀ ਹੋਈ ਊਦਾ ਦੇਵੀ ਪਾਸੀ ਦੀ ਲਾਸ਼ ਕੋਲ ਜਾਣ ਤੋਂ ਵੀ ਬਰਤਾਨਵੀ ਸੈਨਿਕ ਡਰ ਰਹੇ ਸਨ। ਉਸ ਨੂੰ ਸ਼ਹੀਦ ਹੋਣ ਤੋਂ ਬਾਅਦ ਵੀ ਦਰਜਨਾਂ ਗੋਲ਼ੀਆਂ ਮਾਰੀਆਂ ਗਈਆਂ। ਲੜਾਈ ਮੁੱਕਣ ਤੋਂ ਬਾਅਦ ਜਦੋਂ ਬ੍ਰਿਟਿਸ਼ ਸੈਨਿਕ ਉਸ ਦੀ ਅਡੋਲ ਪਈ ਲਾਸ਼ ਕੋਲ ਪਹੁੰਚੇ ਤਾਂ ਉਹਨਾਂ ਨੂੰ ਪਤਾ ਲੱਗਾ ਕਿ ਮਰਦਾਵੇਂ ਸੈਨਿਕ ਦੀ ਵਰਦੀ ਵਿੱਚ ਕਿਸੇ ਬਹਾਦਰ ਔਰਤ ਨੇ ਉਹਨਾਂ ਦਾ ਰਾਹ ਰੋਕਿਆ ਹੋਇਆ ਸੀ। ਉਸ ਦੀ ਪੇਟੀ ਨਾਲ ਅਜੇ ਵੀ ਕਾਰਤੂਸ ਬੱਝੇ ਹੋਏ ਸੀ ਅਤੇ ਇਕ ਲੋਡ ਕੀਤਾ ਹੋਇਆ ਰਿਵਾਲਵਰ ਉਸ ਨਿਰਜਾਨ ਹੱਥ ਵਿੱਚ ਅੜਿਆ ਹੋਇਆ ਸੀ। ਜਨਰਲ ਕੈਲਵਿਨ ਕੈਂਬਲ ਨੇ ਸੂਰਮਗਤੀ ਦੀ ਉਸ ਨਿਵੇਕਲੀ ਉਦਹਾਰਨ ਅੱਗੇ ਨਤਮਸਤਕ ਹੁੰਦਿਆਂ ਆਪਣਾ ਹੈਟ ਸਿਰ ਤੋਂ ਲਾਹਿਆ ਅਤੇ ਊਦਾ ਦੇਵੀ ਪਾਸੀ ਨੂੰ ਸਲੂਟ ਮਾਰਿਆ। ਆਖ਼ਰ ਉਹ ਜੰਗਜੂ ਔਰਤ ਇਕ ਸ਼ਾਨਦਾਰ ਵਿਦਾਇਗੀ ਦੀ ਹੱਕਦਾਰ ਸੀ।

×ਅੰਗਰੇਜ਼ ਸਾਰਜੈਂਟ ਫੋਰਬਸ ਮਿਸ਼ੇਲ ਸਿਕੰਦਰ ਬਾਗ ਵਿਚ ਇਕ ਵੱਡੇ ਪਿੱਪਲ਼ ਦੇ ਦਰੱਖਤ ਦੀ ਉਪਰਲੀ ਸ਼ਾਖਾ 'ਤੇ ਬੈਠੀ ਇਕ ਲੜਾਕੂ ਔਰਤ ਦਾ ਵਿਸ਼ੇਸ਼ ਤੌਰ ਤੇ ਜ਼ਿਕਰ ਕਰਦਾ ਹੈ। ਲੰਡਨ ਟਾਈਮਜ਼ ਦੇ ਪੱਤਰ ਪ੍ਰੇਰਕ, ×ਵਿਲੀਅਮ ਹਾਵਰਡ ਰਸਲ ਨੇ ਲੜਾਈ ਦੀ ਖ਼ਬਰ ਲੰਡਨ ਭੇਜ ਦਿੱਤੀ, ਜਿਸ ਵਿੱਚ ਉਸ ਨੇ ਜ਼ਿਕਰ ਕੀਤਾ ਕਿ ਇਕ ਪਿੱਪਲ਼ ਦੇ ਦਰੱਖਤ ਤੋਂ ਇੱਕ ਇਸਤਰੀ ਵਿਦਰੋਹੀ ਨੇ ਗੋਲੀਆਂ ਮਾਰ ਕੇ ਬ੍ਰਿਟਿਸ਼ ਫੌਜ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ। ਇੱਥੋਂ ਤੱਕ ਕਿ ×ਕਾਰਲ ਮਾਰਕਸ ਨੇ ਵੀ ਲੰਡਨ ਟਾਈਮਜ਼ ਵਿਚ ਪ੍ਰਕਾਸ਼ਤ ਖ਼ਬਰਾਂ ਦੇ ਅਧਾਰ ਤੇ ਇਸ ਘਟਨਾ ਨੂੰ ਆਪਣੇ ਇਕ ਪ੍ਰਤੀਕਰਮ ਵਿੱਚ ਵਿਸ਼ੇਸ਼ ਸਥਾਨ ਦਿੱਤਾ ਸੀ। ਇਕ ਉਚ ਜਾਟ ਦਾ ਮੰਗਲ ਪਾਂਡੇ ਧਾਰਮਿਕ ਕਾਰਨਾਂ ਕਰਕੇ ਦੋ ਬ੍ਰਿਟਿਸ਼ ਅਫਸਰਾਂ ਦੀ ਹੱਤਿਆ ਕਰਦਾ ਹੈ, ਤਾਂ ਇਤਿਹਾਸ ਦੇ ਕਿੰਨੇ ਪੰਨਿਆਂ ਨੂੰ ਕਾਲਾ ਕਰ ਦਿੱਤਾ ਜਾਂਦਾ ਹੈ। ਉਸਦੇ ਕਾਰਨਾਮਿਆਂ ਤੇ ਫਿਲਮਾਂ ਬਣਦੀਆਂ ਹਨ। ਪਰ ਜੇ ਕਿਤੇ ਗਾਂ ਦੀ ਚਰਬੀ ਵਾਲੀ ਅਫ਼ਵਾਹ ਨਾ ਫੈਲਦੀ ਤਾਂ ਉਹ ਸਾਰੀ ਉਮਰ ਗੋਰਿਆਂ ਦਾ ਪਿੱਠੂ ਬਣ ਕੇ ਯੂਨੀਅਨ ਜੈਕ ਨੂੰ ਸਲੂਟ ਮਾਰਦਾ ਰਹਿੰਦਾ। ਸਾਡੇ ਇਤਿਹਾਸਕਾਰਾਂ ਦੀ ਕਾਣ ਕਦੀ ਸਾਹਮਣੇ ਨਾ ਆਉਂਦੀ ਜੇ ਇਸ ਦਾ ਜ਼ਿਕਰ ਕਿਸੇ ਅੰਗਰੇਜ਼ ਫੌਜੀ ਅਧਿਕਾਰੀ ਅਤੇ ਉਸ ਪੱਤਰ ਪ੍ਰੇਰਕ ਦੁਆਰਾ ਨਾ ਕੀਤਾ ਹੁੰਦਾ। ਊਦਾ ਦੇਵੀ ਪਾਸੀ ਨੂੰ ਇੱਥੋਂ ਦੇ ਦਲਿਤ ਵਿਰੋਧੀ ਵਰਤਾਰੇ ਤਹਿਤ ਇਤਿਹਾਸ ਦੇ ਹਨੇਰੇ ਵਿਚ ਧੱਕਿਆ ਜਾਣਾ ਸੀ ਜੇ ਉਸ ਨਾਇਕਾ ਦੀ ਸ਼ਾਨਦਾਰ ਮੌਤ ਦਾ ਜ਼ਿਕਰ ਉਸਦੇ ਦੁਸ਼ਮਣਾਂ ਨੇ ਤਸਦੀਕ ਨਾ ਕੀਤਾ ਹੁੰਦਾ। ਉਸ ਮਹਾਨ ਨਾਇਕਾ ਦੀ ਪ੍ਰਤਿਮਾ ਪਿੱਛੇ ਜਹੇ ਲਖਨਊ ਵਿਚ ਸਿਕੰਦਰਬਾਗ ਨੇੜੇ ਇਕ ਚੌਰਾਹੇ ਵਿੱਚ ਸ਼ਸ਼ੋਭਿਤ ਕੀਤੀ ਗਈ ਹੈ। ਵਿਦਰੋਹ ਦੀ ਉਸ ਜਗਮਗਾਉਂਦੀ ਲਾਟ ਨੂੰ ਝੁੱਕਦੇ ਹੋਏ ਤਹਿ ਦਿਲੋਂ ਸਲਾਮ ਹੈ।















## ਗਲੋਬਲ ਹੰਗਰ ਇੰਡੈਕਸ ਰਿਪੋਰਟ

# ਭੁੱਖ ਨਾਲ ਘੁਲਦਾ ਭਾਰਤ

ਇੱਕ ਸਿਹਤਮੰਦ, ਨਰੋਏ ਅਤੇ ਖ਼ੁਸ਼ਹਾਲ ਸਮਾਜ ਵਾਸਤੇ ਕਿਸੇ ਵੀ ਕਿਸਮ ਦੇ ਵਿਤਕਰੇ ਅਤੇ ਕਾਣੀ ਵੰਡ ਤੋਂ ਮੁਕਤ ਜਮਹੂਰੀ ਅਤੇ ਨਿਆਂਪੂਰਨ ਪ੍ਰਬੰਧ ਦਾ ਹੋਣਾ ਜ਼ਰੂਰੀ ਹੈ। ਅਜਿਹਾ ਪ੍ਰਬੰਧ ਹੀ ਆਪਣੇ ਸੋਮਿਆਂ ਅਤੇ ਸਾਧਨਾਂ ਨੂੰ ਅਜਿਹੇ ਨਿਆਂਪੂਰਨ ਢੰਗ ਨਾਲ ਵਰਤੋਂ ਵਿੱਚ ਲਿਆ ਕੇ ਆਪਣੇ ਨਾਗਰਿਕਾਂ ਨੂੰ ਇੱਕ ਚੰਗੀ ਅਤੇ ਰਿਸ਼ਟ-ਪੁਸ਼ਟ ਜ਼ਿੰਦਗੀ ਦੇ ਸਕਦਾ ਹੈ। ਭਾਰਤ ਵਰਗੇ ਜਮਾਤੀ ਪ੍ਰਬੰਧ ਵਾਲੇ ਦੇਸ਼ ਵਿੱਚ ਜਿੱਥੇ ਕਰੋੜਾਂ ਲੋਕ ਜੀਵਨ ਦੀਆਂ ਬੁਨਿਆਦੀ ਜਰੂਰਤਾਂ - ਰੋਟੀ, ਕੱਪੜਾ, ਵਿੱਦਿਆ, ਸਿਹਤ ਅਤੇ ਮਕਾਨ ਤੋਂ ਵਾਂਝੇ ਜਾਂ ਘਾਟ ਦਾ ਸ਼ਿਕਾਰ ਹਨ, ਕਿਵੇਂ ਇੱਕ ਸਿਹਤਮੰਦ ਅਤੇ ਰਿਸ਼ਟ-ਪੁਸ਼ਟ ਜ਼ਿੰਦਗੀ ਬਸਰ ਕਰ ਸਕਦੇ ਹਨ ? ਬੇਸ਼ੱਕ ਨਰੇਂਦਰ ਮੋਦੀ ਨੇ 2014 ਮਗਰੋਂ ਅਥਾਹ ਵਿਕਾਸ ਅਤੇ ਖ਼ੁਸ਼ਹਾਲੀ ਦੇ ਸੋਹਲੇ ਗਾਏ, ਦੇਸ਼ ਦੇ 5 ਟ੍ਰਿਲੀਅਨ ਡਾਲਰ ਦੀ ਮਜਬੂਤ ਅਰਥ ਵਿਵਸਥਾ ਬਣ ਜਾਣ ਦੀ ਜੁਮਲੇਬਾਜੀ ਕੀਤੀ ਪਰ ਇਹ ਇੱਕ ਕੌੜਾ ਸੱਚ ਹੈ ਕਿ ਦੇਸ਼ ਦੇ ਕਰੋੜਾਂ ਲੋਕਾਂ ਨੂੰ ਪੇਟ ਦੀ ਅੱਗ ਬੁਝਾਉਣ ਖਾਤਰ ਨਿੱਤ-ਨਵੇਂ ਜਫਰ ਜਾਲਣੇ ਪੈਂਦੇ ਹਨ। ਇਸ ਕੌੜੀ ਸੱਚਾਈ ਤੋਂ ਪਰਦਾ ਚੁੱਕਦਿਆਂ ਸੰਸਾਰ ਭੁੱਖ ਸੂਚੀ (ਗਲੋਬਲ ਹੰਗਰ ਇੰਡੈਕਸ) ਦੀ 16 ਅਕਤੂਬਰ 2020 ਨੂੰ ਜਾਰੀ ਰਿਪੋਰਟ ਨੇ ਦੱਸ ਦਿੱਤਾ ਹੈ ਕਿ 107 ਦੇਸ਼ਾਂ ਵਿੱਚ ਸਾਡਾ ਰੈਂਕ 94ਵਾਂ ਹੈ। ਅਸੀਂ 27.2 ਅੰਕ ਨਾਲ ਭੁੱਖ ਸੂਚੀ ’ਚ ਚਿੰਤਾਜਨਕ ਕੈਟਾਗਰੀ ਦੇ ਪੈਮਾਨੇ ’ਤੇ ਖੜੇ ਹਾਂ।

ਸੰਸਾਰ ਭੁੱਖ ਸੂਚੀ ਨੂੰ ਬਣਾਉਣ ਲਈ ਚਾਰ ਜਰੂਰੀ ਮਾਪਦੰਡ ਹਨ ਜਿਸ ਅਨੁਸਾਰ ਅੰਕ ਮਿਲਦੇ ਹਨ। ਇਨ੍ਹਾਂ ਮਾਪਦੰਡਾਂ ਵਿੱਚ ਖ਼ੁਰਾਕ ਦੀ ਘਾਟ ਅਤੇ ਅਸੰਤੁਲਿਤ ਭੋਜਨ, 5 ਸਾਲ ਤੱਕ ਬੱਚਿਆਂ ਦੀ ਮੌਤ ਦਰ, ਉਨ੍ਹਾਂ ਦੇ ਕੱਦਕਾਠ ਦੇ ਹਿਸਾਬ ਨਾਲ ਭਾਰ ਅਤੇ ਉਮਰ ਦੇ ਹਿਸਾਬ ਨਾਲ ਕੱਦ ਦਾ ਮੈਪਾਨਾ ਮਿੱਥ ਕੇ ਸਰੀਰਕ ਵਿਕਾਸ ਅਤੇ ਨਿਰੋਗਤਾ ਦੇ ਪੱਧਰ ਨੂੰ ਦੇਖਿਆ ਜਾਂਦਾ ਹੈ। ਇਸ ਸਾਲ ਦੀ ਸੂਚੀ ਅਨੁਸਾਰ ਭਾਰਤ ਵਿੱਚ 14% ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ। 17.3% ਬੱਚੇ ਕੱਦ ਮੁਤਾਬਿਕ ਭਾਰ ਨਾ ਹੋਣ ਅਤੇ 34.7% ਬੱਚੇ ਉਮਰ ਦੇ ਮੁਤਾਬਿਕ ਕੱਦ ਨਾ ਵਧਣ ਦੀ ਕਮਜ਼ੋਰੀ ਦੇ ਸ਼ਿਕਾਰ ਹਨ। ਪੰਜ ਸਾਲ ਤੱਕ ਮੌਤ ਦਰ 3.7% ਹੋਣਾ ਵੀ ਇੱਕ ਬੇਹੱਦ ਚਿੰਤਾਜਨਕ ਫੈਕਟਰ ਹੈ। ਉਪਰੋਕਤ ਅੰਕੜੇ ਸਾਬਤ ਕਰਦੇ ਹਨ ਕਿ ਭਾਰਤ ਵਿੱਚ ਲੋਕ ਖਾਸ ਕਰਕੇ ਬੱਚੇ ਵੱਡੀ ਪੱਧਰ ’ਤੇ ਭੋਜਨ ਖਾਸ ਕਰਕੇ ਸੰਤੁਲਿਤ ਭੋਜਨ ਦੀ ਕਮੀ ਦਾ ਸ਼ਿਕਾਰ ਹਨ, ਜੋ ਮੋੜਵੇਂ ਰੂਪ ਵਿੱਚ ਉਨਾਂ ਦੇ ਸਰੀਰਕ, ਮਾਨਸਿਕ ਅਤੇ ਬੌਧਿਕ ਵਿਕਾਸ ਨੂੰ ਨਾਂਹ-ਪੱਖੀ ਰੂਪ ’ਚ ਪ੍ਰਭਾਵਿਤ ਕਰਦਾ ਹੈ।

ਇਸ ਮਾਮਲੇ ਵਿੱਚ ਚੀਨ, ਬੇਲਾਰੂਸ, ਯੂਕਰੇਨ, ਤੁਰਕੀ, ਕਿਊਬਾ ਆਦਿ ਦੇਸ਼ ਬੇਹਤਰ ਸਥਿਤੀ ਵਿੱਚ ਹਨ। ਸਾਡੇ ਤੋਂ ਕਮਜ਼ੋਰ ਦੇਸ਼ ਵੀ ਇਸ ਮਾਮਲੇ ਵਿੱਚ ਕਿਤੇ ਬੇਹਤਰ ਸਥਿਤੀ ਵਿੱਚ ਹਨ। ਗਵਾਂਢੀ ਦੇਸ਼ ਸ਼੍ਰੀ ਲੰਕਾ 16.3 ਅੰਕ ਲੈ ਕੇ 64ਵੇਂ ਸਥਾਨ ਉੱਪਰ, ਨੇਪਾਲ 19.5 ਅੰਕਾਂ ਨਾਲ 73ਵੇਂ ਸਥਾਨ ਅਤੇ ਬੰਗਲਾਦੇਸ਼ 20.4 ਅੰਕ ਲੈ ਕੇ 75ਵੇਂ ਸਥਾਨ ’ਤੇ ਹੈ। ਇੱਥੋਂ ਤੱਕ ਕਿ ਸਾਡੇ ਤੋਂ ਕਿਤੇ ਵੱਧ ਪਛੜਿਆ ਦੇਸ਼ ਪਾਕਿਸਤਾਨ ਵੀ 24.6 ਅੰਕ ਲੈ ਕੇ 88ਵੇਂ ਸਥਾਨ ’ਤੇ ਸਾਡੇ ਤੋਂ ਬੇਹਤਰ ਪੁਜੀਸ਼ਨ ’ਚ ਹੈ। ਭਾਰਤ, ਰਵਾਂਡਾ, ਨਾਇਜੀਰੀਆ ਅਤੇ ਅਫਗਾਨਿਸਤਾਨ ਵਰਗੇ ਦੇਸ਼ਾਂ ਤੋਂ ਥੋੜਾ ਹੀ ਬੇਹਤਰ ਸਾਬਿਤ ਹੋ ਸਕਿਆ। ਮੋਟੇ ਰੂਪ ਵਿੱਚ ਸੰਸਾਰ ਭੁੱਖ ਸੂਚੀ ਅਨੁਸਾਰ ਅਫਰੀਕੀ ਮਹਾਂਦੀਪ ਦਾ ਜਿਆਦਾਰ ਹਿੱਸਾ ਅਤੇ ਦੱਖਣ ਏਸੀਆ ਦੇ ਦੇਸ਼ਾਂ ਦੀ ਸਥਿਤੀ ਚਿੰਤਾਜਨਕ ਜਾਂ ਉਸਤੋਂ ਹੇਠਲੇ ਪੱਧਰ ’ਤੇ ਸਾਹਮਣੇ ਆਈ ਹੈ। ਇਸ ਰਿਪੋਰਟ ਨੇ ਸੰਸਾਰ ਪੱਧਰ ’ਤੇ ਅਸਾਵੇਂ ਵਿਕਾਸ ਵਾਲੀ ਪੂੰਜੀਵਾਦੀ ਪ੍ਰਣਾਲੀ ਦੇ ਸਾਮਰਾਜੀ ਕੋਹੜ ਨੂੰ ਵੀ ਜੱਗ ਜਾਹਿਰ ਕੀਤਾ ਹੈ ਜਿਸ ਵਿੱਚ ਸੰਸਾਰ ਦੀ ਵਸੋਂ ਦਾ ਇੱਕ ਵੱਡਾ ਹਿੱਸਾ ਜੀਵਨ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ, ਮਕਾਨ ਤੋਂ ਹੀ ਵਾਂਝਾ ਹੈ।

ਕਹਿਣ ਨੂੰ ਤਾਂ ਭਾਰਤ ਵਿੱਚ ਸਸਤੇ ਅਨਾਜ ਦੀ ਉਪਲੱਭਧਤਾ ਲਈ ਜਨਤਕ ਵੰਡ ਪ੍ਰਣਾਲੀ ਤਹਿਤ ਰਾਸ਼ਨ ਡਿੱਪੂ ਖੋਹਲੇ ਗਏ ਹਨ। 2013 ਵਿੱਚ ਕੌਮੀ ਭੋਜਨ ਸੁਰੱਖਿਆ ਕਾਨੂੰਨ ਬਣਾ ਕੇ 75% ਪੇਂਡੂ ਅਤੇ 50% ਸ਼ਹਿਰੀ ਵਸੋਂ ਨੂੰ ਜਨਤਕ ਵੰਡ-ਪ੍ਰਣਾਲੀ ਰਾਹੀਂ ਅਨਾਜ ਸੁਰੱਖਿਆ ਮੁਹੱਈਆ ਕੀਤੀ ਗਈ ਹੈ। ਨਰੇਂਦਰ ਮੋਦੀ ਦੀ ਭਾਜਪਾ ਸਰਕਾਰ ਨੇ ਤਾਂ 2018 ’ਚ ਬੱਚਿਆਂ ਨੂੰ ਖ਼ੁਰਾਕੀ ਤੱਤਾਂ ਨਾਲ ਭਰਪੂਰ ਸੰਤੁਲਿਤ ਭੋਜਨ ਦੇਣ ਲਈ ਪੋਸ਼ਣ ਅਭਿਆਨ ਵੀ ਚਲਾਇਆ ਹੈ ਪਰ ਇਨ੍ਹਾਂ ਸਾਰੀਆਂ ਸਕੀਮਾਂ ਅਤੇ ਕਾਨੂੰਨਾਂ ਦੇ ਬਾਵਜੂਦ ਭਾਰਤ ’ਚ ਭੁੱਖਮਰੀ ਜਾ ਅਰਧ-ਭੁੱਖਮਰੀ ਮੌਜੂਦ ਹੈ ਅਤੇ ਜੇਕਰ ਇਸਨੂੰ ਚੰਦ ਸਕੀਮਾਂ ਅਤੇ ਕਾਨੂੰਨਾਂ ਨਾਲ ਦੂਰ ਕੀਤਾ ਜਾ ਸਕਦਾ ਹੁੰਦਾ ਤਾਂ ਹੁਣ ਤੱਕ ਕਦੋਂ ਦਾ ਇਸਦਾ ਫਸਤਾ ਵੱਢਿਆ ਜਾਂਦਾ ਪਰ ਅਜਿਹਾ ਹੋਇਆ ਨਹੀਂ, ਕਿਉਂ ?

ਭਾਰਤ ਇੱਕ ਅਰਧ-ਜਗੀਰੂ ਅਤੇ ਅਰਧ-ਬਸਤੀਵਾਦੀ ਦੇਸ਼ ਹੈ। ਜਿਸ ਵਿੱਚ ਦੇਸ਼ ਦੇ ਆਜ਼ਾਦ ਅਤੇ ਆਤਮ-ਨਿਰਭਰ ਵਿਕਾਸ ਨੂੰ ਮੁਲਕ ਦੇ ਕਰਤੇ-ਧਰਤਿਆਂ ਨੇ ਸਾਮਰਾਜ ਦੀ ਅਧੀਨਗੀ ਨਾਲ ਨਰੜ ਕੇ ਨਾਗਵਲ ਮਾਰਿਆ ਹੋਇਆ ਹੈ। ਇਨ੍ਹਾਂ ਦੀ ਦਿਲਚਸਪੀ ਦੇਸ਼ ਨੂੰ ਪਛੜੇਵੇਂ ਮਾਰਾ ਰੱਖ ਕੇ ਸਾਧਨਾਂ ਅਤੇ ਸੋਮਿਆਂ ਦੀ ਲੁੱਟ-ਖਸੁੱਟ ਕਰਨ ਦੀ ਹੈ। ਜਿਸ ਵਿੱਚ ਵਸੋਂ ਦਾ ਇੱਕ ਵੱਡਾ ਹਿੱਸਾ ਪੇਂਡੂ ਆਰਥਿਕਤਾ ਭਾਵ ਖੇਤੀਬਾੜੀ ’ਤੇ ਨਿਰਭਰ ਹੈ। ਖੇਤੀਬਾੜੀ ਲਈ ਜ਼ਰੂਰੀ ਪੈਦਾਵਾਰੀ ਸਾਧਨ ਜ਼ਮੀਨ ਦੀ ਕਾਣੀ ਵੰਡ ਕਾਰਨ ਬਹੁਤਾ ਹਿੱਸਾ ਬੇਜ਼ਮੀਨਾ ਜਾਂ ਥੁੜਜ਼ਮੀਨਾ ਹੈ ਸਿੱਟੇ ਵਜੋਂ ਖੇਤੀ ਤੇ ਨਿਰਭਰ ਵਸੋਂ ਦਾ ਬਹੁਤਾ ਹਿੱਸਾ ਜ਼ਿੰਦਗੀ ਦੀਆਂ ਮੁੱਢਲੀਆਂ ਲੋੜਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸੋਮੇ ਅਤੇ ਸਾਧਨਾਂ ਤੋਂ ਮਹਿਰੂਮ ਹੈ। ਖੇਤੀ ’ਤੇ ਵਸੋਂ ਦੀ ਵਧੇਰੇ ਨਿਰਭਰਤਾ ਨੂੰ ਘਟਾਉਣ ਲਈ ਸਨਅਤੀਕਰਨ ਲੋੜੀਂਦਾ ਹੈ ਪਰ ਸਾਮਰਾਜ ’ਤੇ ਨਿਰਭਰ ਹਾਕਮ ਅਜਿਹਾ ਕਰਨੋ ਇਨਕਾਰੀ ਹਨ, ਸਿੱਟੇ ਵਜੋਂ ਬੇਰੁਜ਼ਗਾਰੀ ਅਤੇ ਗਰੀਬੀ ਵਿਕਰਾਲ ਰੂਪ ’ਚ ਸਾਡੇ ਸਮਾਜ ਵਿੱਚ ਮੌਜੂਦ ਹਨ ਜਿਸਦਾ ਸਿੱਧਾ ਅਸਰ ਖ਼ੁਰਾਕੀ ਲੋੜਾਂ ਪੂਰੀਆਂ ਨਾ ਹੋਣ ਵਿੱਚ ਨਿਕਲਦਾ ਹੈ। ਇਸਦੇ ਨਾਲ ਹੀ ਵਿੱਦਿਆ ਦੀ ਘਾਟ, ਜਗੀਰੂ ਮਾਨਸਿਕਤਾ ਤਹਿਤ ਕੁੜੀ-ਮੁੰਡੇ ਵਿੱਚ ਵਖਰੇਵਾਂ ਜਾਤ-ਪਾਤੀ ਵਿਵਸਥਾ ਆਦਿ ਵੀ ਇਸ ਭੁੱਖਮਰੀ ਦੀ ਹਾਲਤ ਨੂੰ ਹੋਰ ਬੁਰਾ ਬਣਾਉਂਦੇ ਹਨ।

ਬੀਤੇ ਸਮੇਂ ਵਿੱਚ ਦੇਸ਼ ਦੇ ਹੁਕਮਰਾਨਾਂ ਵੱਲੋਂ ਲਾਗੂ ਕੀਤੀਆਂ ਜਾ ਰਹੀਆਂ ਸੰਸਾਰੀਕਰਨ, ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਆਰਥਿਕ ਨੀਤੀਆਂ ਵੀ ਇਸ ਅਵਸਥਾ ਲਈ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਜਨਤਕ ਵੰਡ ਪ੍ਰਣਾਲੀ ਰਾਹੀਂ ਸਸਤਾ ਅਨਾਜ ਮੁਹੱਈਆ ਕਰਵਾਉਣ ਦੀ ਸਾਰੀ ਅਵਸਥਾ ਨੂੰ ਕਦਮ-ਬ-ਕਦਮ ਖੋਰਾ ਲਾ ਕੇ ਭੋਗ ਪਾਇਆ ਜਾ ਰਿਹਾ। ਇਸ ਲਈ ਸਬਸਿਡੀਆਂ ਨੂੰ ਤਰਕ-ਸੰਗਤ ਬਣਾਉਣ ਦਾ ਤਰਕ ਦੇ ਕੇ ਸੀਮਤ ਕੀਤਾ ਜਾ ਰਿਹਾ ਹੈ। ਲੋੜਵੰਦ ਲੋਕਾਂ ਦੇ ਘੇਰੇ ਨੂੰ ਛਾਨਣਾ ਲਾਉਣ ਲਈ ਗਰੀਬੀ ਰੇਖਾ ਦੇ ਪੈਮਾਨੇ ਨੂੰ ਬਦਲ ਦਿੱਤਾ ਗਿਆ। ਅਧਾਰ ਖਾਤੇ ਨਾਲ ਇਨ੍ਹਾਂ ਨੂੰ ਲਿੰਕ ਕਰਨ ਅਤੇ ਸਿੱਧੀ ਅਦਾਇਗੀ ਵਰਗੇ ਕਦਮ ਪੁੱਟ ਕੇ ਜਨਤਕ ਵੰਡ ਪ੍ਰਣਾਲੀ ਸਿਸਟਮ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ।

2014 ਵਿੱਚ ਜਦੋਂ ਦੀ ਭਾਜਪਾ ਕੇਂਦਰ ਦੀ ਸੱਤਾ ’ਤੇ ਬਿਰਾਜਮਾਨ ਹੋਈ ਹੈ, ਉਦੋਂ ਤੋਂ ਫਾਸ਼ੀਵਾਦ ਦੇ ਆਰਥਿਕ ਹਮਲੇ ਦੀ ਧਾਰ ਹੋਰ ਤਿੱਖੀ ਕਰ ਦਿੱਤੀ ਗਈ ਹੈ। ਇਸ ਹਮਲੇ ਨੂੰ ਤਿੱਖਾ ਕਰਨ ਲਈ ਕਾਰਪੋਰੇਟ ਪਹਿਲਾਂ ਹੀ ਤਰਲੋਮੱਛੀ ਹੋ ਰਹੇ ਸਨ। ਗੁਜਰਾਤ-ਮਾਡਲ ਨੂੰ ਲਾਗੂ ਕਰਕੇ ਨਰੇਂਦਰ ਮੋਦੀ ਨੇ ਉਨ੍ਹਾਂ ਨੂੰ ਪਹਿਲਾਂ ਹੀ ਇਹ ਜਚਾਇਆ ਕਿ ਉਨ੍ਹਾਂ ਦੇ ਹਿੱਤ ਲਈ ਭਾਜਪਾ ਤੇ ਨਰੇਂਦਰ ਮੋਦੀ ਹੀ ਢੁੱਕਵੇਂ ਹਨ। ਹੁਣ ਤਿੰਨ ਖੇਤੀ ਕਾਨੂੰਨਾਂ ਰਾਹੀਂ ਦੇਸ਼ ਦੀ ਅਨਾਜ ਸੁਰੱਖਿਆ ਸਮੇਤ ਸਮੁੱਚੇ ਖੇਤੀ ਅਰਥਚਾਰੇ ਨੂੰ ਕਾਰਪੋਰੇਟ ਖੇਤਰ ਦੇ ਹਵਾਲੇ ਕਰਨ ਦਾ ਪ੍ਰੋਗਰਾਮ ਵਿੱਢ ਦਿੱਤਾ ਗਿਆ ਹੈ। ਇਨ੍ਹਾਂ ਕਾਨੂੰਨਾਂ ਕਾਰਨ ਗਰੀਬ-ਦਰਮਿਆਨਾ ਕਿਸਾਨ, ਪੇਂਡੂ ਮਜ਼ਦੂਰ ਅਤੇ ਹੋਰ ਕਿਰਤੀ ਅਤੇ ਦੁਕਾਨਦਾਰ ਤਬਾਹ ਹੋਣਗੇ। ਉਨ੍ਹਾਂ ਦੀ ਰੋਜੀ-ਰੋਟੀ ਦਾ ਵਸੀਲਾ ਉਹਨਾਂ ਤੋਂ ਖੁੱਸ ਜਾਵੇਗਾ, ਸਿੱਟੇ ਵਜੋਂ ਵਸੋਂ ਦੇ ਇੱਕ ਵੱਡੇ ਹਿੱਸੇ ਦੀ ਰਹਿੰਦੀ-ਖੂੰਹਦੀ ਭੋਜਨ ਸੁਰੱਖਿਆ ਵੀ ਦਾਅ ’ਤੇ ਲੱਗੇਗੀ। ਇਸ ਅਵਸਥਾ ਵਿੱਚ ਸੰਸਾਰ ਭੁੱਖ ਸੂਚੀ ਵਿੱਚ ਭਾਰਤ ਦਾ ਰੈਂਕ ਸੁਧਰਨ ਦੇ ਕੋਈ ਆਸਾਰ ਨਹੀਂ ਹਨ।

ਫਿਰ ਸਵਾਲਾਂ ਦਾ ਸਵਾਲ ਤਾਂ ਇਹ ਹੈ ਕਿ ਕੀ ਭਾਰਤ ਦੀ ਵਿਸ਼ਾਲ ਲੋਕਾਈ ਇਸੇ ਤਰ੍ਹਾਂ ਹੀ ਭੁੱਖਮਰੀ ਨਾਲ ਘੁਲਦੀ ਰਹੇਗੀ ? ਕੀ ਇਸਦਾ ਕੋਈ ਹੱਲ ਹੈ ? ਦੇਸ਼ ਦੇ ਹਰੇਕ ਬਸ਼ਿੰਦੇ ਲਈ ਭਰ ਪੇਟ ਅਤੇ ਸੰਤੁਲਿਤ ਭੋਜਨ ਮੁਹੱਈਆ ਹੋ ਸਕਦਾ। ਇਸਦੇ ਰਾਹ ਵਿੱਚ ਇੱਕ ਵੱਡੀ ਰੁਕਾਵਟ ਭਾਜਪਾ ਦਾ ਫਾਸ਼ੀਵਾਦੀ ਹਮਲਾ ਹੈ। ਇਸ ਹਮਲੇ ਨੂੰ ਫੌਰੀ ਤੌਰ ’ਤੇ ਠੱਲਣ ਤੋਂ ਇਲਾਵਾ ਸਾਡੇ ਲਈ ਅਰਧ-ਜਗੀਰੂ ਅਰਧ-ਬਸਤੀ ਨਿਜ਼ਾਮ ਨੂੰ ਬੁਨਿਆਦੀ ਤੌਰ ’ਤੇ ਬਦਲ ਕੇ ਸਮਾਜ ਦਾ ਜਮਹੂਰੀ ਕਾਇਆਕਲਪ ਕਰਨ ਦੀ ਅਟੱਲ ਲੋੜ ਹੈ। ਇਸ ਕਾਰਜ ਨੂੰ ਪੂਰਾ ਕਰਨ ਲਈ ਸਾਮਰਾਜੀ ਲੁੱਟ ਦੇ ਤੰਤਰ ਨੂੰ ਖਤਮ ਕਰਨ ਦੇ ਨਾਲ-ਨਾਲ ਜ਼ਮੀਨ ਦੀ ਕਾਣੀ ਵੰਡ ਨੂੰ ਇਨਕਲਾਬੀ ਜ਼ਮੀਨੀ ਸੁਧਾਰਾਂ ਰਾਹੀਂ ਖਤਮ ਕਰਕੇ ਬੇਜ਼ਮੀਨੇ ਲੋਕਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਕੇ ਸਾਂਝੀ ਖੇਤੀ ਲਈ ਉਤਸ਼ਾਹਿਤ ਕਰਨ ਪਵੇਗਾ। ਖੇਤੀ ਅਤੇ ਕੁਦਰਤੀ ਮਾਲ-ਖਜ਼ਾਨਿਆਂ ’ਤੇ ਅਧਾਰਿਤ ਆਜ਼ਾਦ ਅਤੇ ਆਤਮ-ਨਿਰਭਰ ਸਹਿਕਾਰੀ ਸਨਅਤ ਦੀ ਉਸਾਰੀ ਕਰਕੇ ਕਿਸਾਨਾਂ-ਮਜ਼ਦੂਰਾਂ ਅਤੇ ਹੋਰ ਤਬਕਿਆਂ ਨੂੰ ਨਾ ਸਿਰਫ ਭੁੱਖ ਤੋਂ ਬਲਕਿ ਲੁੱਟ, ਵਿਤਕਰੇ ਅਤੇ ਜਬਰ-ਜ਼ੁਲਮ ਤੋਂ ਨਿਜਾਤ ਦਵਾਈ ਜਾ ਸਕਦੀ ਹੈ। ਇਸ ਵਾਸਤੇ ਇਨਕਲਾਬੀ ਲਹਿਰ ਨੂੰ ਤੇਜ਼ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ।








ਪਾਸ਼ ਔਂਜਲਾ

# ਸਰਬ ਭਾਰਤ ਦੀ ਜਮਹੂਰੀਅਤ ਨੂੰ ਖਤਰਾ



ਏਸ ਸੰਘਰਸ਼ਾਂ ਦੇ ਦੌਰ 'ਚ ਜੋ ਅੱਜ ਅਸੀਂ ਦੇਖ ਰਹੇ ਹਾਂ ਕਿ ਪੰਜਾਬ ਚ ਵੰਨ ਸੁਵੰਨੇ ਫੁੱਲ ਖਿੜ ਪਏ ਨੇ ਕਿਸਾਨੀ ਸੰਘਰਸ਼ ਆਪਣੇ ਸਿਖਰ 'ਤੇ ਪਹੁੰਚਦਾ ਹੋਇਆ ਸਰਕਾਰਾਂ ਨੂੰ ਦਹਾੜਦਾ ਹੋਇਆ ਅੱਗੇ ਵੱਧ ਰਿਹਾ ਹੈ।

ਕਿਸਾਨ ਮਜ਼ਦੂਰ ਵਰਗ ਸਦੀਆਂ ਤੋਂ ਲਤਾੜਿਆ ਰਿਹਾ ਪਿੱਠਾਂ 'ਤੇ ਕਰਜ਼ਿਆਂ ਦੇ ਭਾਰ ਸਰਕਾਰਾਂ ਦੀ ਲੁੱਟ ਦਾ ਸ਼ਿਕਾਰ ਹੁੰਦਾ ਰਿਹਾ ਮੁੱਢ ਤੋਂ ਹੀ ਸਰਕਾਰਾਂ ਮਜ਼ਦੂਰਾਂ ਕਿਸਾਨਾਂ ਲੋਕਾਂ ਨੂੰ ਫਾਹੇ ਲਾਉਂਦੀਆਂ ਆਈਆਂ। ਜਿਹੜੇ ਮਜ਼ਦੂਰ ਕਿਸਾਨ ਨੂੰ ਸਰਕਾਰ ਸਾਰੀ ਉਮਰ ਲਤਾੜਦੀ ਰਹੀ ਨਿਚੋੜਦੀ ਰਹੀ ਖ਼ੂਨ ਪੀਂਦੀ ਰਹੀ ਕੀੜੇ ਮਕੌੜੇ ਸਮਝਦੇ ਹੋਏ ਮਜ਼ਦੂਰਾਂ ਦਲਿਤ ਵਰਗਾਂ ਨੂੰ ਬੇਇੱਜ਼ਤ ਕਰਦੀ ਰਹੀ।

ਤੇ ਜਿਵੇਂ ਕਿ ਅਸੀਂ ਵੇਖ ਰਹੇ ਹਾਂ ਕਿ ਸਮੇਂ ਨੇ ਕਰਵਟ ਲਈ ਤੇ ਅੱਜ ਰਵਾਇਤੀ ਵੋਟ ਪਾਰਟੀਆਂ ਜਿਨ੍ਹਾਂ ਨੂੰ ਡਰ ਹੈ ਕਿ 2022 ਦੀਆਂ ਵੋਟਾਂ ਅਤੇ ਕੁਰਸੀ ਤੇ ਸੱਤਾ ਦਾ ਲਾਲਚ ਖਾ ਰਿਹਾ ਤੇ ਵੱਖੋ -ਵੱਖਰੇ ਕਾਰਜ ਕਰਾ ਰਿਹਾ। ਤੇ ਜਦੋਂ ਅੱਜ ਸਰਕਾਰਾਂ ਕੋਲ ਕਹਿਣ ਲਈ ਕੁਝ ਨਾ ਬਚਿਆ ਤਾਂ ਉਨ੍ਹਾਂ ਸਮੇਂ ਦਾ ਰੁੱਖ ਦੇਖਦਿਆਂ ਸਿਰਫ਼ ਤੇ ਸਿਰਫ਼ ਟਰੈਕਟਰਾਂ ਤੇ ਬੈਠ ਭਲਵਾਨੀ ਗੇੜੇ ਕੱਢ। ਪੰਜਾਬ ਦੇ ਉੱਪਰੋਂ -ਉੱਪਰੋਂ ਦਿੰਦੇ ਹੋਏ ਉਹ ਵੱਖੋ ਵੱਖਰੇ ਟਰੈਕਟਰ ਤੇ ਜੱਦੀ ਪੁਸ਼ਤੀ ਚੱਲਦਾ ਆ ਰਿਹਾ ਚੋਣ ਨਿਸ਼ਾਨ ਸਿਰਫ਼ ਤੇ ਸਿਰਫ਼ ਹਾਜ਼ਰੀ ਲਵਾਉਂਦੇ ਹੋਏ ਰਵਾਇਤੀ ਪਾਰਟੀਆਂ ਨੇ ਆਪਣੇ ਆਪਣੇ ਨਾਟਕ ਖੇਡੇ ਇੱਕ ਦਿਨ ਦੀ ਸ਼ਾਰਟ ਫਿਲਮ ਬਣਾਈ ਸਿਰਫ਼ ਤੇ ਸਿਰਫ਼ ਲੋਕਾਂ ਦਾ ਦਿਲ ਜਿਤਣ ਦੀਆਂ ਕੋਸ਼ਿਸ਼ਾਂ ਕਰਦੀ ਹੋਈ ਅੱਜ ਮਜ਼ਦੂਰ ਵਰਗ ਦੀ ਗੱਲ ਨੂੰ ਮੁੱਖ ਰੱਖਦਿਆਂ ਕਿਸਾਨਾਂ ਨੂੰ ਧਿਆਨ ਚ ਰੱਖਦਿਆਂ ਮਜਦੂਰਾਂ ਨੂੰ ਮੋਢੇ ਤੇ ਬਿਠਾ ਲੋਕ ਭਰਮਾਊ ਫਲਾਪ ਰੋਡ ਸ਼ੋਅ ਕਰਦੀਆਂ ਹੋਈਆਂ ਮੌਕੇ ਦੀਆਂ ਤਸਵੀਰਾਂ ਬਣਾਉਂਦੀਆਂ ਹੋਈਆਂ ਸੱਤਾ ਚ' ਐਂਟਰ ਕਰਨ ਸਾਰ ਫਿਰ ਤੋਂ ਝੂਠੇ ਵਾਇਦਿਆਂ ਨੂੰ ਪਾਸੇ ਰੱਖ ਫਿਰ ਤੋਂ ਮਜ਼ਦੂਰ ਦਲਿਤਾਂ ਕਿਸਾਨਾਂ ਨੌਜਵਾਨਾਂ ਨੂੰ ਤੇ ਕੁੱਲ ਲੁਕਾਈ ਨੂੰ ਮੁੜ ਤੋਂ ਚਰਖੜੀਆਂ ਤੇ ਚਾੜ੍ਹ ਦੇਣਗੀਆਂ ਇਹ ਇਸ ਮੋਦੀ ਯੋਗੀ ਵਿੱਚ ਜਿਹੜਾ ਹਿਟਲਰ ਬੋਲਦਾ ਹੈ ਉਸ ਦਾ ਅੰਤ ਲਾਜ਼ਿਮ ਹੈ।

ਮੋਦੀ ਯੋਗੀ ਭਾਜਪਾ ਸਰਕਾਰ ਦੇ ਰੋਜ਼ਾਨਾ ਹੀ ਹਜ਼ਾਰਾਂ ਪੁਤਲੇ ਫੂਕੇ ਜਾ ਰਹੇ ਹਨ ਮੋਦੀ ਹਿਟਲਰ ਦੇ ਬੁੱਤ ਬਣਾ ਕੇ ਛਿੱਤਰ ਮਾਰੇ ਜਾ ਰਹੇ ਹਨ [illegible] ਵੱਧ ਚੜ੍ਹ ਕੇ ਹਿੱਸਾ ਲੈ ਰਹੇ ਨੇ ਮਜ਼ਦੂਰ ਕਿਸਾਨ ਨੌਜਵਾਨਾਂ ਦੀ ਤਾਕਤ ਨੇ ਦਿੱਲੀ ਨੂੰ ਪੰਜਾਬ ਚ ਗੇੜੇ ਕੱਢਣ ਲਈ ਮਜਬੂਰ ਕਰ ਦਿੱਤਾ ਭਾਰਤ ਦੀ ਮਜ਼ਦੂਰ ਜਮਾਤ ਨੇ ਬਗ਼ਾਵਤ ਦਾ ਸੁਨੇਹਾ ਦੇ ਕੇ ਸਰਮਾਏਦਾਰਾਂ ਦਾ ਕੀਤਾ ਪਰਦਾਫਾਸ਼ ਸਰਕਾਰਾਂ ਦੀ ਪਤੰਗ ਦੀਆਂ ਡੋਰਾਂ ਵਾਂਗ ਉਲਝਾਏ ਲੋਕ ਵੱਖੋ ਵੱਖਰੇ ਫ਼ਿਰਕਿਆਂ ਚ ਵੰਡ ਜਾਤਾਂ ਪਾਤਾਂ ਧਰਮਾਂ ਦੇ ਗੇੜ ਚ ਫਸੇ ਵਰ੍ਹਿਆਂ ਤੋਂ ਕੰਗਾਲੀਆਂ ਹੰਢਾ ਰਹੇ ਨੇ ਦੂਜੇ ਪਾਸੇ ਕਰੋੜਪਤੀਆਂ ਦੀਆਂ ਗਿਣਤੀਆਂ ਮਿਣਤੀਆਂ ਚ ਲਗਾਤਾਰ ਚੋਖੇ ਵਾਧੇ ਹੋ ਰਹੇ ਨੇ ਅੱਜ ਕਾਲੇ ਕਨੂੰਨ ਦਾ ਵਿਰੋਧ ਚ' ਬੱਚੇ ਨੌਜਵਾਨ ਕਿਸਾਨ ਵਿਦਿਆਰਥੀ ਮਜ਼ਦੂਰ ਮੁਲਾਜ਼ਮ ਵਕੀਲ ਵੱਡੀ ਪੱਧਰ 'ਚ ਸੰਘਰਸ਼ਾਂ 'ਚ ਹਿੱਸਾ ਲੈ ਰਹੇ ਨੇ।



ਸ਼ਮੂਲੀਅਤ ਕਰ ਰਹੇ ਨੇ ਹਿੰਦੁਸਤਾਨ ਦੀਆਂ ਮਜ਼ਦੂਰ ਕਿਸਾਨ ਤਾਕਤਾਂ ਨੇ ਸਰਮਾਏਦਾਰਾਂ ਨੂੰ ਲਲਕਾਰਿਆ ਤੇ ਮਜ਼ਦੂਰ ਕਿਸਾਨ ਸਾਂਝੇ ਮੋਰਚਿਆਂ ਚ ਤਬਦੀਲ ਦਿਨ ਰਾਤ ਪਹਿਰਾ ਦੇ ਰਹੇ ਨੇ ਅਣਮਿੱਥੇ ਸਮੇਂ ਲਈ ਚੱਲ ਰਹੇ ਮੋਰਚਿਆਂ ਧਰਨਿਆਂ ਚ ਪੰਜਾਬ ਦੇ ਨੌਜਵਾਨ ਕਿਸਾਨ ਮਜ਼ਦੂਰ ਹਰ ਵਰਗ ਦੇ ਲੋਕ ਦਿਨ ਰਾਤ ਜੁਟੇ ਹੋਏ ਨੇ ਰਿਟਾਇਰ ਫੌਜੀ ਵਿਹਾਰ ਦਾ ਨਾਅਰਾ ਮਾਰਦੇ ਹੋਏ ਅੱਗੇ ਵਧ ਰਹੇ ਨੇ ਨੌਜਵਾਨ ਭਾਰਤ ਸਭਾ ਚ ਵਿਦਿਆਰਥੀ ਬਸੰਤੀ ਰੰਗ ਦੀਆਂ ਪੱਗਾਂ ਮਨ ਵਲੰਟੀਅਰ ਵਜੋਂ ਤੈਨਾਤ ਹਨ ਹਿੰਦੁਸਤਾਨ ਦੀਆਂ ਲੋਕ ਪੱਖੀ ਤਾਕਤਾਂ ਨੇ ਫਾਸਿਸਟਾਂ ਨੂੰ ਭਾਜੜਾਂ ਪਾਈਆਂ ਤੇ ਸਿੱਧੇ ਹੋ ਕੇ ਲਲਕਾਰਿਆ ਅੱਜ ਜੋ ਸਮਾਂ ਚੱਲ ਰਿਹਾ ਹੈ ਅਸੀਂ ਦੇਖ ਰਹੇ ਹਾਂ ਜਿਵੇਂ ਕਿ ਪੰਜਾਬ ਤੋਂ ਬਾਹਰ ਵੀ ਭਾਰਤ ਦੇ ਵਿੱਚ ਵੱਖ ਵੱਖ ਸੂਬਿਆਂ ਚ ਰੋਸ ਪ੍ਰਦਰਸ਼ਨ ਚੱਲ ਰਹੇ ਨੇ ਕੈਨੇਡਾ ਅਮਰੀਕਾ ਦੀਆਂ ਸੜਕਾਂ ਤੇ ਵੀ ਬਿੱਲਾਂ ਦਾ ਤਿੱਖਾ ਵਿਰੋਧ ਹੋ ਰਿਹਾ ਹੈ ਇੰਗਲੈਂਡ ਦੇ ਰਾਜੇ ਮਹਾਰਾਜੇ ਰਾਣੀ ਵੀ ਕਿਸਾਨਾਂ ਮਜ਼ਦੂਰਾਂ ਦੇ ਪੱਖ ਦੀਆਂ ਗੱਲਾਂ ਕਰ ਰਹੀਆਂ ਨੇ ਜੋ ਲੋਕਾਂ ਦਾ ਖ਼ੂਨ ਪੀ ਕੇ ਗੋਗੜ ਵਧਾਉਂਦੇ ਰਹੇ ਆਖਰ ਇਹ ਕਿਉਂ ਕਰ ਰਹੇ ਨੇ ਕਿਸਾਨਾਂ ਦੇ ਪੱਖ ਦੀ ਗੱਲ ਕੀ ਮਨਸ਼ੇ ਨੇ ਇਨ੍ਹਾਂ ਦੇ ਕੀ ਮਨਸੂਬੇ ਨੇ ਮੁੜ ਤੋਂ ਆਉਂਦੀਆਂ ਚੋਣਾਂ ਦਾ ਸਦੀਆਂ ਤੋਂ ਚੱਲਦਾ ਗੇੜ ਕੁਰਸੀ ਦਾ ਫ਼ਿਕਰ ਕੋਝੀ ਸਿਆਸਤ ਦੀ ਭੁੱਖ ਸੱਤਾ ਚ ਮੁੜ ਪਸਾਰ ਕਰਨ ਦੇ ਵਸੀਲੇ ਅੰਗਰੇਜ਼ਾਂ ਤੋਂ ਬਾਅਦ ਸੱਤਾ ਚ ਆਈਆਂ ਖ਼ੂਨ ਪੀਣੀਆਂ ਸਰਕਾਰਾਂ ਨੇ ਦਹਾਕਿਆਂ ਤੋਂ ਆਪਸੀ ਰਲੀ ਮਿਲੀ ਭੁਗਤ ਨਾਲ ਹਮੇਸ਼ਾ ਤੋਂ ਹੀ ਇਕ ਦੂਜੇ ਤੇ ਦੂਸ਼ਣਬਾਜ਼ੀ ਕਰਦਿਆਂ ਹੋਇਆਂ ਵਿਅੰਗ ਆਤਮਿਕ ਸਕੀਮ ਨਾਲ ਵਾਰੀ ਵਾਰੀ ਲੋਕਾਂ ਨੂੰ ਮੂਰਖ ਬਣਾਉਂਦਿਆਂ ਲੋਕਾਂ ਨੂੰ ਬੇਰੁਜ਼ਗਾਰੀ ਲਾਚਾਰੀ ਤੇ 95% ਲੋਕਾਂ ਨੂੰ ਗਰੀਬੀ ਰੇਖਾ ਤੋਂ ਵੀ ਹੇਠਾਂ ਲੈ ਆਈਆਂ ਸਰਕਾਰਾਂ ਸਮੁੱਚੇ ਭਾਰਤ ਚ ਆਰ ਐਸ ਐਸ ਭਾਜਪਾ ਦਾ ਤਿੱਖਾ ਵਿਰੋਧ ਹੋ ਰਿਹੈ ਪੰਜਾਬ ਦੇ ਲੋਕਾਂ ਨੇ ਦੇਸੀ ਵਿਦੇਸ਼ੀ ਦਲਾਲਾਂ ਦੀਆਂ ਕੰਪਨੀਆਂ ਮੁਕੰਮਲ ਬਰਾਂਡਾਂ ਦਾ ਬਾਈਕਾਟ ਕੀਤਾ ਆਓਂਦੇ ਸਮਿਆਂ ਚ' ਰਾਸ਼ਨ ਪਾਣੀ ਵੱਡੇ ਸਟੋਰਾਂ ਦੀ ਥਾਂ ਛੋਟੀਆਂ ਦੁਕਾਨਾਂ ਨੂੰ ਪਹਿਲ ਦਿੱਤੀ ਜਾਵੇਗੀ ਇਹ ਸੰਘੀਆਂ ਗੁੰਡਾ ਦਲ ਬਦਮਾਸ਼ਾਂ ਦੇ ਫਰਮਾਨਾਂ ਦਾ ਜ਼ਬਰਦਸਤ ਵਿਰੋਧ ਕਰਦੇ ਹੋਏ ਲੋਕ ਵੱਡੇ ਸੰਘਰਸ਼ਾਂ ਦੇ ਰਾਹ ਪੈਂਦੇ ਹੋਏ ਬਹੁਤ ਅੰਦਰ ਤਕ ਪੱਸਰੀਆਂ ਕੰਪਨੀਆਂ ਜਿਵੇਂ ਕਿ ਰਿਲਾਇੰਸ ਦੇ ਗੈਸ ਸਟੇਸ਼ਨ ਅਨਾਜ ਭੰਡਾਰ ਵੱਡੇ ਕੋਲਡ ਸਟੋਰ ਤੇ ਧਾਵਾ ਬੋਲਿਆ ਧਰਨਿਆਂ ਦੇ ਰੂਪ ਚ' ਦਿਨੋ ਦਿਨ ਸੰਘਰਸ਼ ਚੰਗੇ ਵਸੀਲਿਆਂ ਨਾਲ ਲਗਾਤਾਰ ਅੱਗੇ ਵੱਧ ਰਿਹਾ ਸਰਕਾਰਾਂ ਦੀ ਬੁਖਲਾਹਟ ਗਵਾਹੀ ਦਿੰਦੀ ਹੈ ਕਿ ਲੋਕ ਇੱਕਜੁਟ ਹੋਕੇ ਸਾਡੇ ਵੱਲ ਨੂੰ ਆ ਰਹੇ ਨੇ ਏਸੇ ਡਰ ਵਜੋਂ ਸੀਨ ਤਿਆਰ ਕਰਦੀਆਂ ਹੋਈਆਂ ਪੰਜਾਬ ਚ ਗੇੜੇ ਮਾਰਦੀਆਂ ਫਿਰਦੀਆ ? ਨੇ ਇੱਕ ਵਾਰ ਤਾਂ ਕੁੱਲ ਲੋਕ ਤਾਕਤ ਨੇ ਤਖਤ ਹਿਲਾ ਕੇ ਰੱਖਤਾ ਸੰਘਰਸ਼ ਜਾਰੀ ਰਹੇਗਾ।

ਇੰਨਕਲਾਬ ਜ਼ਿੰਦਾਬਾਦ
ਸਾਮਰਾਜਵਾਦ ਮੁਰਦਾਬਾਦ।


CAR RALLY AT BRMPTON

To support Indian Farmers Struggle Saturday 5th December at 2:00 PM.

Starting from Brampton soccer centre (Dixie Rd. Sandalwood pky) to Dixie Rd south to Bovaird Dr to Hurontario St. Ending at Indian Passport Office

Ontario COVID-19 Advisory to be followed




Contact for more details: Kuldip Boparai 647-571-2800 , Davinder Toor (Sarokaran di awaj ) 416-902-9372, Baldev Rehpa 416-881-7202, Harparminder Gadri 416-625-4363 , Darshan Gill 647 990 5790, Harbans Singh 416-817-7142, Harinder Hundal 647-818 6880 Dr Hardeep Singh, 416-209-6363

Design by: "People's Alternate Media, Canada ( PAM Canada)



ਮੈਟਰੋ ਇਮੀਗ੍ਰੇਸ਼ਨ



ਸੁਰੇਸ਼ ਗੁਪਤਾ
ਸਰਟੀਫਾਇਡ ਇਮੀਗਰੇਸ਼ਨ ਪਰੈਕਟੀਸ਼ਨਰ

1. ਅਸੀਂ ਕੈਨੇਡਾ ਦੇ ਜਾਂ ਕੈਨੇਡਾ ਦੇ ਬਾਹਰਲੇ ਸਪਾਊਸ ਕੇਸ ਐਪਲਕੇਸ਼ਨਾਂ ਵੀ ਪ੍ਰੋਸੈਸ ਕਰਦੇ ਹਾਂ। ਸਾਡੇ ਨਾਲ ਸਬੰਧਤ ਦਫ਼ਤਰ ਲੁਧਿਆਣੇ ਅਤੇ ਜਲੰਧਰ ਵੀ ਹੈ।
2. ਪੇਰੇਂਟਸ ਜਾਂ ਗ੍ਰੈਂਡ-ਪੇਰੇਂਟਸ ਦੇ ਸੁਪਰਵੀਜਾ ਕੇਸ
3. ਵਿਜਟਰ ਟੂ ਕੈਨੇਡਾ (ਐਫੀਡੇਵਿਟ)
4. ਇਨਵੀਟੇਸ਼ਨ ਤੇ ਐਕਸਪ੍ਰੇਸ ਐਂਟਰੀ ਵੀਜਾ
5. ਪੀ ਆਰ ਲਈ ਐਲ.ਆਈ.ਐਮ.ਏ.
6. ਹਰ ਕਿਸਮ ਦੇ ਰਫੀਊਜਲ ਦੇ ਕੇਸ ਜਿਵੇਂ ਸਪਾਊਸਲ, ਇਨਸਫੀਸ਼ਐਂਟ ਇਨਕਮ, ਕ੍ਰਿਮਨਿਲ, ਮੈਡੀਕਲ ਰਫੀਊਜਲ ਆਦਿ ਦੇ ਕੇਸਾਂ ਲਈ ਆਈ.ਏ.ਡੀ. ਨੂੰ ਅਪੀਲ ਕੇਸ
7. ਸੈਲਫ ਇੰਮਪਲਾਇਮੈਂਟ ਕੇਸ ਜਿਵੇਂ ਫਾਰਮਰ, ਆਰਟਿਸਟ ਆਦਿ
8. ਪੀ.ਐਨ.ਪੀ ਮੈਨਟਿਬਾ, ਐਲਬਰਟਾ, ਸਸਕੇਚ, ਪੀ ਈ ਆਈ, ਇਨਵੈਸਟਰ, ਪੀ ਐਨ ਪੀ ਬਿਜਨਸ।
9. ਕਮਸ਼ਿਨਰ ਫਾਰ ਓਥ
10. ਫੈਮਲੀ ਸਪਾਂਸਰਸ਼ਿਪ (ਪੇਰੇਂਟਸ ਜਾਂ ਗਰੈਂਡ ਪੇਰੇਂਟਸ )
11. ਪੀ.ਆਰ. ਕਾਰਡ ਰਿਨੀਊਅਲ
12. ਪਾਰਡਨ ਜਾਂ ਯੂ ਐਸ ਵੇਵਰ ਐਪਲਕਿਸ਼ਨ
13. ਸਿਟੀਜ਼ਨਸ਼ਿਪ ਐਪਲੀਕੇਸ਼ਨ
14. ਯੂ.ਐਸ. ਵਿਜਿਟਰ ਵੀਜਾ
15. ਵਿਜਿਟਰ, ਵਰਕ, ਸਟੂਡੈਂਟ ਵੀਜਾ ਐਕਟੈਂਸ਼ਨ
16. ਪੀ ਆਰ ਐਪਲੀਕੇਸ਼ਨ, ਸਕੀਲਡ, ਵਰਕਰ, ਕੈਨੇਡਿਅਨ ਐਕਸਪੀਰੀਅਸ ਕਲਾਸ, ਲਿਵ-ਇਨ ਕੇਅਰ ਗਿਵਰ
17. ਐਚ.ਆਰ.ਧੀ.ਐਸ ਤੋਂ ਐਲ.ਐਮ.ਆਈ.ਏ. ਫਾਰ ਵਰਕ ਪਰਿਮਟ
18. ਸੀ.ਏ.ਆਈ.ਪੀ.ਸੀ..ਸੀਆਰ ਸੀ ਤੋਂ ਸਾਰੀ ਫਾਇਲ ਦੀ ਕਾਪੀ ਲਈ
19. ਨਾਮ ਬਦਲੀ
20. ਨਿਊਜ਼ੀਲੈਂਡ ਜਾਂ ਕੇਨੇਡਾ ਲਈ ਸਟੂਡੈਂਟ ਵੀਜਾ
21. ਬਿਜਿਨਸ/ਐਂਟਰਪਰਿਨਰ ਐਪਲੀਕੇਸ਼ਨਨ

Suresh Gupta
Certified Immigration Practitioner (RCIC) Member ICCRC
905-913-7700
info@metroimmigration.com www.metroimmigration.com
12-2355 Derry Road East, Mississauga, Ont. L5S 1V6



SOLO



Mandeep Dhaliwal
Sales Representative
416-648-9053
416-898-8932
dhaliwal.mandeep137@gmail.com
202-895 Lawrence Ave E, North York, ON M3C 3L2



Home Life/Superstars
Real Estate Ltd., Brokerage
Each office is independently owned & operated
*Residential *Commercial
*Investment *Condominium
Cell : 416-274-1146
Email : sliddar@hotmail.com
*Office : 905-792-7800 *Fax : 905-792-9092



Sukdev Singh Liddar
*2555 Steeles Ave E. Unit 11 *Brampton *ON*L6T4L6

## ਹੱਡ ਕੰਬਾਊ ਠੰਡ ਵਿੱਚ ਐਡਮਿੰਟਨ/ਬੀਸੀ/ਬਰੰਪਟਮ ਅਤੇ ਕੈਲਗਰੀ ਦੀਆਂ ਸੜਕਾਂ ਤੇ ਲੱਗੇ ਕਿਸਾਨਾਂ ਦੇ ਹੱਕ ਅਤੇ ਮੋਦੀ ਦੇ ਖਿਲਾਫ ਨਾਅਰੇ







ਕੱਲ 100 ਦੇ ਕਰੀਬ ਨੌ ਨੌਜਵਾਨਾ ਨੇ ਭਾਰਤ ਦੇ ਕਿਸਾਨਾਂ ਵਲੋਂ ਕੀਤੀ ਜਾ ਰਹੀ ਐਜੀਟੇਸ਼ਨ ਦੇ ਹੱਕ 'ਚ ਪ੍ਰੋਟੈਸਟ ਕੀਤਾ। ਮੁਜਾਹਰਾ ਬਹੁਤ ਹੀ ਡਸਿਪਲਨ 'ਚ ਰਹਿਕੇ ਕੀਤਾ ਗਿਆ। ਬੱਚੇ ਕਿਸਾਨ ਮਜਦੂਰ ਏਕਤਾ ਦੇ ਨਾਅਰੇ ਲਗਾ ਰਹੇ ਸਨ। ਮੈਂ ਇਹ ਸਾਰਾ ਕੁਝ ਦੇਖ ਕੇ ਬਹੁਤ ਭਾਵੁਕ ਹੋ ਗਿਆ। ਕੁਝ ਲੋਕ ਅੰਤਰਰਾਸ਼ਟਰੀ ਸਟੂਡੈਂਟਸ ਨੂੰ ਫੁੱਕਰੇ, ਲੜਾਈਆਂ ਕਰਨ ਵਾਲੇ ਜਾਂ ਭੜਕਾਓ ਗੀਤ ਸੁਣਨ ਵਾਲੇ ਹੀ ਸਮਝਦੇ ਹਨ। ਜਦੋ ਕਿ ਅਜੇਹਾ ਕਰਨ ਵਾਲੇ ਸਟੂਡੈਂਟ ਇਕ ਪ੍ਰਸੈਂਟ ਵੀ ਨਹੀਂ ਹੁੰਦੇ। ਮੈਂ ਵੀ ਰੈਲੀ ਨੂੰ ਸਬੋਧਨ ਕੀਤਾ। ਸਟੂਡੈਂਟਸ ਦੀ ਗੱਲ ਟੀ ਵੀ ਸ਼ੋਅ 'ਚ ਦਰਸ਼ਕਾਂ ਨਾਲ ਕਰਵਾਈ। ਪ੍ਰੋਟੈਸਟ 'ਚ ਕਾਫੀ ਗਿਣਤੀ 'ਚ ਸਾਡੀਆਂ ਨੌਜਵਾਨ ਬੱਚੀਆਂ ਵੀ ਸ਼ਾਮਲ ਸਨ।

## ਤੋੜ ਦਿੱਤੇ ਸਭ ਨਾਕੇ, ਭੰਨ ਸੁੱਟੀਆਂ ਜ਼ੰਜੀਰਾਂ



ਤੋੜ ਦਿੱਤੇ ਸਭ ਨਾਕੇ, ਭੰਨ ਸੁੱਟੀਆਂ ਜ਼ੰਜੀਰਾਂ
ਜਦੋਂ ਦਿੱਲੀ ਵੱਲ੍ਹ ਘੱਤੀਆਂ, ਪੰਜਾਬ ਨੇ ਵਹੀਰਾਂ।
ਜਿਹੜੀ ਨਸ਼ਿਆਂ 'ਤੇ ਲੱਗੀ, ਇਹ ਉਹ ਨ੍ਹੀਂ ਜਵਾਨੀ
ਇਹ, ਉਹ ਏ ਜਵਾਨੀ, ਨੱਕੇ ਮੋੜੇ ਜੀਹਨੇ ਤੀਰਾਂ।
ਤੁਸੀਂ ਕੰਮ 'ਤੇ ਤਾਂ ਲਾਓ, ਚੱਕ ਦੇਣਗੇ ਉਹ ਫੱਟੇ
ਕੋਈ ਦਿਓ ਤੇ ਰੁਝੇਵਾਂ, ਇਹਨਾਂ ਵਿਹਲਿਆਂ ਸਰੀਰਾਂ।
ਗਾਉਣ ਵਾਲ਼ਿਆਂ ਦੇ ਗੀਤ, ਦਰਿਆਵਾਂ ਦੇ ਵੀ ਵਹਿਣ
ਮੁੜ ਜਾਂਦੇ ਨੇ ਇਕੇਰਾਂ, ਮੂਹਰੇ ਰੱਖੋ ਤਸਵੀਰਾਂ।
ਇਹਦਾ ਰੰਗ ਹੀ ਏ ਖ਼ਾਕੀ, ਰੱਤ ਇਹਦੀ ਵੀ ਏ ਰੱਤੀ
ਕਿਤੇ ਘੱਲ ਕੇ ਤਾਂ ਵੇਖੋ, ਵੱਲ੍ਹ ਏਹਨਾਂ ਦੇ ਸਫ਼ੀਰਾਂ ?।
ਜਦੋਂ ਜਾਗ ਜਾਣ ਲੋਕ, ਕਿਹੜਾ ਸਾਨ੍ਹ, ਕਿਹੜਾ ਬੋਕ
'ਕੇਰਾਂ ਝੰਡੇ ਵਿੱਚ ਡੰਡਾ, ਨਾਲ਼ ਨੱਕ ਦੇ ਲਕੀਰਾਂ।
ਇਹ ਜੋ ਰੇਤ ਦੇ ਨੇ ਟਿੱਲੇ, ਢਹਿ ਜਾਣੇ ਸਭ ਕਿੱਲੇ
ਰੱਖ ਹੌਂਸਲਾ ਜਵਾਨਾ, ਵੇਖੀਂ ਪੈਂਦੀਆਂ ਪਦ੍ਹੀੜਾਂ।
ਸੋਚ ਲਵੇ ਹੁਕਮਰਾਨ, ਹੁੰਦੀ ਜਾਨ ਨਾਲ਼ ਜਾਨ
ਆਰ-ਪਾਰ ਦੀ ਜੇ ਹੋਵੇ, ਕਾਬੂ ਆਉਂਦੀਆਂ ਨਹੀਂ ਭੀੜਾਂ।
ਸੋ ਦੀ ਇੱਕ, ਇੱਕੋ ਲੱਖ, ਹੋਵੇ ਮੰਨਣੀ ਕਿਸੇ ਨੇ
ਜਿੱਤਣੇ ਨੂੰ ਸਾਰਾ ਜੱਗ, ਕੀ ਗੁਆਉਣ ਨੂੰ ਫ਼ਕੀਰਾਂ।

-ਗੱਗਬਾਣੀ













*ਪੀ.ਜੀ.ਆਈ. ਵਿਚ ਜੇਰੇ ਇਲਾਜ਼ 85 ਸਾਲਾ ਪੰਜਾਬੀ ਲੇਖਕ ਰਿਪੁਦਮਨ ਸਿੰਘ ਰੂਪ ਨੇ ਕੀਤੀ ਕਾਲੇ ਖੇਤੀ ਕਾਨੂੰਨਾਂ ਖਿਲਾਫ ਕਿਸਾਨ ਅੰਦੋਲਨ ਦੀ ਹਮਾਇਤ*

# ਮੇਰੀ ਜ਼ਿੰਦਗੀ ਵਿਚ ਕਿਸਾਨ ਅੰਦੋਲਨ ਦੇ ਰੂਪ 'ਚ ਆਰਿਥਕਤਾ ਅਧਾਰਿਤ ਲੋਕ-ਰੋਹ ਪਹਿਲੀ ਵਾਰ-ਰਿਪੁਦਮਨ ਸਿੰਘ ਰੂਪ



ਕੋਈ ਵੀ ਲੋਕ-ਲਹਿਰ ਪੰਜਾਬ ਵਿਚੋਂ ਉਭਰ ਕੇ ਪੂਰੇ ਮੁਲਕ ਨੂੰ ਅਸਰ ਅੰਦਾਜ਼ ਕਰਦੀ ਹੈ। ਚਾਹੇ ਉਹ ਗਦਰੀ ਬਾਬਿਆਂ ਦੀ ਲਹਿਰ, ਬੱਬਰ ਅਕਾਲੀ ਲਹਿਰ ਹੋਵੇ, ਗੁਰੁਦਆਰਾ ਸੁਧਾਰ ਲਹਿਰ ਹੋਵੇ, ਚਾਹੇ ਕੂਕਾ ਲਹਿਰ ਹੋਵੇ। ਕਿਸਾਨ ਅੰਦੋਲਨ ਨਾ ਕੇਵਲ ਪੰਜਾਬ ਜਾਂ ਭਾਰਤ ਬਲਿਕ ਪੂਰੇ ਸੰਸਾਰ ਨੂੰ ਪ੍ਰਭਾਵਿਤ ਕਰੇਗਾ।ਇਹ ਵਿਚਾਰ 85 ਸਾਲਾ ਪੰਜਾਬੀ ਲੇਖਕ ਰਿਪੁਦਮਨ ਸਿੰਘ ਰੂਪ (ਜੋ ਇੰਨੀ ਦਿਨੀ ਪੀ.ਜੀ.ਆਈ ਵਿਚ ਜੇਰੇ ਇਲਾਜ਼ ਹਨ।) ਨੇ ਪਰਵਾਜ਼ ਚੈਨਲ ਵੱਲੋਂ ਡਾ. ਕੁਲਦੀਪ ਸਿੰਘ ਦੀਪ ਦੁਆਰਾ ਸੰਚਾਲਿਤ 'ਕਿਸਾਨ ਸੰਘਰਸ਼: ਅਤੀਤ, ਵਰਤਮਾਨ ਤੇ ਭਵਿੱਖ' ਜ਼ੂਮ-ਐਪ ਆਨ ਲਾਇਨ ਚਰਚਾ ਦੌਰਾਨ ਪ੍ਰਗਟ ਕੀਤੇ।ਇਸ ਮੌਕੇ ਚਿੰਤਕ ਡਾ. ਭੀਮਇੰਦਰ ਸਿੰਘ ਤੇ ਕਿਸਾਨ ਆਗੂ ਡਾ. ਦਰਸ਼ਨਪਾਲ ਸਿੰਘ ਹੋਰੀ ਮੁੱਖ ਵਕਤਾ ਵੱਜੋਂ ਸ਼ਾਮਿਲ ਸਨ।

ਉਨਾਂ ਅੱਗੇ ਕਿਹਾ ਕਿ ਕਿਸਾਨ ਅੰਦੋਲਨ ਦੇ ਰੂਪ ਵਿਚ ਲੋਕ-ਰੋਹ ਨਾ ਕੇਵਲ ਅਡਾਨੀਆਂ-ਅਬਾਨੀਆ ਖਿਲਾਫ ਹੈ ਬਲਿਕ ਇਹ ਬਗ਼ਾਵਤ ਸਾਰੇ ਸੰਸਾਰ ਦੇ ਕਾਰਪੋਰੇਟ ਸੈਕਟਰ ਵਿਰੁਧ ਹੈ, ਜੋ ਸਾਰੀਆ ਦੁਨੀਆਂ ਦੇ ਸਾਧਨਾ ਉਪਰ ਕਾਬਿਜ਼ ਹੋਣ ਲਈ ਕੋਝੀਆਂ ਚਾਲਾ ਚੱਲ ਰਿਹਾ ਹੈ।ਸ੍ਰੀ ਰੂਪ ਨੇ ਬਿਮਾਰੀ ਕਾਰਣ ਕਾਲੇ ਖੇਤੀ ਕਾਨੂੰਨਾ ਖਿਲਾਫ ਕਿਸਾਨ ਅੰਦੋਲਨ ਵਿਚ ਸ਼ਮੂਲੀਅਤ ਕਰਨ ਤੋਂ ਅਸਮਰੱਥਾ ਜ਼ਾਹਿਰ ਕਰਦੇ ਪੰਜਾਬ ਵਿਚ ਸ਼ੁਰੂ ਹੋ ਕੇ ਪੂਰੇ ਮੁਲਕ ਵਿਚ ਫੈਲ ਰਹੇ ਲੋਕ-ਅੰਦੋਲਨ ਦੇ ਆਗੂਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ ਅਤੇ ਕਿਰਤੀਆਂ, ਨਿਮਨ ਵਪਾਰੀਆਂ, ਮੁਲਾਜ਼ਮਾਂ, ਲੇਖਕਾਂ,ਰੰਗਕਰਮੀਆਂ ਅਤੇ ਬੁੱਧੀਜੀਵੀਆਂ, ਸਮਾਜ ਦੇ ਹਰ ਵਰਗ ਨੂੰ ਪੂਰੀ ਤਨਦੇਹੀ ਅਤੇ ਸ਼ਿੱਦਤ ਨਾਲ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਹੈ ਤਾਂ ਜੋ ਹਾਕਿਮ ਦੇ ਇਨਸਾਨ ਵਿਰੋਧੀ ਮਨਸੂਬਿਆਂ ਨੂੰ ਅਸਫਲ ਕੀਤਾ ਜਾ ਸਕੇ।


ਦਸ ਸਾਲਾਂ ਤੋਂ ਆਰਥਿਕ, ਸਮਾਜਿਕ, ਸਭਿਆਚਾਰਕ ਅਤੇ ਸਿਆਸੀ ਚੇਤਨਤਾ ਨੂੰ ਸਮਰਪਿਤ

**ਸਰੋਕਾਰਾਂ ਦੀ ਆਵਾਜ਼**

ਕੈਨੇਡਾ ਦੇ ਪ੍ਰਮੁੱਖ ਸ਼ਹਿਰਾਂ ਟੋਰਾਂਟੋ, ਵੈਨਕੂਵਰ, ਕੈਲਗਰੀ ਅਤੇ ਪੰਜਾਬ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸਾਡੀ ਟੀਮ ਨਾਲ਼ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕਰੋ।


ਹਰਬੰਸ ਸਿੰਘ
(ਟੋਰਾਂਟੋ)
416-817-7142


ਦੇਵਿੰਦਰ ਤੂਰ
(ਟੋਰਾਂਟੋ)
416 902 9372


ਮਾਸਟਰ ਭਜਨ
(ਕੈਲਗਰੀ)
403-455-4220


ਪਰਮਿੰਦਰ ਕੌਰ ਸਵੈਚ
(ਵੈਨਕੂਵਰ)
604 760 4794


ਬਲਜਿੰਦਰ ਸਿੰਘ ਵੜੈਚ
(ਪੰਜਾਬ)
+91-92167-29598



Reliance Immigration
Reliance Immigration Inc
K.P. Singh
RCIC




#205 - 13737 72 Ave
Surrey, BC, V3W 2P2
kp@relianceimmigration.ca
Off. : 604-597-0440
Fax : 604-597-2332



FIVE STAR INSURANCE
Save up to 51%
• Auto • Home
• Business
Get the best rates with us!
FIVE STAR INSURANCE BROKERS LIMITED
We work with 15 major insurance companies& can get you the best prices guaranteed!
www.fivestarinsurance.ca
*With qualified discounts
Call: Harman Pandher
270 Orenda Rd., Unit # 200 Brampton, ON L6T 4X6
905.459.0555




HOMELIFE
HIGHER STANDARDS
HomeLife SilverCity Realty Inc.
BROKERAGE Independently Owned & Operated
Harbans Singh
Sales Representative
416-817-7142
905-913-8500
dharbans@hotmail.com
11775 Bramalea Rd., Unit #201, Brampton L6R3S7



EXPERIOR
FINANCIAL GROUP INC
Representing Many financial institutions
SuperVisa,Life Insurance
Disability, Critical Illness, Health
SPECIAL DISCOUNT
FOR VISITORS, TRUCKERS,
WORK PERMIT, REFUGE &
INTERNATIONAL STUDENTS
LOWEST RATES
FREE QUOTE
Call

Call: 416.209.6363
Hardeep Atwal
Sr. Financial Advisor

# ਤਾਕਤ ਦੀ ਭੁੱਖ ਪੂਰੀ ਕਰਨ ਅਤੇ ਲੋਕਤੰਤਰ ਨੂੰ ਦਫ਼ਨਾਉਣ ਦਾ ਮਨਸੂਬਾ



ਡੰਗ ਅਤੇ ਚੋਭਾਂ
ਗੁਰਮੀਤ ਸਿੰਘ ਪਲਾਹੀ
98158-02070



ਜਮਹੂਰੀਅਤ ਦਾ ਗਲਾ ਘੁੱਟ ਕੇ, ਦੇਸ਼ ਨੂੰ ਇਕੋ-ਪਾਰਟੀ ਰਾਜ ਵੱਲ ਧੱਕਣ ਲਈ, ਮੌਜੂਦਾ ਹਾਕਮ ਹਰ ਹਰਬਾ ਵਰਤ ਰਹੇ ਹਨ। ਤਾਕਤ ਦੀ ਭੁੱਖ, ਦੇਸ਼ ਦੀ ਗਰੀਬ-ਗੁਰਬਿਆਂ ਦੇ ਹਰ ਹੱਕ ਨੂੰ ਮਾਰ ਕੇ ਉਸ ਨੂੰ ਘਸਿਆਰੇ ਬਨਾਉਣ ਦੇ ਰਾਹ ਤੁਰੀ ਹੋਈ ਹੈ। ਕੇਂਦਰ ਸਰਕਾਰ ਗਰੀਬਾਂ ਦੀ ਮੱਦਦ ਕਰਨ ਦੀ ਬਜਾਏ ਕਾਰਪੋਰੇਟ ਨੂੰ ਖੁਸ਼ ਕਰ ਰਹੀ ਹੈ। ਕਾਰਪੋਰੇਟਾਂ ਨੂੰ ਤਾਂ ਟੈਕਸ ਦੇ ਰੂਪ ਵਿਚ ਸਰਕਾਰ ਵਲੋਂ 1,45,000 ਕਰੋੜ ਦਾ ਭਾਰੀ ਤੋਹਫਾ ਦਿੱਤਾ ਗਿਆ ਹੈ ਜਦਕਿ ਇਹ ਧਨ ਗਰੀਬਾਂ ਨੂੰ ਮੁਫ਼ਤ ਰਾਸ਼ਨ ਜਾਂ ਨਕਦੀ ਦੇ ਰੂਪ 'ਚ ਦਿੱਤਾ ਜਾ ਸਕਦਾ ਸੀ।

ਅੱਜ ਜਦ ਦੇਸ਼ ਦਾ ਕਿਸਾਨ ਆਪਣੀ ਹੋਂਦ ਦੀ ਲੜਾਈ ਲੜ ਰਿਹਾ ਹੈ, ਦਿੱਲੀ ਨੂੰ ਚਾਰੇ ਪਾਸਿਓਂ ਘੇਰੀ ਬੈਠਾ ਹੈ, ਆਪਣੀਆਂ ਹੱਕੀ ਮੰਗਾਂ ਮਨਵਾਉਣ ਲਈ ਨੰਗੇ ਧੜ ਸ਼ਾਂਤਮਈ ਢੰਗ ਨਾਲ ਲੜਾਈ ਲੜ ਰਿਹਾ ਹੈ, ਉਦੋਂ ਦੇਸ਼ ਦਾ ਹਾਕਮ ਆਪਣੇ ਗੋਦੀ ਮੀਡੀਆ ਰਾਹੀਂ, ਇਕ ਦੇਸ਼-ਇਕ ਚੋਣ ਦਾ ਅਲਾਪ ਕਰ ਰਿਹਾ ਹੈ।

ਦੇਸ਼ ਦਾ ਅੰਨਦਾਤਾ ਕੁਰਲਾ ਰਿਹਾ ਹੈ। ਪਿਛਲੇ ਸੱਠ ਦਿਨਾਂ ਤੋਂ ਆਪਣੀ ਅਵਾਜ਼ ਬੁਲੰਦ ਕਰ ਰਿਹਾ ਹੈ। ਅੱਕ-ਥੱਕ ਕੇ ਬੋਲੇ-ਬਿਹਰੇ ਹਾਕਮਾਂ ਕੰਨੀਂ ਇਹ ਦੱਸਣ ਲਈ, ਘਰ-ਬਾਰ, ਬਾਲ-ਬੱਚਾ, ਸੁਖ-ਸੁਵਿਧਾਵਾਂ ਛੱਡ ਕੇ ਔਝੜੇ ਰਾਹੀਂ ਆਪਣੀ ਰਾਜਧਾਨੀ ਦੇ ਬਾਹਰ ਡਾਂਗਾਂ, ਅੱਥਰੂ-ਗੈਸ, ਪਾਣੀ ਬੁਛਾੜਾਂ ਸਹਿ ਕੇ ਵੀ ਇਸ ਆਸ ਨਾਲ ਬੈਠ ਗਿਆ ਹੈ ਕਿ ਕੋਈ ਤਾਂ ਉਹਨਾਂ ਦੀ ਗੱਲ ਸੁਣੇਗਾ! ਦੇਸ਼ ਦਾ ਹਾਕਮ!! ਦੇਸ਼ ਦੀ ਸੁਪਰੀਮ ਕੋਰਟ!!!

ਉਹ ਸੁਪਰੀਮ ਕੋਰਟ ਜਿਹੜੀ ਗੋਦੀ ਮੀਡੀਆ ਦੇ ਇਕ ਕਾਰਕੁੰਨ ਨੂੰ, ਜਿਸ ਨੂੰ ਵੇਲੇ ਦੀ ਮਹਾਰਾਸ਼ਟਰ ਸਰਕਾਰ ਨੇ, ਕਿਸੇ ਕੇਸ 'ਚ ਹਵਾਲਾਤੇ ਡੱਕਿਆ ਸੀ, ਜੇਲ੍ਹ ਭੇਜਿਆ ਸੀ, ਹਜ਼ਾਰਾਂ ਲੱਖਾਂ ਦੀ ਵਾਰੀ ਕੱਟ ਕੇ ਜ਼ਮਾਨਤ ਦੇਣ ਲਈ ਪੱਬਾਂ ਭਾਰ ਖੜੀ ਦਿਸੀ। ਗੋਸਵਾਮੀ ਨਾਮ ਦੇ ਇਸ ਕਥਿਤ ਪੱਤਰਕਾਰ, ਜਿਸ ਦੀ ਗ੍ਰਿਫ਼ਤਾਰੀ ਵੇਲੇ ਭਾਜਪਾ ਅਤੇ ਦੇਸ਼ ਦੀ ਸਰਕਾਰ ਦੇ ਮੰਤਰੀ ਤੱਕ ਤਿਲਮਿਲਾ ਉਠੇ ਅਤੇ ਇਕ ਹਫ਼ਤੇ ਦੇ ਵਿਚ ਹੀ ਉਸਨੂੰ ਸੁਪਰੀਮ ਕੋਰਟ ਤੋਂ ਜ਼ਮਾਨਤ ਦੁਆਉਣ 'ਚ ਕਾਮਯਾਬ ਹੋ ਗਏ। ਸੁਪਰੀਮ ਕੋਰਟ ਦੀ ਇਸ ਕਿਸਮ ਦੀ ਤੇਜ਼ੀ ਉਸ ਵੇਲੇ ਚੁੱਪ ਜਾਂ ਖਤਮ ਹੋ ਜਾਂਦੀ ਹੈ, ਜਦ ਸਧਾਰਨ ਵਿਅਕਤੀ ਸਾਲਾਂ ਦੇ ਸਾਲ ਜ਼ਮਾਨਤ ਲਈ ਵਾਰੀ ਦੀ ਉਡੀਕ 'ਚ ਰਹਿੰਦੇ ਹਨ, ਜਿਹੜੀ ਜ਼ਮਾਨਤ ਟੀ.ਵੀ. ਚਲਾ ਰਹੇ ਗੋਸਵਾਮੀ ਨੂੰ ਘੰਟਿਆਂ 'ਚ ਪ੍ਰਾਪਤ ਹੋ ਗਈ। ਕੀ ਉਸ ਵੇਲੇ ਸੁਪਰੀਮ ਕੋਰਟ ਦੇ ਜੱਜ ਸ਼ੰਕਾਂ ਦੇ ਘੇਰੇ 'ਚ ਨਹੀਂ ਆਉਂਦੇ ਜਦੋਂ ਉਹ ਜੇਲ੍ਹਾਂ 'ਚ ਰੁਲ ਰਹੇ, ਜ਼ਮਾਨਤ ਉਡੀਕਣ ਵਾਲੇ 60,000 ਲੋਕਾਂ ਦੀ ਵਾਰੀ ਕੱਟ ਕੇ ਇਕ 'ਅਹਿਮ' ਵਿਅਕਤੀ ਨੂੰ ਜ਼ਮਾਨਤ ਵੀ ਦਿੰਦੇ ਹਨ ਅਤੇ ਬੰਬੇ ਹਾਈਕੋਰਟ ਨੂੰ ਝਾੜ ਵੀ ਪਾਉਂਦੇ ਹਨ।

ਇਸ ਤੋਂ ਵੱਡਾ ਦੇਸ਼ ਦੇ ਨਿਆਂਪ੍ਰਬੰਧ ਦਾ ਹੋਰ ਅਵੇਸਲਾਪਨ ਕੀ ਹੋ ਸਕਦਾ ਹੈ ਕਿ ਦੇਸ ਦੇ 3,30,000 ਵਿਅਕਤੀ ਆਪਣੇ ਕੇਸਾਂ ਦੀ ਸੁਣਵਾਈ ਉਡੀਕਦਿਆਂ ਨਾ ਐਲਾਨੀ ਜੇਲ੍ਹ ਕੱਟਣ ਤੇ ਮਜ਼ਬੂਰ ਹਨ। (ਕੀ ਦਿੱਲੀ 'ਚ ਵੱਸਣ ਵਾਲੀ ਸੁਪਰੀਮ ਕੋਰਟ ਨੂੰ ਹਾਲੇ ਦੇਸ਼ ਦੇ ਲੱਖਾਂ ਕਿਸਾਨਾਂ ਦੀ ਅਵਾਜ਼ ਸੁਣੀ ਹੀ ਨਹੀਂ ਹੋਏਗੀ, ਜਿਹੜੀ ਕਈ ਵੇਰ ਸਧਾਰਨ ਮਾਮਲਿਆਂ 'ਚ ਚਿੰਤਾਤੁਰ ਹੋ ਜਾਂਦੀ ਹੈ)। ਹੈਰਾਨੀ ਭਰੀ ਪ੍ਰੇਸ਼ਾਨੀ ਦੀ ਗੱਲ ਤਾਂ ਇਹ ਵੀ ਹੈ ਕਿ ਸੁਪਰੀਮ ਕੋਰਟ ਵਿਚ ਉਸੇ ਕਿਸਮ ਦੀਆਂ 530 ਹੈਬਿਸ ਕਾਰਪਸ ਰਿੱਟਾਂ ਵਾਰੀ ਉਡੀਕ ਰਹੀਆਂ ਹਨ, ਜਿਸ ਕਿਸਮ ਦੀ ਹੈਬਿਸ ਕਾਰਪਸ ਰਿੱਟ ਗੋਸਵਾਮੀ ਦੀ ਸੀ ਤੇ ਜਿਸਨੂੰ ਇਕ ਦਿਨ ਦੇ ਵਿਚ ਹੀ ਜ਼ਮਾਨਤ ਦੇ ਦਿੱਤੀ ਗਈ ਜਦਕਿ "ਸ਼ਹਿਰੀ ਨਕਸਲੀ" ਦਾ ਹਾਕਮ ਧਿਰ ਤੋਂ ਖਿਤਾਬ ਪ੍ਰਾਪਤ 83 ਵਰ੍ਹਿਆਂ ਦਾ ਫਾਦਰ ਸੈਟੈਨ-ਸਵਾਮੀ, ਜਿਹੜਾ ਮੁੱਢ-ਕਬੀਲਿਆਂ ਦੇ ਹੱਕਾਂ ਲਈ ਵਰ੍ਹਿਆਂ ਤੋਂ ਲੜਦਾ ਰਿਹਾ ਹੈ, ਜੇਲ੍ਹ ਬੈਠਾ ਹੈ, ਤੇ ਜਿਹੜਾ ਯਾਦ ਭੁੱਲਣ ਵਾਲੀ ਬੀਮਾਰੀ ਪਾਰਕਿਨਸਨ ਤੋਂ ਪੀੜਤ ਹੈ, ਉਸ ਦੀ ਜ਼ਮਾਨਤ ਦੀ ਅਰਜ਼ੀ ਉਤੇ ਉਸੇ ਦਿਨ ਸੁਪਰੀਮ ਕੋਰਟ 20 ਦਿਨ ਦੀ ਅੱਗੋਂ ਤਾਰੀਕ ਪਾ ਦਿੱਤੀ ਗਈ, ਜਿੱਦਣ ਗੋਸਵਾਮੀ ਨੂੰ ਜ਼ਮਾਨਤ ਮਿਲੀ।

ਸੈਂਕੜੇ ਹੋਰ ਪਟੀਸ਼ਨਾਂ ਨੂੰ, ਜਿਹਨਾਂ ਵਿਚ ਧਾਰਾ 370, ਸਿਟਜ਼ਨਸ਼ਿਪ ਬਿੱਲ ਜਿਹੜਾ ਕਿ ਸੈਕੂਲਰ ਸਟੇਟ ਵਿਚ ਧਰਮ ਅਧਾਰਤ ਪਾਸ ਕੀਤਾ ਗਿਆ ਸਬੰਧੀ ਹਾਲੀ ਸੁਪਰੀਮ ਕੋਰਟ ਨੇ ਡੱਬੇ ਵਿਚ ਬੰਦ ਕਰਕੇ ਰੱਖਿਆ ਹੋਇਆ ਹੈ। ਇਹ ਕਿਉਂ ਅਤੇ ਕਿਵੇਂ ਹੋ ਰਿਹਾ ਹੈ, ਇਸ ਬਾਰੇ ਪ੍ਰਤੱਖ ਨੂੰ ਪ੍ਰਮਾਣ ਦੀ ਲੋੜ ਨਹੀਂ ਹੈ। ਇਸ ਕਿਸਮ ਦਾ ਵਰਤਾਰਾ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਵਿਚ ਪਹਿਲੀ ਵੇਰ ਦੇਖਣ ਨੂੰ ਨਹੀਂ ਮਿਲ ਰਿਹਾ। ਇਹ ਵਰਤਾਰਾ ਦੇਸ਼ 'ਤੇ ਡਿਕਟੇਟਰਾਨਾ ਢੰਗ ਨਾਲ ਕੰਮ ਕਰਨ ਵਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਸਮੇਂ ਵੀ ਵੇਖਣ ਨੂੰ ਮਿਲਿਆ ਸੀ ਜਦੋਂ 1975 ਵਿਚ ਦੇਸ਼ ਵਿਚ 21 ਮਹੀਨੇ ਐਮਰਜੈਂਸੀ ਲਗਾ ਦਿੱਤੀ ਗਈ ਸੀ।

ਪਰ ਮੌਜੂਦਾ ਹਾਕਮ ਧਿਰ ਨੇ ਉਸ ਤੋਂ ਵੀ ਅੱਗੇ ਜਾਂਦਿਆਂ, ਦੇਸ਼ ਦੀ ਅਦਾਲਤੀ ਪ੍ਰਣਾਲੀ ਨੂੰ ਹੀ ਪ੍ਰਭਾਵਤ ਨਹੀਂ ਕੀਤਾ ਸਗੋਂ ਦੇਸ਼ ਦੀ ਪਾਰਲੀਮੈਂਟ ਵਿਚ ਆਪਣੀ ਬਹੁਸੰਮਤੀ ਨਾਲ ਇਹੋ ਜਿਹੇ ਬਿੱਲ ਪਾਸ ਕਰਕੇ ਕਾਨੂੰਨ ਬਣਾਏ ਹਨ, ਜਿਸ ਨਾਲ ਦੇਸ਼ ਦੇ ਰਾਜਾਂ ਦੇ ਹੱਕ ਸ਼ਰ੍ਹੇਆਮ ਖੋਹ ਲਏ ਗਏ ਹਨ। ਮਨੁੱਖ ਅਧਿਕਾਰਾਂ ਉੱਤੇ ਡੂੰਘੀ ਸੱਟ ਮਾਰਨ ਵਾਲੇ ਕਾਨੂੰਨ ਪਾਸ ਕਰ ਲਏ ਗਏ ਹਨ। ਲੇਬਰ ਕਾਨੂੰਨ ਵਿੱਚ ਸੋਧਾਂ ਇਸਦਾ ਸਬੂਤ ਹਨ। ਸਾਲ 2005 ਵਿਚ ਪਾਸ ਕੀਤੇ ਆਰ.ਟੀ.ਆਈ. (ਸੂਚਨਾ ਅਧਿਕਾਰ) ਕਾਨੂੰਨ, ਜੋ ਦੇਸ਼ ਦੀ ਸਰਕਾਰ ਦੇ ਕੰਮਕਾਜ ਦੇ ਹਰ ਮਹਿਕਮੇ ਸਬੰਧੀ ਜਾਣਕਾਰੀ ਲੈਣ-ਦੇਣ ਲਈ ਬਣਾਇਆ ਗਿਆ, ਉਸ ਵਿਚ 2019 'ਚ ਤਰਮੀਮਾਂ ਕਰਕੇ ਇਸ ਢੰਗ ਨਾਲ ਬਣਾ ਦਿੱਤਾ ਗਿਆ ਹੈ ਕਿ ਉਸ ਅਧੀਨ ਕੁਝ ਸੂਚਨਾ ਦੇਣਾ ਜ਼ਰੂਰੀ ਨਹੀਂ ਰਹੇਗਾ। ਸਰਕਾਰ ਨੇ ਆਰ.ਟੀ.ਆਈ. ਕਮਿਸ਼ਨ ਦੇ ਗਿਆਰਾਂ ਮੈਂਬਰਾਂ ਵਿਚ ਬਹੁਤੀਆਂ ਅਸਾਮੀਆਂ ਭਰੀਆਂ ਹੀ ਨਹੀਂ ਜਾ ਰਹੀਆਂ ਤਾਂ ਕਿ ਇਸ ਕਮਿਸ਼ਨ ਦਾ ਕੰਮ ਜੂੰ ਦੀ ਤੋਰੇ ਚੱਲੇ।

ਮੋਦੀ ਸਰਕਾਰ ਵੱਲੋਂ ਦੇਸ਼ ਦੀਆਂ ਮੁੱਖ ਸੰਸਥਾਵਾਂ ਸੀ.ਬੀ.ਆਈ., ਈ.ਡੀ. ਆਦਿ ਨੂੰ ਆਪਣੇ ਹੀ ਢੰਗ ਨਾਲ ਕੰਟਰੋਲ ਕਰ ਲਿਆ ਗਿਆ ਹੈ। ਦੇਸ਼ ਦੀ ਰਿਜ਼ਰਵ ਬੈਂਕ ਆਫ਼ ਇੰਡੀਆ ਦੇ ਮੁਖੀ ਕੁਝ ਸਮੇਂ 'ਚ ਹੀ ਦੋ ਵੇਰ ਬਦਲ ਦਿੱਤੇ ਗਏ ਹਨ ਅਤੇ ਨਰੇਂਦਰ ਮੋਦੀ ਦੀ ਕੋਸ਼ਿਸ਼ ਇਹ ਹੁੰਦੀ ਹੈ ਕਿ ਉਹ ਆਪਣੇ ਖ਼ਾਸਮ-ਖ਼ਾਸ ਵਿਅਕਤੀ, ਜੋ ਖਾਸ ਕਰਕੇ ਉਸਦੇ ਆਪਣੇ ਪ੍ਰਦੇਸ਼ ਗੁਜਰਾਤ ਦੇ ਹੁੰਦੇ ਹਨ, ਉਹਨਾਂ ਨੂੰ ਮੁੱਖੀ ਬਣਾਇਆ ਜਾਵੇ।

ਨਰੇਂਦਰ ਮੋਦੀ ਵੱਲੋਂ ਇੰਡੀਆ ਦਾ ਕੰਮਪੋਟਰੋਲਰ ਐਂਡ ਆਡਿਟ ਜਨਰਲ (ਕੈਗ) ਦਾ ਮੌਜੂਦਾ ਮੁਖੀ ਹੁਣੇ ਜਿਹੇ ਉਸ ਵਿਅਕਤੀ ਨੂੰ ਲਗਾਇਆ ਗਿਆ ਹੈ ਜਿਹੜਾ ਕਿ ਗੁਜਰਾਤ ਦਾ ਰਿਟਾਇਰਡ ਅਫ਼ਸਰ ਹੈ ਅਤੇ ਜਿਹੜਾ ਕੈਗ ਦੇ ਮੌਜੂਦਾ ਸੱਤ ਸਕੱਤਰਾਂ ਤੋਂ ਜੂਨੀਅਰ ਰਿਹਾ ਹੈ। ਕੈਗ ਉਤੇ ਇਸ ਕਿਸਮ ਦਾ ਕੰਟਰੋਲ ਸੀ.ਬੀ.ਆਈ., ਆਦਿ ਵਾਂਗਰ ਇਸ ਕਰਕੇ ਕੀਤਾ ਗਿਆ ਕਿਉਂਕਿ ਕੈਗ ਦੇ ਇਮਾਨਦਾਰ ਅਧਿਕਾਰੀ ਸਰਕਾਰ ਦੀਆਂ ਬੇਨਿਯਮੀਆਂ ਦੀ ਪੋਲ ਖੋਲ੍ਹ ਰਹੇ ਸਨ।

ਗੱਲ ਜੇਕਰ ਇਥੇ ਤੱਕ ਹੀ ਮੁੱਕ ਜਾਂਦੀ ਤਾਂ ਸ਼ਾਇਦ ਇਹ ਸਮਝਿਆ ਜਾਂਦਾ ਕਿ ਸਰਕਾਰ ਆਪਣੇ ਕੰਮਾਂ 'ਚ ਬੇਨਿਯਮੀਆਂ ਨੂੰ ਲੁਕਾਉਣ ਲਈ ਇਸ ਕਿਸਮ ਦੇ ਕੰਮ ਕਰਦੀ ਹੈ, ਜਿਵੇਂ ਕੋਵਿਡ-2019 ਲਈ ਪੀ.ਐਮ. ਫੰਡ ਦੀ ਥਾਂ ਉੱਤੇ ਪੀ.ਐਮ. ਕੇਅਰ ਫੰਡ ਬਣਾ ਕੇ, ਵੱਡੇ ਲੋਕਾਂ ਤੋਂ ਧੰਨ ਉਗਰਾਹਿਆ ਗਿਆ ਅਤੇ ਇਸ ਦਾ ਆਡਿਟ ਕੈਗ ਤੋਂ ਮੁਕਤ ਰੱਖਿਆ ਗਿਆ, ਪਰ ਫੌਜ ਦੇ ਜਨਰਲ ਉੱਤੇ ਕੁੰਡਾ ਪੱਕਾ ਕਰਨ ਲਈ 2016 'ਚ ਕਮਾਂਡਰ ਵਿਪਨ ਰਾਵਤ ਨੂੰ ਚੀਫ਼ ਆਫ਼ ਸਟਾਫ਼ ਆਰਮੀ ਅਤੇ ਤਿੰਨ ਸੇਨਾਵਾਂ ਦੇ ਮੁਖੀਆਂ ਨੂੰ ਉਸ ਅਧੀਨ ਕਰ ਦਿੱਤਾ ਗਿਆ, ਜਦਕਿ ਉਹ ਰਿਟਾਇਰ ਹੋਣ ਵਾਲੇ ਸਨ, ਪਰ ਉਸ ਲਈ ਪਿਛਲੇ ਸਾਲ ਨਵੇਂ ਨਿਯਮ ਬਣਾ ਦਿੱਤੇ ਗਏ। ਆਮ ਤੌਰ 'ਤੇ ਇਹ ਜਾਣਿਆ ਜਾਂਦਾ ਸੀ ਕਿ ਫੌਜ, ਭਾਰਤ ਦੇਸ਼ ਦੀ ਰਾਜਨੀਤੀ ਵਿਚ ਕੋਈ ਦਖਲ ਨਹੀਂ ਦਿੰਦੀ, ਪਰ ਹੁਣ ਰਿਟਾਇਰ ਹੋਣ ਵਾਲੇ ਅਫ਼ਸਰ-ਸਿਪਾਹੀ ਇਹ ਖੁਸਰ-ਫੁਸਰ ਕਰਦੇ ਦਿਖਦੇ ਹਨ ਕਿ ਹੁਣ ਬਹੁਤ ਕੁਝ ਬਦਲ ਗਿਆ ਹੈ। ਆਪਣੀ ਬਦਨਾਮੀ ਦੇ ਡਰੋਂ ਜਦੋਂ ਭਾਰਤ ਦੀ ਹਕੂਮਤ ਨੇ ਇਹ ਗੱਲ ਲੁਕੋਅ ਲਈ ਕਿ ਚੀਨ ਨੇ ਭਾਰਤ ਦੀ ਦੱਸ ਕਿਲੋਮੀਟਰ ਤੱਕ ਦੀ ਸਰਹੱਦ ਦੇ ਅੰਦਰ ਤੱਕ ਕਬਜ਼ਾ ਕਰ ਲਿਆ ਹੈ ਤਾਂ ਦੇਸ਼ ਦੀ ਫੌਜ ਵੱਲੋਂ ਵੀ ਇਸ ਗੱਲ ਦੀ ਤਸਦੀਕ ਕੀਤੀ ਗਈ ਅਤੇ ਆਪਣਾ ਮੂੰਹ ਬੰਦ ਰੱਖਿਆ ਗਿਆ।

ਦੇਸ਼ ਦੇ ਚੋਣ ਕਮਿਸ਼ਨ ਉੱਤੇ ਅਤੇ ਇਸ ਦੇ ਕਮਿਸ਼ਨਰਾਂ ਉੱਤੇ ਬਿਲਕੁਲ ਇਸੇ ਕਿਸਮ ਦਾ ਪ੍ਰਭਾਵ ਜਾਂ ਕੁੰਡਾ ਦੇਸ਼ ਦੀ ਹਕੂਮਤ ਦਾ ਵੇਖਣ ਨੂੰ ਮਿਲਿਆ ਕਿ ਸਾਲ 2019 ਚੋਣਾਂ 'ਚ ਜਦੋਂ ਭਾਜਪਾ ਨੇ ਫਿਰਕੂ ਪੱਤਾ ਦੇਸ਼ 'ਚ ਖੇਡਿਆ ਅਤੇ ਜਾਤ ਅਧਾਰਤ ਵੋਟਾਂ ਨਾਲ ਜਿੱਤਣ ਲਈ ਖੇਡ ਖੇਡੀ ਤਾਂ ਵਿਰੋਧੀ ਧਿਰ ਨੇ ਇਸ ਦੀ ਸ਼ਿਕਾਇਤ ਚੋਣ ਕਮਿਸ਼ਨ ਕੋਲ ਕੀਤੀ। ਤਿੰਨ ਚੋਣ ਕਮਿਸ਼ਨਰ ਚੁੱਪ ਰਹੇ ਪਰ ਜਿਸ ਇਕ ਚੋਣ ਕਮਿਸ਼ਨਰ ਨੇ ਭਾਜਪਾ ਵੱਲੋਂ ਖੇਡੀ ਖੇਡ ਸਬੰਧੀ ਉਜਰ ਕੀਤਾ ਤਾਂ ਉਸ ਚੋਣ ਕਮਿਸ਼ਨਰ ਦੇ ਪਰਿਵਾਰ ਉੱਤੇ ਇਨਕਮ ਟੈਕਸ ਦੇ ਛਾਪੇ ਮਰਵਾਏ ਗਏ, ਉਸ ਨੂੰ ਪ੍ਰੇਸ਼ਾਨ ਕੀਤਾ ਗਿਆ ਅਤੇ ਅੰਤ ਵਿੱਚ ਉਸ ਨੇ ਵਿਚ-ਵਿਚਾਲੇ ਹੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ।

ਜਿਸ ਕਿਸਮ ਦੀ ਖੇਡ ਮੋਦੀ ਸਰਕਾਰ ਵੱਲੋਂ ਬਿਹਾਰ ਵਿਚ ਖੇਡੀ ਗਈ। ਹਾਰੀ ਹੋਈ ਬਾਜੀ ਕ੍ਰਿਸ਼ਮਈ ਢੰਗ ਨਾਲ ਜਿੱਤ ਲਈ। ਇਕੋ ਦਿਨ 'ਚ ਵੋਟਾਂ ਦੀ ਗਿਣਤੀ ਕਰਕੇ ਜਿੱਤ ਦਾ ਐਲਾਨ ਕਰ ਲਿਆ, ਜਦ ਕਿ ਅਮਰੀਕਾ ਵਰਗਾ ਮੁਲਕ ਵੀ ਕਈ ਦਿਨ ਹਾਰ-ਜਿੱਤ ਲਈ ਔਝੜਦਾ ਰਿਹਾ ਹੈ।ਦੇਖਣ ਵਾਲੀ ਗੱਲ ਇਹ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਸਿਆਸੀ-ਮਸ਼ੀਨ ਭਾਜਪਾ ਆਪਣੇ ਕਾਡਰ ਅਤੇ ਡਿਜ਼ੀਟਲ ਮਸ਼ੀਨਰੀ ਨਾਲ ਚੋਣ ਲੜਦੀ ਹੈ। ਉਸ ਕੋਲ ਵੱਧ ਬੋਲਣ ਵਾਲਾ ਅਤੇ ਆਪਣੀ ਜਿੱਦ ਪੁਗਾਉਣ ਵਾਲਾ ਇਕ ਨੇਤਾ ਹੈ। ਜੋ ਆਪਣੀ ਮਰਜ਼ੀ ਨਾਲ ਦੇਸ਼ ਦੇ ਲੋਕਾਂ ਨੂੰ ਇਕ ਕਠਪੁਤਲੀ ਵਾਂਗਰ ਨਚਾਉਣ ਦੇ ਰਾਹ ਪਿਆ ਹੋਇਆ ਹੈ ਅਤੇ ਜਿਹੜਾ ਇਹ ਸਮਝਦਾ ਹੈ ਕਿ ਜੋ ਉਸ ਅੱਗੇ ਅੜੇਗਾ, ਉਹ ਝੜੇਗਾ। ਉਸ ਦਾ ਵਿਰੋਧ ਕਰਨ ਵਾਲੀ ਕਾਂਗਰਸ, ਉਸਦੇ ਆਪਣੇ ਨੇਤਾਵਾਂ ਦੇ ਕਹਿਣ ਅਨੁਸਾਰ, ਲੋਕਾਂ ਨਾਲੋਂ ਆਪਣਾ ਨਾਤਾ ਤੋੜ ਚੁੱਕੀ ਹੈ। ਸਿੱਟੇ ਵਜੋਂ ਨਰੇਂਦਰ ਮੋਦੀ ਆਪਣੇ ਢੰਗ ਨਾਲ ਸਿਆਸਤ ਖੇਡਦਾ ਹੈ। ਲੋਕਤੰਤਰੀ ਕਦਰਾਂ-ਕੀਮਤਾਂ ਦਾ ਘਾਣ ਕਰਦਾ ਹੈ ਅਤੇ ਜਮਹੂਰੀਅਤ ਦੇ ਜੜ੍ਹੀ ਤੇਲ ਦੇ ਰਿਹਾ ਹੈ ਅਤੇ ਆਪਣੀ ਕਿਸਮ ਦਾ ਰਾਜ ਕਾਇਮ ਕਰਨ ਲਈ ਤਰਲੋਮੱਛੀ ਹੋ ਰਿਹਾ ਹੈ।

ਇਹ ਤਾਕਤ ਦੀ ਭੁੱਖ ਪੂਰੀ ਕਰਨ ਦਾ ਹੀ ਸਿੱਟਾ ਹੈ ਕਿ ਦੇਸ਼ 'ਚ ਸਮਾਜਕ ਅਤੇ ਸਿਆਸੀ ਖੇਤਰ ਵਿਚ ਸਹਿਮਤੀ ਜਾਂ ਅਸਹਿਮਤੀ ਨੂੰ ਵੱਡਾ ਸਮਰਥਕ ਜਾਂ ਵੱਡਾ ਵਿਰੋਧੀ ਕਰਾਰ ਦਿੱਤੇ ਜਾਣ ਦਾ ਵਰਤਾਰਾ ਪਲਪ ਰਿਹਾ ਹੈ। ਸਮਝ ਤੋਂ ਬਾਹਰ ਦੀ ਗੱਲ ਹੈ ਕਿ ਕਿਉਂ ਨਹੀਂ ਕੁਝ ਰਾਸ਼ਟਰੀ ਅੰਤਰਰਾਸ਼ਟਰੀ ਮੁੱਦਿਆਂ ਉੱਤੇ ਸੁਹਿਰਦਤਾਪੂਰਨ ਵਿਚਾਰ-ਵਟਾਂਦਰਾ ਕੀਤਾ ਜਾਂਦਾ ਅਤੇ ਸਾਂਝੇ ਫ਼ੈਸਲੇ ਲਏ ਜਾਂਦੇ, ਜਦੋਂ ਦੇਸ਼ ਆਰਥਿਕ ਮੰਦਹਾਲੀ ਵਿਚੋਂ ਗੁਜ਼ਰ ਰਿਹਾ ਹੈ। ਦੇਸ਼ 'ਚ ਖੁਦਰਾ ਮਹਿੰਗਾਈ ਦਰ 7.61 ਫੀਸਦੀ ਅਤੇ ਖਾਧ ਮਹਿੰਗਾਈ ਦਰ 11.07 ਫੀਸਦੀ ਰਹਿਣ ਕਾਰਨ ਗਰੀਬਾਂ ਉੱਤੇ ਬੋਝ ਵਧਿਆ ਹੈ। ਭਾਰਤੀ ਆਰਥਿਕਤਾ ਕੋਵਿਡ-19 ਕਾਰਨ ਸਤੰਬਰ 2020 ਦੇ ਪਹਿਲੇ ਤਿੰਨ ਮਹੀਨਿਆਂ ਵਿਚ 7.5 ਸੁੰਗੜ ਗਈ ਹੈ। 130 ਕਰੋੜ ਦੀ ਅਬਾਦੀ ਵਾਲਾ ਉਹ ਦੇਸ਼ ਜਿਹੜਾ ਕੁਝ ਸਾਲ ਪਹਿਲਾਂ 8.00 ਫੀਸਦੀ ਦਾ ਵਿਕਾਸ ਦਰ ਨਾਲ ਛੜੱਪੇ ਮਾਰ ਰਿਹਾ ਸੀ, ਆਉਣ ਵਾਲੇ ਪੰਜ ਸਾਲਾਂ ਲਈ ਉਸ ਦੀ ਵਿਕਾਸ ਦਰ 4.5 ਫੀਸਦੀ ਰਹਿਣ ਦਾ ਅਨੁਮਾਨ ਲਗਾਇਆ ਜਾ ਰਿਹਾ ਹੈ ਜਦਕਿ ਕੋਵਿਡ-19 ਤੋਂ ਪਹਿਲਾ ਵਿਕਾਸ ਦਰ 6.5 ਫ਼ੀਸਦੀ ਰਹਿਣ ਦਾ ਅੰਦਾਜ਼ਾ ਸੀ।

ਅੱਜ ਜਦੋਂ ਭਾਰਤ ਦੇਸ਼ ਦੁਨੀਆਂ ਦੀਆਂ ਭੈੜੀਆਂ ਅਰਥ ਵਿਵਸਥਾਵਾਂ ਵਿਚੋਂ ਇਕ ਬਣਦਾ ਜਾ ਰਿਹਾ ਹੈ, ਤਦੋਂ ਨਰੇਂਦਰ ਮੋਦੀ ਦੇਸ਼ ਦੀ ਰਾਜਧਾਨੀ ਦਿੱਲੀ ਨੂੰ ਨਵੀਂ ਦਿੱਖ ਦੇ ਰਿਹਾ ਹੈ। ਉਹ ਆਪਣੀ ਪਾਰਲੀਮੈਂਟ ਦੀ ਇਮਾਰਤ ਬਣਾ ਰਿਹਾ ਹੈ। ਉਸ ਨੇ ਇਕ ਗੁਜਰਾਤੀ ਆਰਚੀਟੈਕਟ ਨੂੰ ਇਸ ਕੰਮ ਲਈ ਲਗਾਇਆ ਹੈ। ਇਸ ਪਾਰਲੀਮੈਂਟ ਇਮਾਰਤ ਦੇ ਨਜ਼ਦੀਕ ਦਸ ਵੱਡੇ ਬਲਾਕ ਉਸਾਰੇ ਜਾਣਗੇ, ਜਿਹੜੇ ਮਹਿਕਮਿਆਂ ਲਈ ਹੋਣਗੇ। ਇਥੇ ਪ੍ਰਧਾਨ ਮੰਤਰੀ ਦੀ ਰਿਹਾਇਸ਼ ਤੇ ਦਫ਼ਤਰ ਹੋਏਗਾ। ਦੇਸ਼ ਦੀ ਪੁਰਾਣੀ ਧਰੋਹਰ ਅਤੇ ਲੋਕਤੰਤਰ ਦੀ ਥੰਮ ਮੌਜੂਦਾ ਪਾਰਲੀਮੈਂਟ ਇਮਾਰਤ ਨੂੰ "ਪਾਰਲੀਮੈਂਟ ਮਿਊਜ਼ਮ" ਬਣਾ ਦਿੱਤਾ ਜਾਵੇਗਾ। ਸ਼ਾਇਦ ਇਸੇ ਮਿਊਜ਼ੀਅਮ ਵਿਚ ਦੇਸ਼ ਦੇ ਸੰਵਿਧਾਨ ਅਤੇ ਲੋਕਤੰਤਰ ਨੂੰ ਦਫ਼ਨ ਕਰਨ ਦਾ ਮਨਸੂਬਾ ਮੌਜੂਦਾ ਹਾਕਮ ਧਿਰ ਵੱਲੋਂ ਬਣਾਇਆ ਜਾ ਚੁੱਕਿਆ ਹੈ।

## We oppose Indian government three new farmers bills.

Car rally in favour of Punjab kissan agitation. ਪੰਜ ਦਸੰਬਰ ਦਿਨ ਸ਼ਨਿਚਰ ਵਾਰ ਬਰਾਪਟਨ ਚ ਪੰਜਾਬ ਦੇ ਕਿਸਾਨੀ ਘੋਲ ਦੀ ਹਮਾਇਤ ਚ ਠੀਕ ਸ਼ਾਮ ਦੋ ਵਜੇ Dixie Rd / Bovaird Dr ਤੋਂ Bovaird Dr / Hurontario St ਤੱਕ ਕਾਰ ਰੈਲੀ ਕੱਢੀ ਜਾ ਰਹੀ ਹੈ। ਸ਼ੁਰੂਆਤ Brampton Soccer centre ਤੱਕ ਕਾਰ ਰੈਲੀ ਕੱਢੀ ਜਾ ਰਹੀ ਹੈ।Please follow corona virus advisory and please share this message.

We oppose Indian government three new farmers bills. There is going to be a car rally in favour of Punjab farmer's agitation on Saturday fifth of December at 2 pm . Starting point will be Brampton soccer centre ( Dixie Rd / Sandalwood pky) to Dixie Rd south to Bovaird Dr to Hurontario St . If you have sympathy with Punjab farmers then please participate the rally. Kuldip Boparai -647-571-2800 , Devinder Toor (Sarokaran di Awaj ) 416-902-9372, Baldev Rehpa 416-881-7202, Harparminder Gadri 416-625-4363 ,Darshan Gill 647 990 5790, Harbans Singh 416-817-7142, Harinder Hundal 647 818 6880 . Please follow the corona virus advisory.

## ਨਿਹਾਲ ਸਿੰਘ ਵਾਲਾ.. ਭਾਜਪਾ ਜ਼ਿਲ੍ਹਾ ਮੋਗਾ ਦੇ ਮੀਤ ਪ੍ਰਧਾਨ ਪਵਨ ਗੋਇਲ ਬੰਟੀ ਵੱਲੋਂ ਆਪਣੇ ਅਹੁਦੇ ਤੋਂ ਅਸਤੀਫ਼ਾ



ਨਿਹਾਲ ਸਿੰਘ ਵਾਲਾ : ਭਾਜਪਾ ਜ਼ਿਲ੍ਹਾ ਮੋਗਾ ਦੇ ਮੀਤ ਪ੍ਰਧਾਨ ਪਵਨ ਗੋਇਲ ਬੰਟੀ ਵੱਲੋਂ ਕਿਸਾਨ ਸੰਘਰਸ਼ ਦੀ ਹਮਾਇਤ ਕਰਦਿਆਂ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ ਅਤੇ ਕਿਸਾਨਾਂ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਹੈ। ਜਿਕਰਯੋਗ ਹੈ ਕਿ ਰਿਲਾਇੰਸ ਪੰਪ ਤੋਂ ਧਰਨਾ ਹਟਾ ਕੇ ਕਿਸਾਨ ਜਥੇਬੰਦੀ ਵੱਲੋਂ ਕਰੀਬ ਵੀਹ ਦਿਨ ਤੋਂ ਬੰਟੀ ਗੋਇਲ ਦੇ ਘਰ ਅੱਗੇ ਧਰਨਾ ਦਿੱਤਾ ਹੋਇਆ ਸੀ।

## ਤਰਕਸ਼ੀਲ ਗੁਰੂ ਨਾਨਕ

ਤਰਕਸ਼ੀਲ ਗੁਰੂ ਬਾਬਾ ਨਾਨਕ
ਸਭ ਤੇ ਤਰਕਾਂ ਲਾਵੇ
ਕੋਈ ਪ੍ਰੰਪਰਾ, ਕੋਈ ਮਨੌਤ
ਉਹਨੂੰ ਰਾਸ ਨਾ ਆਵੇ
ਕਿਸੇ ਧਰਮ ਦੇ ਚਿੰਨ੍ਹ ਨਾ ਮੰਨੇ
ਕੋਈ ਮਰਿਯਾਦਾ ਰਾਸ ਨਾ ਆਵੇ
ਉਹ ਤਾਂ ਇੱਕ ਆਜਾਦ ਸੀ ਪੰਛੀ
ਥਾਂ ਥਾਂ ਜਾ ਕੇ ਆਪਣੀ ਗੱਲ ਨੂੰ
ਤਰਕਾਂ ਨਾਲ ਸਮਝਾਵੇ
ਪੰਡਤ ਦਾ ਜਨੇਊ ਨਾ ਪਾਵੇ
ਉਹ ਸੁੰਨਤ ਤਰਕਾਂ ਲਾਵੇ
ਉੱਚੇ ਜਾ ਪਰਬਤੀਂ ਚੜ੍ਹ ਕੇ
ਯੋਗੀਆਂ ਜੁਗਤ ਸਿਖਾਵੇ
ਮਲਕ ਭਾਗੋਆਂ ਰੋਟੀ ਅੰਦਰ
ਲਹੂ ਗ਼ਰੀਬਾਂ ਨਜ਼ਰੀਂ ਆਵੇ
ਕਿਰਤੀਆਂ ਦਾ ਉਹ ਸੱਚਾ ਆਸ਼ਕ
ਤਾਹੀਉਂ ਲਾਲੋ ਰੋਟੀ ਅੰਮ੍ਰਿਤ ਉਹਨੂੰ ਭਾਵੇ
ਚਿੱਟ ਕੱਪੜੀਏ ਸਾਧ ਉਸਨੂੰ
ਠੱਗ ਪਏ ਨਜਰੀਂ ਆਵਣ
ਵਰਤਾਂ ਨੂੰ ਪਾਖੰਡ ਉਹ ਦੱਸੇ
ਤੀਰਥ ਉਹ ਨਾ ਜਾਵੇ
ਹਾਕਮਾਂ ਨੂੰ ਬਘਿਆੜ ਉਹ ਦੱਸੇ
ਤੇ ਅਹਿਲਕਾਰਾਂ ਨੂੰ ਕੁੱਤੇ
ਨੀਚਾਂ ਦੇ ਉਹ ਅੰਗ-ਸੰਗ ਖੜਦਾ
ਉਹਨੂੰ ਜਾਤ ਹੰਕਾਰ ਨਾ ਭਾਵੇ
ਧਰਮ ਕਰਮ ਪਾਖੰਡ ਉਹ ਦੱਸੇ
ਤਾਹੀਉਂ ਪੂਜਾ ਪਾਠ ਤੇ ਤਰਕਾਂ ਲਾਵੇ
ਮੱਕੇ ਅੰਦਰ ਜਾ ਕੇ ਉਹ
ਰੱਬ ਦੀ ਗੱਲ ਮੁੱਲਾਂ ਤਾਈਂ ਸਮਝਾਵੇ
ਤਾਹੀਉਂ ਸਾਨੂੰ ਤਰਕੀ ਨਾਨਕ
ਕਦੇ ਰਾਸ ਨਾ ਆਵੇ
ਤਰਕ ਕਰਨ ਤੋਂ ਅਸੀਂ ਡਰੀਏ
ਸਾਨੂੰ ਸ਼ਰਧਾ ਰਾਸ ਹੀ ਆਵੇ
ਅਸੀਂ ਨਾਨਕ ਨੂੰ ਮੱਥੇ ਟੇਕ ਕੇ
ਮੰਗਾਂ ਉਹਤੋਂ ਮਨਾਈਏ
ਸਾਨੂੰ ਨਾਨਕ ਰਾਸ ਨਾ ਆਵੇ
ਤਰਕ ਸਾਨੂੰ ਨਾ ਭਾਵੇ
ਪਰ ਨਾਨਕ ਦੇ ਸੱਚੇ ਸਿੱਖ ਹਾਂ
ਪਰ ਸਿੱਖੀ ਉਹਦੀ ਨਾ ਭਾਵੇ।

• • •

## ਮੈਨੂੰ ਮਲਕ ਭਾਗੋ ਦੀ ਵੀ ਲੋੜ ਹੈ ?

ਮੈਂ ਬਾਬੇ ਨਾਨਕ ਦਾ ਸ਼ਰਧਾਲੂ ਸਿੱਖ
ਨੇਮ ਨਾਲ ਨਿਤਨੇਮ ਵੀ ਕਰਦਾਂ
ਬਾਬੇ ਦਾ ਗੁਰਪੁਰਬ ਵੀ ਮਨਾਉਂਦਾ
ਅਖੰਡ ਪਾਠ ਵੀ ਕਰਾਉਂਦਾਂ
ਲੰਗਰ ਵੀ ਲਗਾਉਂਦਾਂ
ਭਾਈ ਦੀ ਦੱਸੀ ਮਰਿਯਾਦਾ ਵੀ ਨਿਭਾਉਂਦਾਂ
ਕਦੇ ਕਦੇ ਭਾਈ ਲਾਲੋ ਦੇ ਵੀ ਜਾ ਆਉਂਦਾਂ
ਕੀ ਪਤਾ ਕਦੋਂ ਭਾਈ ਲਾਲੋ ਦੀ ਵੀ ਲੋੜ ਪੈਜੇ
ਪਰ ਮੇਰਾ ਮਲਕ ਭਾਗੋ ਬਿਨਾਂ ਵੀ ਨੀ ਸਰਦਾ
ਕੀ ਪਤਾ ਕਦੋਂ ਸਰਕਾਰੀ ਦਰਬਾਰੇ ਕੰਮ ਪੈਜੇ
ਬਾਬਾ ਨਾਨਕ ਨਾਰਾਜ਼ ਨਾ ਹੋਈਂ
ਉਦੋਂ ਏਦਾਂ ਚੱਲਦਾ ਹੋਣਾ
ਮਲਕ ਭਾਗੋ ਦੇ ਲੰਗਰ ਨੂੰ ਠੁਕਰਾ ਕੇ
ਹੁਣ ਨੀ ਏਦਾਂ ਗੁਜ਼ਾਰਾ ਹੁੰਦਾ
ਜੇ ਮਲਕ ਭਾਗੋ ਸਾਥ ਨਾ ਦੇਣ
ਭਾਈ ਲਾਲੋਆਂ ਆਸਰੇ
ਵੰਨ ਸੁਵੰਨੇ ਲੰਗਰ ਕਿੰਨਾ ਚਿਰ ਚੱਲਣਗੇ ?
ਹੁਣ ਮਲਕ ਭਾਗੋਆਂ ਨਾਲ ਬਣਾ ਕੇ ਰੱਖਣੀ ਪੈਂਦੀ
550 ਸਾਲ ਪਹਿਲਾਂ ਗੱਲ ਹੋਰ ਸੀ
ਹੁਣ ਸਮਾਂ ਬਦਲ ਗਿਆ
ਲੋਕ-ਤੰਤਰ ਦਾ ਜ਼ਮਾਨਾ
ਕੀ ਪਤਾ ਕਦੋਂ ਵੋਟਾਂ 'ਚ ਖੜਨ ਦਾ ਮਨ ਬਣ ਜੇ
ਥੋਨੂੰ ਪਤਾ ਈ ਐ
ਵੋਟਾਂ ਲਈ ਸਭ ਨਾ ਬਣਾ ਕੇ ਰੱਖਣੀ ਪੈਂਦੀ
ਨਾਲੇ ਭਾਈ ਲਾਲੋਆਂ ਦੇ ਅੱਜ ਪੱਲੇ ਹੀ ਕੀ ਹੈ ?
ਵੋਟਾਂ, ਨੋਟਾਂ ਤੋਂ ਬਿਨਾਂ ਨੀ ਲੜ ਹੁੰਦੀਆਂ ?
ਮਲਕ ਭਾਗੋਆਂ ਤੋਂ ਬਿਨਾਂ ਫੰਡ ਕੌਣ ਦਿੰਦੈ ?
ਨਾਲੇ ਥੋਨੂੰ ਸਭ ਪਤਾ ਈ ਐ
ਥੋਡੇ ਤੋਂ ਕਾਹਦਾ ਲੁਕੋਅ
ਸਭ ਪਾਰਟੀਆਂ ਵੀ ਤਾਂ ਮਲਕ ਭਾਗੋਆਂ ਦੀਆਂ ਹੀ ਨੇ
ਚਲੋ ਸਾਨੂੰ ਪਾਰਟੀਆਂ ਨਾ ਕੀ ?
ਉਨ੍ਹਾਂ ਦੀਆਂ ਨੀਤੀਆਂ ਨਾ ਕੀ ?
ਅਸੀ ਤਾਂ ਆਪਣੀ ਸੀਟ ਜਿੱਤਣੀ ਹੈ
ਨਾਲੇ ਸਭ ਪਾਰਟੀਆਂ ਇਕੋ ਜਿਹੀਆਂ ਹੀ ਤੇ ਹਨ
ਇਹ ਤਾਂ ਐਵੇਂ ਲੋਕਾਂ ਵਿੱਚ ਲੋਕ-ਤੰਤਰ ਦਾ ਭਰਮ
ਬਣਾਈ ਰੱਖਣ ਲਈ ਨਾਮ ਹੀ ਵੱਖ ਨੇ
ਦੋ ਤਿੰਨ ਪਾਰਟੀਆਂ ਬਣਾਉਣੀਆਂ ਹੀ ਪੈਂਦੀਆਂ
ਤਾਂ ਹੀ ਲੋਕ-ਤੰਤਰ ਚੱਲੂ
ਇੱਕ ਪਾਰਟੀ ਦਾ ਕਾਹਦਾ ਲੋਕ-ਤੰਤਰ
ਬਾਬਾ ਨਾਨਕ ਜੀ ਮੈਨੂੰ ਮਾਫ ਕਰੀਂ
ਮੈਂ ਤੇਰੇ ਵਾਂਗ ਇੱਕ ਪਾਸਾ ਨੀ ਕਰ ਸਕਦਾ
ਮੇਰੀ ਮਜਬੂਰੀ ਨੂੰ ਸਮਝ
ਹੁਣ ਕੱਟੜਤਾ ਨਾਲ ਕੰਮ ਨੀ ਚੱਲਦਾ
ਸਭ ਨਾ ਬਣਾ ਕੇ ਰੱਖਣੀ ਪੈਂਦੀ ਹੈ
ਤੂੰ ਫਿਕਰ ਨਾ ਕਰੀਂ
ਤੇਰਾ ਵੀ ਸਾਥ ਨੀ ਛੱਡਾਂਗੇ
ਤੇਰੇ ਗੁਰਪੁਰਬ ਮਨਾਉਂਦੇ ਰਹਾਂਗੇ
ਸ਼ਤਾਬਦੀਆਂ ਵੀ ਮਨਾਵਾਂਗੇ
ਨਗਰ ਕੀਰਤਨ ਵੀ ਕੱਢਾਂਗੇ
ਤੇਰੀ ਪੂਰੀ ਟੌਹਰ ਬਣਾਵਾਂਗੇ
ਤੇਰਾ ਸਰੂਪ ਸੋਨੇ ਦੀ ਪਾਲਕੀ 'ਚ ਸਜਾਵਾਂਗੇ
ਤੇਰੀ ਬਾਣੀ ਪੜ੍ਹਦੇ ਰਹਾਂਗੇ
ਤੇਰੇ ਨਾਮ ਦੇ ਅਤੁੱਟ ਲੰਗਰ ਵੀ ਚੱਲਦੇ ਰਹਿਣਗੇ
ਪਰ ਸਾਨੂੰ ਸਮੇਂ ਦੇ ਹਾਣੀ ਬਣ ਕੇ ਵੀ ਚੱਲਣਾ ਪੈਣਾ
ਮਲਕ ਭਾਗੋਆਂ ਤੇ ਭਾਈ ਲਾਲੋਆਂ ਸਭ ਦਾ ਸਾਥ
ਚਾਹੀਦਾ
ਤਾਂ ਹੀ ਸਭ ਵਿਕਾਸ ਹੋਵੇਗਾ
ਤਾਂ ਹੀ ਅੱਛੇ ਦਿਨ ਆਉਣਗੇ!

• • •

## ਜਨੇਊ !

ਸੁਣਿਆ ਬਾਬੇ ਨਾਨਕ ਨੇ ਜਨੇਊ ਪਾਉਣ ਤੋਂ ਨਾਂਹ ਕਰਤੀ
ਪੰਡਿਤ ਦਾ ਹੱਥ ਫੜ ਕੇ ਕਹਿ ਦਿੱਤਾ
ਜੇ ਇਸਦੇ ਪਾਉਣ ਨਾਲ ਦਇਆ, ਨਿਮਰਤਾ, ਸੰਤੋਖ
ਆਉਂਦਾ ਤਾਂ ਮੈਂ ਪਾਉਂਦਾਂ
ਮੈਨੂੰ ਅਜਿਹਾ ਜਨੇਊ ਪਾ
ਜੋ ਟੁੱਟੇ ਨਾ, ਜਲੇ ਨਾ, ਨਾ ਮੈਲਾ ਹੋਵੇ
ਮੇਰਾ ਵੀ ਦਿਲ ਕਰਦਾ
ਮੈਂ ਵੀ ਨਵੇਂ ਪੰਡਤ ਦਾ ਹੱਥ ਫੜ ਕੇ
ਬਾਬੇ ਨਾਨਕ ਵਾਂਗ ਕਹਿ ਦੇਵਾਂ
ਕਿ ਮੇਰੇ ਵੀ ਨਵਾਂ ਜਨੇਊ ਪਾ ਦੇ
ਮੇਰੇ ਵਿੱਚ ਸੱਚ ਬੋਲਣ ਦੀ ਜੁਰਅਤ ਆ ਜਾਵੇ
ਮਜ਼ਲੂਮ ਦੇ ਨਾਲ ਖੜਨ ਦਾ ਅਹਿਸਾਸ ਹੋ ਜਾਵੇ
ਮੈਂ ਵੀ ਸਮੇਂ ਦੇ ਮਲਕ ਭਾਗੋ ਨੂੰ ਵੰਗਾਰ ਸਕਾਂ
ਮੈਂ ਜਾਤੀ ਹੰਕਾਰ ਛੱਡ ਕੇ ਨੀਚਾਂ ਨਾਲ ਖੜ ਸਕਾਂ
ਵੇਲੇ ਦੇ ਬਾਬਰਾਂ ਨੂੰ ਜਾਬਰ ਕਹਿ ਸਕਾਂ
ਧਰਮ ਦੇ ਨਾਮ ਤੇ ਚੱਲ ਰਹੀ ਲੁੱਟ ਵਿਰੁੱਧ ਬੋਲ ਸਕਾਂ
ਪਰ ਡਰਦਾ ਹਾਂ, ਅੱਜ ਦੇ ਬ੍ਰਾਹਮਣਾਂ ਤੋਂ
ਪਤਾ ਨਹੀਂ ਉਹ ਪੰਡਤ ਕਮਜ਼ੋਰ ਸੀ
ਜੋ ਬਾਬੇ ਨਾਨਕ ਅੱਗੇ ਬੋਲ ਨੀ ਸਕਿਆ ?
ਜਾਂ ਬਾਬੇ ਨਾਨਕ ਦਾ ਜਲੌਅ ਸੀ
ਉਸਦੀ ਜੁਰਅਤ ਹੀ ਨਹੀਂ ਪਈ ?
ਮੈਂ ਕਿਵੇਂ ਬੋਲ ਸਕਦਾ ਹਾਂ ?
ਮੈਂ ਕੋਈ ਬਾਬਾ ਨਾਨਕ ਥੋੜ੍ਹੇ ਹਾਂ
ਮੈਂ ਹੋ ਵੀ ਕਿਵੇਂ ਸਕਦਾ ਹਾਂ ?

ਮੇਰੀ ਐਨੀ ਔਕਾਤ ਹੀ ਕਿੱਥੇ ?
ਸ਼ਾਇਦ ਅੱਜ ਦਾ ਬ੍ਰਾਹਮਣ ਵੀ ਤਾਕਤਵਰ ਹੈ
ਪੰਥ 'ਚੋਂ ਛੇਕਣ ਦਾ ਫ਼ਤਵਾ ਝੱਟ ਜਾਰੀ ਕਰਦਾ
ਮੈਂ ਤਾਂ ਬਾਬੇ ਨਾਨਕ ਦੀਆਂ ਸਾਖੀਆਂ ਹੀ ਸੁਣਾਂਗਾ
ਮੈਂ ਤਾਂ ਬਾਬੇ ਨਾਨਕ ਦੇ ਗੁਰਪੁਰਬ ਹੀ ਮਨਾਵਾਂਗਾ
ਮੈਂ ਬਾਬੇ ਨਾਨਕ ਦੇ ਹਾਣ ਦਾ ਨੀ ਹੋ ਸਕਦਾ
ਉਹ ਤਾਂ ਰੱਬ ਦਾ ਰੂਪ ਸੀ ਤੇ
ਅਸੀਂ ਕਲਯੁਗੀ ਜੀਵ ਇਤਨੇ ਜੋਗੇ ਕਿੱਥੇ
ਬਾਬਾ ਨਾਨਕ ਮਾਫ਼ ਕਰੀਂ
ਅਸੀਂ ਤੇਰੇ ਲਾਇਕ ਨਹੀਂ
ਅਜੇ ਤਾਂ ਨਵੇਂ ਪੁਜਾਰੀ ਦੀ ਹੀ ਮੰਨਾਂਗੇ
ਕੁਝ

**-ਹਰਚਰਨ ਸਿੰਘ ਪਰਹਾਰ ਕੈਲਗਰੀ**
**ਸੰਪਾਦਕ 'ਸਿੱਖ ਵਿਰਸਾ'**

## ਯੁੱਧ ਜਸ਼ਨ ਨਹੀਂ ਹੁੰਦਾ ਦੋਸਤੋ

ਦੋਸਤੋ, ਇਕ ਖੁਸ਼ੀ ਸਾਂਝੀ ਕਰਨ ਦਾ ਮਾਣ ਲੈ ਰਿਹਾ ਹਾਂ। ਹੋਣਹਾਰ ਧੀ ਅਰਸ਼ਦੀਪ (ਅਜ਼ੀਜ਼ ਰਾਜ ਜ਼ੋਸੀ ਦੀ ਬੇਟੀ) ਨੇ ਪਹਿਲਾਂ ਪੰਜਾਬੀ ਯੂਨੀ. ਪਟਿਆਲਾ ਦੇ ਪਟਿਆਲਾ ਜੋਨ ਦੇ ਯੂਥ ਫੈਸਟੀਵਲ ਵਿੱਚੋਂ ਤੇ ਹੁਣ ਸਾਰੀ ਯੂਨੀ. ਦੇ ਸਾਰੇ ਕਾਲਜਾਂ ਦੇ ਇੰਟਰ ਜੋਨਲ ਫੈਸਟੀਵਲ ਵਿੱਚੋਂ ਮੇਰੀ ਕਵਿਤਾ 'ਜੰਗ ਦਾ ਜ਼ਸਨ' ਦਾ ਕਮਾਲ ਦਾ ਉਚਾਰਨ ਕਰਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਪੇਸ਼ ਹੈ ਖਾਲਸਾ ਕਾਲਜ ਪਟਿਆਲਾ ਵਿਚ ਪੜ੍ਹ ਰਹੀ ਇਹ ਬੇਟੀ ਆਪਣੇ ਮੈਡਲ ਸਮੇਤ ਅਤੇ ਮੇਰੀ ਕਵਿਤਾ 'ਜੰਗ ਦਾ ਜ਼ਸਨ'.......

ਯੁੱਧ ਜਸ਼ਨ ਨਹੀਂ ਹੁੰਦਾ ਦੋਸਤੋ
ਉਦੋਂ ਤਾਂ ਬਿਲਕੁਲ ਨਹੀਂ ਹੁੰਦਾ
ਜਦੋਂ ਕਿਸੇ ਬਾਂਦਰ ਦੇ ਹੱਥ 'ਚ ਬੰਦੂਕ ਹੋਵੇ
ਕਿਸੇ ਸਿਰਫਿਰੇ ਨੂੰ ਲੱਭ ਜਾਵੇ ਮਾਚਿਸ ਦੀ
ਤੀਲੀ
ਕਿਸੇ ਹੈਵਾਨ ਦੇ ਹੱਥ 'ਚ ਆ ਜਾਵੇ ਸੱਤਾ
ਤੇ ਕਿਸੇ 'ਸ਼ੈਤਾਨ' ਦੇ ਹੱਥ ਆ ਜਾਵੇ 'ਰਬ'
ਜੰਗ ਤਾਂ ਮਜ਼ਬੂਰੀ ਹੁੰਦੀ ਹੈ
ਜਦੋਂ ਜ਼ੁਲਮ ਨੂੰ ਸ਼ਾਂਤੀ ਨਾਲ ਨੱਜਿਠਣ ਦੇ
ਸਾਰੇ ਵਸੀਲੇ ਮੁੱਕ ਜਾਣ
ਜਦ ਪਾਣੀ ਸਿਰਾਂ ਤੋਂ ਲੰਘ ਜਾਵੇ
ਤੇ ਸਾਹ ਚਲਦੇ ਚਲਦੇ ਸੁੱਕ ਜਾਣ
ਜਦ ਸੱਤਾ ਸਿਰਾਂ ਨੂੰ ਚੜ੍ਹ ਜਾਵੇ
ਜਦ ਹਾਕਮਾਂ ਨੂੰ ਹਉਮੈਂ ਦਾ ਕਾਲਾ ਨਾਗ
ਲੜ ਜਾਵੇ
ਰੱਬ ਸਿਆਸਤ ਦੀ ਰਖੇਲ
ਤੇ ਸੱਤਾ ਨੂੰ ਸੁਰੱਖਿਅਤ ਰੱਖਣ ਦਾ ਵਸੀਲਾ
ਬਣ ਜਾਵੇ...
ਅਕਸਰ
ਜੰਗ ਵਿਚ ਮੁਜ਼ਰਮ ਨਹੀਂ ਮਰਦੇ
ਮਜ਼ਲੂਮ ਵੀ ਮਰਦੇ ਨੇ
ਤੇ ਜੰਗ ਜਿੱਤਣ ਵਾਲੇ
ਹਮੇਸ਼ਾ ਨਾਇਕ ਨਹੀਂ ਹੁੰਦੇ
ਨਾਲਾਇਕ ਵੀ ਹੁੰਦੇ ਨੇ ਤੇ
ਨਾਇਕਾਂ ਦੇ ਚਿਹਰਿਆਂ ਹੇਠ ਛਿਪੇ
ਖਲਨਾਇਕ ਵੀ ਹੁੰਦੇ ਨੇ..
ਜੰਗ ਲੜਨ ਵਾਲੇ ਅਕਸਰ ਹੋਰ ਹੁੰਦੇ ਨੇ
ਤੇ ਜੰਗ ਜਿੱਤਣ ਵਾਲੇ ਅਕਸਰ ਹੋਰ...
ਜੋ ਲੜਦੇ ਨੇ
ਹਮੇਸ਼ਾ ਉਹ ਨਹੀਂ ਜਿੱਤਦੇ
ਜੋ ਲੜਾਉਂਦੇ ਨੇ ਅਕਸਰ ਉਹ ਜਿੱਤਦੇ ਨੇ
ਲੜਨ ਵਾਲੇ ਆਪ ਨਹੀਂ ਲੜਦੇ
ਕਿਸੇ ਦਾ ਢਿੱਡ ਲੜਦਾ ਹੈ
ਕਿਸੇ ਦਾ ਮਜ਼ਹਬ ਲੜਦਾ ਹੈ
ਕਿਸੇ ਦਾ ਜਨੂੰਨ ਲੜਦਾ ਹੈ
ਤੇ ਕਿਸੇ ਦਾ ਖ਼ੂਨ ਲੜਦਾ ਹੈ
ਸਾਮਰਾਜੀ ਜੰਗਾਂ ਵਿਚ ਤਾਂ ਹਮੇਸ਼ਾ
ਦਿਮਾਗਾਂ ਤੇ ਉੱਗੇ ਪੇਟ ਲੜਦੇ ਨੇ
ਮਜ਼ਬੂਰੀਆਂ ਹੱਥ ਹਥਿਆਰ ਹੁੰਦੇ ਨੇ
ਬੇਵਸੀਆਂ ਇਕ ਦੂਜੇ ਦਾ ਸਿਰ ਪਾੜਦੀਆਂ
ਨੇ
ਸਰਹੱਦਾਂ ਤੋਂ ਪਾਰ ਵੀ
ਤੇ ਸਰਹੱਦਾਂ ਦੇ ਆਰ ਵੀ...
ਤੇ ਫਿਰ ਕੀ ਉੱਗਦਾ ਹੈ..??
ਬਸ !!!
ਚਿੱਟੀਆਂ ਚੁੰਨੀਆਂ
ਬੇਪੱਤ ਰਿਸ਼ਤੇ
ਬੇਹੁਰਮਤੀਆਂ ਦੇ ਕਿੱਸੇ
ਉਜਾੜਿਆਂ ਦੀ ਤਵਾਰੀਖ਼
ਹੈਵਾਨੀਅਤ ਦੀ ਕਾਲਖ
ਤੇ ਦਹਿਸ਼ਤਾਂ ਦੀ ਫ਼ਸਲ....
ਤੇ ਇਸ ਜੰਗ ਤੋਂ ਬਾਅਦ
ਕੀ ਬਚਦਾ ਹੈ???
ਕਿਸੇ ਦੀ ਹਉਮੈਂ
ਤੇ ਕਿਸੇ ਦੀ ਹਵਸ
ਪਰ ਬਹੁਤਿਆਂ ਕੋਲ ਸਿਰਫ ਜ਼ਖਮ ਬਚਦੇ ਨੇ
ਜੋ ਰਿਸਦੇ ਨੇ ਸਾਰੀ ਉਮਰ
ਤੇ ਉਮਰ ਤੋਂ ਬਾਅਦ ਵੀ...
ਹੌਕੇ ਹੋਣੀਆਂ ਬਣ ਜਾਂਦੇ ਨੇ
ਤੇ ਸਿਸਕੀਆਂ ਕਿਸਮਤ
ਡੰਗੋਰੀਆਂ ਸਿਰਨਾਵੇਂ ਬਣ ਜਾਂਦੀਆਂ ਨੇ
ਤੇ ਸੁਖਨ ਵੈਣਾਂ 'ਚ ਬਦਲ ਜਾਂਦੇ ਨੇ
ਕਿੰਨਾ ਬਦਕਿਸਮਤ ਦੌਰ ਹੁੰਦਾ ਹੈ ਜਦ ਲੋਕ
ਅਜਿਹੇ ਯੁੱਧਾ ਦੇ ਜਸ਼ਨ ਮਨਾਉਂਦੇ ਨੇ
ਆਪਣੀ ਹਉਮੈਂ ਦਾ ਪਰਚਮ ਲਹਿਰਾਉਂਦੇ ਨੇ
ਨਫਰਤਾਂ ਦੇ ਗੀਤ ਗਾਉਂਦੇ ਨੇ
ਹਵਾਵਾਂ ਵਿਚ ਮੁੜ ਜ਼ਹਿਰ ਰਲਾਉਂਦੇ ਨੇ
ਫੇਰ ਮਾਤਮਾਂ ਤੇ ਵੈਣਾਂ ਦੀ ਪਿਉਂਦ ਲਾਉਂਦੇ ਨੇ
ਦਹਿਸ਼ਤ ਦੀ ਫਸਲ ਉਗਾਉਂਦੇ ਨੇ ਤੇ ਮੁੜ
ਇਕ ਹੋਰ ਜੰਗ ਲਈ ਉਕਸਾਉਂਦੇ ਨੇ....
ਜੇ ਯੁੱਧ ਮਜ਼ਬੂਰੀ ਵੀ ਹੋਵੇ ਤਾਂ ਦੋਸਤੋ
ਤਾਂ ਵੀ ਯੁੱਧ ਤੋਂ ਬਾਅਦ
ਪਛਤਾਵਾ ਹੋਣਾ ਚਾਹੀਦੈ
ਕੁਝ ਹੰਝੂ ਆਪਣੀ ਹੈਵਾਨੀਅਤ ਤੇ
ਕੁਝ ਦੂਜੇ ਦੀ ਮਾਸੂਮੀਅਤ ਤੇ...
ਇਕ ਦੂਜੇ ਦਾ ਹੱਥ ਫੜ
ਤੇ ਗਲਵਕੜੀਆਂ ਪਾ
ਮੁੜ ਤੋਂ ਤਹਈਏ ਹੋਣੇ ਚਾਹੀਦੇ ਨੇ
ਹਾਸਿਆਂ ਦੇ ਬੀਜ ਬੀਜਣ ਦੇ
ਸੁਨਹਿਰੇ ਸੁਪਨਿਆਂ ਦੀ ਕਾਸ਼ਤ ਦੇ
ਇਕ ਦੂਜੇ ਦੇ ਜ਼ਖ਼ਮ ਧੋਣ ਦੇ
ਤੇ ਮੁੜ ਤੋਂ ਯੁੱਧ ਨਾ ਹੋਣ ਦੇ...
ਪਰ ਅਕਸਰ ਇੰਝ ਨਹੀਂ ਹੁੰਦਾ ਦੋਸਤੋ
ਕਿਉਂਕਿ ਯੁੱਧ ਲੜਨ ਵਾਲੇ ਹੋਰ ਹੁੰਦੇ ਨੇ
ਤੇ ਯੁੱਧ ਲੜਾਉਣ ਵਾਲੇ ਹੋਰ
ਜਿੱਤਣ ਵਾਲੇ ਹੋਰ ਹੁੰਦੇ ਨੇ
ਤੇ ਜਿਤਾਉਣ ਵਾਲੇ ਹੋਰ
ਜਿੰਨ੍ਹਾਂ ਦੇ ਮਰਦੇ ਹਨ
ਉਹਨਾਂ ਦੇ ਜਿੱਤਦੇ ਨਹੀਂ
ਜਿੰਨ੍ਹਾਂ ਦੇ ਜਿੱਤਦੇ ਨੇ
ਉਹਨਾਂ ਦੇ ਮਰਦੇ ਨਹੀਂ
ਬਸ ਲੜਨ ਵਾਲੇ ਲੜਦੇ ਨੇ
ਤੇ ਜਿੱਤਣ ਵਾਲੇ ਜਿੱਤਦੇ ਨੇ
ਇਕ ਹੋਰ ਯੁੱਧ ਹੋਣ ਤੱਕ...

**ਕੁਲਦੀਪ ਸਿੰਘ ਦੀਪ** (ਡਾ.)

## ਜੇਕਰ ਅਸੀਂ ਉੱਠੇ ਨਹੀਂ ਤਾਂ

ਖੋਹ ਲਈ ਜਾਵੇਗੀ ਸਾਡੀ ਸੋਚਣ ਸ਼ਕਤੀ
ਪਾਗਲ ਦਾ ਖਿਤਾਬ ਦੇ ਕੇ
ਡੱਕ ਦਿੱਤਾ ਜਾਵੇਗਾ ਕਿਸੇ ਪਾਗਲਖ਼ਾਨੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਪੈ ਜਾਵੇਗੀ ਸਾਡੀਆਂ
ਚੇਤਨ ਕਲਮਾਂ ਨੂੰ ਮਾਰ
ਦੇ ਕੇ ਦੇਸ਼ ਧ੍ਰੋਹੀ ਦਾ ਫ਼ਤਵਾ
ਡੱਕ ਦਿੱਤਾ ਜਾਵੇਗਾ ਅੰਡਾ ਜੇਲ੍ਹ ਵਿੱਚ।

ਜੇ ਕਰ ਅਸੀਂ ਉੱਠੇ ਨਹੀਂ ਤਾਂ-
ਖੋਹ ਲਈ ਜਾਵੇਗੀ ਸਾਡੀ ਸੁਣਨ ਸ਼ਕਤੀ
ਬਹਿਰੇ ਬਣਾ ਕੇ
ਢਾਲ਼ ਦਿੱਤਾ ਜਾਵੇਗਾ
ਕੰਨਾਂ ਵਿੱਚ ਤਪਦਾ ਸਿੱਕਾ।

ਜੇ ਕਰ ਅਸੀਂ ਉੱਠੇ ਨਹੀਂ ਤਾਂ-
ਕੱਟ ਦਿੱਤੀ ਜਾਵੇਗੀ
ਸਾਡੀ ਜੀਭ ਜੋ ਕਰਦੀ ਹੈ ਹਿੰਮਤ
ਸੱਚ ਨੂੰ ਸੱਚ ਕਹਿਣ ਦੀ
ਹੱਕ ਨੂੰ ਹੱਕ ਕਹਿਣ ਦੀ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਕਰ ਦਿੱਤਾ ਜਾਵੇਗਾ
ਪੰਜ ਸੌ ਵਾਟ੍ਹ ਦੇ ਬੱਲਬਾਂ ਨਾਲ
ਅੱਖਾਂ ਤੋਂ ਅੰਨ੍ਹੇ, ਦੇਖ ਨਹੀਂ ਸਕਾਂਗੇ
ਭਗਵਾ ਨੰਗਾ ਨਾਚ
ਜੋ ਟੰਗਿਆ ਹੈ
ਤ੍ਰਿਸ਼ੂਲ ਦੀ ਨੋਕ ਤੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਪੈ ਜਾਣਗੇ ਵਿਦਰੋਹ ਨੂੰ ਸੰਗਲ਼
ਮਰ ਜਾਵੇਗਾ ਸਵੈਮਾਣ
ਅਣਿਆਈ ਮੌਤੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਸਾਡੇ ਵਿਚਾਰਾਂ ਦੀ ਜੰਗ ਨੂੰ
ਖਾ ਜਾਵੇਗਾ ਘੁਣ
ਚੇਤਨਤਾ ਦੇ ਜ਼ਖ਼ੀਰਿਆਂ ਦੀ
ਲੱਗੇਗੀ ਬੋਲੀ ਦਿਨ ਦੁਪਹਿਰੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਜਾਣਾ ਪਵੇਗਾ ਕੰਪਨੀ ਦੇ ਖੇਤ
ਢਿੱਡ ਦੇ ਝੁਲਕੇ ਲਈ
ਸ਼ਰਮਿੰਦਾ ਹੋਵੇਗੀ ਮੱਕੀ ਦੇ ਖੇਤਾਂ ਵਿੱਚ
ਉੱਗੀ ਗਧਾ ਵੇਲ
ਤੇਰੇ ਮੁੜ੍ਹਕੇ ਦੀ ਖੁਸ਼ਬੋ ਪਛਾਣ ਕੇ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਸਦੀਆਂ ਤੋਂ ਪੈਲ਼ੀਆਂ ਵਿੱਚ ਦੱਬੀਆਂ ਰੀਝਾਂ
ਵੱਟਾਂ ਬੰਨਿਆਂ ਦਾ ਮੋਹ
ਤੇਰੀ ਨੀਵੀਂ ਧੌਣ ਦੇਖਕੇ
ਕੁਰਲਾ ਉੱਠੇਗਾ, ਪਾਵੇਗਾ ਵੈਣ ਧੁਰ ਸੀਨੇ ਤੋਂ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਸੰਘੀ ਫਿਰਕੂ ਜ਼ਹਿਰਾਂ
ਧਾਰਨਗੀਆਂ ਰੂਪ ਮੱਕੜੀ ਜਾਲ਼ ਦਾ
ਫਸ ਜਾਉਗੇ ਜ਼ਿੰਦਾ ਮੁਰਦੇ ਵਾਂਗ
ਸਲੀਬ ਤੇ ਲਟਕੇ ਈਸਾ ਦੀ ਤਰ੍ਹਾਂ।

ਜੇਕਰ ਅਸੀਂ ਉੱਠੇ ਨਹੀਂ ਤਾਂ-
ਉਹ ਲੈ ਜਾਣਗੇ ਸਾਡੇ
ਤਨ ਤੇ ਮਨ ਦੇ ਕੱਜਣ
ਕਰ ਦੇਣਗੇ ਅਲਫ਼ ਨੰਗੇ
ਬਿਨ ਪੋਤੜਿਆਂ ਦੇ
ਪਾ ਦੇਣਗੇ ਜੰਗਲ਼ ਦੇ ਰਾਹ
ਜਿੱਥੋਂ ਤੁਰਿਆ ਸੀ ਨੰਗ ਮੁਨੰਗਾ।

ਇਸ ਲਈ ਹੁਣ ਉੱਠਣ ਦਾ ਵੇਲ਼ਾ ਹੈ,
ਉਠਾਉਣ ਦਾ ਵੇਲ਼ਾ ਹੈ
ਕੁੰਭਕਰਨੀ ਨੀਂਦੋਂ ਜਾਗਣ ਦਾ ਵੇਲ਼ਾ ਹੈ
ਜਗਾਉਣ ਦਾ ਵੇਲ਼ਾ ਹੈ
ਸੁੱਤੀ ਚੇਤਨਾ ਨੂੰ ਟੁੰਬਣ ਦਾ ਵੇਲ਼ਾ ਹੈ
ਉੱਠਣ ਦਾ ਵੇਲ਼ਾ ਹੈ,
ਉਠਾਉਣ ਦਾ ਵੇਲ਼ਾ ਹੈ।

**ਪਰਮਿੰਦਰ ਸਵੈਚ, ਸਰੀ ਕੈਨੇਡਾ**

**ਉਸਾਰੂ ਸਾਹਿਤ, ਕਵਿਤਾਵਾਂ, ਗੀਤ, ਨਾਵਲ, ਕਹਾਣੀਆਂ, ਤਰਕਸ਼ੀਲ, ਵਿਗਿਆਨਕ ਅਤੇ ਇਤਿਹਾਸਕ ਕਿਤਾਬਾਂ ਪ੍ਰਾਪਤ ਕਰਨ ਲਈ**
**ਕੈਲਗਰੀ : ਮਾਸਟਰ ਭਜਨ 403-455-4220, ਟੋਰਾਂਟੋ : ਹਰਬੰਸ ਸਿੰਘ 416-817-7142, ਦੇਵਿੰਦਰ ਤੂਰ 416-902-9372**
**ਹਰਨੇਕ ਧਾਲੀਵਾਲ ਵਿਨੀਪੈੱਗ 204-488-6960**

PIONEER FINANCIAL SERVICES

# TRUCK LOANS

Low Interest Rates, Fast Approval




PIONEER TRUCKING SOLUTIONS

- PRORATE, IFTA
- US DOT
- BUYDOWN DEDUCTIBLE
- WRITE OFF PROTECTION

Monarch

INSURANCE BROKERS

# TRUCK INSURANCE

BEST INSURANCE RATES IN ALBERTA

CALL: 587-832-1208

# HOMELIFE SILVERCITY
REALTY INC.,BROKERAGE
(Independently Owned and Operated)

# #7 CANADA WIDE
## BROKERAGE WITH HOMELIFE BRAND
## 2017 GROSS COMMISSION WISE

**New Head Office**
**905-913-8500**
50 COTTRELLE BLVD., UNIT 29, BRAMPTON

TEAM OF OVER 600 REALTORS

# HOMELIFE SILVERCITY
REALTY INC.,BROKERAGE (INDEPENDENTLY OWNED & OPERATED)

## NOW HIRING NEW / EXPERIENCED REAL ESTATE PROFESSIONALS
*Not intended to solicit anyone under contract

## JOIN ONE OF FASTEST GROWING BROKERAGE



CALL HEAD OFFICE TODAY
# 905.913.8500
www.HomelifeSilvercityTeam.com

**BALJIT GARCHA**
BROKER OF RECORD
647.500.6500

**AJIT GARCHA**
BROKER / PRESIDENT
647.204.9500

Address:
11775 Bramalea Rd. Brampton






AMAR
Developments
-Fully serviced 1/4, 1/2 Acre lots.
-Watch For upcoming Commercial Retail
CAMBRIDGE
Cambridge Park - Phase 3
Map & Lot Pricing
Manjit Duhra : 403-690-2885
Rani Duhra : 403-612-7881
Amar Duhra : 403-470-2627
#2 park Drive
T. 403-272-7665 |
F. 403-235-1977
www.amarltd.com
Box 36, Site 6, RR6 | Calgary, Alberta. T2M 4L5


KOH-I-NOOR JEWELLERS & Diamond Center
1005 5075 Falconridge Blvd. N.E. Calgary AB
Ph. : 403-280-1111
Bridal Jewellery Specialists
GOLD
BUY • SELL • TRADE
Since 1975
Western Canad's Most Comprehensive
X-ray Machine


Calgary Carpet Empire
PROVIDING BEST AND AFFORDABLE FLOORING
2935 19 St NE, Calgary, AB T2E 7A2 | sales@carpetempire.ca | www.carpetempire.ca
CALL FOR FREE ESTIMATES
(403) 510 1515
CARPET • HARDWOOD • LAMINATE • TILES
VINYL PLANKS • CARPET TILES • LINO • ETC.